ਐਤਵਾਰ, 4 ਜਨਵਰੀ, 2026
21 ਪੋਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 215

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 4 JANUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 8+6=14

# ਟਰੰਪ ਵੱਲੋਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਮਾਦੂਰੋ ਤੇ ਪਤਨੀ ਦਾ ਹਰਨ

**ਕਰਾਕਸ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਹੈਰਾਨੀਜਨਕ ਐਲਾਨ ਕਰਦਿਆਂ ਦੱਸਿਆ ਕਿ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਅਮਰੀਕੀ ਸੁਰੱਖਿਆ ਬਲਾਂ ਨੇ ਇੱਕ ਵੱਡੇ ਅਪ੍ਰੇਸ਼ਨ ਦੌਰਾਨ ਕਬਜ਼ੇ ਵਿੱਚ ਲੈ ਲਿਆ ਹੈ।



ਟਰੰਪ ਅਨੁਸਾਰ ਅਮਰੀਕੀ ਫੌਜ ਨੇ ਵੈਨੇਜ਼ੁਏਲਾ ਅਤੇ ਉਸ ਦੇ ਲੀਡਰ 'ਤੇ ਵੱਡੇ ਪੱਧਰ ਦਾ ਹਮਲਾ ਕੀਤਾ, ਜਿਸ ਤੋਂ ਬਾਅਦ ਮਾਦੂਰੋ ਨੂੰ ਕਾਬੂ ਕਰਕੇ ਦੇਸ਼ ਤੋਂ ਬਾਹਰ ਲਿਜਾਇਆ ਗਿਆ ਹੈ। ਸੋਸ਼ਲ ਮੀਡੀਆ 'ਤੇ ਜਾਣਕਾਰੀ ਸਾਂਝੀ ਕਰਦਿਆਂ ਟਰੰਪ ਨੇ ਇਹ ਵੀ ਦੱਸਿਆ ਕਿ ਇਸ ਮੁਹਿੰਮ ਵਿੱਚ ਮਾਦੂਰੋ ਦੀ ਪਤਨੀ ਸਿਲੀਆ ਏਡੇਲਾ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ।

ਵੈਨੇਜ਼ੁਏਲਾ ਦੀ ਸਰਕਾਰ ਨੇ ਅਮਰੀਕਾ 'ਤੇ ਦੋਸ਼ ਲਗਾਇਆ ਕਿ ਉਸ ਨੇ ਤੜਕੇ ਦੇਸ਼ ਦੀਆਂ ਕਈ ਨਾਗਰਿਕ ਅਤੇ ਫੌਜੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ। ਰਾਜਧਾਨੀ ਕਰਾਕਸ ਵਿੱਚ ਸਥਾਨਕ ਸਮੇਂ ਅਨੁਸਾਰ ਰਾਤ ਦੇ 2 ਵਜੇ ਦੇ ਕਰੀਬ (ਭਾਰਤੀ ਸਮੇਂ ਮੁਤਾਬਕ ਸਨਿੱਚਰਵਾਰ ਦਿਨੇ ਸਾਢੇ 11 ਵਜੇ) ਘੱਟੋ-ਘੱਟ ਸੱਤ ਜ਼ੋਰਦਾਰ ਧਮਾਕੇ ਸੁਣੇ ਗਏ ਅਤੇ ਅਸਮਾਨ ਵਿੱਚ ਨੀਵੀਂ ਉਡਾਣ ਭਰਦੇ ਜਹਾਜ਼ ਦੇਖੇ ਗਏ।

ਧਮਾਕਿਆਂ ਕਾਰਨ ਸ਼ਹਿਰ ਦੀਆਂ ਕਈ ਇਮਾਰਤਾਂ ਹਿੱਲ ਗਈਆਂ ਅਤੇ ਫੌਜੀ ਟਿਕਾਣਿਆਂ ਤੋਂ ਧੂੰਆਂ ਉੱਠਦਾ ਦੇਖਿਆ ਗਿਆ। ਇਸ ਹਮਲੇ ਤੋਂ ਬਾਅਦ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੇ ਦੇਸ਼ ਦੀ ਰੱਖਿਆ ਪ੍ਰਣਾਲੀ ਨੂੰ ਸਰਗਰਮ ਕਰਦਿਆਂ 'ਸਟੇਟ ਆਫ ਐਕਸਟਰਨਲ ਡਿਸਟਰਬੈਂਸ' (ਬਾਹਰੀ ਗੜਬੜੀ ਦੀ ਸਥਿਤੀ) ਦਾ ਐਲਾਨ ਕਰ ਦਿੱਤਾ ਅਤੇ ਆਪਣੇ ਸਮਰਥਕਾਂ ਨੂੰ ਇਸ ਸਾਮਰਾਜਵਾਦੀ ਹਮਲੇ ਦਾ ਵਿਰੋਧ ਕਰਨ ਲਈ ਸੜਕਾਂ 'ਤੇ ਉਤਰਨ ਦੀ ਅਪੀਲ ਕੀਤੀ। ਇਸ ਤੋਂ ਬਾਅਦ ਅਮਰੀਕੀ ਫੌਜੀਆਂ ਨੇ ਮਾਦੂਰੋ ਨੂੰ ਚੁੱਕਿਆ। ਟਰੰਪ ਨੇ ਪਹਿਲਾਂ ਹੀ ਵੈਨੇਜ਼ੁਏਲਾ ਵਿੱਚ ਸਿੱਧੀ ਕਾਰਵਾਈ ਦੀ ਚੇਤਾਵਨੀ ਦਿੱਤੀ ਸੀ, ਜਿਸ ਨੂੰ ਉਹ ਨਸ਼ਾ ਤਸਕਰੀ ਵਿਰੁੱਧ ਜੰਗ ਦਾ ਹਿੱਸਾ ਦੱਸ ਰਹੇ ਹਨ। ਮਾਦੂਰੋ ਦਾ ਕਹਿਣਾ ਸੀ ਕਿ ਅਮਰੀਕਾ ਅਸਲ ਵਿੱਚ ਵੈਨੇਜ਼ੁਏਲਾ ਦੀ ਸੱਤਾ ਬਦਲ ਕੇ ਇੱਥੋਂ ਦੇ ਤੇਲ ਭੰਡਾਰਾਂ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਘਟਨਾ ਨਾਲ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਸਿਖਰ 'ਤੇ ਪਹੁੰਚ ਗਿਆ ਹੈ ਅਤੇ ਖੇਤਰ ਵਿੱਚ ਜੰਗ ਵਰਗੇ ਹਾਲਾਤ ਬਣ ਗਏ ਹਨ।

ਵੈਨਜ਼ੁਏਲਾ ਦੇ ਗ੍ਰਹਿ ਮੰਤਰੀ ਦਿਓਸਦਾਦੋ ਕੈਬੇਲੋ ਨੇ ਕਿਹਾ ਹੈ ਕਿ ਇਹ ਉਨ੍ਹਾਂ ਦੇ ਲੋਕਾਂ ਖਿਲਾਫ ਪਹਿਲਾ ਹਮਲਾ ਨਹੀਂ, ਪਹਿਲਾਂ ਵੀ ਹੋਏ ਹਨ ਤੇ ਉਹ ਪਛਾੜਦੇ ਰਹੇ ਹਨ। ਰੂਸ ਨੇ ਕਿਹਾ ਹੈ, "ਜੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਤੇ ਉਨ੍ਹਾ ਦੀ ਪਤਨੀ ਨੂੰ ਚੁੱਕਿਆ ਗਿਆ ਹੈ ਤਾਂ ਇਹ ਇੱਕ ਪ੍ਰਭੂਸੱਤਾ-ਸੰਪੰਨ ਦੇਸ਼ ਦੀ ਨਾਕਾਬਲੇ-ਬਰਦਾਸ਼ਤ ਉਲੰਘਣਾ ਹੈ। ਉਸ ਨੇ ਕਿਹਾ ਹੈ ਕਿ ਇਹ ਹਥਿਆਰਾਬੰਦ ਹਮਲੇ ਦੀ ਕਾਰਵਾਈ ਹੈ। ਈਰਾਨ ਨੇ ਕਿਹਾ ਹੈ ਕਿ ਅਮਰੀਕੀ ਫੌਜੀ ਹਮਲਾ ਵੈਨੇਜ਼ੁਏਲਾ ਦੀ ਕੌਮੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦੀ ਸਰੀਹਨ ਉਲੰਘਣਾ ਹੈ। ਕਿਊਬਾ ਨੇ ਕਿਹਾ ਹੈ ਕਿ ਅਮਰੀਕੀ ਕਾਰਵਾਈ ਵੈਨੇਜ਼ੁਏਲਾ ਦੇ ਲੋਕਾਂ ਖਿਲਾਫ ਰਾਜਕੀ ਦਹਿਸ਼ਤਗਰਦੀ ਹੈ। ਕਿਊਬਾ ਦੇ ਰਾਸ਼ਟਰਪਤੀ ਮਿਗੁਏਲ ਡਿਆਜ਼-ਕੈਨੇਲ ਨੇ ਕਿਹਾ ਕਿ ਇਹ ਮੁਜਰਮਾਨਾ ਹਮਲਾ ਹੈ। ਕਤਰ ਵਿੱਚ ਹਮਾਦ ਬਿਨ ਖਲੀਫਾ ਯੂਨੀਵਰਸਿਟੀ ਦੇ ਪਬਲਿਕ ਪਾਲਿਸੀ ਦੇ ਪ੍ਰੋਫੈਸਰ ਸੁਲਤਾਨ ਬਰਕਤ ਨੇ ਕਿਹਾ ਹੈ ਕਿ ਅਮਰੀਕੀ ਕਾਰਵਾਈ ਕੌਮਾਂਤਰੀ ਕਾਨੂੰਨ ਦੇ ਸਤਿਕਾਰ ਦੇ ਅੰਤ ਦਾ ਇਸ਼ਾਰਾ ਹੈ ਅਤੇ ਇਸਨੇ ਹੋਰਨਾਂ ਦੇਸ਼ਾਂ ਲਈ ਵੀ ਅਜਿਹੀਆਂ ਕਾਰਵਾਈਆਂ ਦਾ ਬਹਾਨਾ ਦੇ ਦਿੱਤਾ ਹੈ। ਇਹ ਕੌਮਾਂਤਰੀ ਸਮਝੌਤੇ ਦੇ ਤਾਬੂਤ ਵਿੱਚ ਕਿੱਲ ਹੈ। ਕਿਸੇ ਦੇਸ਼ ਦੀ ਪ੍ਰਭੂਸੱਤਾ ਦੇ ਸਿਧਾਂਤ ਨੂੰ ਤਹਿਸ-ਨਹਿਸ ਕਰ ਦਿੱਤਾ ਗਿਆ ਹੈ।

## ਅਮਰੀਕਾ ਦੀ ਤੀਜੀ ਹਰਕਤ

ਅਮਰੀਕਾ ਨੇ ਤੀਜੀ ਵਾਰ ਫੌਜੀ ਕਾਰਵਾਈ ਕਰਕੇ ਕਿਸੇ ਦੇਸ਼ ਦੇ ਮੁਖੀ ਨੂੰ ਚੁੱਕਿਆ ਹੈ। 1989 ਵਿੱਚ ਲਾਤੀਨੀ ਅਮਰੀਕੀ ਦੇਸ਼ ਪਨਾਮਾ ਦੇ ਰਾਸ਼ਟਰਪਤੀ ਮੈਨੁਅਲ ਨੋਰੀਏਗਾ ਨੂੰ ਡਰੱਗ ਤਸਕਰੀ ਤੇ ਅਮਰੀਕਾ ਵਿਰੋਧੀ ਕਾਰਵਾਈਆਂ ਦੇ ਦੋਸ਼ ਵਿੱਚ ਸੱਤਾ ਤੋਂ ਹਟਾਇਆ ਸੀ। ਉਸ ਨੇ ਪਨਾਮਾ ਸਿਟੀ ਸਣੇ ਕਈ ਇਲਾਕਿਆਂ ਵਿੱਚ ਬੰਬਾਰੀ ਕਰਕੇ ਕਰੀਬ ਦੋ ਹਜ਼ਾਰ ਲੋਕ ਮਾਰ ਦਿੱਤੇ ਸਨ ਅਤੇ ਨੋਰੀਏਗਾ ਨੂੰ ਗ੍ਰਿਫਤਾਰ ਕਰਕੇ ਅਮਰੀਕਾ ਲਿਜਾਇਆ ਗਿਆ ਸੀ। ਅਮਰੀਕੀ ਅਦਾਲਤ ਨੇ ਉਸ ਨੂੰ 40 ਸਾਲ ਦੀ ਸਜ਼ਾ ਸੁਣਾਈ ਸੀ। 2003 ਵਿੱਚ ਇਰਾਕ 'ਤੇ ਹਮਲਾ ਕਰਕੇ ਸੱਦਾਮ ਦੀ ਸਰਕਾਰ ਉਲਟਾ ਦਿੱਤੀ ਸੀ ਤੇ ਫਿਰ ਸੱਦਾਮ ਨੂੰ ਫੜ ਲਿਆ ਸੀ। ਇਸ ਦੇ ਬਾਅਦ ਇਰਾਕ ਵਿੱਚ ਹੀ ਸੱਦਾਮ 'ਤੇ ਮੁਕੱਦਮਾ ਚਲਾਇਆ ਗਿਆ। ਉਦੋਂ ਇਰਾਕ 'ਤੇ ਅਮਰੀਕਾ ਦਾ ਕੰਟਰੋਲ ਸੀ।

## 14 ਮਾਓਵਾਦੀ ਮਾਰੇ

**ਰਾਇਪੁਰ** : ਛੱਤੀਸਗੜ੍ਹ ਦੇ ਬਸਤਰ ਖੇਤਰ ਵਿੱਚ ਸ਼ਨੀਵਾਰ ਸੁਰੱਖਿਆ ਬਲਾਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ 14 ਮਾਓਵਾਦੀ ਨੂੰ ਮਾਰ ਦਿੱਤਾ। ਸੁਕਮਾ ਜ਼ਿਲ੍ਹੇ ਵਿੱਚ 12 ਮਾਓਵਾਦੀ ਮਾਰੇ, ਜਿਨ੍ਹਾਂ ਵਿੱਚ ਕਮਾਂਡਰ ਮੰਗਤੂ ਵੀ ਸ਼ਾਮਲ ਸੀ।

ਇਸੇ ਤਰ੍ਹਾਂ ਬੀਜਾਪੁਰ ਦੇ ਬਾਸਾਗੁੜਾ ਇਲਾਕੇ ਵਿੱਚ ਗਗਨਪੱਲੀ ਦੇ ਜੰਗਲਾਂ ਵਿੱਚੋਂ ਦੋ ਹੋਰ ਮਾਓਵਾਦੀਆਂ ਦੀਆਂ ਲਾਸ਼ਾਂ ਮਿਲੀਆਂ ਹਨ।

ਛੱਤੀਸਗੜ੍ਹ ਵਿੱਚ ਸਰਕਾਰ ਦੀ ਸਖਤ ਨੀਤੀ ਕਾਰਨ ਪਿਛਲੇ ਸਾਲ ਦੌਰਾਨ 285 ਮਾਓਵਾਦੀ ਮਾਰੇ ਗਏ ਸਨ।

## ਖਾਲਿਦ, ਸ਼ਰਜੀਲ ਤੇ ਹੋਰਾਂ ਲਈ ਭਲਕੇ ਅਹਿਮ ਦਿਨ

**ਨਵੀਂ ਦਿੱਲੀ** : 2020 ਦਿੱਲੀ ਦੰਗਿਆਂ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਕਿ ਉਹ 5 ਜਨਵਰੀ ਨੂੰ ਸਮਾਜਕ ਕਾਰਕੁਨਾਂ ਉਮਰ ਖਾਲਿਦ, ਸ਼ਰਜੀਲ ਇਮਾਮ ਅਤੇ ਹੋਰਾਂ ਦੀਆਂ ਜ਼ਮਾਨਤ ਅਰਜ਼ੀਆਂ 'ਤੇ ਫੈਸਲਾ ਸੁਣਾਏਗੀ। ਜਸਟਿਸ ਅਰਵਿੰਦ ਕੁਮਾਰ ਦੀ ਅਗਵਾਈ ਵਾਲਾ ਬੈਂਚ ਗੁਲਫਿਸ਼ਾ ਫਾਤਿਮਾ, ਮੀਰਾਨ ਹੈਦਰ, ਸ਼ਿਫਾ ਉਰ ਰਹਿਮਾਨ, ਮੁਹੰਮਦ ਸਲੀਮ ਖਾਨ ਅਤੇ ਸ਼ਾਦਾਬ ਅਹਿਮਦ ਦੀਆਂ ਪਟੀਸ਼ਨਾਂ 'ਤੇ ਵੀ ਫੈਸਲਾ ਸੁਣਾਏਗਾ।

# ਮਾਨ ਨੇ ਸਿੱਖਿਆ ਵਿਭਾਗ ਦੇ 606 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**

ਪੰਜਾਬ ਸਰਕਾਰ ਦੇ 'ਮਿਸ਼ਨ ਰੁਜ਼ਗਾਰ' ਤਹਿਤ ਸਨਿੱਚਰਵਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇੱਥੇ ਟੈਗੋਰ ਥੀਏਟਰ ਵਿਖੇ ਸਿੱਖਿਆ ਵਿਭਾਗ ਦੇ 606 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਨਾਲ ਪੰਜਾਬ ਵਿੱਚ ਪਹਿਲੀ ਵਾਰ ਚਾਰ ਸਾਲਾਂ ਵਿੱਚ ਨੌਜਵਾਨਾਂ ਨੂੰ 61,000 ਤੋਂ ਵੱਧ ਸਰਕਾਰੀ ਨੌਕਰੀਆਂ ਮਿਲਣ ਦਾ ਨਵਾਂ ਰਿਕਾਰਡ ਕਾਇਮ ਹੋਇਆ ਹੈ। ਇਹਨਾਂ ਉਮੀਦਵਾਰਾਂ ਵਿੱਚ 385 ਸਪੈਸ਼ਲ ਐਜੂਕੇਟਰ ਟੀਚਰ, 157 ਪ੍ਰਾਇਮਰੀ ਟੀਚਰ, 8 ਪ੍ਰਿੰਸੀਪਲ ਅਤੇ ਤਰਸ ਦੇ ਆਧਾਰ 'ਤੇ ਭਰਤੀ ਹੋਏ 56 ਮੁਲਾਜ਼ਮ ਹਨ।



ਨਵ-ਨਿਯੁਕਤ ਉਮੀਦਵਾਰਾਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿ ਸਾਰੀਆਂ ਨੌਕਰੀਆਂ ਨਿਰੋਲ ਮੈਰਿਟ ਅਤੇ ਪਾਰਦਰਸ਼ੀ ਢੰਗ ਨਾਲ ਦਿੱਤੀਆਂ ਗਈਆਂ ਹਨ ਅਤੇ ਕਦੇ ਵੀ ਕਿਸੇ ਨਿਯੁਕਤੀ ਨੂੰ ਅਦਾਲਤੀ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ ਅਪ੍ਰੈਲ, 2022 ਤੋਂ ਸਰਕਾਰੀ ਨੌਕਰੀਆਂ ਦੇਣ ਲਈ ਭਰਤੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ ਅਤੇ ਹੁਣ ਤੱਕ 61281 ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੂੰ ਅੱਜ ਵੀ ਉਹ ਸਮਾਂ ਯਾਦ ਹੈ, ਜਦੋਂ ਨੌਜਵਾਨ ਨਿਯੁਕਤੀ ਪੱਤਰ ਦੀ ਆਸ ਵਿੱਚ ਸਾਲਾਂਬੱਧੀ ਡਾਕੀਏ ਨੂੰ ਉਡੀਕਦੇ ਰਹਿੰਦੇ ਸਨ, ਪਰ ਹੁਣ ਉਹ ਦੌਰ ਖਤਮ ਹੋ ਗਿਆ।

ਮਾਨ ਨੇ ਕਿਹਾ—ਪਿਛਲੀਆਂ ਸਰਕਾਰਾਂ ਨੇ ਕਾਬਲੀਅਤ ਤੇ ਯੋਗਤਾ ਦੀ ਕਦਰ ਨਹੀਂ ਕੀਤੀ, ਸਗੋਂ ਇਨ੍ਹਾਂ ਸਰਕਾਰਾਂ ਨੇ ਆਪਣੇ ਪੁੱਤ-ਭਤੀਜਿਆਂ ਅਤੇ ਚਹੇਤਿਆਂ ਨੂੰ ਰਿਉੜੀਆਂ ਵਾਂਗ ਨੌਕਰੀਆਂ ਵੰਡੀਆਂ। ਇਨ੍ਹਾਂ ਸਰਕਾਰਾਂ ਨੇ ਯੋਗਤਾ ਹੋਣ ਦੇ ਬਾਵਜੂਦ ਨੌਕਰੀ ਦੀ ਉਡੀਕ • ਬਾਕੀ ਸਫਾ 2 'ਤੇ

# ਲਾਪਤਾ ਸਰੂਪ ਮਾਮਲੇ 'ਚ ਸਿੱਟ ਵੱਲੋਂ 15 ਥਾਵਾਂ 'ਤੇ ਛਾਪੇਮਾਰੀ

**ਚੰਡੀਗੜ੍ਹ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਗਾਇਬ ਹੋਣ ਦੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਸ਼ਨੀਵਾਰ ਚੰਡੀਗੜ੍ਹ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਰੋਪੜ ਵਿੱਚ ਲਗਭਗ 15 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਇਸ ਕੇਸ ਵਿੱਚ ਨਾਮਜ਼ਦ 16 ਮੁਲਜ਼ਮਾਂ ਨਾਲ ਜੁੜੇ ਘਰਾਂ ਅਤੇ ਦਫ਼ਤਰਾਂ ਦੀ ਤਲਾਸ਼ੀ ਲਈ ਗਈ। ਇਸ ਘਟਨਾਕ੍ਰਮ ਦੀ ਪੁਸ਼ਟੀ ਕਰਦਿਆਂ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਜੋ ਇਸ ਜਾਂਚ ਦੀ ਨਿਗਰਾਨੀ ਕਰ ਰਹੇ ਹਨ, ਨੇ ਕਿਹਾ ਕਿ ਐੱਸ ਆਈ ਟੀ ਪੂਰੀ ਤਰ੍ਹਾਂ ਮੈਰਿਟ ਅਤੇ ਕਾਨੂੰਨ ਦੇ ਅਨੁਸਾਰ ਕਾਰਵਾਈ ਕਰ ਰਹੀ ਹੈ। ਉਨ੍ਹਾ ਭਰੋਸਾ ਦਿੱਤਾ ਕਿ ਜਾਂਚ ਦੌਰਾਨ ਕੇਸ ਨਾਲ ਸੰਬੰਧਤ ਸਾਰੇ ਉਪਲੱਬਧ ਸਬੂਤ ਰਿਕਾਰਡ 'ਤੇ ਲਿਆਂਦੇ ਜਾਣਗੇ। ਭੁੱਲਰ ਨੇ ਕਿਹਾ ਕਿ ਜਾਂਚ ਨੂੰ ਇਸ ਦੇ ਤਰਕਪੂਰਨ ਸਿੱਟੇ ਤੱਕ ਪਹੁੰਚਾਇਆ ਜਾਵੇਗਾ ਅਤੇ ਚਿਤਾਵਨੀ ਦਿੱਤੀ ਕਿ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ, ਚਾਹੇ ਉਸ ਦਾ ਅਹੁਦਾ ਜਾਂ ਪ੍ਰਭਾਵ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ।

ਦੱਸਣਯੋਗ ਹੈ ਕਿ ਇਸ ਮਾਮਲੇ ਵਿੱਚ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ =ਡਗਿਆ ਹੈ, ਜਿਨ੍ਹਾਂ ਵਿੱਚੋਂ ਤਿੰਨ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਵਿਦੇਸ਼ ਵਿੱਚ ਹਨ। ਇਸ ਮਾਮਲੇ ਵਿੱਚ ਸਤਿੰਦਰ ਪਾਲ ਸਿੰਘ ਕੋਹਲੀ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਇਸ ਵੇਲੇ ਪੁਲਸ ਰਿਮਾਂਡ ਤੇ ਹੈ।

# ਸਿੱਖ ਸੰਸਥਾ ਦੇ ਪ੍ਰਬੰਧਾਂ 'ਚ ਦਖ਼ਲ ਦੀ ਇਜਾਜ਼ਤ ਨਹੀਂ ਦਿਆਂਗੇ : ਧਾਮੀ

**ਚੰਡੀਗੜ੍ਹ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਨਿੱਚਰਵਾਰ ਕਿਹਾ ਕਿ ਸਿੱਖ ਗੁਰਦੁਆਰਾ ਐਕਟ 1925 ਅਨੁਸਾਰ ਮੁਲਾਜ਼ਮਾਂ ਵੱਲੋਂ ਕੀਤੀ ਕਿਸੇ ਵੀ ਕੁਤਾਹੀ ਲਈ ਉਨ੍ਹਾਂ ਖਿਲਾਫ ਵਿਭਾਗੀ ਕਾਰਵਾਈ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਹਨ ਅਤੇ ਸਿੱਖ ਸੰਸਥਾ ਦੇ ਮੁਖੀ ਹੁੰਦਿਆਂ ਉਹ ਸਰਕਾਰ ਨੂੰ ਕਿਸੇ ਤਰ੍ਹਾਂ ਦੇ ਦਖਲ ਦੀ ਇਜਾਜ਼ਤ ਨਹੀਂ ਦੇਣਗੇ।

ਚੰਡੀਗੜ੍ਹ ਵਿਖੇ ਸ਼੍ਰੋਮਣੀ ਕਮੇਟੀ ਦੇ ਉਪ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਹੁੰਦਿਆਂ ਇਸ ਦੀਆਂ ਰਵਾਇਤਾਂ ਤੇ ਅਧਿਕਾਰਾਂ ਦੀ ਰਖਵਾਲੀ ਕਰਨਾ ਉਨ੍ਹਾ ਦਾ ਫਰਜ਼ ਹੈ ਅਤੇ ਪੰਜਾਬ ਸਰਕਾਰ ਨੂੰ ਹਰਗਿਜ ਇਸ ਵਿਚ ਸਿਆਸੀ ਦਖਲ ਨਹੀਂ ਦੇਣ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਸਿੱਖ ਗੁਰਦੁਆਰਾ ਐਕਟ ਦੀ ਧਾਰਾ 142 ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਲਈ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨਰ ਕਾਰਜਸ਼ੀਲ ਹੈ। ਕਿਸੇ ਵੀ ਮੁਲਾਜ਼ਮ ਵੱਲੋਂ ਕੀਤੀ ਪ੍ਰਬੰਧਕੀ ਅਣਗਹਿਲੀ ਦੀ ਸੁਣਵਾਈ ਲਈ ਇਹ ਪ੍ਰਬੰਧ ਹਰ ਪੱਖ ਤੋਂ ਮੁਕੰਮਲ ਹੈ, ਜਿਸ ਦੀ ਉਲੰਘਣਾ ਕਰਕੇ ਪੰਜਾਬ ਸਰਕਾਰ ਕਾਨੂੰਨ ਅਤੇ ਐਕਟ ਦੀ ਭਾਵਨਾ ਦੀ ਮਾਨਹਾਨੀ ਕਰ ਰਹੀ ਹੈ।

## ਘਰ 'ਚ ਲੁੱਟ ਦੌਰਾਨ ਬੰਨ੍ਹੇ ਬੰਦੇ ਦੀ ਮੌਤ



**ਲਹਿਰਾਗਾਗਾ (ਰੀਤਵਾਲ)**- ਇੱਥੋਂ ਦੇ ਵਾਰਡ ਨੰਬਰ 12 ਦੇ ਇੱਕ ਘਰ ਵਿੱਚ ਤਿੰਨ ਨਕਾਬਪੋਸ਼ਾਂ ਵੱਲੋਂ ਲੁੱਟਮਾਰ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ। ਸਵਿੱਤਰੀ ਦੇਵੀ ਨੇ ਦੱਸਿਆ ਕਿ ਲੁਟੇਰੇ ਸ਼ੁੱਕਰਵਾਰ ਰਾਤ ਕਰੀਬ ਦਸ ਵਜੇ ਉਨ੍ਹਾਂ ਦੇ ਘਰ ਅੰਦਰ ਦਾਖਲ ਹੋਏ ਅਤੇ ਉਸ ਨੂੰ ਅਤੇ ਉਸ ਦੇ ਪੁੱਤਰ ਨੂੰ ਬੰਨ੍ਹ ਦਿੱਤਾ। ਉਸ ਨੇ ਮੁਸ਼ੱਕਤ ਤੋਂ ਬਾਅਦ ਹੱਥ-ਪੈਰ ਖੋਲ੍ਹੇ ਅਤੇ ਬਾਹਰ ਆਕੇ ਗੁਆਂਢੀਆਂ ਨੂੰ ਜਗਾਇਆ। ਜਦੋਂ ਲੋਕਾਂ ਨੇ ਘਰ ਆ ਕੇ ਦੇਖਿਆ ਤਾਂ ਬੇਟੇ ਕ੍ਰਿਸ਼ਨ ਕੁਮਾਰ ਉਰਫ ਨੀਟਾ ਦੀ ਮੌਤ ਹੋ ਚੁੱਕੀ ਸੀ।

## ਨੌਜਵਾਨ ਦੀ ਹੱਤਿਆ



**ਮੋਗਾ (ਇਕਬਾਲ ਸਿੰਘ ਖਹਿਰਾ)**- ਸਨਿੱਚਰਵਾਰ ਸਵੇਰੇ ਕਾਂਗਰਸ ਸਮਰਥਕ ਉਮਰਸੀਰ ਸਿੰਘ ਉਰਫ ਸੀਰਾ (35) ਦੀ ਹੱਤਿਆ ਕਰ ਦਿੱਤੀ ਗਈ। ਪਿੰਡ ਭਿੰਡਰ ਖੁਰਦ ਦੇ ਭਜਨ ਸਿੰਘ ਦਾ ਬੇਟਾ ਸੀਰਾ ਨੈਸਲੇ ਇੰਡੀਆ ਮੋਗਾ ਵਿਖੇ ਡਿਊਟੀ ਜਾਂਦਿਆਂ ਆਪਣੇ ਘਰ ਤੋਂ ਕੁਝ ਹੀ ਦੂਰੀ 'ਤੇ ਪਿੰਡ ਦੀ ਫਿਰਨੀ 'ਤੇ ਸਥਿਤ ਸਕੂਲ ਦੇ ਗੇਟ ਦੇ ਸਾਹਮਣੇ ਪਹੁੰਚਿਆ ਤਾਂ ਕਾਲੇ ਰੰਗ ਦੀ ਕਾਰ ਵਿੱਚ ਸਵਾਰ ਪੰਜ ਹਮਲਵਾਰਾਂ ਨੇ ਉਸ 'ਤੇ ਫਾਇਰਿੰਗ ਕਰ ਦਿੱਤੀ ਅਤੇ ਫਰਾਰ ਹੋ ਗਏ। ਸੀਰਾ ਆਪਣੇ ਪਿੱਛੇ ਪਤਨੀ, ਇੱਕ ਪੁੱਤਰ ਅਤੇ ਇੱਕ ਧੀ ਛੱਡ ਗਿਆ ਹੈ।ਸੀਰਾ ਸਮਾਜ ਸੇਵੀ ਸੁਭਾਅ ਦਾ ਵਿਅਕਤੀ ਸੀ ਅਤੇ ਗਰੀਬ ਪਰਵਾਰਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦਾ ਸੀ, ਜਿਸ ਕਾਰਨ ਉਸ ਦੀ ਮੌਤ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ।ਪਰਵਾਰ ਅਤੇ ਪਿੰਡ ਵਾਸੀਆਂ ਵੱਲੋਂ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ ਥਾਣਾ ਧਰਮਕੋਟ ਅੱਗੇ ਲਾਸ਼ ਨੂੰ ਰੱਖ ਕੇ ਧਰਨਾ ਵੀ ਦਿੱਤਾ ਗਿਆ। ਡੀ ਐੱਸ ਪੀ ਧਰਮਕੋਟ ਜਸਵਿੰਦਰ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਦੀ ਭਾਲ ਕੀਤੀ ਜਾ ਰਹੀ ਹੈ।ਇਸ ਹੱਤਿਆ ਨੂੰ ਹਾਲ ਹੀ ਵਿੱਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੀ ਰੰਜਿਸ਼ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।

# ਪ੍ਰਸ਼ਾਸਨ 'ਤੇ ਜੇ ਐੱਨ ਯੂ ਦੇ ਵਿਦਿਆਰਥੀ ਆਗੂਆਂ ਨੂੰ ਧਰਕਾਉਣ ਦਾ ਦੋਸ਼

**ਨਵੀਂ ਦਿੱਲੀ** : ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਨੇ ਯੂਨੀਵਰਸਿਟੀ ਪ੍ਰਸ਼ਾਸਨ 'ਤੇ ਵਿਦਿਆਰਥੀ ਨੁਮਾਇੰਦਿਆਂ ਨੂੰ ਨਿਸ਼ਾਨਾ ਬਣਾਉਣ ਅਤੇ ਡਰਾਉਣ-ਧਮਕਾਉਣ ਦੇ ਗੰਭੀਰ ਦੋਸ਼ ਲਗਾਏ ਹਨ। ਇਹ ਵਿਵਾਦ ਉਦੋਂ ਭਖਿਆ, ਜਦੋਂ ਦਿੱਲੀ ਪੁਲਸ ਨੇ ਕੇਂਦਰੀ ਲਾਇਬ੍ਰੇਰੀ ਵਿੱਚ ਨਿਗਰਾਨੀ ਪ੍ਰਣਾਲੀ ਅਤੇ ਫੇਸ਼ੀਅਲ ਰਿਕੋਗਨੀਸ਼ਨ ਕੈਮਰੇ ਲਗਾਉਣ ਵਿਰੁੱਧ ਪ੍ਰਦਰਸ਼ਨ ਕਰਨ ਵਾਲੇ ਮੌਜੂਦਾ ਅਤੇ ਸਾਬਕਾ ਅਹੁਦੇਦਾਰਾਂ ਨੂੰ ਪੁੱਛਗਿੱਛ ਲਈ ਨੋਟਿਸ ਜਾਰੀ ਕੀਤੇ।

ਯੂਨੀਅਨ ਦੀ ਪ੍ਰਧਾਨ ਆਦਿੱਤੀ ਮਿਸ਼ਰਾ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਦਰਜ ਕਰਵਾਈ ਐੱਫ ਆਈ ਆਰ ਦੇ ਆਧਾਰ 'ਤੇ ਉਨ੍ਹਾ ਅਤੇ ਹੋਰ ਆਗੂਆਂ ਨੂੰ ਸ਼ਨੀਵਾਰ ਨੂੰ ਥਾਣੇ ਬੁਲਾਇਆ ਗਿਆ ਹੈ। ਵਿਦਿਆਰਥੀ ਆਗੂਆਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਅਤੇ ਜਾਇਜ਼ ਮੰਗਾਂ ਤੋਂ ਧਿਆਨ ਭਟਕਾਉਣ ਦੀ ਇੱਕ ਕੋਸ਼ਿਸ਼ ਹੈ। ਵਿਦਿਆਰਥੀ ਯੂਨੀਅਨ ਦਾ ਦੋਸ਼ ਹੈ ਕਿ ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਘਾਟ, ਸੀਟਾਂ ਦੀ ਕਮੀ ਅਤੇ ਫੰਡਾਂ ਦੀ ਕਟੌਤੀ ਵਰਗੇ ਅਸਲ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਪ੍ਰਸ਼ਾਸਨ ਕਰੋੜਾਂ ਰੁਪਏ ਨਿਗਰਾਨੀ ਵਾਲੇ ਗੇਟਾਂ ਅਤੇ ਕੈਮਰਿਆਂ 'ਤੇ ਖਰਚ ਕਰ ਰਿਹਾ ਹੈ। ਯੂਨੀਅਨ ਅਨੁਸਾਰ ਅਗਸਤ ਵਿੱਚ ਵਿਰੋਧ ਤੋਂ ਬਾਅਦ ਇਹ ਗੇਟ ਹਟਾ ਦਿੱਤੇ ਗਏ ਸਨ, ਪਰ ਨਵੰਬਰ 2025 ਦੀਆਂ ਚੋਣਾਂ ਦੌਰਾਨ ਸੰਗਠਨ ਦੀ ਗੈਰ-ਮੌਜੂਦਗੀ ਦਾ ਫਾਇਦਾ ਉਠਾਉਂਦੇ ਹੋਏ ਇਨ੍ਹਾਂ ਨੂੰ ਦੁਬਾਰਾ ਲਗਾ ਦਿੱਤਾ ਗਿਆ। ਯੂਨੀਅਨ ਨੇ ਇਸ ਕਾਰਵਾਈ ਨੂੰ ਵਿਦਿਆਰਥੀਆਂ ਦੀ ਨਿੱਜਤਾ 'ਤੇ ਹਮਲਾ ਕਰਾਰ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਵਿਦਿਆਰਥੀ ਆਗੂਆਂ ਵਿਰੁੱਧ ਦਰਜ ਸਾਰੇ ਕੇਸ ਤੁਰੰਤ ਵਾਪਸ ਲਏ ਜਾਣ।

# 'ਅਪ੍ਰੇਸ਼ਨ ਸਿੰਧੂਰ' ਦੌਰਾਨ ਚੀਨ ਨੇ ਦਖਲ ਦਿੱਤਾ ਸੀ : ਪਾਕਿਸਤਾਨ

**ਇਸਲਾਮਾਬਾਦ** : ਪਾਕਿਸਤਾਨ ਨੇ ਚੀਨ ਦੇ ਉਸ ਦਾਅਵੇ ਦਾ ਸਮਰਥਨ ਕੀਤਾ ਹੈ, ਜਿਸ ਵਿੱਚ ਚੀਨ ਨੇ ਪਿਛਲੇ ਸਾਲ ਅਪ੍ਰੇਸ਼ਨ ਸਿੰਧੂਰ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਦੀ ਗੱਲ ਕਹੀ ਸੀ।

ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਤਾਹਿਰ ਅੰਦਰਾਬੀ ਨੇ ਇਸ ਨੂੰ 'ਸ਼ਾਂਤੀ ਲਈ ਕੂਟਨੀਤੀ' ਕਰਾਰ ਦਿੰਦਿਆਂ ਕਿਹਾ ਕਿ 6 ਤੋਂ 10 ਮਈ ਦੇ ਨਾਜ਼ੁਕ ਦਿਨਾਂ ਦੌਰਾਨ ਚੀਨੀ ਲੀਡਰਸ਼ਿਪ ਪਾਕਿਸਤਾਨ ਅਤੇ ਭਾਰਤ ਦੋਵਾਂ ਦੇ ਸੰਪਰਕ ਵਿੱਚ ਸੀ। ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਹਾਲ ਹੀ ਵਿੱਚ 2025 ਦੇ ਵਿਸ਼ਵ ਵਿਵਾਦਾਂ ਦੀ ਸੂਚੀ ਵਿੱਚ ਭਾਰਤ-ਪਾਕਿਸਤਾਨ ਤਣਾਅ ਨੂੰ ਇੱਕ ਅਜਿਹੇ ਮੁੱਦੇ ਵਜੋਂ ਪੇਸ਼ ਕੀਤਾ ਸੀ, ਜਿਸ ਵਿੱਚ ਚੀਨ ਨੇ ਵਿਚੋਲਗੀ ਕੀਤੀ ਸੀ। ਦੂਜੇ ਪਾਸੇ, ਭਾਰਤ ਹਮੇਸ਼ਾ ਦੀ ਤਰ੍ਹਾਂ ਕਿਸੇ ਵੀ ਤੀਜੀ ਧਿਰ ਦੀ ਦਖਲਅੰਦਾਜ਼ੀ ਨੂੰ ਸਿਰੇ ਤੋਂ ਖਾਰਜ ਕਰਦਾ ਆ ਰਿਹਾ ਹੈ।

ਭਾਰਤ ਦਾ ਸਪੱਸ਼ਟ ਰੁਖ਼ ਹੈ ਕਿ ਪਹਿਲਗਾਮ ਹਮਲੇ ਦੇ ਜਵਾਬ ਵਿੱਚ ਕੀਤੇ ਗਏ ਅਪ੍ਰੇਸ਼ਨ ਸਿੰਧੂਰ ਤੋਂ ਬਾਅਦ ਪੈਦਾ ਹੋਇਆ ਤਣਾਅ ਦੋਵਾਂ ਦੇਸ਼ਾਂ ਦੇ ਡਾਇਰੈਕਟਰ ਜਨਰਲ ਆਫ ਮਿਲਟਰੀ ਅਪ੍ਰੇਸ਼ਨਜ਼ ਦੀ ਸਿੱਧੀ ਗੱਲਬਾਤ ਰਾਹੀਂ ਹੱਲ ਹੋਇਆ ਸੀ।

# ਬੰਗਲਾਦੇਸ਼ੀ ਖਿਡਾਰੀ ਨੂੰ ਕੱਢਣ 'ਤੇ ਥਰੂਰ ਪ੍ਰੇਸ਼ਾਨ



**ਗੁਹਾਟੀ** : ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐੱਲ) ਦੇ 2026 ਐਡੀਸ਼ਨ ਤੋਂ ਪਹਿਲਾਂ ਕੋਲਕਾਤਾ ਨਾਈਟ ਰਾਈਡਰਜ਼ (ਕੇ ਕੇ ਆਰ) ਨੂੰ ਬੰਗਲਾਦੇਸ਼ੀ ਤੇਜ਼ ਗੇਂਦਬਾਜ਼ ਮੁਸਤਾਫਿਜ਼ੁਰ ਰਹਿਮਾਨ ਨੂੰ ਆਪਣੀ ਟੀਮ ਵਿੱਚੋਂ ਕੱਢਣ ਲਈ ਕਿਹਾ ਤੇ ਉਸ ਨੇ ਕੱਢ ਵੀ ਦਿੱਤਾ। ਦੋਵਾਂ ਦੇਸ਼ਾਂ ਦੇ ਦੁਵੱਲੇ ਸੰਬੰਧਾਂ ਵਿੱਚ ਵਧਦੇ ਤਣਾਅ ਦੇ ਮੱਦੇਨਜ਼ਰ ਇਹ ਫੈਸਲਾ ਲਿਆ ਗਿਆ ਹੈ।

ਪਿਛਲੇ ਮਹੀਨੇ ਹੋਈ ਨਿਲਾਮੀ ਵਿੱਚ ਸ਼ਾਹਰੁਖ ਖਾਨ ਦੀ ਟੀਮ ਕੇ ਕੇ ਆਰ ਨੇ ਇਸ 30 ਸਾਲਾ ਖੱਬੇ ਹੱਥ ਦੇ ਗੇਂਦਬਾਜ਼ ਨੂੰ ਚੇਨਈ ਸੁਪਰ ਕਿੰਗਜ਼ ਅਤੇ ਦਿੱਲੀ ਕੈਪੀਟਲਜ਼ ਨਾਲ ਸਖਤ ਮੁਕਾਬਲੇ ਤੋਂ ਬਾਅਦ 9.20 ਕਰੋੜ ਰੁਪਏ ਵਿੱਚ ਖਰੀਦਿਆ ਸੀ। ਬੋਰਡ ਦੇ ਸਕੱਤਰ ਦੇਵਾਜੀਤ ਸੈਕੀਆ ਨੇ ਦੱਸਿਆ ਕਿ ਕੇ ਕੇ ਆਰ ਨੂੰ ਲੋੜ ਪੈਣ 'ਤੇ ਉਸ ਦੀ ਥਾਂ ਕੋਈ ਹੋਰ ਖਿਡਾਰੀ ਚੁਣਨ ਦੀ ਇਜਾਜ਼ਤ ਦਿੱਤੀ ਜਾਵੇਗੀ। ਕਾਂਗਰਸੀ ਆਗੂ ਸ਼ਸ਼ੀ ਥਰੂਰ ਨੇ ਸੋਸ਼ਲ ਮੀਡੀਆ 'ਤੇ ਸਵਾਲ ਚੁੱਕਿਆ ਹੈ ਕਿ ਕੀ ਅਸੀਂ ਕਿਸੇ ਖਿਡਾਰੀ ਨੂੰ ਉਸ ਦੀ ਕੌਮੀਅਤ ਜਾਂ ਧਰਮ ਦੇ ਆਧਾਰ 'ਤੇ ਸਜ਼ਾ ਦੇ ਰਹੇ ਹਾਂ? ਉਨ੍ਹਾ ਕਿਹਾ ਕਿ ਮੁਸਤਾਫਿਜ਼ੁਰ ਇੱਕ ਕ੍ਰਿਕਟਰ ਹੈ ਅਤੇ ਉਸ ਦਾ ਬੰਗਲਾਦੇਸ਼ ਵਿੱਚ ਹੋ ਰਹੀਆਂ ਘਟਨਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਥਰੂਰ ਨੇ ਚੇਤਾਵਨੀ ਦਿੱਤੀ ਕਿ • ਬਾਕੀ ਸਫਾ 2 'ਤੇ

# ਸੀ ਪੀ ਆਈ ਵੱਲੋਂ ਪੱਤਰਕਾਰਾਂ ਦੀ ਤੁਰੰਤ ਰਿਹਾਈ ਦੀ ਮੰਗ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ 10 ਪੱਤਰਕਾਰਾਂ ਨੂੰ ਗ੍ਰਿਫਤਾਰ ਕਰਨ 'ਤੇ ਪੰਜਾਬ ਸੀ ਪੀ ਆਈ ਨੇ ਸਖਤ ਸ਼ਬਦਾਂ ਵਿਚ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਦਾ ਇਹ ਕਦਮ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਸੰਵਿਧਾਨਕ ਗਰੰਟੀ 'ਤੇ ਹਮਲਾ ਹੈ। ਪਾਰਟੀ ਦਾ ਪੱਖ ਰੱਖਦਿਆਂ ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਹਰ ਫਰੰਟ 'ਤੇ ਅਸਫਲ ਰਹਿਣ ਕਰਕੇ ਆਮ ਆਦਮੀ ਪਾਰਟੀ ਬੁਖਲਾਹਟ ਵਿਚ ਆ ਕੇ ਕੇਂਦਰ ਦੀ ਭਾਜਪਾ ਸਰਕਾਰ ਦੇ ਜਮਹੂਰੀਅਤ ਅਤੇ ਸੰਵਿਧਾਨ ਵਿਰੋਧੀ ਕਦਮਾਂ 'ਤੇ ਚੱਲ ਰਹੀ ਹੈ। ਸਾਥੀ ਬਰਾੜ ਨੇ ਕਿਹਾ ਕਿ ਸਾਲ 2025 ਦੌਰਾਨ ਭਾਜਪਾ ਸਰਕਾਰ ਅਧੀਨ 9 ਪੱਤਰਕਾਰਾਂ ਦੇ ਜਮਹੂਰੀ ਅਧਿਕਾਰਾਂ ਦੀ ਵਰਤੋਂ ਕਰਨ ਦੇ ਦੋਸ਼ ਵਿਚ ਕਤਲ ਕਰ ਦਿੱਤੇ ਗਏ ਹਨ। ਪੰਜਾਬ ਦੇ ਜਿਹੜੇ ਪੱਤਰਕਾਰਾਂ ਤੇ ਲੋਕ ਆਵਾਜ਼ ਟੀ ਵੀ 'ਤੇ ਮੁਕੱਦਮੇ ਦਰਜ ਕੀਤੇ ਗਏ ਹਨ ਉਹ ਹਨ ਮਿੰਟੂ ਗੁਰੂਸਰੀਆ, ਮਾਨਕ ਗੋਇਲ, ਗਗਨ ਰਾਮਗੜ੍ਹੀਆ, ਨਾਮੂ ਧਾਲੀਵਾਲ ਹਰਮਨ, ਅਰਜਨ, ਦੀਪ ਮੰਗਲ, ਦੀਪ ਮੱਕੜ, ਹਰਲਾਭ ਮਾਨ, ਲੋਕ ਆਵਾਜ਼ ਟੀ ਵੀ ਆਦਿ। ਇਹਨਾਂ 'ਤੇ ਦੋਸ਼ ਹਨ ਕਿ ਭਗਵੰਤ ਮਾਨ ਸਰਕਾਰ ਦੇ ਹੈਲੀਕਾਪਟਰ ਦੀ ਦੁਰਵਰਤੋਂ ਬਾਰੇ ਇਹਨਾਂ ਨੇ ਖਬਰਾਂ ਦਿੱਤੀਆਂ ਹਨ।

ਉਹਨਾ ਆਖਿਆ ਕਿ ਮਾਨ ਸਰਕਾਰ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀ ਅਤੇ ਦੁਕਾਨਦਾਰ ਹਰ ਵਰਗ 'ਤੇ ਹੋ ਰਹੇ ਜ਼ੁਲਮਾਂ ਲਈ ਜ਼ਿੰਮੇਵਾਰ ਹੈ। ਸਾਥੀ ਬਰਾੜ ਨੇ ਪੱਤਰਕਾਰਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਇਹਨਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ।

# ਗਰੋਕ ਨੇ ਬੀਬੀਆਂ ਬੇਇੱਜ਼ਤ ਕਰ ਕੇ ਰੱਖ ਦਿੱਤੀਆਂ, ਮਸਕ ਨੂੰ ਸ਼ਰਮ ਨਹੀਂ



**ਵਾਸ਼ਿੰਗਟਨ** : ਐਲਨ ਮਸਕ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ ਚੈਟਬੋਟ 'ਗਰੋਕ' ਵੱਲੋਂ ਔਰਤਾਂ ਅਤੇ ਨਾਬਾਲਗਾਂ ਦੀਆਂ ਜਿਨਸੀ ਅਤੇ ਅਸ਼ਲੀਲ ਤਸਵੀਰਾਂ ਤਿਆਰ ਕਰਨ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਕੌਮਾਂਤਰੀ ਪੱਧਰ 'ਤੇ ਸਖਤ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਰੀਓ ਡੀ ਜਨੇਰੋ ਦੀ ਇੱਕ ਸੰਗੀਤਕਾਰ ਜੂਲੀ ਯੂਕਾਰੀ ਨੇ ਦੱਸਿਆ ਕਿ ਜਦੋਂ ਉਸ ਨੇ ਨਵੇਂ ਸਾਲ ਦੀ ਪੂਰਬਲੀ ਸ਼ਾਮ ਆਪਣੀ ਇੱਕ ਸਾਧਾਰਨ ਤਸਵੀਰ ਪੋਸਟ ਕੀਤੀ, ਤਾਂ ਅਗਲੇ ਹੀ ਦਿਨ ਯੂਜ਼ਰਜ਼ ਨੇ ਗਰੋਕ ਦੀ ਮਦਦ ਨਾਲ ਉਸ ਨੂੰ ਡਿਜੀਟਲ ਤੌਰ 'ਤੇ ਨਗਨ ਕਰ ਦਿੱਤਾ ਅਤੇ ਉਸ ਦੀਆਂ ਅਸ਼ਲੀਲ ਤਸਵੀਰਾਂ ਐੱਕਸ 'ਤੇ ਵਾਇਰਲ ਕਰ ਦਿੱਤੀਆਂ, ਜਿਸ ਕਾਰਨ ਉਹ ਬਹੁਤ ਸ਼ਰਮਿੰਦਗੀ ਮਹਿਸੂਸ ਕਰ ਰਹੀ ਹੈ।

ਖਬਰ ਏਜੰਸੀ ਰਾਈਟਰਜ਼ ਦੇ ਵਿਸ਼ਲੇਸ਼ਣ ਵਿੱਚ ਪਾਇਆ ਗਿਆ ਹੈ ਕਿ ਗਰੋਕ ਨੇ ਕਈ ਮਾਮਲਿਆਂ ਵਿੱਚ ਬੱਚਿਆਂ ਦੀਆਂ ਵੀ ਅਸ਼ਲੀਲ ਤਸਵੀਰਾਂ ਤਿਆਰ ਕੀਤੀਆਂ ਹਨ, ਜਿਸ ਕਾਰਨ ਫਰਾਂਸ ਦੇ ਮੰਤਰੀਆਂ ਨੇ ਇਸ ਨੂੰ ਗੈਰ-ਕਾਨੂੰਨੀ ਦੱਸਦਿਆਂ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਭਾਰਤ ਦੇ ਆਈ ਟੀ ਮੰਤਰਾਲੇ ਨੇ ਵੀ ਐੱਕਸ ਦੀ ਸਥਾਨਕ ਇਕਾਈ ਨੂੰ ਪੱਤਰ ਲਿਖ ਕੇ ਜਵਾਬ ਮੰਗਿਆ ਹੈ।

ਰਾਈਟਰਜ਼ ਵੱਲੋਂ ਕੀਤੇ ਗਏ ਨਿਰੀਖਣ ਦੌਰਾਨ ਸਿਰਫ 10 ਮਿੰਟਾਂ ਵਿੱਚ 102 ਅਜਿਹੀਆਂ ਕੋਸ਼ਿਸ਼ਾਂ ਦੇਖੀਆਂ ਗਈਆਂ, ਜਿੱਥੇ ਯੂਜ਼ਰਜ਼ ਨੇ ਗਰੋਕ ਨੂੰ ਔਰਤਾਂ ਦੀਆਂ ਤਸਵੀਰਾਂ ਵਿੱਚੋਂ ਕੱਪੜੇ ਹਟਾਉਣ ਜਾਂ ਬਹੁਤ ਹੀ ਛੋਟੇ ਕੱਪੜੇ ਪਾਉਣ ਲਈ ਕਿਹਾ ਅਤੇ 19 ਨੇ ਕਈ ਮਾਮਲਿਆਂ ਵਿੱਚ ਇਨ੍ਹਾਂ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ।

ਐਲਨ ਮਸਕ ਨੇ ਇਸ ਵਿਵਾਦ 'ਤੇ ਗੰਭੀਰਤਾ ਦਿਖਾਉਣ ਦੀ ਬਜਾਏ ਸੋਸ਼ਲ ਮੀਡੀਆ 'ਤੇ ਹਾਸੇ ਵਾਲੇ ਇਮੋਜੀ ਸਾਂਝੇ ਕੀਤੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਅਜਿਹੇ 'ਨਿਊਡੀਫਾਇਰ' ਟੂਲ ਪਹਿਲਾਂ ਸਿਰਫ ਡਾਰਕ ਵੈੱਬ ਤੱਕ ਸੀਮਤ ਸਨ, ਪਰ ਮਸਕ ਨੇ ਇਸ ਨੂੰ ਬਹੁਤ ਆਸਾਨ ਬਣਾ ਕੇ ਔਰਤਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਮਿਡਾਸ ਪ੍ਰੋਜੈਕਟ ਵਰਗੀਆਂ ਸੰਸਥਾਵਾਂ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਐੱਕਸ ਏ ਆਈ ਦਾ ਇਹ ਟੂਲ ਬਿਨਾਂ ਸਹਿਮਤੀ ਦੇ ਡੀਪਫੇਕ ਬਣਾਉਣ ਲਈ ਹਥਿਆਰ ਵਜੋਂ ਵਰਤਿਆ ਜਾ ਸਕਦਾ ਹੈ, ਜੋ ਕਿ ਹੁਣ ਸੱਚ ਸਾਬਤ ਹੋ ਰਿਹਾ ਹੈ। ਪੀੜਤ ਔਰਤਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣੇ ਉਸ ਸਰੀਰ ਲਈ ਸ਼ਰਮ ਮਹਿਸੂਸ ਕਰਨੀ ਪੈ ਰਹੀ ਹੈ, ਜੋ ਅਸਲ ਵਿੱਚ ਉਨ੍ਹਾਂ ਦਾ ਹੈ ਹੀ ਨਹੀਂ, ਬਲਕਿ ਏ ਆਈ ਨਾਲ ਤਿਆਰ ਕੀਤਾ ਗਿਆ ਹੈ।

## ਅੱਜ-ਨਾਮਾ

ਹਮਲਾ ਕਰਦਾ ਟਰੰਪ ਨਹੀਂ ਫੇਰ ਟਲਿਆ,
ਲਿਆ ਇੱਕ ਨਵਾਂ ਹੀ ਮੋਰਚਾ ਖੋਲ੍ਹ ਭਾਈ।
ਵੈਨਜ਼ੂਏਲਾ ਵੱਲ ਫੌਜ ਚੜ੍ਹਵਾਈ ਸੁਣਿਆ,
ਫੜ ਲਿਆ ਦੇਸ਼ ਦਾ ਮੁਖੀ ਹੈ ਟੋਲ ਭਾਈ।
ਵਧਦਾ ਜਾਂਦਾ ਵਿਰੋਧ ਸੀ ਬਹੁਤ ਚਿਰ ਦਾ,
ਖੜਕਦੇ ਸੁਣਦੇ ਸੀ ਚਿਰਾਂ ਦੇ ਢੋਲ ਭਾਈ।
ਦੇਂਦਾ ਦਖਲ ਕੋਈ ਰੁਕਣ ਨੂੰ ਕਹਿ ਦੇਂਦਾ,
ਇੰਨੀ ਹਿੰਮਤ ਨਹੀਂ ਕਿਸੇ ਵੀ ਕੋਲ ਭਾਈ।
ਖੋਲ੍ਹਿਆ ਇੱਕ ਉਸ ਮੋਰਚਾ ਨਾਲ ਇਹਦੇ,
ਧਮਕੀ ਦਿੱਤੀ ਆ ਚੀਨ ਵੱਲ ਦਾਗ ਭਾਈ।
ਜਿਹੜੀ ਸੜਕੇ ਟਰੰਪ ਆ ਪਿਆ ਲੱਗਦਾ,
ਸੰਸਾਰ ਦੇ ਪਤਾ ਨਾ ਕੀ ਹਨ ਭਾਗ ਭਾਈ।

-ਤੀਸ ਮਾਰ ਖਾਂ

# ਸਰਕਾਰ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਦਾ ਨਿਪਟਾਰਾ ਕਰੇ : ਧਰਮਵੀਰ ਗਾਂਧੀ

**ਪਟਿਆਲਾ** : ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸਾਂਝੇ ਥੜ੍ਹੇ ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ) ਅਤੇ ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਨਾਲ ਸਬੰਧਤ 14 ਆਗੂਆਂ ਨੇ ਪੰਜਾਬ ਸਰਕਾਰ ਦੀ ਪਾਵਰ ਸੈਕਟਰ ਵਿਰੋਧੀ ਨੀਤੀ ਅਤੇ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦੇ ਖਿਲਾਫ਼ ਸਨਿੱਚਰਵਾਰ ਤੀਸਰੇ ਦਿਨ ਪਾਵਰਕਾਮ ਦੇ ਮੁੱਖ ਦਫਤਰ ਸਾਹਮਣੇ 24 ਘੰਟੇ ਦੀ ਲੜੀਵਾਰ ਭੁੱਖ ਹੜਤਾਲ ਰੱਖ ਕੇ ਪੰਜਾਬ ਸਰਕਾਰ ਅਤੇ ਬਿਜਲੀ ਮੰਤਰੀ ਖਿਲਾਫ਼ ਜੋਰਦਾਰ ਨਾਅਰੇਬਾਜ਼ੀ ਕੀਤੀ । ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਨੇ ਪੰਜਾਬ ਸਰਕਾਰ ਦੀਆਂ ਅਦਾਰੇ ਨੂੰ ਤਬਾਹ ਕਰਨ ਵਾਲੀਆਂ ਘਟੀਆ ਨੀਤੀਆਂ ਖਿਲਾਫ਼ ਜੋਰਦਾਰ ਅਵਾਜ਼ ਬੁਲੰਦ ਕੀਤੀ। ਇਸ ਭੁੱਖ ਹੜਤਾਲੀ ਕੈਂਪ ਵਿੱਚ ਕਾਂਗਰਸ ਦੇ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਹੱਕੀ ਸੰਘਰਸ਼ ਦੀ ਡਟਵੀਂ ਹਮਾਇਤ ਕੀਤੀ ਅਤੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪੰਜਾਬ ਦੀ ਮਾਨ ਸਰਕਾਰ ਕੋਲੋਂ ਮੰਗ ਕੀਤੀ ਕਿ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦੀ ਨੀਤੀ ਤਿਆਗ ਕੇ ਮੁਲਾਜ਼ਮ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਸੰਸਦ ਮੈਂਬਰ ਨੇ ਪਾਰਲੀਮੈਂਟ ਵਿੱਚ ਵੀ ਚੱਲ ਰਹੇ ਸੰਘਰਸ਼ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਦਾ ਭਰੋਸਾ ਦਿੱਤਾ।



ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਬੂਟਾ ਸਿੰਘ ਸ਼ਾਦੀਪੁਰ ਨੇ ਪੰਜਾਬ ਸਰਕਾਰ ਦੇ ਘਟੀਆ ਵਤੀਰੇ ਦੀ ਨਿੰਦਾ ਕਰਦੇ ਹੋਏ ਆਪਣੀ ਜਥੇਬੰਦੀ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਤਰਫ਼ੋਂ ਚੱਲ ਰਹੇ ਸੰਘਰਸ਼ ਦੀ ਹਮਾਇਤ ਕੀਤੀ।ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਪਹੁੰਚੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਆਗੂਆਂ ਹਰਪਾਲ ਸਿੰਘ, ਬਲਦੇਵ ਸਿੰਘ ਮੰਢਾਲੀ, ਕੁਲਵਿੰਦਰ ਸਿੰਘ ਢਿੱਲੋਂ, ਰਣਜੀਤ ਸਿੰਘ ਢਿੱਲੋਂ, ਮਨਜੀਤ ਸਿੰਘ ਚਾਹਲ, ਜਰਨੈਲ ਸਿੰਘ, ਬੀ ਐੱਸ ਸੇਖੋਂ, ਕਰਮਜੀਤ ਸਿੰਘ ਪਟਿਆਲਾ, ਜਗਤਾਰ ਸਿੰਘ, ਰਾਜਵੀਰ ਸਿੰਘ, ਨਿਰਮਲ ਕੁਮਾਰ, ਕਮਲਜੀਤ ਮੋਹਾਰਖਿਵਾ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਬਿਜਲੀ ਨਿਗਮ ਦੀਆਂ ਵੱਡੇ ਅਕਾਰ ਦੀਆਂ ਬੇਸ਼ਕੀਮਤੀ ਜਾਇਦਾਦਾਂ ਵੇਚ ਕੇ ਪਬਲਿਕ ਸੈਕਟਰ ਦੇ ਇਸ ਮਹੱਤਵਪੂਰਨ ਅਦਾਰੇ ਦਾ ਦੀਵਾਲਾ ਕੱਢਣਾ ਚਾਹੁੰਦੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ • ਬਾਕੀ ਸਫਾ 2 'ਤੇ

# ਸੇਫ ਦੁਕਾਨ ਤੋਂ 200 ਮੀਟਰ ਦੂਰ ਲਿਜਾ ਕੇ ਗਹਿਣੇ ਕੱਢ ਕੇ ਲੈ ਗਏ

**ਬਲਾਚੌਰ (ਜਸਵਿੰਦਰ ਬੈਂਸ)**

ਕਸਬਾ ਮਜਾਰੀ ਵਿਖੇ ਸ਼ਨੀਵਾਰ ਰਾਤ ਚੋਰ ਵਰਮਾ ਜਿਊਲਰਜ਼ ਨੂੰ ਨਿਸ਼ਾਨਾ ਬਣਾਉਂਦੇ ਹੋਏ ਲੱਖਾਂ ਰੁਪਏ ਦੇ ਸੋਨੇ ਤੇ ਚਾਂਦੀ ਦੇ ਗਹਿਣੇ ਚੋਰੀ ਕਰਕੇ ਲੈ ਗਏ।



ਦੁਕਾਨ ਦੇ ਮਾਲਕ ਪ੍ਰਿੰਸ ਵਰਮਾ ਨੇ ਦੱਸਿਆ ਕਿ ਸਵੇਰੇ ਗੁਆਂਢੀ ਦੁਕਾਨਦਾਰ ਨੇ ਉਨ੍ਹਾ ਨੂੰ ਫ਼ੋਨ 'ਤੇ ਤਾਲੇ ਟੁੱਟੇ ਹੋਣ ਦੀ ਜਾਣਕਾਰੀ ਦਿੱਤੀ। ਜਦੋਂ ਉਨ੍ਹਾ ਮੌਕੇ 'ਤੇ ਪਹੁੰਚ ਕੇ ਦੇਖਿਆ ਤਾਂ ਦੁਕਾਨ ਦਾ ਸ਼ਟਰ ਟੁੱਟਿਆ ਹੋਇਆ ਸੀ ਅਤੇ ਅੰਦਰੋਂ ਸਾਰਾ ਕੀਮਤੀ ਸਾਮਾਨ ਗਾਇਬ ਸੀ ?ਚੋਰਾਂ ਦੇ ਹੌਸਲੇ ਏਨੇ ਬੁਲੰਦ ਸਨ ਕਿ ਉਨ੍ਹਾਂ ਦੁਕਾਨ ਦੇ ਅੰਦਰੋਂ ਭਾਰੀ ਸੇਫ਼ ਨੂੰ ਪੁੱਟ ਕੇ ਕੁਰਸੀਆਂ ਦੀ ਮਦਦ ਨਾਲ ਬਾਹਰ ਲਿਆਂਦਾ।ਇਸ ਤੋਂ ਬਾਅਦ ਦੁਕਾਨ ਦੇ ਬਾਹਰ ਮੁਰੰਮਤ ਲਈ ਖੜ੍ਹੇ ਇੱਕ ਮੋਟਰਸਾਈਕਲ 'ਤੇ ਸੇਫ਼ ਲੱਦ ਕੇ ਉਸ ਨੂੰ 200 ਮੀਟਰ ਦੂਰ ਗੜ੍ਹਸ਼ੰਕਰ ਰੋਡ 'ਤੇ ਲੈ ਗਏ।ਉਥੇ ਸੜਕ ਦੇ ਬਿਲਕੁਲ ਕਿਨਾਰੇ ਹੀ ਸੇਫ਼ ਤੋੜ ਕੇ ਕੀਮਤੀ ਗਹਿਣੇ ਕੱਢ ਲਏ। ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਨੇੜਲੇ ਖੇਤਾਂ ਵਿੱਚੋਂ ਬਰਾਮਦ ਹੋਇਆ ਹੈ।ਉਹ 30 ਕਿੱਲੋ ਚਾਂਦੀ ਅਤੇ ਲਗਭਗ 400 ਗ੍ਰਾਮ ਸੋਨਾ (ਜਿਸ ਵਿੱਚ ਗਾਹਕਾਂ ਦੇ ਗਹਿਣੇ ਵੀ ਸ਼ਾਮਲ ਸਨ) ਲੈ ਗਏ, ਇਹ ਲਗਭਗ 60 ਤੋਂ 70 ਲੱਖ ਰੁਪਏ ਦ • ਬਾਕੀ ਸਫਾ 2 'ਤੇ

CMYK

## ਪੱਤਰਕਾਰਾਂ 'ਤੇ ਕੇਸ ਦਰਜ ਕਰਨ ਦੀ ਬੀ ਕੇ ਯੂ ਏਕਤਾ (ਮਲਵਈ) ਵੱਲੋਂ ਸਖ਼ਤ ਨਿੰਦਾ



**ਫਿਰੋਜ਼ਪੁਰ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ (ਮਲਵਈ) ਦੇ ਸੂਬਾ ਆਗੂ ਧਰਮਿੰਦਰ ਸਿੰਘ ਬਾਜੀ ਪਿਸ਼ੌਰ, ਰਾਮਪਾਲ ਸ਼ਰਮਾ ਸੁਨਾਮ, ਹਰਜਿੰਦਰ ਸਿੰਘ ਨੰਗਲਾ, ਮਲਕੀਤ ਸਿੰਘ ਤੂਰ ਬਣਜਾਰਾ ਤੇ ਸੂਬਾ ਸਿੰਘ ਸੰਗਤਪੁਰਾ ਨੇ ਪੰਜਾਬ ਸਰਕਾਰ ਵੱਲੋਂ ਪੱਤਰਕਾਰ ਮਨਿੰਦਰਜੀਤ ਸਿੱਧੂ, ਮਿੰਟੂ ਗੁਰੂਸਰੀਆ, ਆਰ ਟੀ ਆਈ ਐਕਟੀਵਿਸਟ ਮਾਣਿਕ ਗੋਇਲ ਸਮੇਤ 10 ਹੋਰ ਪੱਤਰਕਾਰਾਂ ਭਾਈਚਾਰੇ ਉੱਤੇ ਪਾਏ ਝੂਠੇ ਪਰਚਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੱਤਰਕਾਰ ਭਾਈਚਾਰੇ ਨਾਲ ਡੱਟ ਕੇ ਹਮਾਇਤ ਕਰਨ ਦਾ ਐਲਾਨ ਕੀਤਾ ਹੈ।ਉਨ੍ਹਾਂ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਇਹ ਸਰਾਸਰ ਲੋਕਤੰਤਰ ਦਾ ਗਲਾ ਘੁੱਟਣ ਵਾਲੀ ਗੱਲ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ (ਮਲਵਈ) ਸਰਕਾਰ ਦੀ ਇਹ ਤਾਨਾਸ਼ਾਹੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।ਲੋਕ ਹੱਕਾਂ ਲਈ ਆਵਾਜ਼ ਬੁਲੰਦ ਕਰਨਾ ਹਰ ਇੱਕ ਵਿਅਕਤੀ ਦਾ ਜਮਹੂਰੀ ਹੱਕ ਹੈ।ਇਸ ਨੂੰ ਪਰਚੇ ਨਾਲ ਡਰਾ ਧਮਕਾ ਕੇ ਨਹੀਂ ਦਬਾਇਆ ਜਾ ਸਕਦਾ।ਭਾਰਤੀ ਕਿਸਾਨ ਯੂਨੀਅਨ ਏਕਤਾ (ਮਲਵਈ) ਮੰਗ ਕਰਦੀ ਹੈ ਕਿ ਪੱਤਰਕਾਰਾਂ ਉੱਤੇ ਪਾਏ ਝੂਠੇ ਪਰਚਿਆਂ ਨੂੰ ਫੌਰੀ ਰੱਦ ਕੀਤਾ ਜਾਵੇ।

## ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਨੇ ਮੈਂਬਰਾਂ ਦੇ ਜਨਮ ਦਿਨ ਮਨਾਏ



**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜ਼ਨ ਆਫ਼ ਧੂਰੀ ਵੈੱਲਫੇਅਰ ਐਸੋਸੀਏਸ਼ਨ (ਰਜਿ:) ਰਾਮ ਬਾਗ ਧੂਰੀ ਦੀ ਮਹੀਨਾਵਾਰ ਮੀਟਿੰਗ ਰਾਮ ਬਾਗ ਦੇ ਯੋਗਾ ਹਾਲ ਵਿਖੇ ਪ੍ਰਧਾਨ ਸੁਖਵੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਜਸਪਾਲ ਸਿੰਘ ਭੁੱਲਰ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।ਠੰਡ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਆਏ ਮੈਂਬਰਾਂ ਦਾ ਐਸੋਸੀਏਸ਼ਨ ਨੇ ਸਵਾਗਤ ਕੀਤਾ।ਇਸ ਮੌਕੇ ਦਸੰਬਰ 2025 ਵਿੱਚ ਜਿਨ੍ਹਾਂ ਸਤਿਕਾਰਯੋਗ ਮੈਂਬਰਾਂ ਦੇ ਜਨਮ ਦਿਨ ਸਨ, ਉਨ੍ਹਾਂ ਨੂੰ ਹਾਰ ਪਾ ਕੇ, ਮੂੰਹ ਮਿੱਠਾ ਕਰਵਾ ਕੇ ਜਨਮ ਦਿਨ ਮਨਾਏ ਗਏ ਤੇ ਐਸੋਸੀਏਸ਼ਨ ਵੱਲੋਂ ਯਾਦਗਾਰੀ ਤੋਹਫ਼ੇ ਦੇ ਕੇ ਸਨਮਾਨਤ ਕੀਤਾ ਗਿਆ।ਨਛੱਤਰ ਸਿੰਘ, ਸੁਖਦੇਵ ਸਿੰਘ, ਰਾਕੇਸ਼ ਕੁਮਾਰ, ਨਰੇਸ਼ ਸਿੰਘ ਜਿੰਨਾਂ ਤੋਂ ਸਰਬਜੀਤ ਸਿੰਘ ਮੀਮਸਾ ਨੇ ਐਸੋਸੀਏਸ਼ਨ ਨੂੰ ਮਾਲੀ ਸਹਾਇਤਾ ਵੀ ਦਿੱਤੀ।ਨਵੇਂ ਮੈਂਬਰ ਜੈ ਗੋਪਾਲ ਰੇਖਨਾ ਦਾ ਸਟੇਜ ਉੱਪਰ ਸਤਿਕਾਰ ਕੀਤਾ ਗਿਆ, ਕਿਉਂਕਿ ਇਨ੍ਹਾਂ ਨੇ ਐਸੋਸੀਏਸ਼ਨ ਦੀ ਮੈਂਬਰਸ਼ਿਪ ਲਈ ਹੈ।ਇਸ ਤੋਂ ਇਲਾਵਾ ਚਰਨਜੀਤ ਕੌਂਸ, ਜਸਮੇਲ ਸਿੰਘ ਤੇ ਹਰਭਜਨ ਸਿੰਘ ਏ ਐੱਸ ਆਈ. ਨੇ ਗੀਤ ਪੇਸ਼ ਕੀਤੇ।ਅਖੀਰ ਵਿੱਚ ਸੇਵਾ ਮੁਕਤ ਡਿਪਟੀ ਡਾਇਰੈਕਟਰ ਮਨਜੀਤ ਸਿੰਘ ਬਖਸ਼ੀ ਨੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਬਲਵਿੰਦਰ ਸਿੰਘ, ਭਗਵਾਨ ਦਾਸ ਮਿੱਤਲ ਵਕੀਲ, ਰਾਜਿੰਦਰ ਸਿੰਘ ਫ਼ੌਜਾ, ਸੁਰਜੀਤ ਸਿੰਘ, ਜੁਗਰਾਜ ਸਿੰਘ, ਅਵਤਾਰ ਸਿੰਘ, ਰਵਿੰਦਰ ਸ਼ਰਮਾ, ਦਰਸ਼ਨ ਸਿੰਘ, ਬਲਜੀਤ ਸਿੰਘ, ਰਘਵੀਰ ਸਿੰਘ, ਫਕੀਰ ਸਿੰਘ, ਹਰਨੇਕ ਸਿੰਘ, ਜਗਸੀਰ ਸਿੰਘ, ਸੁਖਵਿੰਦਰ ਸਿੰਘ, ਕਰਮਜੀਤ ਸਿੰਘ ਬੇਨੜਾ, ਪ੍ਰੇਮ ਕੁਮਾਰ, ਰਾਜਿੰਦਰ ਸਿੰਘ ਐੱਸ.ਡੀ.ਓ, ਸੁਰਜੀਤ ਸਿੰਘ ਤੇ ਅਨਿਲ ਕੁਮਾਰ ਆਦਿ ਹਾਜ਼ਰ ਸਨ।

## ਜੀ ਰਾਮ ਜੀ ਦੇ ਨਾਂਅ 'ਤੇ ਨਵਾਂ ਕਾਨੂੰਨ ਲਿਆ ਕੇ ਨਰੇਗਾ ਨੂੰ ਖ਼ਤਮ ਕਰਨ ਦੀ ਫਿਰਾਕ 'ਚ ਮੋਦੀ ਸਰਕਾਰ : ਜਸਪਾਲ ਸਿੰਘ, ਵਿੱਕੀ ਤੂਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਘੋਸਾ ਪਾਂਡੋ ਵਿਖੇ ਨਰੇਗਾ ਮਜ਼ਦੂਰਾਂ ਦਾ ਕੰਮ ਸ਼ੁਰੂ ਕੀਤਾ ਗਿਆ।ਇਸ ਮੌਕੇ ਆਮ ਆਦਮੀ ਪਾਰਟੀ ਦੇ ਕਿਸਾਨ ਵਿੰਗ ਦੇ ਬਲਾਕ ਪ੍ਰਧਾਨ ਜਸਪਾਲ ਸਿੰਘ, ਸੋਸ਼ਲ ਮੀਡੀਆ ਵਿੰਗ ਦੇ ਬਲਾਕ ਪ੍ਰਧਾਨ ਵਿੱਕੀ ਤੂਰ, ਬਲਾਕ ਸੰਮਤੀ ਮੈਂਬਰ ਸੁਖਵਿੰਦਰ ਕੌਰ ਸੁੱਖੀ, ਗੁਰਜੰਟ ਸਿੰਘ ਮੈਂਬਰ, ਪਰਮਜੀਤ ਸਿੰਘ ਮੈਂਬਰ, ਤਰਸੇਮ ਸਿੰਘ ਸਾਬਕਾ ਸਰਪੰਚ, ਜਗਸੀਰ ਸਿੰਘ ਸਾਬਕਾ ਪੰਚਾਇਤ ਮੈਂਬਰ ਆਦਿ ਆਗੂਆਂ ਨੇ ਕਿਹਾ ਕਿ ਨਰੇਗਾ ਮਜ਼ਦੂਰਾਂ ਲਈ ਆਰਥਿਕ ਪੱਖੋਂ ਸਹਾਰੇ ਦਾ ਕੰਮ ਕਰ ਰਿਹਾ ਹੈ, ਜਿਸ ਨੂੰ ਕਿ ਮੋਦੀ ਸਰਕਾਰ ਖਤਮ ਕਰਕੇ ਵਿਕਸਤ ਭਾਰਤ ਜੀ ਰਾਮ ਜੀ ਨਾਂ ਦਾ ਨਵਾਂ ਕਾਨੂੰਨ ਲਿਆ ਕੇ ਖ਼ਤਮ ਕਰਨਾ ਚਾਹੁੰਦੀ ਹੈ, ਜਿਸ ਦਾ ਸਭ ਨੂੰ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਵੇਂ ਕਾਨੂੰਨ ਤਹਿਤ ਮਜ਼ਦੂਰਾਂ ਦਾ ਨੁਕਸਾਨ ਹੋਵੇਗਾ, ਇਸ ਲਈ ਉਪਰੋਕਤ ਆਗੂਆਂ ਨੇ ਮੰਗ ਕੀਤੀ ਕਿ ਇਸ ਨਵੇਂ ਕਾਨੂੰਨ ਨੂੰ ਰਿਜੈਕਟ ਕਰਕੇ ਨਰੇਗਾ ਨੂੰ ਲਗਾਤਾਰ ਪਾਰਦਰਸ਼ੀ ਢੰਗ ਨਾਲ ਚਲਾਇਆ ਜਾਵੇ।ਇਸ ਮੌਕੇ ਸਰਬਜੀਤ ਕੌਰ ਨਰੇਗਾ ਮੇਟ, ਪੂਜਾ ਕੌਰ ਘੋਸਾ, ਨਰੇਗਾ ਮੇਟ ਸੁਖਦੇਵ ਸਿੰਘ, ਗੱਗੀ ਘੋਸਾ, ਕੁਲਦੀਪ ਸਿੰਘ ਕੀਪਾ, ਹਰਦਮ ਸਿੰਘ, ਇਕਬਾਲ ਕੌਰ ਸਾਬਕਾ ਪੰਚਾਇਤ ਮੈਂਬਰ ਤੇ ਜਰਨੈਲ ਸਿੰਘ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਕਾਲਜ ਆਫ਼ ਨਰਸਿੰਗ 'ਚ ਨਵਾਂ ਸਾਲ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਭਗਤ ਸਿੰਘ ਕਾਲਜ ਆਫ਼ ਨਰਸਿੰਗ ਵਿੱਚ ਨਵੇਂ ਸਾਲ ਦੇ ਮੌਕੇ 'ਤੇ ਬੜੇ ਹੀ ਉਤਸ਼ਾਹ, ਖ਼ੁਸ਼ੀ ਤੇ ਸਾਦਗੀ ਨਾਲ ਨਵੇਂ ਸਾਲ ਦਾ ਸਮਾਗਮ ਮਨਾਇਆ ਗਿਆ। ਸਮਾਗਮ ਦਾ ਮੁੱਖ ਉਦੇਸ਼ ਨਵੇਂ ਸਾਲ ਦੀ ਸ਼ੁਰੂਆਤ ਆਪਸੀ ਸਾਂਝ, ਖ਼ੁਸ਼ਹਾਲੀ ਤੇ ਸਕਾਰਾਤਮਕ ਸੋਚ ਨਾਲ ਕਰਨਾ ਸੀ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰਾਂ ਨੇ ਭਾਗ ਲਿਆ। ਕੇਕ ਦੌਰਾਨ ਸਾਰਿਆਂ ਨੇ ਆਪਸੀ ਸਾਂਝ ਤੇ ਖ਼ੁਸ਼ੀ ਨਾਲ ਨਵੇਂ ਸਾਲ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ। ਇਸ ਤੋਂ ਇਲਾਵਾ ਕੇਕ ਕੱਟਣ ਦੀ ਰਸਮ ਵੀ ਬੜੇ ਹੀ ਉਤਸ਼ਾਹ ਨਾਲ ਨਿਭਾਈ ਗਈ। ਇਹ ਸਮੂਹ ਸਮਾਗਮ ਕਾਲਜ ਦੀ ਪ੍ਰਿੰਸੀਪਲ ਦੀ ਰਹਿਨੁਮਾਈ ਹੇਠ ਬਹੁਤ ਹੀ ਸੁਚੱਜੇ ਢੰਗ ਨਾਲ ਸੰਪੰਨ ਹੋਇਆ। ਇਸ ਮੌਕੇ ਕਾਲਜ ਦੇ ਡਾਇਰੈਕਟਰ ਧਰਮਪਾਲ ਬਾਂਸਲ ਵੱਲੋਂ ਸਮੂਹ ਸਟਾਫ ਨੂੰ ਨਵੇਂ ਸਾਲ ਦੀਆਂ ਦਿਲੋਂ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ। ਅੰਤ ਵਿੱਚ ਸਮੂਹ ਸਟਾਫ ਨੇ ਨਵੇਂ ਸਾਲ ਕਾਲਜ, ਸਟਾਫ ਤੇ ਵਿਦਿਆਰਥੀਆਂ ਲਈ ਸਿਹਤ, ਤਰੱਕੀ ਤੇ ਸਫਲਤਾ ਭਰਿਆ ਸਾਬਿਤ ਹੋਵੇ। ਇਸ ਮੌਕੇ ਸਮੂਹ ਕਾਲਜ ਸਟਾਫ ਡਾ. ਸੰਜੀਵ ਮਾਨਕਟਾਲਾ, ਸ਼ਰਨਜੀਤ ਕੌਰ, ਸੁਖਵਿੰਦਰ ਕੌਰ, ਗੁਰਦੀਪ ਕੌਰ, ਜਗਦੇਵ ਸਿੰਘ, ਅਮਨਦੀਪ ਕੌਰ, ਕੋਮਲਪ੍ਰੀਤ ਕੌਰ, ਰਬਿਕਾ, ਸੰਗੀਤਾ ਹਾਂਡਾ, ਗੁਰਮੀਤ ਕੌਰ, ਖ਼ੁਸ਼ਪਾਲ ਕੌਰ, ਪ੍ਰਿਯਕਾ, ਗੁਰਪ੍ਰੀਤ ਕੌਰ, ਰਮਨਦੀਪ ਕੌਰ, ਸੁਖਮਨਦੀਪ ਕੌਰ, ਗਗਨਦੀਪ ਕੌਰ, ਅਰਸ਼ਦੀਪ ਕੌਰ, ਪੂਨਮ, ਪੂਜਾ, ਅਮਨਦੀਪ ਕੌਰ, ਕੋਮਲਜੀਤ ਕੌਰ, ਅਮਨਦੀਪ ਕੌਰ, ਬਲਵਿੰਦਰ ਕੌਰ, ਗਗਨਦੀਪ ਕੌਰ, ਕੋਮਲਪ੍ਰੀਤ ਕੌਰ, ਸੁਖਵੀਰ ਕੌਰ, ਮਨਪ੍ਰੀਤ ਕੌਰ, ਆਂਚਲ ਆਦਿ ਸ਼ਾਮਲ ਸਨ।

## ਸ਼ਹੀਦ ਸਮਾਰਕ ਦੇ ਨਵੀਨੀਕਰਨ ਲਈ ਅਮਨ ਅਰੋੜਾ ਤੇ ਜਗਦੀਪ ਗੋਲਡੀ ਦਾ ਕਰਾਂਗੇ ਸਨਮਾਨ : ਜੋਸ਼ਨ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ)**-ਨਵੇਂ ਸਾਲ ਦੀ ਆਮਦ 'ਤੇ ਪੰਜਾਬ ਸਰਕਾਰ ਵੱਲੋਂ ਸ਼ੁਰੂਆਤ ਲੋਕ-ਹਿਤੈਸ਼ੀ ਤੇ ਵਿਕਾਸ ਕੇਂਦਰਿਤ ਫੈਸਲਿਆਂ ਨਾਲ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਚੋਤਰਫਾ ਤਰੀਫ਼ ਹੋ ਰਹੀ ਹੈ।ਸ਼ਹੀਦ ਊਧਮ ਸਿੰਘ ਯਾਦਗਾਰੀ ਕਮੇਟੀ ਮੇਨ ਦੇ ਪ੍ਰਧਾਨ ਤੇ ਕੰਬੋਜ ਫਾਊਂਡੇਸ਼ਨ ਦੇ ਐਗਜ਼ੀਕਿਊਟਿਵ ਮੈਂਬਰ ਮਨਦੀਪ ਸਿੰਘ ਜੋਸ਼ਨ ਨੇ ਕਿਹਾ ਕਿ ਸੁਨਾਮ ਵਿੱਚ ਹੋ ਰਹੇ ਇਤਿਹਾਸਕ ਵਿਕਾਸੀ ਕੰਮ ਸਰਕਾਰ ਦੀ ਦੂਰਅੰਦੇਸ਼ੀ ਤੇ ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ ਤੇ ਮੰਤਰੀ ਅਮਨ ਅਰੋੜਾ ਦੇ ਸਮੂਹ ਸਟਾਫ ਦੇ ਬੈਕਵਰਡ ਕਲਾਸ ਕਮਿਸ਼ਨ ਦੇ ਚੇਅਰਮੈਨ ਡਾ. ਮਲਕੀਤ ਸਿੰਘ ਥਿੰਦ ਦੇ ਵਿਧਾਇਕ ਦੀਆਂ ਲਗਾਤਾਰ ਕੋਸ਼ਿਸ਼ਾਂ ਦਾ ਨਤੀਜਾ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰ ਰਹੀ ਹੈ।ਇਤਿਹਾਸਕ ਪ੍ਰੋਗਰਾਮ ਦੌਰਾਨ ਸ਼ਹੀਦ ਊਧਮ ਸਿੰਘ ਸਮਾਰਕ ਦੇ ਨਵੀਨੀਕਰਨ ਲਈ ਨੀਂਹ ਪੱਥਰ ਰੱਖਿਆ ਗਿਆ।ਜੋਸ਼ਨ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਦੀ ਯਾਦਗਾਰ ਦੇ ਵਿਕਾਸ ਲਈ ਉਨ੍ਹਾਂ ਦੀਆਂ ਜਥੇਬੰਦੀਆਂ ਮਾਨਯੋਗ ਕੈਬਨਟ ਮੰਤਰੀ ਅਮਨ ਅਰੋੜਾ, ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ, ਮਲਕੀਅਤ ਸਿੰਘ ਥਿੰਦ ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਤੇ ਡਾ. ਸੰਦੀਪ ਸਿੰਘ ਕੌੜਾ, ਚਾਂਸਲਰ ਊਧਮ ਸਿੰਘ ਸ਼ਹੀਦ ਸਕਿੱਲਡ ਯੂਨੀਵਰਸਿਟੀ ਦਾ ਸਮਾਗਮ ਕਰਕੇ ਸ਼ਹੀਦ ਊਧਮ ਸਿੰਘ ਸਮਾਰਕ ਦੇ ਨਵੀਨੀਕਰਨ ਲਈ ਸਨਮਾਨ ਕਰਨਗੇ।ਉਨ੍ਹਾਂ ਸ਼ਹੀਦ ਦੇ ਸਮੁੱਚੇ ਸ਼ਹਿਰ ਲਈ ਕੀਤੇ ਜਾ ਰਹੇ ਵਿਕਾਸ ਕਾਰਜਾਂ ਲਈ ਵੀ ਅਮਨ ਅਰੋੜਾ ਤੇ ਸਰਕਾਰ ਦਾ ਧੰਨਵਾਦ ਕੀਤਾ।

## ਆਈ ਟੀ ਆਈ ਇੰਪ. ਐਸੋ. ਦਾ ਕੈਲੰਡਰ ਜਾਰੀ



**ਧੂਰੀ (ਸੱਗੂ, ਪੇਧਨੀ)**-ਨਵੇਂ ਸਾਲ -2026 ਦੀ ਆਮਦ 'ਤੇ ਪਾਵਰਕਾਮ ਦੀ ਮੁਲਾਜ਼ਮ ਜਥੇਬੰਦੀ ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਪੰਜਾਬ ਦਾ ਕਲੰਡਰ ਸੰਗਰੂਰ ਸਰਕਲ ਦੇ ਨਿਗਰਾਨ ਇੰਜੀਨੀਅਰ ਐੱਨ ਕੇ ਜਿੰਦਲ, ਧੂਰੀ ਮੰਡਲ ਦੇ ਵਧੀਕ ਨਿਗਰਾਨ ਇੰਜੀਨੀਅਰ ਮਨੋਜ ਕੁਮਾਰ ਤੇ ਜਥੇਬੰਦੀ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਚਰਨਜੀਤ ਸਿੰਘ ਬਾਵਾ ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ।ਜਥੇਬੰਦੀ ਦੇ ਆਗੂ ਮਨਜੀਤ ਸਿੰਘ ਲੱਡਾ ਨੇ ਦੱਸਿਆ ਕਿ ਇਸ ਵਾਰ ਦਾ ਕੈਲੰਡਰ ਜਥੇਬੰਦੀ ਦੇ ਬਾਨੀ ਇੰਜੀਨੀਅਰ ਕੁਲਦੀਪ ਸਿੰਘ ਛੱਜਲਵੱਡੀ ਨੂੰ ਸਮਰਪਤ ਕੀਤਾ ਗਿਆ, ਜਿਨ੍ਹਾਂ ਨੇ ਆਈ ਟੀ ਆਈ ਹੋਲਡਰਾਂ ਦੇ ਹਿੱਤਾਂ 'ਚ ਸੰਘਰਸ਼ ਕਰਕੇ ਤਰੱਕੀਆਂ ਦਿਵਾਈਆਂ।ਇਸ ਮੌਕੇ ਜਥੇਬੰਦੀ ਦੇ ਆਗੂਆਂ 'ਚ ਸੂਬਾਈ ਆਗੂ ਨਪਿੰਦਰ ਸਿੰਘ ਕਾਂਝਲਾ, ਜਰਨੈਲ ਸਿੰਘ ਮਾਨਾ, ਧੂਰੀ ਮੰਡਲ ਦੇ ਪ੍ਰਧਾਨ ਗੁਰਪਿੰਦਰ ਸਿੰਘ ਕਹੇਰੂ, ਸਕੱਤਰ ਜਸਵੀਰ ਸ਼ਰਮਾ, ਮੰਡਲ ਕਮੇਟੀ ਦੇ ਆਗੂਆਂ ਤੋਂ ਇਲਾਵਾ ਭਲਵਾਨ, ਦਿਹਾਤੀ ਧੂਰੀ, ਸ਼ਹਿਰੀ ਧੂਰੀ, ਸ਼ੇਰਪੁਰ, ਕਾਂਝਲਾ ਤੇ ਰੰਗੀਆਂ ਉੱਪ-ਮੰਡਲ ਦੇ ਸਾਥੀਆਂ ਕੁਲਜੀਤ ਸਿੰਘ, ਸੰਦੀਪ ਤੇ ਸੁਖਵੀਰ ਆਦਿ ਮੌਜੂਦ ਸਨ।

## ਹੈਰੋਇਨ ਸਣੇ ਔਰਤ ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲੋਲਾਬਾਦ ਦੀ ਪੁਲਸ ਨੇ ਇਕ ਔਰਤ ਨੂੰ 04.40 ਗ੍ਰਾਮ ਹੈਰੋਇਨ ਸਣੇ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਂਚ ਅਧਿਕਾਰੀ ਐੱਸ.ਆਈ. ਅਮਨਦੀਪ ਕੌਰ ਨੇ ਦੱਸਿਆ ਕਿ 2 ਜਨਵਰੀ ਦੇਰ ਸ਼ਾਮ ਨੂੰ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਜਲਾਲਾਬਾਦ ਦੀ ਗੋਬਿੰਦ ਨਗਰੀ ਦੇ ਕੋਲ ਐੱਫ-ਐੱਫ ਰੋਡ ਦੇ ਨਾਲ ਖਾਲੀ ਪਲਾਟ ਵਿੱਚ ਪੁੱਜੀ ਤੇ ਇਥੇ ਸੀਮਾ ਰਾਣੀ ਨੂੰ ਕਾਬੂ ਕਰਕੇ ਤਲਾਸ਼ੀ ਲੈਣ 'ਤੇ ਉਸ ਪਾਸੋਂ 04.40 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ 'ਤੇ ਥਾਣਾ ਸਿਟੀ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

## ਨਸ਼ੇ ਦਾ ਸੇਵਨ ਕਰਨ ਦੇ ਦੋਸ਼ 'ਚ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਨੇ ਇੱਕ ਵਿਅਕਤੀ ਨੂੰ ਨਸ਼ੇ ਦਾ ਸੇਵਨ ਕਰਨ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਸਬੰਧੀ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਵਿਸਲੇਸ਼ ਕੁਮਾਰ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਅਮੀਰ ਖਾਸ ਨਹਿਰ ਦੀ ਪਟੜੀ 'ਤੇ ਮੌਜੂਦ ਸੀ ਤਾਂ ਇਕ ਨੌਜਵਾਨ ਜੋ ਨਹਿਰ ਦੀ ਪਟੜੀ 'ਤੇ ਬੈਠਾ ਸੀ ਅਤੇ ਪੁਲਸ ਦੀ ਗੱਡੀ ਵੇਖ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰਨ ਲੱਗਾ, ਜਿਸ ਨੂੰ ਪੁਲਸ ਨੇ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਮਹਿੰਦਰ ਸਿੰਘ ਪੁੱਤਰ ਅਰੂੜ ਸਿੰਘ ਵਾਸੀ ਅਮੀਰ ਖਾਸ ਦੱਸਿਆ, ਜਿਸ ਨੂੰ ਪੁਲਸ ਨੇ ਸਿਲਵਰ ਪੰਨੀ, ਅੱਗ ਲਗਾਉਣ ਵਾਲਾ ਲਾਈਟਰ ਤੇ 10 ਰੁਪਏ ਦਾ ਸਿਗਰਟਨੁਮਾ ਨੋਟ ਸਣੇ ਕਾਬੂ ਕਰਕੇ ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

# ਐੱਸ ਐੱਮ ਓ ਰਵੀਕਾਂਤ ਨੇ ਬਦਲੀ ਸਿਵਲ ਹਸਪਤਾਲ ਦੀ ਨੁਹਾਰ

**■ ਸਾਫ-ਫਾਈ, ਮੁਫਤ ਦਵਾਈਆਂ ਤੇ ਓ ਪੀ ਡੀ ਸੇਵਾਵਾਂ ਦੇ ਚੁਫੇਰਿਓਂ ਚਰਚੇ**

**ਤਲਵੰਡੀ ਸਾਬੋ (ਜਗਦੀਪ ਗਿੱਲ)**

ਇੱਥੋਂ ਦੇ ਸਥਾਨਕ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਨੂੰ ਮੁਢੋਂ ਸੁਢੋਂ ਨਵਿਆਉਣ ਵਿੱਚ ਸਰਕਾਰ ਦੀ ਸੁਚੱਜੀ ਅਗਵਾਈ ਤੇ ਮਿਹਨਤੀ ਸਟਾਫ ਦੀ ਕਰੜੀ ਮੁਸ਼ੱਕਤ ਨੂੰ ਵੀ ਭਾਵੇਂ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਪ੍ਰੰਤੂ ਪਿਛਲੇ ਕਈ ਮਹੀਨਿਆਂ ਤੋਂ ਇੱਥੇ ਨਵੇਂ ਲੱਗੇ ਐੱਸ ਐੱਮ ਓ ਸ੍ਰੀ ਰਵੀਕਾਂਤ ਗੁਪਤਾ ਨੂੰ ਹਸਪਤਾਲ ਦੀ ਤਰੱਕੀ ਦਾ ਵਿਸ਼ੇਸ਼ ਸਿਹਰਾ ਦੇਣਾ ਬਣਦਾ ਹੈ।ਇਹ ਵਿਚਾਰ ਨਵੇਂ ਸਾਲ ਦੀ ਆਮਦ ਉੱਪਰ ਇੱਥੇ ਹੋਏ ਇੱਕ ਧਾਰਮਿਕ ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਆਪਣੀਆਂ ਤਕਰੀਰਾਂ ਰਾਹੀਂ ਪੇਸ਼ ਕੀਤੇ।



ਵੱਖ ਵੱਖ ਬੁਲਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਐੱਸ ਐੱਮ ਓ ਸ੍ਰੀ ਰਵੀਕਾਂਤ ਗੁਪਤਾ ਦੀ ਪ੍ਰਸੰਸਾ ਇਸ ਕਰਕੇ ਵੀ ਕਰਨੀ ਬਣਦੀ ਹੈ ਕਿ ਉਨ੍ਹਾਂ ਵੱਲੋਂ ਇੱਥੇ ਦਿੱਤੀਆਂ ਜਾ ਰਹੀਆਂ ਬੇਗਰਜ਼ ਪ੍ਰਸ਼ਾਸਨਕ ਸੇਵਾਵਾਂ ਤੇ ਉਨ੍ਹਾਂ ਦੇ ਕੰਮ ਕਰਨ ਦੇ ਤੌਰ ਤਰੀਕੇ ਨੇ ਹਸਪਤਾਲ ਦੀ ਨੁਹਾਰ ਬਦਲ ਦਿੱਤੀ ਹੈ, ਜਿਸ ਦੀ ਚਰਚਾ ਹੁਣ ਤਮਾਮ ਲੋਕਾਂ ਵੱਲੋਂ ਕੀਤੀ ਜਾਂਦੀ ਸੁਣੀ ਜਾ ਰਹੀ ਹੈ।ਉਧਰ ਇੱਥੇ ਤਾਇਨਾਤ ਡਾਕਟਰ ਜਗਰੂਪ ਸਿੰਘ ਐੱਮ ਡੀ ਤੇ ਉਨ੍ਹਾਂ ਦੇ ਸਾਥੀ ਡਾਕਟਰਾਂ ਵੱਲੋਂ ਇੱਥੇ ਦਿੱਤੀਆਂ ਜਾ ਰਹੀਆਂ ਬੇਮਿਸਾਲ ਓਪੀਡੀ ਸੇਵਾਵਾਂ ਦੀ ਜਿੱਥੇ ਚੁਫੇਰਿਓਂ ਚਰਚਾ ਸੁਣਨ ਨੂੰ ਮਿਲ ਰਹੀ ਹੈ, ਉੱਥੇ ਹਸਪਤਾਲ ਦੀ ਬਣ ਕੇ ਤਿਆਰ ਹੋ ਚੁੱਕੀ ਇੱਕ ਹੋਰ ਨਵੀਂ ਤੇ ਆਲੀਸ਼ਾਨ ਇਮਾਰਤ ਜਿਸ ਦੀ ਇੱਕ ਲਿਫਟ ਲੱਗਣੋਂ ਰਹਿ ਗਈ ਹੋਣ ਦੀ ਵਜ੍ਹਾ ਕਰਕੇ ਉਦਘਾਟਨ ਰੁਕਿਆ ਹੋਇਆ ਦੱਸਿਆ ਜਾ ਰਿਹਾ ਹੈ। ਸਰਕਾਰ ਦੇ ਪੱਧਰ ਦੀ ਇਹ ਊਣਤਾਈ ਵੀ ਹੁਣ ਲੋਕਾਂ ਨੂੰ ਕੰਡੇ ਵਾਂਗ ਰੜਕ ਰਹੀ ਹੈ।ਇਸ ਧਾਰਮਿਕ ਸਮਾਗਮ ਮੌਕੇ ਵੱਖ ਵੱਖ ਪਿੰਡਾਂ ਤੋਂ ਆਏ ਪਤਵੰਤੇ ਲੋਕਾਂ ਤੇ ਵੱਡੀ ਗਿਣਤੀ ਸਿਹਤ ਕਾਮਿਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਸ਼ਾਮਲ ਸਨ, ਦਾ ਧੰਨਵਾਦ ਕਰਦਿਆਂ ਐੱਸ ਐੱਮ ਓ ਸ੍ਰੀ ਰਵੀਕਾਂਤ ਗੁਪਤਾ ਨੇ ਕਿਹਾ ਕਿ ਹਸਪਤਾਲ ਨੂੰ ਹਰ ਪੱਖ ਤੋਂ ਅੱਪਡੇਟ ਕਰਨ ਵਿੱਚ ਉਨ੍ਹਾਂ ਦੇ ਛੋਟੇ ਕਰਮਚਾਰੀ ਤੋਂ ਲੈ ਕੇ ਵੱਡੇ ਅਧਿਕਾਰੀਆਂ ਤੱਕ ਸਾਰਿਆਂ ਦਾ ਵੱਡਾ ਯੋਗਦਾਨ ਹੈ ਤੇ ਭਵਿੱਖ ਵਿੱਚ ਵੀ ਇਸ ਯੋਗਦਾਨ ਨੂੰ ਬਣਾਈ ਰੱਖਣ ਵਿੱਚ ਸਟਾਫ ਤੇ ਤਮਾਮ ਲੋਕਾਂ ਤੋਂ ਉਹ ਵੱਡੀ ਆਸ ਰੱਖਦੇ ਹਨ।

## ਇਫਕੋ ਵੱਲੋਂ ਸਮਾਜ ਭਲਾਈ ਕੈਂਪ




**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਦੁਨੀਆ ਦੀ ਸਭ ਤੋਂ ਵੱਡੀ ਸਹਿਕਾਰੀ ਖਾਦ ਸੰਸਥਾ ਇਫਕੋ ਵੱਲੋਂ ਪਿੰਡ ਹਰੀ ਨੌ ਫਰੀਦਕੋਟ ਵਿਖੇ ਇੱਕ ਸਮਾਜ ਭਲਾਈ ਕੈਂਪ ਲਾਇਆ ਗਿਆ।ਇਸ ਕੈਂਪ ਦੇ ਮੁੱਖ ਮਹਿਮਾਨ ਵਜੋਂ ਸ੍ਰੀ ਹਰਮੇਲ ਸਿੰਘ ਸਿੱਧੂ ਸਟੇਟ ਮਾਰਕੀਟਿੰਗ ਮੈਨੇਜਰ ਇਫਕੋ ਪੰਜਾਬ ਨੇ ਸ਼ਿਰਕਤ ਕੀਤੀ।ਇਫਕੋ ਦੇ ਫੀਲਡ ਅਫਸਰ ਸ੍ਰੀ ਸ਼ੁਭਮ ਬੰਸਲ ਨੇ ਸਭ ਦਾ ਸਵਾਗਤ ਕਰਨ ਦੇ ਨਾਲ ਨਾਲ ਕਿਸਾਨਾਂ ਨੂੰ ਨੈਨੋ ਯੂਰੀਆ, ਨੈਨੋ ਡੀਏਪੀ, ਜੈਵਿਕ ਖਾਦਾਂ ਤੇ ਹੋਰ ਇਫਕੋ ਦੇ ਉਤਪਾਦਾਂ ਤੇ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।ਜਸਵੰਤ ਸਿੰਘ ਨੇ ਕਣਕ ਦੀ ਫ਼ਸਲ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਸਬੰਧੀ, ਗੁਰਪ੍ਰਕਾਸ਼ ਸਿੰਘ ਕਿੰਗਰਾਂ ਨੇ ਸਹਿਕਾਰਤਾ ਦੀ ਮਹੱਤਤਾ, ਸਹਿਕਾਰੀ ਸਿਧਾਂਤ ਤੇ ਜ਼ਰੂਰਤਾਂ, ਬੈਂਕ ਬੀਮਾ ਸਕੀਮਾਂ ਤੇ ਪ੍ਰਦੂਸ਼ਣ ਨੂੰ ਘਟਾਉਣ, ਵੱਧ ਦਰੱਖਤ ਲਾਉਣ ਬਾਰੇ ਗੱਲਬਾਤ ਕੀਤੀ।ਸ. ਹਰਮੇਲ ਸਿੰਘ ਸਿੱਧੂ ਨੇ ਕਿਸਾਨਾਂ ਨੂੰ ਅਜੋਕੇ ਸਮੇ ਖੇਤੀਬਾੜੀ ਵਿੱਚ ਨੈਨੋ ਖਾਦਾਂ ਦੀ ਮਹੱਤਤਾ ਤੇ ਇਫਕੋ ਦੀ ਅਨੇਕਾਂ ਪ੍ਰੋਡਕਟਾ ਤੇ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਇਫਕੋ ਵੱਲੋਂ ਪਿੰਡ ਦੀ ਲਾਇਬ੍ਰੇਰੀ ਨੂੰ ਇੱਕ ਵਾਟਰ ਡਿਸਪੈਂਸਰ ਤੇ ਦਸ ਕੁਰਸੀਆਂ ਦਾਨ ਵਿੱਚ ਦਿੱਤੀਆਂ ਗਈਆਂ ਅਤੇ ਨਾਲ ਹੀ ਲੋੜਵੰਦਾਂ ਨੂੰ 50 ਕੰਬਲ ਵੀ ਵੰਡੇ ਗਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਜੀਤ ਸਿੰਘ ਸਰਪੰਚ ਤੇ ਦੀ ਹਰੀ ਨੌ ਬਹੁਮੰਤਵੀਂ ਸਹਿਕਾਰੀ ਸਭਾ ਦੇ ਮੁਲਾਜ਼ਮ ਅਤੇ ਪੂਰੀ ਕਮੇਟੀ ਹਾਜ਼ਰ ਸੀ।

## ਲੋਕਾਂ ਦੀ ਰੋਟੀ 'ਤੇ ਹਮਲਾ ਬਰਦਾਸ਼ਤ ਨਹੀਂ, ਡੀ ਸੀ ਦਫ਼ਤਰ ਅੱਗੇ ਧਰਨਾ 16 ਨੂੰ : ਪੰਜਾਬ ਕਿਸਾਨ ਯੂਨੀਅਨ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਕਿਸਾਨ ਯੂਨੀਅਨ ਜ਼ੋਨ ਮਾਲਵਾ ਦੀ ਮੀਟਿੰਗ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਹੋਈ। ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਜਨਰਲ ਸਕੱਤਰ ਗੁਰਨਾਮ ਸਿੰਘ ਭੀਖੀ, ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀ ਬਾਘਾ ਤੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਮੌਜੂਦਾ ਸਰਕਾਰ ਦੀਆਂ ਲੋਕ-ਵਿਰੋਧੀ, ਮਜ਼ਦੂਰ-ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਨੇ ਦੇਸ਼ ਦੇ ਕਰੋੜਾਂ ਲੋਕਾਂ ਨੂੰ ਆਰਥਿਕ ਤਬਾਹੀ ਦੇ ਕਿਨਾਰੇ ਲਿਆ ਖੜਾ ਕੀਤਾ ਹੈ।ਮਹਿੰਗਾਈ, ਬੇਰੋਜ਼ਗਾਰੀ ਤੇ ਸਰਕਾਰੀ ਲੁੱਟ ਆਪਣੀ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ। ਉਨਾਂ ਕਿਹਾ ਕਿ ਬਿਜਲੀ ਬਿੱਲ 2025, ਬੀਜ ਬਿੱਲ ਤੇ ਮਜ਼ਦੂਰ ਪੱਖੀ ਕਾਨੂੰਨਾਂ 'ਚ ਕੀਤੀਆਂ ਤਬਦੀਲੀਆਂ ਸਿੱਧਾ-ਸਿੱਧਾ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਵਰਗ ਉੱਤੇ ਹਮਲਾ ਹਨ।ਮਨਰੇਗਾ ਵਰਗੀਆਂ ਲੋਕ-ਭਲਾਈ ਸਕੀਮਾਂ ਨੂੰ ਖੋਖਲਾ ਕਰਨਾ ਸਾਫ਼ ਦਰਸਾਉਂਦਾ ਹੈ ਕਿ ਕੇਂਦਰ ਸਰਕਾਰ ਆਮ ਲੋਕਾਂ ਦੀ ਨਹੀਂ ਸਗੋਂ ਵੱਡੇ ਕਾਰਪੋਰੇਟ ਘਰਾਣਿਆਂ ਦੀ ਨੁਮਾਇੰਦਗੀ ਕਰ ਰਹੀ ਹੈ।ਆਗੂਆਂ ਨੇ ਕਿਹਾ ਕਿ ਲੋਕਾਂ ਦੇ ਹੱਕਾਂ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ।ਮੀਟਿੰਗ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਕਿਸਾਨ, ਮਜ਼ਦੂਰ, ਮੁਲਾਜ਼ਮ 16 ਜਨਵਰੀ ਨੂੰ ਦੇਸ਼ ਭਰ ਦੇ ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਵਿਸ਼ਾਲ ਤੇ ਫੈਸਲਾਕੁਨ ਧਰਨੇ ਦੇਣ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਜਥੇਬੰਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰੇਗੀ। ਮੀਟਿੰਗ ਦੌਰਾਨ ਸੂਬਾ ਆਗੂ ਗੁਰਜੰਟ ਸਿੰਘ ਮਾਨਸਾ, ਭੋਲਾ ਸਿੰਘ ਸਮਾਓਂ, ਬਲਵੀਰ ਸਿੰਘ ਜਲੂਰ, ਗੁਰਜੀਤ ਸਿੰਘ ਘੁੰਮਣ ਕਲਾਂ ਬਠਿੰਡਾ, ਸਵਰਨ ਸਿੰਘ ਸੰਗਰੂਰ, ਜਰਨੈਲ ਸਿੰਘ ਰੋੜਾਂਵਾਲਾ ਮੁਕਤਸਰ, ਮੱਖਣ ਸਿੰਘ ਜੱਸੜ ਫਰੀਦਕੋਟ, ਗੁਰਜੀਤ ਸਿੰਘ ਜੈਤੋ, ਰਾਮਫਲ ਚੱਕ ਅਲੀਸ਼ੇਰ, ਅਜ਼ਮੇਰ ਸਿੰਘ ਬੜਿੰਗ ਲੁਧਿਆਣਾ ਤੇ ਕਰਨੈਲ ਸਿੰਘ ਮਾਨਸਾ ਆਦਿ ਹਾਜ਼ਰ ਸਨ।



## ਮਜ਼ਦੂਰ ਵਿਰੋਧੀ ਨਵੇਂ ਕਿਰਤ ਕਨੂੰਨਾਂ ਵਿਰੁੱਧ ਕਨਵੈਨਸ਼ਨ ਅੱਜ

**ਲੁਧਿਆਣਾ (ਰੈਕਟਰ ਕਥੂਰੀਆ)**-ਕਾਰਖਾਨਾ ਮਜ਼ਦੂਰ ਯੂਨੀਅਨ ਤੇ ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ ਵੱਲੋਂ ਮੋਦੀ ਸਰਕਾਰ ਦੇ ਕੋਡ ਰੂਪ ਵਿੱਚ ਲਿਆਂਦੇ ਚਾਰ ਨਵੇਂ ਕਿਰਤ ਕਨੂੰਨਾਂ ਖਿਲਾਫ 4 ਜਨਵਰੀ ਨੂੰ ਜੀਵਨ ਨਗਰ ਲੁਧਿਆਣਾ ਵਿਖੇ ਕਨਵੈਨਸ਼ਨ ਕੀਤੀ ਜਾ ਰਹੀ ਹੈ।ਕਨਵੈਨਸ਼ਨ ਵਿੱਚ ਐਡਵੋਕੇਟ ਵਿਪਿਨ ਕੁਮਾਰ ਤੇ 'ਮੁਕਤੀ ਸੰਗਰਾਮ' ਰਸਾਲੇ ਦੇ ਸਹਿ-ਸੰਪਾਦਕ ਸੁਖਵਿੰਦਰ ਮੁੱਖ ਬੁਲਾਰੇ ਹੋਣਗੇ।ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਕਾਰਖਾਨਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਨੇ ਕਿਹਾ ਕਿ ਕਿਰਤ ਕਨੂੰਨਾਂ 'ਚ ਕੀਤੀਆਂ ਗਈਆਂ ਮਜ਼ਦੂਰ-ਵਿਰੋਧੀ ਸੋਧਾਂ ਖਿਲਾਫ ਦੇਸ਼ ਭਰ ਦੀ ਮਜ਼ਦੂਰ ਜਮਾਤ ਤੇ ਹੋਰ ਇਨਸਾਫਪਸੰਦ ਲੋਕਾਂ ਵੱਲੋਂ ਵਿਆਪਕ ਪੱਧਰ 'ਤੇ ਅਵਾਜ਼ ਬੁਲੰਦ ਕੀਤੀ ਜਾਂਦੀ ਰਹੀ ਹੈ, ਪਰ ਲੋਕਾਂ ਦੇ ਇਸ ਵਿਰੋਧ ਦੀ ਅਨਦੇਖੀ ਕਰਦਿਆਂ ਮੋਦੀ ਸਰਕਾਰ ਨੇ ਨਵੇਂ ਕਿਰਤ ਕਾਨੂੰਨ ਲਾਗੂ ਕਰ ਦਿੱਤੇ ਹਨ। ਮਜ਼ਦੂਰ ਜਮਾਤ ਨੂੰ ਆਪਣੇ ਏਕੇ ਉੱਤੇ ਟੇਕ ਰੱਖਦੇ ਹੋਏ ਆਪਣੇ ਕਨੂੰਨੀ ਕਿਰਤ ਹੱਕ ਬਹਾਲ ਕਰਾਉਣ ਲਈ ਸੰਘਰਸ਼ ਕਰਨਾ ਪਵੇਗਾ।ਉਨ੍ਹਾਂ ਸਭਨਾਂ ਮਜ਼ਦੂਰਾਂ ਤੇ ਹੋਰ ਇਨਸਾਫਪਸੰਦ ਲੋਕਾਂ ਨੂੰ ਕਨਵੈਨਸ਼ਨ ਵਿੱਚ ਪੁੱਜਣ ਦਾ ਸੱਦਾ ਦਿੱਤਾ ਹੈ।

## ਜੌੜਾਮਾਜਰਾ ਨੇ ਮਕਾਨ ਬਣਾਉਣ ਲਈ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸਮਾਣਾ ਸ਼ਹਿਰ ਦੇ 407 ਲਾਭਪਾਤਰੀਆਂ ਨੂੰ ਨਵੇਂ ਸਾਲ ਦਾ ਤੋਹਫ਼ਾ ਦਿੰਦਿਆਂ ਮਕਾਨ ਬਣਾਉਣ ਲਈ 10 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ।ਸਮਾਣਾ ਵਿਖੇ ਕਰਵਾਏ ਸਮਾਗਮ ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ)-2.0 ਤਹਿਤ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਲਾਭਪਾਤਰੀ ਨੂੰ ਮਕਾਨ ਬਣਾਉਣ ਲਈ ਢਾਈ ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ।ਉਨ੍ਹਾਂ ਲਾਭਪਾਤਰੀਆਂ ਨੂੰ ਨਵੇਂ ਸਾਲ 'ਤੇ ਮਕਾਨ ਬਣਾਉਣ ਲਈ ਢਾਈ ਲੱਖ ਰੁਪਏ ਦੀ ਸਹਾਇਤਾ ਮਿਲਣ ਦੀ ਵੀ ਵਧਾਈ ਦਿਤੀ। ਹਲਕਾ ਵਿਧਾਇਕ ਨੇ ਦੱਸਿਆ ਕਿ ਇਕੱਲੇ ਹਲਕਾ ਸਮਾਣਾ ਅੰਦਰ 1000 ਦੇ ਕਰੀਬ ਲੋੜਵੰਦਾਂ ਨੂੰ ਆਪਣੇ ਮਕਾਨ ਬਣਾਉਣ ਲਈ ਸਹਾਇਤਾ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇੱਕ ਲੋੜਵੰਦ ਵਿਅਕਤੀ ਲਈ ਸਿਰ ਦੀ ਛੱਤ ਮਿਲ ਜਾਵੇ ਤਾਂ ਉਸ ਲਈ ਬਹੁਤ ਵੱਡੀ ਸਹਾਇਤਾ ਹੋ ਜਾਂਦੀ ਹੈ ਤੇ ਇਹ ਕਾਰਜ ਕਰਕੇ ਪੰਜਾਬ ਸਰਕਾਰ ਨੇ ਲੋੜਵੰਦਾਂ ਦੀ ਬਾਂਹ ਫੜੀ ਹੈ।ਉਨ੍ਹਾਂ ਕਿਹਾ ਕਿ ਲੋੜਵੰਦਾਂ ਦੀ ਸਹਾਇਤਾ ਲਈ ਕਿਸੇ ਸਿਫ਼ਾਰਸ਼ ਦੀ ਕੋਈ ਲੋੜ ਨਹੀਂ ਹੈ ਤੇ ਇਹ ਕਾਰਜ ਬਿਨਾਂ ਕਿਸੇ ਵਿਤਕਰੇ ਦੇ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਰਾਜ ਦੇ ਸਾਰੇ ਪਰਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁੱਖ ਮੰਤਰੀ ਸਿਹਤ ਬੀਮਾ ਯੋਜਨਾਂ ਦਾ ਲਾਭ ਦੇਣ ਦੇ ਕੀਤੇ ਗਏ ਫੈਸਲੇ ਨੂੰ ਲੋਕ ਪੱਖੀ ਤੇ ਅਹਿਮ ਫੈਸਲਾ ਦੱਸਦਿਆਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਸਦਾ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਰਾਜ ਭਰ ਵਿੱਚ 65 ਲੱਖ ਪਰਵਾਰਾਂ ਨੂੰ ਇਸ ਸਕੀਮ ਦਾ ਲਾਭ ਮਿਲੇਗਾ।ਇਸ ਮੌਕੇ ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਮੈਂਬਰ ਜ਼ਿਲ੍ਹਾ ਪਰਿਸ਼ਦ ਗੁਰਦੇਵ ਸਿੰਘ ਟਿਵਾਣਾ, ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਅਪਰ ਅਪਾਰ ਸਿੰਘ, ਕੌਂਸਲਰ ਸਹਿਬਾਨ ਸਮੇਤ ਗੋਪਾਲ ਕ੍ਰਿਸ਼ਨ, ਸ਼ੰਕਰ ਜਿੰਦਲ, ਦੀਪਕ ਵਧਵਾ, ਰਣਜੀਤ ਸਿੰਘ ਰਾਣਾ ਮਿਆਲਾ, ਸੁਨੈਨਾ ਮਿੱਤਲ, ਰਾਜ ਕੁਮਾਰ, ਵਿਸ਼ਾਲ ਜਿੰਦਲ, ਸੰਦੀਪ ਲੂੰਬਾ, ਤੇ ਹੋਰ ਪਤਵੰਤੇ ਮੌਜੂਦ ਸਨ।

## ਸਫਾ 1 ਦੇ ਬਾਕੀ...

### ਮਾਨ ਨੇ ਸਿੱਖਿਆ ਵਿਭਾਗ...

ਵਿੱਚ ਭਟਕਦੇ ਨੌਜਵਾਨਾਂ ਦਾ ਦੁੱਖ-ਦਰਦ ਨਹੀਂ ਸਮਝਿਆ।ਅਸੀਂ ਚਾਰ ਸਾਲਾਂ ਵਿੱਚ ਪੰਜਾਬ ਦੇ ਹਰੇਕ ਪਿੰਡ, ਸ਼ਹਿਰ ਤੇ ਕਸਬੇ ਦੇ ਨੌਜਵਾਨ ਨੂੰ ਕਾਬਲੀਅਤ ਅਤੇ ਯੋਗਤਾ ਦੇ ਆਧਾਰ 'ਤੇ ਨੌਕਰੀ ਦਿੱਤੀ ਤਾਂ ਕਿ ਸਧਾਰਨ ਘਰਾਂ ਦੇ ਨੌਜਵਾਨਾਂ ਨੂੰ ਅੱਗੇ ਆਉਣ ਦਾ ਮੌਕਾ ਮਿਲ ਸਕੇ।ਰਵਾਇਤੀ ਪਾਰਟੀਆਂ ਦੇ ਸਿਆਸਤਦਾਨ ਆਪਣੇ ਪਰਵਾਰਾਂ, ਰਿਸ਼ਤੇਦਾਰਾਂ ਅਤੇ ਚਹੇਤਿਆਂ ਨੂੰ ਹੀ ਪੰਜਾਬ ਸਮਝਦੇ ਸਨ ਪਰ ਮੇਰੇ ਲਈ ਸਾਰਾ ਪੰਜਾਬ ਹੀ ਮੇਰਾ ਪਰਿਵਾਰ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਪੈਸ਼ਲ ਐਜੂਕੇਟਰ ਟੀਚਰਾਂ ਦਾ ਵੱਖਰਾ ਕਾਡਰ ਬਣਾਇਆ ਗਿਆ ਹੈ, ਜਿਸ ਤਹਿਤ ਅੱਜ 385 ਸਪੈਸ਼ਲ ਐਜੂਕੇਟਰ ਟੀਚਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਉਨ੍ਹਾ ਕਿਹਾ ਕਿ ਪ੍ਰਾਇਮਰੀ ਅਤੇ ਸੈਕੰਡਰੀ ਪੱਧਰ 'ਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਨਵੇਂ ਹੁਨਰ ਸਿੱਖਣ ਲਈ ਵੱਡਾ ਲਾਭ ਹੋਵੇਗਾ। ਸਰਕਾਰੀ ਸਕੂਲਾਂ ਵਿੱਚ ਇਸ ਵੇਲੇ ਵਿਸ਼ੇਸ਼ ਲੋੜਾਂ ਵਾਲੇ ਤਕਰੀਬਨ 48000 ਬੱਚੇ ਪੜ੍ਹ ਰਹੇ ਹਨ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੂਬੇ ਵਿੱਚ ਸਿੱਖਿਆ ਕ੍ਰਾਂਤੀ ਦੀ ਸ਼ੁਰੂਆਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੂਬੇ ਦੇ ਹਰੇਕ ਸਕੂਲ ਵਿੱਚ ਹੁਣ ਸਿੱਖਿਆ ਕ੍ਰਾਂਤੀ ਦਾ ਸਾਫ ਅਸਰ ਦੇਖਿਆ ਜਾ ਸਕਦਾ ਹੈ। ਇਸ ਦੀ ਮਿਸਾਲ ਦਿੰਦਿਆਂ ਉਨ੍ਹਾ ਕਿਹਾ ਕਿ ਅੱਜ ਪੰਜਾਬ ਦਾ ਇਕ ਵੀ ਸਰਕਾਰੀ ਸਕੂਲ ਅਜਿਹਾ ਨਹੀਂ, ਜਿੱਥੇ ਕੋਈ ਬੱਚਾ ਜ਼ਮੀਨ 'ਤੇ ਬੈਠ ਕੇ ਤਾਲੀਮ ਹਾਸਲ ਕਰਦਾ ਹੋਵੇ। ਸਾਲ 2022 ਵਿੱਚ ਸਰਕਾਰੀ ਸਕੂਲਾਂ ਦੇ 28 ਲੱਖ ਬੱਚਿਆਂ ਵਿੱਚੋਂ ਚਾਰ ਲੱਖ ਬੱਚੇ ਜ਼ਮੀਨ 'ਤੇ ਬੈਠ ਕੇ ਪੜ੍ਹਦੇ ਸਨ।

ਨਵ-ਨਿਯੁਕਤ ਨੌਜਵਾਨਾਂ ਨੇ ਮੁੱਖ ਮੰਤਰੀ ਨਾਲ ਦਿਲ ਦੇ ਵਲਵਲੇ ਸਾਂਝੇ ਕੀਤੇ। ਮਲੋਟ ਤੋਂ ਨੌਜਵਾਨ ਨਿਤਿਨ ਨੇ ਦੱਸਿਆ ਕਿ ਅੱਜ ਉਸ ਦੀ ਜ਼ਿੰਦਗੀ ਦਾ ਸੁਪਨਾ ਸਾਕਾਰ ਹੋਇਆ ਹੈ, ਕਿਉਂਕਿ ਉਹ ਸਾਲ 2025 ਵਿੱਚ ਪੰਜਾਬ ਪੁਲਸ ਵਿੱਚ ਕਾਂਸਟੇਬਲ ਭਰਤੀ ਹੋਇਆ ਸੀ, ਪਰ ਉਸ ਨੇ ਜਾਇਨ ਨਹੀਂ ਕੀਤਾ ਅਤੇ ਅਧਿਆਪਕ ਬਣਨ ਲਈ ਮਿਹਨਤ ਕੀਤੀ।

ਗੁਰਦਾਸਪੁਰ ਤੋਂ ਨਵ-ਨਿਯੁਕਤ ਅਧਿਆਪਕਾ ਨਵਪ੍ਰੀਤ ਕੌਰ ਨੇ ਕਿਹਾ ਕਿ ਉਹ ਭਾਵੇਂ ਪ੍ਰਾਈਵੇਟ ਸਕੂਲ ਵਿੱਚ ਸਪੈਸ਼ਲ ਐਜੂਕੇਟਰ ਸੀ ਅਤੇ ਹੁਣ ਪੰਜਾਬ ਸਰਕਾਰ ਵਿੱਚ ਸਪੈਸ਼ਲ ਐਜੂਕੇਟਰ ਨਿਯੁਕਤ ਹੋ ਕੇ ਸਰਕਾਰ ਦੀ ਟੀਮ ਦਾ ਹਿੱਸਾ ਬਣ ਕੇ ਉਸ ਦਾ ਸੁਪਨਾ ਪੂਰਾ ਹੋਇਆ ਹੈ। ਫਾਜ਼ਿਲਕਾ ਦੀ ਨਵ-ਨਿਯੁਕਤ ਮਹਿਲਾ ਅਧਿਆਪਕਾ ਨੇ ਦੱਸਿਆ ਕਿ ਉਹ 12 ਸਾਲਾਂ ਤੋਂ ਸਰਕਾਰੀ ਨੌਕਰੀ ਦੀ ਉਡੀਕ ਕਰ ਰਹੀ ਸੀ ਅਤੇ ਹੁਣ ਸਰਕਾਰੀ ਨੌਕਰੀ ਮਿਲਣ ਨਾਲ ਉਸ ਦੀ ਉਡੀਕ ਖਤਮ ਹੋਈ ਹੈ, ਜਿਸ ਲਈ ਉਹ ਸਰਕਾਰ ਦੀ ਸ਼ੁਕਰਗੁਜ਼ਾਰ ਹੈ। ਪਟਿਆਲਾ ਤੋਂ ਨਵ-ਨਿਯੁਕਤ ਅਧਿਆਪਕਾ ਸ਼ਿਲਪਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

### ਸੇਫ ਦੁਕਾਨ ਤੋਂ 200...

ਬਣਦੇ ਹਨ। ਚੋਰ ਪਛਾਣ ਛਿਪਾਉਣ ਲਈ ਦੁਕਾਨ ਵਿੱਚ ਲੱਗੀ ਸੀ ਸੀ ਟੀ ਵੀ ਕੈਮਰਿਆਂ ਦੀ ਡੀ ਵੀ ਆਰ ਵੀ ਆਪਣੇ ਨਾਲ ਲੈ ਗਏ। ਆਲੇ-ਦੁਆਲੇ ਦੀਆਂ ਦੁਕਾਨਾਂ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕਰਨ 'ਤੇ ਪਤਾ ਲੱਗਾ ਹੈ ਕਿ ਚੋਰਾਂ ਦੀ ਗਿਣਤੀ 14 ਦੇ ਕਰੀਬ ਸੀ ਅਤੇ ਉਨ੍ਹਾਂ ਆਪਣੇ ਮੂੰਹ ਬੰਨ੍ਹੇ ਹੋਏ ਸਨ।ਬਲਾਚੌਰ ਦੇ ਏ ਐੱਸ ਆਈ ਧਰਮ ਚੰਦ ਨੇ ਦੱਸਿਆ ਕਿ ਪੁਲਸ ਵੱਲੋਂ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਤਫ਼ਤੀਸ਼ ਕੀਤੀ ਜਾ ਰਹੀ ਹੈ।

### ਸਰਕਾਰ ਬਿਜਲੀ ਮੁਲਾਜ਼ਮਾਂ ...

ਨੇ ਬਿਜਲੀ ਸੋਧ ਬਿੱਲ 2025 ਦੇ ਲੋਕ ਵਿਰੋਧੀ ਖਰੜੇ ਅਤੇ ਚਾਰ ਲੇਬਰ ਕੋਡਾਂ ਖਿਲਾਫ਼ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕਰਨ ਦੀ ਜੋਰਦਾਰ ਮੰਗ ਕੀਤੀ। ਆਗੂਆਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਸੰਬੰਧੀ ਕੀਤੇ ਸਮਝੌਤੇ ਇੰਨ-ਬਿੰਨ ਲਾਗੂ ਕਰਨ ਦੀ ਪਾਵਰ ਮੈਨੇਜਮੈਂਟ ਕੋਲੋਂ ਜ਼ੋਰਦਾਰ ਮੰਗ ਕੀਤੀ।

ਆਗੂਆਂ ਨੇ 16 ਪ੍ਰਤੀਸ਼ਤ ਮਹਿੰਗਾਈ ਭੱਤਾ ਜਾਰੀ ਕਰਨ, ਕੱਚੇ ਕਾਮੇ ਪੱਕੇ ਕਰਨ, ਬਿਜਲੀ ਨਿਗਮ ਵਿੱਚ ਖਾਲੀ ਪਈਆਂ ਪੰਜਾਹ ਹਜ਼ਾਰ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰਨ ਦੀ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ। ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਨੇ ਪਾਵਰ ਮੈਨੇਜਮੈਂਟ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਨੂੰ ਭਾਂਜ ਦੇਣ ਲਈ 21 ਜਨਵਰੀ ਦੇ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਲਈ ਵੱਡੇ ਪੱਧਰ ਦੀ ਲਾਮਬੰਦੀ ਕਰਨ 'ਤੇ ਜ਼ੋਰ ਦਿੱਤਾ। ਅੱਜ ਤੀਸਰੇ ਦਿਨ ਬਹੁਤ ਹੀ ਉਤਸ਼ਾਹ ਨਾਲ 11 ਆਗੂਆਂ ਦੀ ਬਜਾਏ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ 14 ਆਗੂ ਲਖਵੰਤ ਸਿੰਘ ਦਿਉਲ, ਦਵਿੰਦਰ ਸਿੰਘ ਰੋਪੜ, ਦਲੀਪ ਕੁਮਾਰ, ਗੁਰਮੇਲ ਸਿੰਘ ਨਾਹਰ, ਹਰਪ੍ਰੀਤ ਸਿੰਘ ਗਰੇਵਾਲ, ਅਵਤਾਰ ਸਿੰਘ, ਸੁਖਰਾਜ ਸਿੰਘ, ਜਗਜੀਤ ਸਿੰਘ ਮੱਤੀ, ਲਖਵੀਰ ਸਿੰਘ, ਦੀਪਕ, ਸ਼ਤਰੂਘਨ, ਰਾਜਪਾਲ ਸਿੰਘ, ਰਾਜਿੰਦਰ ਸਿੰਘ, ਹਰਵਿੰਦਰ ਸਿੰਘ ਸੇਖੋਂ 24 ਘੰਟੇ ਲਈ ਲੜੀਵਾਰ ਭੁੱਖ ਹੜਤਾਲ 'ਤੇ ਬੈਠੇ।

## ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਧੂਰੀ (ਮੋਹਿਤ ਗਰਗ)**-ਗੁਰਦੁਆਰਾ ਸ੍ਰੀ ਨਾਨਕਪੁਰਾ ਸਾਹਿਬ ਧੂਰੀ ਪਿੰਡ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸ਼ਹਿਰ ਦੀਆਂ ਵੱਖ-ਵੱਖ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ।ਨਗਰ ਕੀਰਤਨ ਦਾ ਥਾਂ-ਥਾਂ ਸੰਗਤਾਂ ਵੱਲੋਂ ਭਰਵਾਂ ਤੇ ਨਿੱਘਾ ਸਵਾਗਤ ਕਰਦਿਆਂ ਲੰਗਰ ਲਗਾਏ ਗਏ।ਗੱਤਕਾ ਪਾਰਟੀਆਂ ਨੇ ਜੌਹਰ ਦਿਖਾਏ ਤੇ ਰਾਗੀ ਸਿੰਘਾਂ ਤੇ ਢਾਡੀ ਸਿੰਘਾਂ ਨੇ ਗੁਰ ਇਤਿਹਾਸ ਦਾ ਵਰਨਣ ਕੀਤਾ।ਇਸ ਮੌਕੇ ਪੁਲਸ ਟੁੱਕੜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਲਾਮੀ ਵੀ ਦਿੱਤੀ ਗਈ।ਨਗਰ ਕੀਰਤਨ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਕਾਤਰੋਂ, ਐੱਸ.ਜੀ.ਪੀ.ਸੀ. ਮੈਂਬਰ ਭੂਪਿੰਦਰ ਸਿੰਘ ਭਲਵਾਨ, ਪੱਤਰਕਾਰ ਸੁਖਵਿੰਦਰ ਸਿੰਘ ਪਲਾਹਾ ਤੋਂ ਇਲਾਵਾ ਪ੍ਰਬੰਧਕ ਕਮੇਟੀ ਦੇ ਆਗੂਆਂ 'ਚ ਜਗਤਾਰ ਸਿੰਘ ਘੁਮਾਣ ਪ੍ਰਧਾਨ, ਜਸਵੰਤ ਸਿੰਘ ਭੋਲਾ, ਸਮਸ਼ੇਰ ਸਿੰਘ ਸੰਧੂ, ਕੇਵਲ ਸਿੰਘ ਸਮਰਾ, ਗੁਰਤੇਜ ਸਿੰਘ ਤੇਜੀ, ਸ਼ਰਨਜੀਤ ਸਿੰਘ ਸੋਢੀ ਆਦਿ ਹਾਜ਼ਰ ਸਨ।

### ਬੰਗਲਾਦੇਸ਼ੀ ਖਿਡਾਰੀ...

ਗੁਆਂਢੀ ਦੇਸ਼ਾਂ ਦੇ ਖਿਡਾਰੀਆਂ ਨੂੰ ਇਸ ਤਰ੍ਹਾਂ ਅਲੱਗ-ਥਲੱਗ ਕਰਨਾ ਭਾਰਤ ਦੇ ਲੰਮੇ ਸਮੇਂ ਦੇ ਹਿੱਤਾਂ ਵਿੱਚ ਨਹੀਂ ਹੈ। ਕਰਨਾਟਕ ਦੇ ਮੰਤਰੀ ਪ੍ਰਿਯੰਕ ਖੜਗੇ ਨੇ ਕ੍ਰਿਕਟ ਕੰਟਰੋਲ ਬੋਰਡ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਭੂਮਿਕਾ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਜੇ ਨਿਯਮ ਬਣਾਉਣੇ ਸਨ ਤਾਂ ਉਹ ਪਹਿਲਾਂ ਹੀ ਸਪੱਸ਼ਟ ਕਿਉਂ ਨਹੀਂ ਕੀਤੇ ਗਏ। ਉਨ੍ਹਾ ਦੋਸ਼ ਲਾਇਆ ਕਿ ਸੱਤਾਧਾਰੀ ਪਾਰਟੀ ਆਪਣੀ ਸਹੂਲਤ ਅਨੁਸਾਰ ਰਾਸ਼ਟਰਵਾਦ ਦਾ ਇਸਤੇਮਾਲ ਕਰਦੀ ਹੈ। ਖੜਗੇ ਨੇ ਕਿਹਾ ਕਿ ਜਦੋਂ ਲਾਭ ਦੀ ਗੱਲ ਹੁੰਦੀ ਹੈ ਤਾਂ ਆਈ ਪੀ ਐੱਲ ਦੀਆਂ ਨਿਲਾਮੀਆਂ ਵਿਦੇਸ਼ਾਂ ਵਿੱਚ ਕੀਤੀਆਂ ਜਾਂਦੀਆਂ ਹਨ, ਪਰ ਹੁਣ ਖਿਡਾਰੀਆਂ ਦੇ ਮੁੱਦੇ 'ਤੇ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾ ਸ਼ਾਹਰੁਖ ਖਾਨ ਨੂੰ ਨਿਸ਼ਾਨਾ ਬਣਾਉਣ ਵਾਲੇ ਭਾਜਪਾ ਆਗੂਆਂ ਨੂੰ ਵੀ ਕਰੜੇ ਹੱਥੀਂ ਲਿਆ।

## ਚੰਨੂ ਵਿਖੇ ਪਸ਼ੂ ਭਲਾਈ ਤੇ ਜਾਗਰੂਕਤਾ ਕੈਂਪ ਲਗਾਇਆ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸ੍ਰ. ਗੁਰਮੀਤ ਸਿੰਘ ਖੁੱਡੀਆਂ ਕੈਬਨਿਟ ਮੰਤਰੀ ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਸਰਕਾਰ ਦੀ ਯੋਗ ਰਹਿਨੁਮਾਈ ਹੇਠ ਪਸ਼ੂ ਪਾਲਣ ਵਿਭਾਗ ਪੰਜਾਬ ਵੱਲੋਂ ਪਿੰਡ ਚੰਨੂੰ ਵਿਖੇ ਕਿਸਾਨ ਕ੍ਰੈਡਿਟ ਕਾਰਡ ਸਕੀਮ ਅਧੀਨ ਪਸ਼ੂ ਭਲਾਈ ਤੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਸ੍ਰੀ ਵਿਕਰਮ ਦੱਤ ਲੀਡ ਡਿਸਟ੍ਰਿਕਟ ਮੈਨੇਜਰ ਸ੍ਰੀ ਮੁਕਤਸਰ ਸਾਹਿਬ ਨੇ ਕਿਸਾਨ ਕ੍ਰੈਡਿਟ ਕਾਰਡ ਸਕੀਮ ਤਹਿਤ ਪਸ਼ੂਆਂ ਤੇ ਲੋਨ ਪ੍ਰਾਪਤ ਕਰਨ ਸਬੰਧੀ ਜਾਣਕਾਰੀ ਦਿੱਤੀ।ਡਾ. ਵਿਨੋਦ ਕੁਮਾਰ ਸੀਨੀਅਰ ਵੈਟਨਰੀ ਅਫ਼ਸਰ ਮਲੋਟ ਨੇ ਪਸ਼ੂ ਪਾਲਣ ਵਿਭਾਗ ਦੀਆਂ ਵੱਖ-ਵੱਖ ਪਸ਼ੂ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਡਾ. ਅਨੁਭਵ ਖੱਟਰ ਜ਼ਿਲ੍ਹਾ ਨੋਡਲ ਅਫ਼ਸਰ ਨੇ ਰਾਸ਼ਟਰੀ ਪਸ਼ੂਧਨ ਯੋਜਨਾ ਅਧੀਨ ਬੱਕਰੀਆਂ ਦੇ ਫਾਰਮ ਸਥਾਪਿਤ ਕਰਨ 'ਤੇ ਦਿੱਤੀ ਜਾ ਰਹੀ ਸਬਸਿਡੀ ਬਾਰੇ ਦੱਸਿਆ।ਡਾ. ਬਿਕਰਮਜੀਤ ਸਿੰਘ ਵੈਟਨਰੀ ਅਫ਼ਸਰ ਨੇ ਸਰਦੀ ਰੁੱਤ ਵਿੱਚ ਪਸ਼ੂਆਂ ਦੇ ਬਿਹਤਰ ਸਾਂਭ-ਸੰਭਾਲ ਸਬੰਧੀ ਜਾਣਕਾਰੀ ਸਾਂਝੀ ਕੀਤੀ।ਡਾ. ਹਰਮਨਜੀਤ ਸਿੰਘ ਵੈਟਨਰੀ ਅਫ਼ਸਰ ਨੇ ਪਸ਼ੂਆਂ ਦੀ ਡੀਵਾਰਮਿੰਗ ਤੇ ਵੈਕਸੀਨੇਸ਼ਨ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਪਰਮਪ੍ਰੀਤ ਸਿੰਘ ਢਿੱਲੋਂ ਸਰਪੰਚ ਪਿੰਡ ਚੰਨੂੰ ਵੱਲੋਂ ਕੈਂਪ ਲਗਾਉਣ 'ਤੇ ਪਸ਼ੂ ਪਾਲਣ ਵਿਭਾਗ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ।ਕੈਂਪ ਵਿੱਚ 40 ਤੋਂ ਵੱਧ ਪਸ਼ੂ ਪਾਲਕਾਂ ਨੇ ਹਿੱਸਾ ਲਿਆ।ਕੈਂਪ ਦੌਰਾਨ ਕੇ.ਸੀ.ਸੀ. ਸਕੀਮ ਤਹਿਤ ਲੋਨ ਪ੍ਰਾਪਤ ਕਰਨ ਲਈ ਪਸ਼ੂ ਪਾਲਕਾਂ ਤੋਂ ਅਰਜ਼ੀਆਂ ਵੀ ਲਈਆਂ ਗਈਆਂ।

## ਗੁਰੂ ਕ੍ਰਿਪਾ ਸੇਵਾ ਸੰਸਥਾਨ ਵੱਲੋਂ ਲੋੜਵੰਦਾਂ ਲਈ ਸਾਲਾਨਾ ਕੰਬਲ ਵੰਡ ਮੁਹਿੰਮ



**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**-ਪਰਮ ਪੂਜਯ ਸ੍ਰੀ ਸੁਧਾਂਸ਼ੂ ਜੀ ਮਹਾਰਾਜ ਦੇ ਆਸ਼ੀਰਵਾਦ ਤੇ ਮਾਰਗਦਰਸ਼ਨ ਹੇਠ ਗੁਰੂ ਕ੍ਰਿਪਾ ਸੇਵਾ ਸੰਸਥਾਨ ਸਰਹਿੰਦ ਵੱਲੋਂ ਵਿਸ਼ਵ ਜਾਗ੍ਰਿਤੀ ਮਿਸ਼ਨ ਸਰਹਿੰਦ ਦੇ ਸਹਿਯੋਗ ਨਾਲ ਕੜਾਕੇ ਦੀ ਠੰਢ ਦੌਰਾਨ ਗਰੀਬ ਤੇ ਲੋੜਵੰਦ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਆਪਣੀ ਸਾਲਾਨਾ ਕੰਬਲ ਵੰਡ ਮੁਹਿੰਮ ਦਾ ਸਫਲ ਆਯੋਜਨ ਕੀਤਾ ਗਿਆ।ਇਸ ਮਨੁੱਖਤਾ ਭਰੀ ਪਹਲ ਅਧੀਨ ਸੰਸਥਾਨ ਦੇ ਸਮਰਪਤ ਮੈਂਬਰਾਂ ਤੇ ਸੇਵਾਦਾਰਾਂ ਵੱਲੋਂ ਦੇਰ ਰਾਤ ਸਮੇਂ ਫੁੱਟਪਾਥਾਂ ਤੇ ਸੜਕਾਂ ਦੇ ਕਿਨਾਰੇ ਸੌਂ ਰਹੇ ਲੋੜਵੰਦ ਵਿਅਕਤੀਆਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਕੰਬਲ ਵੰਡੇ ਗਏ।ਇਸ ਕਰੁਣਾਮਈ ਯਤਨ ਦਾ ਉਦੇਸ਼ ਉਨ੍ਹਾਂ ਲੋਕਾਂ ਨੂੰ ਗਰਮੀ, ਆਰਾਮ ਤੇ ਸਨਮਾਨ ਪ੍ਰਦਾਨ ਕਰਨਾ ਸੀ, ਜੋ ਠੰਢ ਤੋਂ ਬਚਾਅ ਲਈ ਜ਼ਰੂਰੀ ਸਾਧਨਾਂ ਤੋਂ ਵੰਚਿਤ ਹਨ।ਇਹ ਪਹਲ ਸਮਾਜ ਦੇ ਪਿੱਛੜੇ ਵਰਗਾਂ ਦੀ ਸੇਵਾ ਪ੍ਰਤੀ ਸੰਸਥਾਨ ਦੀ ਅਟੱਲ ਵਚਨਬੱਧਤਾ ਨੂੰ ਦਰਸਾਉਂਦੀ ਹੈ।ਇਸ ਮੌਕੇ ਸੰਸਥਾਨ ਦੇ ਪ੍ਰਧਾਨ ਸ੍ਰੀ ਅਸ਼ਵਨੀ ਗਰਗ ਤੇ ਸਕੱਤਰ ਡਾ. ਹਿਤੇਂਦਰ ਸੂਰੀ ਨੇ ਖਾਸ ਕਰਕੇ ਕੜਾਕੇ ਦੀ ਠੰਢ ਦੌਰਾਨ ਲੋੜਵੰਦਾਂ ਦੀ ਸੰਭਾਲ ਦੇ ਮਹੱਤਵ 'ਤੇ ਜ਼ੋਰ ਦਿੱਤਾ।ਉਨ੍ਹਾਂ ਇਸ ਨੇਕ ਕਾਰਜ ਨੂੰ ਸਫਲ ਬਣਾਉਣ ਵਾਲੇ ਸਾਰੇ ਮੈਂਬਰਾਂ ਤੇ ਸੇਵਾਦਾਰਾਂ ਦਾ ਦਿਲੋਂ ਧੰਨਵਾਦ ਕੀਤਾ।

## ਪੱਤਰਕਾਰਾਂ 'ਤੇ ਪਰਚੇ ਦਰਜ ਕਰਨ ਦੀ ਡੀ ਟੀ ਐੱਫ ਵੱਲੋਂ ਸਖ਼ਤ ਨਿੰਦਾ



**ਅਜੀਤਵਾਲ (ਲਵਲੀ ਕੁਮਾਰ)**-ਪੱਤਰਕਾਰ ਮਨਿੰਦਰਜੀਤ ਸਿੱਧੂ, ਮਿੰਟੂ ਗੁਰੂਸਰੀਆ ਤੇ ਆਰਟੀਆਈ ਐਕਟੀਵਿਸਟ ਮਾਣਿਕ ਗੋਇਲ ਸਮੇਤ 10 ਪੱਤਰਕਾਰਾਂ 'ਤੇ ਸਰਕਾਰ ਵੱਲੋਂ ਪਰਚੇ ਦਰਜ ਕਰਨ ਦੀ ਡੈਮੋਕ੍ਰੇਟਿਕ ਟੀਚਰਜ਼ ਯੂਨੀਅਨ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਡੈਮੋਕ੍ਰੇਟਿਕ ਟੀਚਰਜ਼ ਯੂਨੀਅਨ ਬਲਾਕ ਨਿਹਾਲ ਸਿੰਘ ਵਾਲਾ ਦੇ ਬਲਾਕ ਪ੍ਰਧਾਨ ਅਮਨਦੀਪ ਸਿੰਘ ਮਾਛੀਕੇ ਤੇ ਗੁਰਮੀਤ ਝੋਰੜਾਂ ਜਨਰਲ ਸਕੱਤਰ ਨੇ ਕਿਹਾ ਕਿ ਇਨ੍ਹਾਂ ਪੱਤਰਕਾਰਾਂ 'ਤੇ ਕੇਸ ਦਰਜ ਕਰਨਾ ਪ੍ਰੈੱਸ ਦੀ ਅਜ਼ਾਦੀ 'ਤੇ ਸਿੱਧਾ ਹਮਲਾ ਹੈ ਅਤੇ ਪੰਜਾਬ ਦੇ ਲੋਕ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ।ਆਗੂਆਂ ਨੇ ਕਿਹਾ ਕਿ ਪੰਜਾਬ 'ਚ ਅਣਐਲਾਨੀ ਐਮਰਜੈਂਸੀ ਵਰਗੇ ਹਾਲਾਤ ਬਣੇ ਹੋਏ ਹਨ। ਸਰਕਾਰ ਨੂੰ ਸਵਾਲ ਕਰਨ ਵਾਲੇ ਲੋਕ ਜਾਂ ਪੱਤਰਕਾਰਾਂ ਲੋਕਾਂ ਲਈ ਲੜ ਰਹੀਆਂ ਜਥੇਬੰਦੀਆਂ ਦੇ ਆਗੂਆਂ 'ਤੇ ਕੇਸ ਪਾ ਕੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। ਡੀ ਟੀ ਐੱਫ ਦੇ ਬਲਾਕ ਪ੍ਰਧਾਨ ਅਮਨਦੀਪ ਸਿੰਘ ਮਾਛੀਕੇ ਤੇ ਗੁਰਮੀਤ ਝੋਰੜਾਂ ਜਨਰਲ ਸਕੱਤਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਰੈਲੀਆਂ 'ਤੇ ਬੋਲਦੇ ਸਮੇਂ ਲੋਕਾਂ ਨੂੰ ਸਵਾਲ ਪੁੱਛਣ ਬਾਰੇ ਕਹਿੰਦਾ ਹੁੰਦਾ ਸੀ, ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਜੇ ਕੋਈ ਸਵਾਲ ਕਰਦਾ ਹੈ, ਤਾਂ ਉਸ 'ਤੇ ਕੇਸ ਪਾ ਦਿੱਤਾ ਜਾਂਦਾ ਹੈ।ਡੀ ਟੀ ਐੱਫ ਦੇ ਆਗੂਆਂ ਨੇ ਕਿਹਾ ਕਿ ਪਾਏ ਕੇਸ ਤੁਰੰਤ ਵਾਪਸ ਲਏ ਜਾਣ ਨਹੀਂ ਤਾਂ ਭਵਿੱਖ ਵਿੱਚ ਸਰਕਾਰ ਨੂੰ ਲੋਕਾਂ ਦੇ ਵੱਡੇ ਰੋਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਚੈਰੀਟੇਬਲ ਟਰੱਸਟ ਨੇ ਦਿੱਤੀ ਲੋੜਵੰਦ ਮਰੀਜ਼ਾਂ ਨੂੰ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 13 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖ੍ਰੀਦਣ ਲਈ ਸੋਲਾਂ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਮਰੀਜ਼ ਲੰਮੇ ਸਮੇਂ ਤੋਂ ਵੱਖ ਵੱਖ ਬੀਮਾਰੀਆਂ ਤੋਂ ਪੀੜਤ ਹਨ, ਪਰ ਦਵਾਈਆਂ ਖ੍ਰੀਦਣ ਤੋਂ ਅਸਮਰਥ ਹਨ, ਤਾਂ ਇਨ੍ਹਾਂ ਮਰੀਜ਼ਾਂ ਵੱਲੋਂ ਡਾ. ਓਬਰਾਏ ਨੂੰ ਸਹਾਇਤਾ ਲਈ ਬੇਨਤੀ ਕੀਤੀ ਗਈ ਸੀ ਤੇ ਡਾਕਟਰ ਓਬਰਾਏ ਵੱਲੋਂ ਤਰੁੰਤ ਹੀ ਪ੍ਰਵਾਨਗੀ ਦਿੱਤੀ ਗਈ।ਇਹ ਸਹਾਇਤਾ ਰਾਸ਼ੀ ਸੰਦੀਪ ਸਿੰਘ ਪ੍ਰਬੰਧਕ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਦੀ ਹਾਜ਼ਰੀ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਇਨ੍ਹਾਂ ਲੋੜਵੰਦ ਮਰੀਜ਼ਾਂ ਨੂੰ ਦਿੱਤੀ ਗਈ।ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਮਲਕੀਤ ਸਿੰਘ ਰਿਟਾ ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾ ਪ੍ਰਿੰਸੀਪਲ, ਬਲਵਿੰਦਰ ਸਿੰਘ ਬਰਾੜ ਰਿਟਾ ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਜਸਬੀਰ ਸਿੰਘ ਰਿਟਾ ਏ ਐੱਸ ਆਈ, ਰਣਧੀਰ ਸਿੰਘ ਸਾਗੂ ਆਦਿ ਹਾਜ਼ਰ ਸਨ।

## ਗੁਰਪਾਲ ਸਿੰਘ ਥਾਣਾ ਮੁਖੀ ਠੁੱਲ੍ਹੀਵਾਲ ਬਣੇ ਇੰਸਪੈਕਟਰ



**ਸ਼ੇਰਪੁਰ (ਰਵੀ ਟਿੱਬਾ)**-ਮਾਨਯੋਗ ਪੰਜਾਬ ਸਰਕਾਰ ਤੇ ਸ੍ਰੀ ਗੌਰਵ ਯਾਦਵ ਡੀਜੀਪੀ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਥਾਣਾ ਠੁੱਲੀਵਾਲ ਵਿਖੇ ਥਾਣਾ ਮੁਖੀ ਵਜੋਂ ਡਿਊਟੀ ਨਿਭਾਅ ਰਹੇ ਸਬ ਇੰਸਪੈਕਟਰ ਗੁਰਪਾਲ ਸਿੰਘ ਨੂੰ ਪੁਲਸ ਵਿਭਾਗ ਵੱਲੋਂ ਤਰੱਕੀ ਮਿਲਣ ਉਪਰੰਤ ਇੰਸਪੈਕਟਰ ਬਣਾ ਦਿੱਤਾ ਗਿਆ ਹੈ।ਇੰਸਪੈਕਟਰ ਬਣਨ 'ਤੇ ਉਨ੍ਹਾਂ ਨੂੰ ਸਟਾਰ ਲਗਾਉਣ ਦੀ ਰਸਮ ਮੁਹੰਮਦ ਸਰਫਰਾਜ਼ ਆਲਮ ਆਈਪੀਐੱਸ ਸੀਨੀਅਰ ਕਪਤਾਨ ਪੁਲਸ ਬਰਨਾਲਾ, ਸ੍ਰੀ ਅਸ਼ੋਕ ਕੁਮਾਰ ਐੱਸ ਪੀ (ਡੀ) ਬਰਨਾਲਾ ਤੇ ਸ੍ਰੀ ਜਸਪਾਲ ਸਿੰਘ ਕਪਤਾਨ ਪੁਲਸ ਮਹਿਲ ਕਲਾਂ ਵੱਲੋਂ ਨਿਭਾਈ ਗਈ।ਉਨ੍ਹਾਂ ਦੀ ਪਦ ਉੱਨਤੀ 'ਤੇ ਮਾ. ਹਰਬੰਸ ਸਿੰਘ ਸ਼ੇਰਪੁਰ, ਸਾਬਕਾ ਸਰਪੰਚ ਰਣਜੀਤ ਸਿੰਘ ਧਾਲੀਵਾਲ, ਚੇਅਰਮੈਨ ਰਾਜਵਿੰਦਰ ਸਿੰਘ ਰਾਜ ਸਰਪੰਚ ਸ਼ੇਰਪੁਰ, ਐਡਵੋਕੇਟ ਜਸਵੀਰ ਸਿੰਘ ਖੇੜੀ, ਸੀਨੀਅਰ ਐਡਵੋਕੇਟ ਰਮੇਸ਼ ਕੁਮਾਰ ਗੁਪਤਾ, ਉਦਯੋਗਪਤੀ ਚੇਤਨ ਗੋਇਲ ਸੋਨੀ, ਸੂਬੇਦਾਰ ਮੇਜਰ ਹਰਜੀਤ ਸਿੰਘ, ਗੋਲਡੀ ਭੱਠਲ, ਸਾਬਕਾ ਸਰਪੰਚ ਜਸਮੇਲ ਸਿੰਘ ਬੜੀ, ਸਾਬਕਾ ਸਰਪੰਚ ਬਹਾਦਰ ਸਿੰਘ ਬਾਗੜੀ ਕਾਤਰੋਂ, ਬਾਬਾ ਨਿਰਮਲ ਸਿੰਘ ਔਲਖ, ਐਡਵੋਕੇਟ ਬਲਦੇਵ ਸਿੰਘ ਪੇਦਨੀ, ਇੰਸਪੈਕਟਰ ਪਿਆਰਾ ਸਿੰਘ ਮਾਹਮਦਪੁਰ, ਮਨਜੀਤ ਸਿੰਘ ਧਾਮੀ, ਕਮਲਜੀਤ ਸਿੰਘ ਚੱਕ, ਡਾ. ਲਖਵਿੰਦਰ ਸਿੰਘ ਟਿੱਬਾ, ਫਤਿਹ ਪ੍ਰੈੱਸ ਕਲੱਬ ਸ਼ੇਰਪੁਰ, ਡਾਕਟਰ ਕਰਨਵੀਰ ਸਿੰਘ, ਬਲਵਿੰਦਰ ਸਿੰਘ ਬਿੰਦਾ ਖੇੜੀ, ਮਾਸਟਰ ਸੰਦੀਪ ਰਿਖੀ, ਰਵੀ ਗੁਰਮਾ, ਏਐੱਸਆਈ ਮਨਜਿੰਦਰ ਸਿੰਘ ਸ਼ੇਰਪੁਰ, ਪੱਤਰਕਾਰ ਰਵੀ ਟਿੱਬਾ ਤੇ ਸਮੂਹ ਪੁਲਸ ਕਰਮੀ ਠੁੱਲੀਵਾਲ ਤੋਂ ਇਲਾਵਾ ਸੱਜਣਾਂ ਬੇਲੀਆਂ ਵੱਲੋਂ ਮੁਬਾਰਕਬਾਦ ਦਿੱਤੀ ਗਈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਸੁਨਿਆਰੇ ਦੇ ਘਰੋਂ ਚੋਰ ਲੱਗਭਗ ਇਕ ਕਰੋੜ ਦੇ ਗਹਿਣੇ ਤੇ ਨਕਦੀ ਲੈ ਕੇ ਫਰਾਰ





**ਗੁਰਦਾਸਪੁਰ, (ਜਨਕ ਮਹਾਜਨ)**- ਸਥਾਨਕ ਭੁਲਨਾ ਮਹਿਲ ਗੁਰਦਾਸਪੁਰ ਵਿਚ ਇਕ ਵੱਡੀ ਚੋਰੀ ਦੀ ਵਾਰਦਾਤ ਸਾਹਮਣੇ ਆਈ ਹੈ। ਚੋਰਾਂ ਨੇ ਇਕ ਸੁਨਿਆਰੇ ਦੇ ਬੰਦ ਪਏ ਘਰ ਨੂੰ ਨਿਸ਼ਾਨਾ ਬਣਾਉਂਦਿਆਂ ਲੋਹੇ ਦੀ ਸੇਫ ਨੂੰ ਕੱਟ ਕੇ ਸੋਨੇ, ਚਾਂਦੀ ਦੇ ਗਹਿਣੇ ਅਤੇ ਨਕਦੀ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਚੋਰੀ ਕੀਤੇ ਗਏ ਸਮਾਨ ਦੀ ਕੀਮਤ 1 ਕਰੋੜ ਦੇ ਕਰੀਬ ਦੱਸੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਉਮੇਸ਼ ਕੁਮਾਰ ਵਾਸੀ ਭੁਲਨਾ ਮਹਿਲ ਗੁਰਦਾਸਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਦੁਕਾਨ ਸਿਆਲਕੋਟੀ ਜਿਊਲਰ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ ਜਿਸ ਕਰਕੇ ਉਸ ਨੇ ਦੁਕਾਨ ਦਾ ਜ਼ਿਆਦਾਤਰ ਸਾਮਾਨ ਘਰ ਵਿੱਚ ਰੱਖਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਉਹ ਦੁਪਹਿਰ ਆਪਣੇ ਪਰਿਵਾਰ ਸਮੇਤ ਜਲੰਧਰ ਗਏ ਹੋਏ ਸਨ ਕਿ ਰਾਤ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਉਨ੍ਹਾਂ ਦੇ ਘਰ ਦੇ ਤਾਲੇ ਟੁੱਟੇ ਪਏ ਹਨ। ਇਸ ਤੋਂ ਬਾਅਦ ਜਦੋਂ ਸਵੇਰੇ ਜਲੰਧਰ ਤੋਂ ਵਾਪਸ ਘਰ ਆ ਕੇ ਦੇਖਿਆ ਤਾਂ ਘਰ ਦੇ ਤਾਲੇ ਟੁੱਟੇ ਪਏ ਸਨ ਅਤੇ ਸਾਰਾ ਸਾਮਾਨ ਖਿਲਰਿਆ ਹੋਇਆ ਸੀ। ਜਦ ਘਰ ਦੇ ਅੰਦਰ ਲੋਹੇ ਦੀ ਰੱਖੀ ਸੇਫ ਕੱਟ ਕੇ ਚੋਰ ਵੱਲੋਂ ਲੱਗਭਗ ਸਾਢੇ ਚਾਰ ਲੱਖ ਰੁਪਏ ਨਕਦ, ਸੋਨੇ ਅਤੇ ਚਾਂਦੀ ਦੇ ਗਹਿਣੇ ਚੋਰੀ ਕਰ ਲਏ ਗਏ। ਇਸ ਤੋਂ ਇਲਾਵਾ ਲੁਟੇਰੇ ਘਰ ਵਿੱਚ ਲੱਗੇ ਸੀਸੀਟੀਵੀ ਕੈਮਰੇ ਅਤੇ ਡੀਵੀਆਰ ਵੀ ਚੋਰੀ ਕਰਕੇ ਲੈ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਚੋਰੀ ਦੀ ਘਟਨਾ ਨਾਲ ਉਨ੍ਹਾਂ ਦਾ 1 ਕਰੋੜ ਦੇ ਕਰੀਬ ਨੁਕਸਾਨ ਹੋਇਆ ਹੈ। ਸੂਚਨਾ ਮਿਲਦਿਆਂ ਹੀ ਐੱਸਐੱਚਓ ਸਿਟੀ ਗੁਰਦਾਸਪੁਰ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਇਸ ਚੋਰੀ ਸਬੰਧੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਵੱਲੋਂ ਨਜ਼ਦੀਕੀ ਘਰਾਂ ਵਿਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਕੱਢੀ ਜਾ ਰਹੀ ਹੈ ਜਿਨ੍ਹਾਂ ਵਿਚੋਂ ਇਕ ਸ਼ੱਕੀ ਵਿਅਕਤੀ ਨਜ਼ਰ ਆ ਰਿਹਾ ਹੈ ਜਿਸ ਦੇ ਆਧਾਰ 'ਤੇ ਇਹ ਜਾਂਚ ਅੱਗੇ ਕੀਤੀ ਜਾ ਰਹੀ ਹੈ।

# ਹਲਕਾ ਕਾਦੀਆਂ ਦੇ ਵਿਕਾਸ ਲਈ ਵਿਸ਼ੇਸ਼ ਤਵੱਜੋ ਦੇਣ ਲਈ ਸੇਖਵਾਂ ਵੱਲੋਂ ਮੁੱਖ ਮੰਤਰੀ ਮਾਨ ਦਾ ਧੰਨਵਾਦ



**ਡੇਰਾ ਬਾਬਾ ਨਾਨਕ, ਧਾਰੀਵਾਲ, (ਰਮੇਸ਼ ਸ਼ਰਮਾ, ਮਨਦੀਪ ਸਿੰਘ ਵਿੱਕੀ)**- ਹਲਕਾ ਇੰਚਾਰਜ ਕਾਦੀਆਂ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਵਾਹਿਗੁਰੂ ਦੀ ਅਪਾਰ ਕਿਰਪਾ ਨਾਲ ਮੈਨੂੰ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਿਆ ਤੇ ਉਨ੍ਹਾਂ ਨੂੰ ਨਵੇਂ ਸਾਲ ਦੀਆਂ ਦਿਲੋਂ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦੀ ਚੰਗੀ ਸਿਹਤ ਤੇ ਲੰਬੀ ਉਮਰ ਲਈ ਅਰਦਾਸ ਕੀਤੀ ਤਾਂ ਜੋ ਉਹ ਪੰਜਾਬ ਦੀ ਸੇਵਾ ਨਿਰੰਤਰ ਨਿਭਾਉਂਦੇ ਰਹਿਣ।ਇਸ ਮੌਕੇ ਗੱਲ ਕਰਦਿਆਂ ਸੇਖਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਨੂੰ ਮਿਲ ਕੇ ਕਾਦੀਆਂ ਵਿਧਾਨ ਸਭਾ ਹਲਕੇ ਦੇ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਪ੍ਰੋਜੈਕਟਾਂ ਸੰਬੰਧੀ ਵਿਚਾਰ-ਵਟਾਂਦਰਾ ਹੋਇਆ ਅਤੇ ਮੁੱਖ ਮੰਤਰੀ ਪੰਜਾਬ ਵੱਲੋਂ ਧਾਰੀਵਾਲ ਸ਼ਹਿਰ ਲਈ ਸੀਵਰੇਜ ਅਤੇ ਵਾਟਰ ਟ੍ਰੀਟਮੈਂਟ ਪ੍ਰੋਜੈਕਟਾਂ ਲਈ ਦਿਲੋਂ ਧੰਨਵਾਦ ਕੀਤਾ, ਜੋ ਨਗਰ ਵਾਸੀਆਂ ਲਈ ਵੱਡੀ ਸਹੂਲਤ ਸਾਬਤ ਹੋਣਗੇ।ਇਸ ਦੇ ਨਾਲ ਹੀ ਧਾਰੀਵਾਲ ਸ਼ਹਿਰ ਦੇ ਸੁੰਦਰੀਕਰਨ (ਸ਼ਹਿਰੀ ਹਿੱਸਾ) ਪ੍ਰੋਜੈਕਟ ਲਈ ਵੀ ਧੰਨਵਾਦ ਕੀਤਾ।ਉਨ੍ਹਾਂ ਅੱਗੇ ਦੱਸਿਆ ਕਿ ਇਸ ਮੌਕੇ ਕਾਦੀਆਂ ਸ਼ਹਿਰ ਦੇ ਸੀਵਰੇਜ ਪ੍ਰੋਜੈਕਟ ਨੂੰ ਤੁਰੰਤ ਅਮਲ ਵਿੱਚ ਲਿਆਉਣ ਦੀ ਬੇਨਤੀ ਵੀ ਕੀਤੀ, ਕਿਉਂਕਿ ਇਹ ਸ਼ਹਿਰ ਦੀ ਮੁੱਖ ਅਤੇ ਪੁਰਾਣੀ ਮੰਗ ਹੈ।ਕਾਦੀਆਂ ਵਿੱਚ ਨਵੀਆਂ ਪਾਣੀ ਸਪਲਾਈ ਲਾਈਨਾਂ ਅਤੇ ਲਗਭਗ 10 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਵਾਟਰ ਟੈਂਕ ਲਈ ਵੀ ਆਪਣਾ ਆਭਾਰ ਪ੍ਰਗਟ ਕੀਤਾ, ਜਿਸ ਨਾਲ ਸ਼ਹਿਰ ਨੂੰ ਸੁਚੱਜੀ ਅਤੇ ਸਥਿਰ ਪਾਣੀ ਸਪਲਾਈ ਮਿਲੇਗੀ।ਪੰਜਾਬ ਦੇ ਮੁੱਖ ਮੰਤਰੀ ਦਾ ਕਾਦੀਆਂ ਵਿਧਾਨ ਸਭਾ ਹਲਕੇ ਲਈ 100 ਕਰੋੜ ਰੁਪਏ ਤੋਂ ਵੱਧ ਦੇ ਸੜਕ ਪ੍ਰੋਜੈਕਟਾਂ ਨੂੰ ਲਗਭਗ ਮਨਜ਼ੂਰੀ ਦੇਣ ਲਈ ਵੀ ਧੰਨਵਾਦ ਕੀਤਾ, ਜਿਸ ਵਿੱਚ ਨਵੀਆਂ ਲਿੰਕ ਸੜਕਾਂ, ਮੁੱਖ ਸੜਕਾਂ ਦੀ ਚੌੜਾਈ, ਪੁਲਾਂ ਦੀ ਤਿਆਰੀ ਅਤੇ ਮਜ਼ਬੂਤੀ, ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡੇਸ਼ਨ ਸ਼ਾਮਲ ਹੈ।ਇਸ ਤੋਂ ਇਲਾਵਾ 25 ਪਿੰਡਾਂ ਦੇ ਸਟੇਡੀਅਮਾਂ ਦੇ ਵਿਕਾਸ ਕਾਰਜ, ਜੋ ਇਸ ਸਮੇਂ ਚੱਲ ਰਹੇ ਹਨ, ਲਈ ਵੀ ਮੈਂ ਉਨ੍ਹਾਂ ਦਾ ਧੰਨਵਾਦ ਕੀਤਾ, ਜਿਸ ਨਾਲ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਣਾ ਮਿਲੇਗੀ।ਮੁੱਖ ਮੰਤਰੀ ਨੇ ਕਾਦੀਆਂ ਹਲਕੇ ਦੇ ਸਰਬਪੱਖੀ ਵਿਕਾਸ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਜਲਦੀ ਹੀ ਹਲਕੇ ਦਾ ਦੌਰਾ ਕਰਨ ਦਾ ਵਾਅਦਾ ਵੀ ਕੀਤਾ।ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਹ ਸਾਰੇ ਵਿਕਾਸ ਕਾਰਜ ਕਾਦੀਆਂ ਅਤੇ ਧਾਰੀਵਾਲ ਦੇ ਲੋਕਾਂ ਲਈ ਤਰੱਕੀ ਅਤੇ ਖੁਸ਼ਹਾਲੀ ਦਾ ਨਵਾਂ ਦੌਰ ਲਿਆਉਣਗੇ।

# ਹਰਪ੍ਰਤਾਪ ਸਿੰਘ ਅਜਨਾਲਾ ਵੱਲੋਂ ਕਾਂਗਰਸ ਦੀ ਜਿੱਤ ਦਾ ਦਾਅਵਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਅਜਨਾਲਾ ਨਗਰ ਪੰਚਾਇਤ ਦੀਆਂ ਹੋਣ ਜਾ ਰਹੀਆਂ ਵੋਟਾਂ ਵਿੱਚ ਕਾਂਗਰਸ ਪਾਰਟੀ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ। ਇਹ ਪ੍ਰਗਟਾਵਾ ਹਰਪ੍ਰਤਾਪ ਸਿੰਘ ਅਜਨਾਲਾ ਨੇ ਨਗਰ ਪੰਚਾਇਤ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਦੇ ਚੱਲਦਿਆਂ ਕੀਤਾ। ਇਕ ਚੋਣ ਮੀਟਿੰਗ ਅਜਨਾਲਾ ਦੀ ਵਾਰਡ ਨੰਬਰ ਪੰਜ ਵਿੱਚ ਪਿਆਰਾ ਸਿੰਘ ਡ੍ਰੀਪ ਹੋਲਡਰ ਅਤੇ ਉਨ੍ਹਾਂ ਦੇ ਸਪੁੱਤਰ ਸਾਬਕਾ ਥਾਣੇਦਾਰ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਹੋਈ। ਚੋਣ ਮੀਟਿੰਗ ਵਿੱਚ ਬੋਲਦਿਆਂ ਅਜਨਾਲਾ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚਾਰ ਸਾਲ ਵਿੱਚ ਸਿਵਾਏ ਨਸ਼ੇ ਵੇਚਣ ਅਤੇ ਲੁੱਟਣ ਤੋਂ ਬਗੈਰ ਕੁਝ ਨਹੀਂ ਕੀਤਾ। ਲੋਕਾਂ ਨਾਲ ਵੱਡੇ ਵਾਅਦੇ ਕਰਕੇ ਜੋ ਇਹ ਸਰਕਾਰ ਸੱਤਾ ਵਿੱਚ ਆਈ ਸੀ, ਨੇ ਸਾਰੀ ਜਨਤਾ ਦੇ ਸੁਪਨੇ ਚਕਨਾਚੂਰ ਕਰ ਦਿੱਤੇ ਹਨ ਅਤੇ ਹੁਣ ਲੋਕ ਇਨ੍ਹਾਂ ਦੀਆਂ ਗੱਲਾਂ ਵਿੱਚ ਨਹੀਂ ਆਉਣਗੇ। ਹੁਣ ਪੰਜਾਬ ਦੀ ਜਨਤਾ ਮਨ ਬਣਾ ਚੁੱਕੀ ਹੈ। 2027 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਆਵੇਗੀ ਜਿਸ ਦੇ ਮੁੱਖ ਮੰਤਰੀ ਦਾ ਸਿਹਰਾ ਚਰਨਜੀਤ ਸਿੰਘ ਚੰਨੀ ਸਿਰ ਸਜੇਗਾ। ਉਨ੍ਹਾਂ ਨੇ ਜਿੱਥੇ ਬਲਵਿੰਦਰ ਸਿੰਘ ਸਾਬਕਾ ਥਾਣੇਦਾਰ ਨੂੰ ਬਧਾਈ ਦਿੰਦਿਆਂ ਕਿਹਾ ਕਿ ਪਾਰਟੀ ਆਪ ਦੇ ਪਰਿਵਾਰ ਦੇ ਨਾਲ ਹੈ ਅਤੇ ਮੀਟਿੰਗ ਵਿੱਚ ਆਏ ਵਰਕਰਾਂ ਨੂੰ ਸੰਬੋਧਨ ਕਰਦਿਆਂ ਆ ਰਹੀਆਂ ਨਗਰ ਪੰਚਾਇਤ ਵੋਟਾਂ ਵਿੱਚ ਸਾਬਕਾ ਥਾਣੇਦਾਰ ਬਲਵਿੰਦਰ ਸਿੰਘ ਨੂੰ ਕਾਮਯਾਬ ਕਰਨ ਦੀ ਗੱਲ ਕਹੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜਨਾਲਾ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ, ਕੌਂਸਲਰ ਗੁਰਦੇਵ ਸਿੰਘ, ਐਡਵੋਕੇਟ ਸੁਨੀਲ ਪਾਲ ਸਿੰਘ, ਕਾਬਲ ਸਿੰਘ, ਦਰਸ਼ਨ ਲਾਲ ਸ਼ਰਮਾ, ਅੰਮ੍ਰਿਤ ਸਿੰਘ, ਪਰਮਿੰਦਰ ਸਿੰਘ, ਅਸ਼ੋਕ ਠੇਕੇਦਾਰ, ਕਿਸ਼ਨ ਕੁਮਾਰ ਸਹਿਗਲ, ਸੁਖਦੇਵ ਸਰੀਨ, ਰਾਹੁਲ ਕੁਮਾਰ, ਬਲਜਿੰਦਰ ਸਿੰਘ ਅਤੇ ਦਿਲਬਾਗ ਸਿੰਘ ਲੱਕੀ ਆਦਿ ਹਾਜ਼ਰ ਸਨ।

# ਵਾਂ ਤਾਰਾ ਸਿੰਘ ਦੇ ਖੇਤਾਂ 'ਚੋਂ 508 ਗ੍ਰਾਮ ਹੈਰੋਇਨ ਬਰਾਮਦ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਬੀਐੱਸਐੱਫ਼ ਅਤੇ ਖਾਲੜਾ ਪੁਲਸ ਵੱਲੋਂ ਸਾਂਝੇ ਸਰਚ ਅਭਿਆਨ ਦੌਰਾਨ ਸਰਹੱਦੀ ਪਿੰਡ ਵਾਂ ਤਾਰਾ ਸਿੰਘ ਦੇ ਖੇਤਾਂ 'ਚੋਂ 508 ਗ੍ਰਾਮ ਹੈਰੋਇਨ ਬਰਾਮਦ ਕਰਨ ਦੀ ਖ਼ਬਰ ਹੈ।ਉਕਤ ਬਰਾਮਦਗੀ ਮਗਰੋਂ ਥਾਣਾ ਖਾਲੜਾ ਪੁਲਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਥਾਣਾ ਖਾਲੜਾ ਦੇ ਸਹਾਇਕ ਥਾਣੇਦਾਰ ਸਾਹਿਬ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸਰਹੱਦੀ ਪਿੰਡ ਵਾਂ ਤਾਰਾ ਸਿੰਘ ਦੇ ਖੇਤਾਂ ਵਿੱਚ ਨਸ਼ੀਲੇ ਪਦਾਰਥ ਦੇ ਮੌਜੂਦ ਹੋਣ ਸੰਬੰਧੀ ਬੀਐੱਸਐੱਫ ਪਾਸੋਂ ਸੂਚਨਾ ਪ੍ਰਾਪਤ ਹੋਈ ਸੀ।ਸੂਚਨਾ ਮਿਲਣ ਉਪਰੰਤ ਬੀਐੱਸਐੱਫ਼ ਨਾਲ ਚਲਾਏ ਸਾਂਝੇ ਸਰਚ ਅਪ੍ਰੇਸ਼ਨ ਦੌਰਾਨ ਖੇਤਾਂ 'ਚੋਂ ਇੱਕ ਪੈਕਟ ਵਿੱਚ ਬੰਦ 508 ਗ੍ਰਾਮ ਹੈਰੋਇਨ ਬਰਾਮਦ ਹੋਈ।ਉਨ੍ਹਾਂ ਦੱਸਿਆ ਕਿ ਉਕਤ ਮਾਮਲੇ ਸੰਬੰਧੀ ਥਾਣਾ ਖਾਲੜਾ ਵਿਖੇ ਮੁਕੱਦਮਾ ਨੰਬਰ ਤਿੰਨ ਮਿਤੀ 02/01/2026 ਧਾਰਾ 21 ਸੀ ਐੱਨਡੀਪੀਐੱਸ ਐਕਟ ਅਤੇ 10/11/12 ਏਅਰ ਕਰਾਫਟ ਐਕਟ ਅਧੀਨ ਮੁਕੱਦਮਾ ਦਰਜ ਕਰਕੇ ਟੈਕਨੀਕਲ ਸੋਰਸਾਂ ਦੇ ਮਾਧਿਅਮ ਰਾਹੀਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਤਲਬੀਰ ਸਿੰਘ ਗਿੱਲ ਦੀ ਜਿੱਤ ਦਾ ਮੁੱਢ ਬੰਨ੍ਹੇਗੀ ਹਲਕਾ ਮਜੀਠਾ 'ਚ 18 ਦੀ ਰੈਲੀ : ਬੋਪਾਰਾਏ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- 18 ਜਨਵਰੀ ਨੂੰ ਹੋ ਰਹੀ ਮਜੀਠਾ ਦੀ ਦਾਣਾ ਮੰਡੀ ਵਿੱਚਲੀ ਰੈਲੀ 2027 ਵਿੱਚ ਹੋ ਰਹੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਜਿਸ ਵਿੱਚ ਮਜੀਠਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਤਲਬੀਰ ਸਿੰਘ ਗਿੱਲ ਹੋਣਗੇ, ਦੀ ਜਿੱਤ ਦਾ ਮੁੱਢ ਬੰਨ੍ਹੇਗੀ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਕਿਸਾਨ ਵਿੰਗ ਦੇ ਪ੍ਰਧਾਨ ਸਰਪੰਚ ਬਲਵੀਰ ਸਿੰਘ ਬੋਪਾਰਾਏ ਨੇ ਰੈਲੀ ਨੂੰ ਕਾਮਯਾਬ ਕਰਨ ਲਈ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਬਲਬੀਰ ਸਿੰਘ ਬੋਪਾਰਾਏ ਨੇ ਕਿਹਾ ਕਿ ਹਲਕਾ ਮਜੀਠਾ ਦੇ ਲੋਕਾਂ ਦੀ ਬਹੁਤ ਹੀ ਵਧੀਆ ਕਿਸਮਤ ਹੈ ਜਿਨ੍ਹਾਂ ਨੂੰ ਤਲਬੀਰ ਸਿੰਘ ਗਿੱਲ ਵਰਗਾ ਆਗੂ ਮਿਲਿਆ ਹੈ ਜੋ ਹਰ ਵੇਲੇ ਸੰਗਤਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦਾ ਹੈ। ਉਸ ਦੀ ਮਿਹਨਤ ਸਦਕਾ ਮਜੀਠਾ ਹਲਕੇ ਵਿੱਚ ਆਮ ਆਦਮੀ ਪਾਰਟੀ ਮਜ਼ਬੂਤ ਹੋ ਰਹੀ ਹੈ ਅਤੇ ਪਿੰਡਾਂ ਦੇ ਲੋਕ ਧੜਾਧੜ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਆਪ ਨਾਲ ਜੁੜ ਰਹੇ ਹਨ। 2027 ਦੀ ਪੰਜਾਬ ਵਿਧਾਨ ਸਭਾ ਚੋਣ ਵਿੱਚ ਮਜੀਠਾ ਹਲਕੇ ਵਿੱਚੋਂ ਆਮ ਆਦਮੀ ਪਾਰਟੀ ਰਿਕਾਰਡਤੋੜ ਵੋਟਾਂ ਦੇ ਫਰਕ ਨਾਲ ਜਿੱਤ ਕੇ ਇਤਿਹਾਸ ਰਚੇਗੀ।ਉਨ੍ਹਾਂ ਮਜੀਠੇ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ 18 ਜਨਵਰੀ ਦੀ ਰੈਲੀ ਵਿੱਚ ਵੱਧ ਤੋਂ ਵੱਧ ਇਕੱਠ ਕੀਤਾ ਜਾਵੇ ਤਾਂ ਜੋ ਹਲਕੇ ਦੇ ਰਹਿੰਦੇ ਮਸਲੇ ਵੀ ਤਲਬੀਰ ਸਿੰਘ ਗਿੱਲ ਮੁੱਖ ਮੰਤਰੀ ਪੰਜਾਬ ਤੋਂ ਹੱਲ ਕਰਵਾ ਸਕਣ।



# ਸੰਤ ਬਾਬਾ ਪਿਆਰਾ ਸਿੰਘ ਸਾਧਪੁਰ ਵਾਲਿਆਂ ਦੀ ਸਾਲਾਨਾ ਬਰਸੀ ਮਨਾਈ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਮਹਾਨ ਤਪਸਵੀ ਅਤੇ ਸੇਵਾ ਦੇ ਪੁੰਜ ਸੰਤ ਬਾਬਾ ਪਿਆਰਾ ਸਿੰਘ ਜੀ ਸਾਧਪੁਰ ਵਾਲਿਆਂ ਦੀ ਸਾਲਾਨਾ ਬਰਸੀ ਪਿੰਡ ਦੀ ਸਮੂਹ ਸਾਧ ਸੰਗਤ ਵੱਲੋਂ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਬਹੁਤ ਹੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਦੇ ਨਾਲ ਮਨਾਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਜੋ ਕਰੀਬ ਪਿਛਲੇ ਢਾਈ ਮਹੀਨਿਆਂ ਤੋਂ ਚੱਲ ਰਹੀ ਸੀ, ਦੇ ਭੋਗ ਪੈਣ ਉਪਰੰਤ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਸਜਾਏ ਗਏ ਪੰਡਾਲਾਂ ਵਿੱਚ ਸਿੱਖ ਪੰਥ ਦੇ ਮਹਾਨ ਕੀਰਤਨੀਏ ਸੰਤ ਬਾਬਾ ਗੁਰਦੀਪ ਸਿੰਘ ਜੀ ਖਜਾਲਾ ਵਾਲੇ, ਭਾਈ ਭੁਪਿੰਦਰ ਸਿੰਘ ਗਦਰੀ ਵਾਲੇ ਕਥਾਵਾਚਕ, ਕਵੀਸ਼ਰ ਭਾਈ ਸਤਨਾਮ ਸਿੰਘ ਬੱਲੋਵਾਲੀ ਵਾਲੇ, ਕੀਰਤਨੀਏ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਲਖਵਿੰਦਰ ਸਿੰਘ, ਭਾਈ ਗੁਰਭੇਜ ਸਿੰਘ ਸਾਧਪੁਰ ਅਤੇ ਹੋਰ ਰਾਗੀ ਢਾਡੀ ਤੇ ਕਵੀਸ਼ਰ ਜਥਿਆਂ ਵੱਲੋਂ ਗੁਰੂ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਕਥਾਵਾਚਕਾਂ ਵੱਲੋਂ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਸੰਤ ਬਾਬਾ ਪਿਆਰਾ ਸਿੰਘ ਜਿਨ੍ਹਾਂ ਨੇ ਹਮੇਸ਼ਾ ਹੀ ਪਿੰਡ ਵਾਸੀਆਂ ਨੂੰ ਗੁਰੂ ਦੀ ਸ਼ਰਨ ਦੇ ਨਾਲ ਲਾਇਆ, ਦੇ ਪਾਏ ਪੂਰਨਿਆਂ 'ਤੇ ਚੱਲ ਕੇ ਸਾਨੂੰ ਅੰਮ੍ਰਿਤਧਾਰੀ ਹੋ ਕੇ ਦਸਾਂ ਨਹੁੰਆਂ ਦੀ ਕਿਰਤ ਕਰਨੀ ਚਾਹੀਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਆਪਣੇ ਆਪ ਨੂੰ ਅਰਪਣ ਕਰਨ ਦੀ ਲੋੜ ਹੈ। ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਾਲਿਆਂ ਨੇ ਸੰਤ ਬਾਬਾ ਪਿਆਰਾ ਸਿੰਘ ਨੂੰ ਸ਼ਰਧ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਵੱਲੋਂ ਸਿੱਖ ਪੰਥ ਲਈ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਪਿੰਡ ਦੇ ਮੋਹਤਬਰ ਅਤੇ ਆਗੂ ਹਾਜ਼ਰ ਸਨ।

# ਡੰਗਰਾਂ ਵਾਲੀ ਸ਼ੈੱਡ ਨੂੰ ਅੱਗ ਲੱਗਣ ਨਾਲ 10 ਪਸ਼ੂਆਂ ਦੀ ਮੌਤ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਫਤਿਹਗੜ੍ਹ ਚੂੜੀਆਂ ਨਜ਼ਦੀਕ ਹਲਕਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਪਿੰਡ ਹਰਦੋਰਵਾਲ ਖੁਰਦ ਵਿਖੇ ਭਿਆਨਕ ਘਟਨਾ ਵਾਪਰੀ ਹੈ। ਹੜ੍ਹਾਂ ਨਾਲ ਚੰਭੇ ਕਿਸਾਨ ਬੂਟਾ ਸਿੰਘ ਅਤੇ ਵਜ਼ੀਰ ਸਿੰਘ ਉਪਰ ਉਸ ਵੇਲੇ ਦੁੱਖਾਂ ਦਾ ਇੱਕ ਹੋਰ ਪਹਾੜ ਟੁੱਟ ਪਿਆ ਜੱਦੋਂ ਬੀਤੀ ਰਾਤ ਉਨ੍ਹਾਂ ਦੇ ਡੰਗਰਾਂ ਵਾਲੇ ਸ਼ੈੱਡ ਨੂੰ ਭੇਦਭਰੀ ਹਾਲਤ 'ਚ ਅੱਗ ਲੱਗ ਗਈ ਜਿਸ ਨਾਲ ਲਵੇਰੀਆਂ ਮੱਝਾਂ, ਗਾਵਾਂ ਸਮੇਤ 10 ਪਸ਼ੂ ਅੱਗ ਦੇ ਸੇਕ ਅਤੇ ਦਮ ਘੁੱਟਣ ਨਾਲ ਮਰ ਗਏ।ਇਸ ਸਬੰਧੀ ਪੀੜਤ ਕਿਸਾਨ ਬੂਟਾ ਸਿੰਘ ਅਤੇ ਵਜ਼ੀਰ ਸਿੰਘ ਅਤੇ ਪਿੰਡ ਦੇ ਮੋਹਤਬਰ ਹਰਸਿਮਰਨ ਸਿੰਘ ਰਾਜਾ ਨੇ ਦੁਖੀ ਮਨ ਨਾਲ ਦੱਸਿਆ ਕਿ ਬੀਤੀ ਰਾਤ 10 ਵਜੇ ਤੇ ਕਰੀਬ ਉਨ੍ਹਾਂ ਦੇ ਗੁਆਂਢੀਆਂ ਨੇ ਉਨ੍ਹਾਂ ਨੂੰ ਦੱਸਿਆ ਕਿ ਸਾਡੇ ਡੰਗਰਾਂ ਵਾਲੇ ਸ਼ੈੱਡ 'ਚੋਂ ਧੂੰਆਂ ਨਿਕਲ ਰਿਹਾ ਹੈ। ਜਦ ਜਾ ਕੇ ਦੇਖਿਆ ਤਾਂ ਦੇ ਡੰਗਰਾਂ ਵਾਲੇ ਸ਼ੈੱਡ ਅੰਦਰ ਅੱਗ ਲੱਗੀ ਹੋਈ ਸੀ ਅਤੇ ਅੰਦਰ ਧੂੰਆਂ ਹੀ ਧੂੰਆਂ ਦਿਖਾਈ ਦੇ ਰਿਹਾ ਸੀ। ਕਾਫੀ ਯਤਨਾਂ ਤੋਂ ਬਾਅਦ ਅੱਗ ਬੁਝਾ ਕੇ ਅੰਦਰ ਦੇਖਿਆ ਤਾਂ ਅੰਦਰ ਬੱਝੇ ਸਾਰੇ ਪਸ਼ੂਆਂ ਦੀ ਮੌਤ ਹੋ ਚੁੱਕੀ ਸੀ ਜਿਨ੍ਹਾਂ 'ਚ ਉਨ੍ਹਾਂ ਦਾ ਇੱਕ ਕੁੱਤਾ ਅਤੇ ਇੱਕ ਬੱਕਰਾ ਵੀ ਸ਼ਾਮਲ ਸੀ।ਦੁਖੀ ਪਰਿਵਾਰ ਨੇ ਪੰਜਾਬ ਸਰਕਾਰ, ਦਾਨੀ ਸੱਜਣਾਂ, ਵੱਖ-ਵੱਖ ਐਨਜੀਓ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਹੜ੍ਹ ਨਾਲ ਪਹਿਲਾਂ ਹੀ ਕਾਫੀ ਨੁਕਸਾਨ ਹੋ ਚੁੱਕਾ ਸੀ ਅਤੇ ਹੁਣ ਤਾਂ ਉਨ੍ਹਾਂ ਦਾ ਕੁੱਝ ਵੀ ਨਹੀਂ ਬਚਿਆ। ਇਸ ਲਈ ਉਨ੍ਹਾਂ ਦੀ ਹੇਠ ਲਿਖੇ ਨੰਬਰ ਗੂਗਲ ਪੇ ਨੰਬਰ 8727840008 ਰਾਹੀਂ ਮਾਲੀ ਮਦਦ ਕੀਤੀ ਜਾਵੇ।



# ਹਲਕਾ ਮਜੀਠਾ ਦੇ ਵਿਕਾਸ ਕਾਰਜ ਮੇਰੀ ਮੁੱਖ ਤਰਜੀਹ : ਤਲਬੀਰ ਗਿੱਲ



**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਪਿੰਡ ਅਬਦਾਲ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਹਲਕਾ ਮਜੀਠਾ ਦੇ ਵਿਕਾਸ ਕਾਰਜ ਮੇਰਾ ਪਹਿਲਾ ਫਰਜ਼ ਹੈ ਅਤੇ ਕੁਝ ਹੀ ਸਮੇਂ ਵਿੱਚ ਹਲਕਾ ਮਜੀਠਾ ਪੰਜਾਬ ਦਾ ਨੰਬਰ ਵਨ ਹਲਕਾ ਸਿੱਧ ਹੋਵੇਗਾ ਅਤੇ ਵਿਧਾਨ ਸਭਾ ਹਲਕਾ ਮਜੀਠਾ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਵੱਡੀ ਜਿੱਤ 'ਤੇ ਵੋਟਰਾਂ ਦਾ ਧੰਨਵਾਦ ਕਰਨ ਲਈ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 18 ਜਨਵਰੀ ਨੂੰ ਵਿਧਾਨ ਸਭਾ ਹਲਕਾ ਮਜੀਠਾ ਦੀ ਦਾਣਾ ਮੰਡੀ ਵਿਖੇ ਆਉਣਗੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਮਜੀਠਾ ਦੇ ਰਹਿੰਦੇ ਵਿਕਾਸ ਕੰਮਾਂ ਤੋਂ ਭਗਵੰਤ ਮਾਨ ਨੂੰ ਜਾਣੂ ਕਰਵਾਇਆ ਜਾਵੇਗਾ ਤਾਂ ਕਿ ਅਧੂਰੇ ਵਿਕਾਸ ਕੰਮਾਂ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਿਆ ਜਾ ਸਕੇ।ਇਸ ਮੌਕੇ ਸਰਪੰਚ ਪਰਮਜੀਤ ਕੌਰ ਰੰਧਾਵਾ, ਸੋਨੀ ਰੰਧਾਵਾ, ਹਰਦੇਵ ਰੰਧਾਵਾ, ਸ਼ਿੰਦਾ ਸਿੰਘ ਮੈਂਬਰ, ਸੁੱਖਾ ਮੈਂਬਰ, ਲਾਡੀ ਨੰਬਰਦਾਰ, ਉਪਕਾਰ ਸਿੰਘ ਕਾਰੀ (ਸਰਪੰਚ), ਮਨਦੀਪ ਸੁੰਦਰ (ਬਾਊ), ਕੁਲਵੰਤ ਸੁੰਦਰ, ਲਵਲੀ ਸੁੰਦਰ, ਭਰਤ ਸੁੰਦਰ, ਸਾਹਿਲ, ਸੁੰਦਰ, ਵਿਸ਼ਾਲ ਸੁੰਦਰ, ਚੰਦਨ ਸੁੰਦਰ, ਲਲਿਤ ਸੁੰਦਰ, ਮਾਣਾ ਢੱਡੇ, ਰਣਜੀਤ ਸਿੰਘ (ਬਿੱਟਾ), ਪਰਮਜੀਤ ਸ਼ਹਿਜ਼ਾਦਾ, ਜਗਦੀਸ਼ ਸ਼ਹਿਜ਼ਾਦਾ ਅਤੇ ਸਮੂਹ ਗ੍ਰਾਮ ਪੰਚਾਇਤ ਆਦਿ ਹਾਜ਼ਰ ਸਨ।

# ਤਿੰਨ ਨਸ਼ਾ ਤਸਕਰਾਂ ਖ਼ਿਲਾਫ਼ ਵੱਖ-ਵੱਖ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਜ਼ਿਲ੍ਹਾ ਪੁਲਸ ਨੇ ਤਿੰਨ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਤਿੱਬੜ ਦੇ ਏ. ਐੱਸ. ਆਈ. ਵਿਜੇ ਕਮਾਰ ਨੇ ਸਮੇਤ ਪੁਲਸ ਪਾਰਟੀ ਪਿੰਡ ਗੋਹਤ ਪੋਖਰ ਵਿਖੇ ਰੇਡ ਕਰਕੇ ਅਸ਼ੋਕ ਕੁਮਾਰ ਪੁੱਤਰ ਜੈਮਸ ਮਸੀਹ ਵਾਸੀ ਗੋਹਤ ਪੋਖਰ ਨੂੰ 18750 ਐੱਮ. ਐੱਲ. ਸ਼ਰਾਬ ਨਜਾਇਜ਼ ਸਮੇਤ ਕਾਬੂ ਕੀਤਾ ਹੈ। ਥਾਣਾ ਤਿੱਬੜ ਦੇ ਏ. ਐੱਸ. ਆਈ. ਗੁਰਨਾਮ ਸਿੰਘ ਨੇ ਸਮੇਤ ਪੁਲਸ ਪਾਰਟੀ ਬੱਬੇਹਾਲੀ ਨਹਿਰ ਦੀ ਪੱਟੜੀ ਤੋਂ ਪਵਨ ਕੁਮਾਰ ਉਰਫ ਭੱਲਾ ਪੁੱਤਰ ਕਾਲਾ ਰਾਮ ਵਾਸੀ ਬਾਜੇਚੱਕ ਨੂੰ ਕਾਬੂ ਕਰਕੇ ਉਸ ਪਾਸੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਕਲਾਨੌਰ ਦੇ ਏ. ਐੱਸ. ਆਈ. ਗੁਰਨਾਮ ਸਿੰਘ ਨੇ ਸਮੇਤ ਪੁਲਿਸ ਪਾਰਟੀ ਕਲਾਨੌਰ ਤੋਂ ਹਰੂਨ ਮਸੀਹ ਪੁੱਤਰ ਮੈਨੂਅਲ ਮਸੀਹ ਵਾਸੀ ਆਈ. ਟੀ. ਆਈ. ਕਲੋਨੀ ਕਲਾਨੌਰ ਨੂੰ ਕਾਬੂ ਕਰਕੇ ਦੋਸ਼ੀ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿੱਚੋਂ 15 ਗ੍ਰਾਮ 80 ਮਿਲੀਗ੍ਰਾਮ ਹੈਰੋਇਨ ਅਤੇ ਕੰਪਿਊਟਰ ਕੰਡਾ ਬ੍ਰਾਮਦ ਹੋਇਆ ਹੈ। ਪੁਲਸ ਨੇ ਇਨ੍ਹਾਂ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਗਣਤੰਤਰ ਦਿਵਸ ਦੀਆਂ ਤਿਆਰੀਆਂ ਨੂੰ ਲੈ ਕੇ ਏਡੀਸੀ ਢਿੱਲੋਂ ਨੇ ਅਧਿਕਾਰੀਆਂ ਨਾਲ ਕੀਤੀ ਜ਼ਰੂਰੀ ਮੀਟਿੰਗ

**ਗੁਰਦਾਸਪੁਰ (ਜਨਕ ਮਹਾਜਨ)**- 26 ਜਨਵਰੀ ਨੂੰ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ ਗੁਰਦਾਸਪੁਰ ਵਿਖੇ ਗਣਤੰਤਰ ਦਿਵਸ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਗੁਰਸਿਮਰਨ ਸਿੰਘ ਢਿੱਲੋਂ ਵਧੀਕ ਡਿਪਟੀ ਕਮਿਸ਼ਨਰ (ਜ) ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕਰਦਿਆਂ ਕਿਹਾ ਕਿ ਸਾਰੇ ਵਿਭਾਗ ਹੁਣ ਤੋਂ ਗਣਤੰਤਰ ਦਿਵਸ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦੇਣ। ਉਨ੍ਹਾਂ ਦੱਸਿਆ ਕਿ 26 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਮੌਕੇ ਮੁੱਖ ਮਹਿਮਾਨ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨਸੀਸੀ ਕੈਡਿਟਸ ਅਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ ਗੁਰਸਿਮਰਨ ਸਿੰਘ ਢਿੱਲੋਂ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਦੇਸ਼ ਭਗਤੀ ਅਤੇ ਪੰਜਾਬ ਦੇ ਸਭਿਆਚਾਰ ਆਧਾਰਿਤ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਸਨਮਾਨਿਤ ਹੋਣ ਵਾਲੇ ਵਿਅਕਤੀਆਂ ਦੀਆਂ ਨਾਮਜ਼ਦਗੀਆਂ 20 ਜਨਵਰੀ ਤੱਕ ਡਿਪਟੀ ਕਮਿਸ਼ਨਰ ਦਫ਼ਤਰ ਭੇਜ ਦਿੱਤੀਆਂ ਜਾਣ, ਇਸ ਤੋਂ ਬਾਅਦ ਆਈਆਂ ਨਾਮਜ਼ਦਗੀਆਂ ਉਪਰ ਵਿਚਾਰ ਨਹੀਂ ਕੀਤਾ ਜਾਵੇਗਾ। ਏਡੀਸੀ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਹੋਣ ਵਾਲੇ ਕਲਚਰਲ ਪ੍ਰੋਗਰਾਮ ਦੀ ਰਿਹਰਸਲ 17, 21 ਜਨਵਰੀ ਨੂੰ ਅਤੇ 24 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਹੋਵੇਗੀ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ 26 ਜਨਵਰੀ ਨੂੰ ਆਪਣੇ ਵਿਭਾਗ ਨਾਲ ਸਬੰਧਿਤ ਸਮੂਹ ਮੁਲਾਜ਼ਮਾਂ ਦੀ ਹਾਜ਼ਰੀ ਨੂੰ ਵੀ ਯਕੀਨੀ ਬਣਾਉਣ। ਇਸ ਮੌਕੇ ਕੁਲਦੀਪ ਚੰਦ, ਸਹਾਇਕ ਕਮਿਸ਼ਨਰ, ਹਰਪ੍ਰੀਤ ਸਿੰਘ ਡੀਡੀਪੀਓ., ਪ੍ਰੋਫੈਸਰ ਰਾਜ ਕੁਮਾਰ ਸ਼ਰਮਾ, ਜ਼ਿਲ੍ਹਾ ਰੋਜ਼ਗਾਰ ਅਫਸਰ ਪ੍ਰਸ਼ੋਤਮ ਸਿੰਘ, ਡਿਪਟੀ ਡੀਈਓ (ਸ) ਅਨਿਲ ਕੁਮਾਰ, ਪਰਮਿੰਦਰ ਸਿੰਘ ਸੈਣੀ ਜ਼ਿਲ੍ਹਾ ਗਾਈਡੈਂਸ ਕਾਊਂਸਲਰ, ਜ਼ਿਲ੍ਹਾ ਭਲਾਈ ਅਫਸਰ ਸੁਖਵਿੰਦਰ ਸਿੰਘ, ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ, ਰਾਜੀਵ ਕੁਮਾਰ ਸੈਕਰਟਰੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਕੱਢੀਆਂ



**ਚੋਹਲਾ ਸਾਹਿਬ (ਰਮਨ ਚੱਢਾ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਤਿਹਾਸਕ ਨਗਰ ਚੋਹਲਾ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਸਾਹਿਬ ਪਾਤਿਸ਼ਾਹੀ ਪੰਜਵੀਂ ਤੋਂ ਸ਼ੁਰੂ ਕਰਕੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਚੋਹਲਾ ਸਾਹਿਬ ਵੱਲੋਂ ਪ੍ਰਭਾਤ ਫੇਰੀਆਂ ਕੱਢੀਆਂ ਗਈਆਂ। ਜਾਣਕਾਰੀ ਦਿੰਦੇ ਹੋਏ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਚੋਹਲਾ ਸਾਹਿਬ ਦੇ ਮੁੱਖ ਸੇਵਾਦਾਰ ਗੁਰਮੁੱਖ ਸਿੰਘ ਨੇ ਦੱਸਿਆ ਕਿ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਭਰਪੂਰ ਹਾਜ਼ਰੀਆਂ ਭਰੀਆਂ ਗਈਆਂ। ਚੋਹਲਾ ਸਾਹਿਬ ਦੇ ਬਾਜ਼ਾਰਾਂ ਅਤੇ ਵੱਖ-ਵੱਖ ਪੜਾਵਾਂ 'ਤੇ ਇਲਾਕਾ ਨਿਵਾਸੀਆਂ ਵੱਲੋਂ ਸੰਗਤਾਂ ਦੀ ਸੇਵਾ ਕੀਤੀ ਗਈ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਸਮੇਂ ਮੁੱਖ ਸੇਵਾਦਾਰ ਗੁਰਮੁੱਖ ਸਿੰਘ ਮੈਨੇਜਰ, ਮੀਤ ਪ੍ਰਧਾਨ ਗੁਰਪਾਲ ਸਿੰਘ ਭੁੱਲਰ, ਲਖਵਿੰਦਰ ਸਿੰਘ ਨਿਸ਼ਾਨਚੀ, ਸੁਰਜੀਤ ਸਿੰਘ ਨਿਸ਼ਾਨਚੀ, ਜਤਿੰਦਰ ਸਿੰਘ, ਸੁਖਜਿੰਦਰ ਸਿੰਘ, ਸੂਬੇਦਾਰ ਬਲਦੇਵ ਸਿੰਘ, ਸੂਬੇਦਾਰ ਹਰਬੰਸ ਸਿੰਘ, ਸੂਬੇਦਾਰ ਮਹਾਂ ਸਿੰਘ, ਦਰਸ਼ਨ ਸਿੰਘ ਟੇਲਰ, ਚਾਨਣ ਸਿੰਘ ਠੇਕੇਦਾਰ, ਸਤਨਾਮ ਸਿੰਘ, ਸੰਤੋਖ ਸਿੰਘ, ਮਨੀਸ਼ ਦੇਵਗਨ, ਜਿੰਦਾ, ਮਨਜੀਤ ਸਿੰਘ, ਦਮਨਦੀਪ ਸਿੰਘ, ਕੰਵਲਜੀਤ ਸਿੰਘ, ਸੁਰਿੰਦਰ ਸਿੰਘ, ਗੁਰਭੇਜ ਸਿੰਘ, ਮੈਡਮ ਬੇਅੰਤ ਕੌਰ, ਪ੍ਰਕਾਸ਼ ਕੌਰ, ਸਵਰਨਜੀਤ ਕੌਰ, ਨਵਦੀਪ ਕੌਰ, ਸ਼ਰਨਜੀਤ ਕੌਰ, ਪਵਨਦੀਪ ਕੌਰ, ਰਾਜੂ, ਸਰਬਜੀਤ ਕੌਰ, ਰੁਪਿੰਦਰ ਕੌਰ, ਦਵਿੰਦਰ ਕੌਰ, ਅਮਰੀਕ ਕੌਰ ਅਤੇ ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।

# ਸੰਗਠਨ ਮੰਤਰੀ ਕਿਰਪਾਲ ਸਿੰਘ ਵੱਲੋਂ ਅਹੁਦੇਦਾਰਾਂ ਨਾਲ ਮੀਟਿੰਗ



**ਮਜੀਠਾ (ਸੋਇਮ ਆਨੰਦ)**- ਆਮ ਆਦਮੀ ਪਾਰਟੀ ਦੇ ਸੰਗਠਨ ਇੰਚਾਰਜ ਕਿਰਪਾਲ ਸਿੰਘ ਨੇ ਸੰਗਠਨ ਦੇ ਵੱਖ- ਵੱਖ ਅਹੁਦੇਦਾਰਾਂ ਦੀ ਮੀਟਿੰਗ ਕੀਤੀ ਜਿਸ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਵਿਚਾਰ ਚਰਚਾ ਕੀਤੀ ਗਈ। ਕਿਰਪਾਲ ਸਿੰਘ ਨੇ ਪਾਰਟੀ ਹਾਈਕਮਾਨ ਦੇ ਆਦੇਸ਼ਾਂ ਨੂੰ ਅਹੁਦੇਦਾਰਾਂ ਨਾਲ ਸਾਂਝਾ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ 18 ਤਰੀਕ ਦੀ ਰੈਲੀ ਨੂੰ ਕਾਮਯਾਬ ਕਰਨ ਲਈ ਵਿਚਾਰ ਕੀਤੀ। ਵੱਖ-ਵੱਖ ਪਿੰਡਾਂ ਤੇ ਵਾਰਡਾਂ ਵਿਚ ਆ ਰਹੀਆਂ ਸਮੱਸਿਆਵਾਂ ਬਾਰੇ ਚਰਚਾ ਹੋਈ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਨੂੰ ਕਾਮਯਾਬ ਕਰਨ ਬਾਰੇ ਤੇ ਪਾਰਟੀ ਦੀਆਂ ਆਉਣ ਵਾਲੀਆਂ ਮੀਟਿੰਗਾਂ ਨੂੰ ਸਫਲ ਬਣਾਉਣ ਲਈ ਕਿਹਾ ਅਤੇ ਨਵੇਂ ਸਾਲ ਦੀਆਂ ਸਾਥੀਆਂ ਨੂੰ ਮੁਬਾਰਕਾਂ ਦਿੱਤੀਆਂ। ਇਸ ਮੌਕੇ ਜ਼ਿਲ੍ਹਾ ਕਿਸਾਨ ਵਿੰਗ ਪ੍ਰਧਾਨ ਬਲਬੀਰ ਸਿੰਘ ਬੋਪਾਰਾਏ, ਨਿਸ਼ਾਨ ਸਿੰਘ ਅਰਜਨ ਮਾਂਗਾ, ਰਵਿੰਦਰ ਸਿੰਘ ਕਲੇਰ, ਮੀਡੀਆ ਵਿੰਗ ਦੇ ਡਾ. ਅਸ਼ਵਨੀ, ਬਲਜੀਤ ਸਿੰਘ, ਬਿਕਰਮ ਸਿੰਘ, ਸੋਸ਼ਲ ਮੀਡੀਆ ਬਲਾਕ ਪ੍ਰਧਾਨ ਮਨਜਿੰਦਰ ਸਿੰਘ ਮਾਂਗਾਸਰਾਏ, ਨੀਰਜ ਸ਼ਰਮਾ, ਪਵਨਦੀਪ ਸਿੰਘ, ਸਿਕੰਦਰ ਸਿੰਘ ਖਿੱਦੋਵਾਲੀ, ਮਨਜੀਤ ਸਿੰਘ ਟਾਹਲੀ ਸਾਹਿਬ, ਗੁਰਪ੍ਰੀਤ ਸਿੰਘ, ਬਲਜਿੰਦਰ ਸਿੰਘ, ਜਸਬੀਰ ਸਿੰਘ ਭੰਗਾਲੀ, ਹਰਭਿੰਦਰ ਸਿੰਘ ਵਰਿਆਮ ਨੰਗਲ ਅਤੇ ਸਾਰੇ ਬਲਾਕ ਪ੍ਰਧਾਨ ਹਾਜ਼ਰ ਸਨ।

# ਰਾਸ਼ਟਰੀ ਖ਼ੁਰਾਕ ਸੁਰੱਖਿਆ ਐਕਟ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਨਿਰਦੇਸ਼ ਜਾਰੀ



**ਗੁਰਦਾਸਪੁਰ, (ਜਨਕ ਮਹਾਜਨ)**- ਨਵੇਂ ਸਾਲ ਦੇ ਮੌਕੇ 'ਤੇ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਜ਼ਿਲ੍ਹਾ ਪ੍ਰਸ਼ਾਸਨ ਸਮੇਤ ਸਾਰਿਆਂ ਨੂੰ ਮੁਬਾਰਕਬਾਦ ਅਤੇ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ। ਇਸ ਮੌਕੇ ਗੱਲ ਕਰਦਿਆਂ ਵਿਜੇ ਦੱਤ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਨੂੰ ਪ੍ਰਭਾਵਸ਼ਾਲੀ ਅਤੇ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਹਨ। ਵਿਜੇ ਦੱਤ ਨੇ ਕਿਹਾ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਸਮਾਜ ਦੇ ਗਰੀਬਾਂ, ਕਮਜ਼ੋਰ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦਾ ਕਾਨੂੰਨੀ ਅਧਿਕਾਰ ਹੈ ਅਤੇ ਇਸਨੂੰ ਪੂਰੀ ਭਾਵਨਾ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜ਼ਿਲ੍ਹਾ ਪੱਧਰ 'ਤੇ, ਏਡੀਸੀ (ਵਿਕਾਸ) ਨਾ ਸਿਰਫ਼ ਪ੍ਰਸ਼ਾਸਨ ਵਿੱਚ ਸਗੋਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਧਿਕਾਰੀ (ਡੀਜੀਆਰਓ) ਵਜੋਂ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਹੈਸੀਅਤ ਵਿੱਚ ਏਡੀਸੀ (ਵਿਕਾਸ) ਤੋਂ ਖੁਰਾਕ ਸੁਰੱਖਿਆ ਨਾਲ ਸਬੰਧਤ ਸ਼ਿਕਾਇਤਾਂ ਦੇ ਤੁਰੰਤ, ਨਿਰਪੱਖ ਅਤੇ ਪ੍ਰਭਾਵਸ਼ਾਲੀ ਨਿਪਟਾਰੇ ਨੂੰ ਯਕੀਨੀ ਬਣਾਉਣ ਦੀ ਉਮੀਦ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਨੂੰ ਨਿਯਮਤ ਰਿਪੋਰਟਿੰਗ ਦੇ ਨਾਲ, ਖੇਤਰ-ਪੱਧਰੀ ਪਾੜੇ ਅਤੇ ਲਾਗੂ ਕਰਨ ਦੀਆਂ ਰੁਕਾਵਟਾਂ ਨੂੰ ਤੁਰੰਤ ਦੂਰ ਕੀਤਾ ਜਾਣਾ ਚਾਹੀਦਾ ਹੈ। ਵਿਜੇ ਦੱਤ ਨੇ ਕਿਹਾ ਕਿ ਕਮਿਸ਼ਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਿਚਕਾਰ ਤਾਲਮੇਲ ਵਾਲੇ ਯਤਨਾਂ ਨਾਲ ਜਨਤਾ ਦਾ ਵਿਸ਼ਵਾਸ ਕਾਫ਼ੀ ਵਧੇਗਾ ਅਤੇ ਖੁਰਾਕ ਸੁਰੱਖਿਆ ਅਧਿਕਾਰਾਂ ਦੀ ਪ੍ਰਭਾਵਸ਼ਾਲੀ ਪ੍ਰਾਪਤੀ ਨੂੰ ਯਕੀਨੀ ਬਣਾਇਆ ਜਾਵੇਗਾ।

# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ 6 ਨੂੰ : ਝਬਾਲ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਮੀਟਿੰਗ ਕਾਮਰੇਡ ਪ੍ਰਕਾਸ਼ ਸਿੰਘ ਕੈਰੋਂ ਨੰਗਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੇ ਫੈਸਲਿਆਂ ਦੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਾਮਰੇਡ ਜਸਬੀਰ ਸਿੰਘ ਝਬਾਲ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਗਨਰੇਗਾ ਕਾਨੂੰਨ ਨੂੰ ਤੋੜ ਕੇ ਵਿਕਸਿਤ ਭਾਰਤ ਜੀ ਰਾਮ ਜੀ ਪਾਰਲੀਮੈਂਟ ਵਿਚ ਕਾਨੂੰਨ ਪਾਸ ਕਰਕੇ ਪੇਂਡੂ ਅਤੇ ਖੇਤ ਮਜ਼ਦੂਰਾਂ ਦੇ ਹੱਕਾਂ 'ਤੇ ਕੁਹਾੜਾ ਮਾਰਿਆ ਹੈ ਜਿਸ ਦੀ ਪੂਰੇ ਭਾਰਤ ਵਿੱਚ ਮਜ਼ਦੂਰ ਜਮਾਤ ਨੇ ਕਾਨੂੰਨ ਦੀਆਂ ਕਾਪੀਆਂ ਸਾੜ ਕੇ ਵਿਰੋਧਤਾ ਕੀਤੀ ਹੈ।ਇਸ ਕਾਨੂੰਨ ਦੇ ਖਿਲਾਫ ਰੋਸ ਪ੍ਰਦਰਸ਼ਨ ਕਰਕੇ 6 ਜਨਵਰੀ 2026 ਨੂੰ ਡੀ ਸੀ ਦਫਤਰ ਅੰਮ੍ਰਿਤਸਰ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਮਗਨਰੇਗਾ ਕਾਨੂੰਨ ਬਹਾਲ ਕਰਾਉਣ ਲਈ ਮੰਗ ਪੱਤਰ ਭੇਜਿਆ ਜਾਵੇਗਾ।ਇਸ ਤੋਂ ਇਲਾਵਾ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਹੜ੍ਹ ਪੀੜਤ ਮਜ਼ਦੂਰਾਂ ਨੂੰ ਮਕਾਨ ਬਣਾਉਣ ਲਈ 15 ਲੱਖ ਰੁਪਏ ਦੀ ਗਰਾਂਟ ਦੇਣਾ, ਮਜ਼ਦੂਰ ਵਿਧਵਾ ਔਰਤਾਂ ਤੇ ਬੁਢਾਪਾ ਪੈਨਸ਼ਨ 5 ਹਜ਼ਾਰ ਰੁਪਏ ਕਰਨੀ, ਔਰਤਾਂ ਦੇ ਖਾਤਿਆਂ ਵਿੱਚ 1100 ਰੁਪਏ ਮਹੀਨਾ ਦੇਣੇ, ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਦੇਣੇ ਆਦਿ ਹੋਰ ਭੱਖਦੀਆਂ ਮੰਗਾਂ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਬੋਲੇ ਕੰਨਾਂ ਤੱਕ ਮਜ਼ਦੂਰਾਂ ਦੀ ਆਵਾਜ਼ ਪਹੁੰਚਾਉਣ ਲਈ 6 ਜਨਵਰੀ ਨੂੰ ਡੀ ਸੀ ਦਫਤਰ ਅੰਮ੍ਰਿਤਸਰ ਅਗੇ ਮਜ਼ਦੂਰਾਂ ਵੱਲੋਂ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਇਸ ਮੀਟਿੰਗ ਵਿੱਚ ਸਾਥੀ ਸਾਥੀ ਅਮਰੀਕ ਸਿੰਘ ਦਾਊਦ, ਨਿਰਮਲ ਸਿੰਘ ਛੱਜਲਵੱਡੀ, ਗੁਰਨਾਮ ਸਿੰਘ, ਜਰਨੈਲ ਸਿੰਘ, ਗੁਰਦੀਪ ਸਿੰਘ ਗਿੱਲਵਾਲੀ, ਪ੍ਰਕਾਸ਼ ਸਿੰਘ ਕੈਰੋਂਨੰਗਲ, ਜਸਬੀਰ ਸਿੰਘ ਝਬਾਲ ਆਦਿ ਸਾਥੀ ਹਾਜ਼ਰ ਸਨ।

# ਭਾਰਤ 'ਚ ਸਕੋਡਾ ਆਟੋ ਦਾ 25ਵਾਂ ਵਰ੍ਹਾ ਕੰਪਨੀ ਲਈ ਇਤਿਹਾਸਕ ਵਰ੍ਹਾ ਰਿਹਾ

**ਜਲੰਧਰ**- ਸਕੋਡਾ ਆਟੋ ਇੰਡੀਆ ਲਈ ਸਾਲ 2025 ਇਤਿਹਾਸਕ ਸਾਬਤ ਹੋਇਆ ਹੈ।ਭਾਰਤ ਵਿੱਚ ਆਪਣੇ 25 ਸਾਲ ਪੂਰੇ ਕਰਨ ਦੇ ਨਾਲ ਹੀ ਕੰਪਨੀ ਨੇ ਹੁਣ ਤੱਕ ਦੀ ਸਭ ਤੋਂ ਵੱਡੀ ਵਿਕਰੀ ਦਰਜ ਕੀਤੀ।2025 ਦੌਰਾਨ ਸਕੋਡਾ ਨੇ ਕੁੱਲ 72,665 ਗੱਡੀਆਂ ਵੇਚੀਆਂ ਜੋ ਪਿਛਲੇ ਸਾਲ ਦੇ ਮੁਕਾਬਲੇ 107 ਫੀਸਦੀ ਵਾਧਾ ਹੈ।ਇਹ ਪ੍ਰਦਰਸ਼ਨ ਸਕੋਡਾ ਦੇ ਭਾਰਤ ਵਿੱਚ ਸਭ ਤੋਂ ਵੱਡੇ ਸਾਲ ਵਜੋਂ ਦਰਜ ਹੋਇਆ।ਕੰਪਨੀ ਦੀ ਕਾਮਯਾਬੀ ਵਿੱਚ ਨਵੀਂ ਕਾਇਲੈਕ ਐੱਸਯੂਵੀ ਦੀ ਮਹੱਤਵਪੂਰਨ ਭੂਮਿਕਾ ਰਹੀ, ਜਿਸਨੂੰ ਗਾਹਕਾਂ ਵੱਲੋਂ ਭਰਪੂਰ ਸਹਿਯੋਗ ਮਿਲਿਆ।ਇਸਦੇ ਨਾਲ ਹੀ ਕੋਡਿਆਕ, ਕੁਸ਼ਾਕ ਅਤੇ ਸਲਾਵੀਆ ਮਾਡਲਾਂ ਦੀ ਮੰਗ ਲਗਾਤਾਰ ਬਣੀ ਰਹੀ, ਜਦਕਿ ਆਕਟਾਵੀਆ ਆਰਐੱਸ ਦੀ ਵਾਪਸੀ ਨੇ ਕਾਰ ਪ੍ਰੇਮੀਆਂ ਵਿੱਚ ਖਾਸ ਜੋਸ਼ ਭਰਿਆ।ਸਕੋਡਾ ਆਟੋ ਇੰਡੀਆ ਨੇ ਆਪਣਾ ਨੈੱਟਵਰਕ ਵੀ ਵਧਾਉਂਦੇ ਹੋਏ ਦੇਸ਼ ਦੇ 183 ਸ਼ਹਿਰਾਂ ਵਿੱਚ 325 ਤੋਂ ਵੱਧ ਗਾਹਕ ਸੇਵਾ ਕੇਂਦਰ ਸਥਾਪਿਤ ਕੀਤੇ ਹਨ।ਕੰਪਨੀ ਨੇ ਗਾਹਕਾਂ ਦੀ ਸੰਤੁਸ਼ਟੀ ਨੂੰ ਮੱਦੇਨਜ਼ਰ ਰੱਖਦਿਆਂ ਸੇਵਾ ਵਾਰੰਟੀ ਅਤੇ ਟ੍ਰੇਨਿੰਗ ਉੱਤੇ ਵੀ ਖਾਸ ਧਿਆਨ ਦਿੱਤਾ ਹੈ।2026 ਵਿੱਚ ਵੀ ਸਕੋਡਾ ਨਵੀਂ ਊਰਜਾ ਨਾਲ ਅੱਗੇ ਵਧਣ ਦੀ ਯੋਜਨਾ ਬਣਾ ਰਹੀ ਹੈ।

# ਸ਼੍ਰੀ ਬਾਵਾ ਲਾਲ ਦਿਆਲ ਦਾ 671ਵਾਂ ਜਨਮ ਦਿਹਾੜਾ 20 ਨੂੰ



**ਮਜੀਠਾ (ਸੋਇਮ ਆਨੰਦ)**- ਸਤਿਗੁਰੂ ਸ਼੍ਰੀ ਬਾਵਾ ਲਾਲ ਦਿਆਲ ਜੀ ਦਾ 671ਵਾਂ ਜਨਮ ਦਿਹਾੜਾ ਸ਼੍ਰੀ ਬਾਵਾ ਲਾਲ ਜੀ ਦਰਬਾਰ ਧਿਆਨਪੁਰ ਦੇ ਗੱਦੀਨਸ਼ੀਨ ਮਹੰਤ ਰਾਮ ਸੁੰਦਰ ਦਾਸ ਦੇ ਆਸ਼ੀਰਵਾਦ ਸਦਕਾ ਮੰਦਰ ਸ਼੍ਰੀ ਬਾਵਾ ਲਾਲ ਜੀ ਮਜੀਠਾ ਵਿਖੇ ਮੰਦਰ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ 20 ਜਨਵਰੀ ਨੂੰ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਕਮੇਟੀ ਚੇਅਰਮੈਨ ਕੁਲਦੀਪ ਕੁਮਾਰ ਅਤੇ ਪ੍ਰਧਾਨ ਕਾਨੂੰਗੋ ਨਰਿੰਦਰ ਕੁਮਾਰ ਮਜੀਠਾ ਨੇ ਸਮਾਗਮਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਤਿਗੁਰੂ ਸ਼੍ਰੀ ਬਾਵਾ ਲਾਲ ਦਿਆਲ ਜੀ ਦੇ ਜਨਮ ਦਿਵਸ ਦੇ ਸਬੰਧ ਵਿਚ ਸ਼ਹਿਰ ਮਜੀਠਾ ਵਿਚ 5 ਜਨਵਰੀ ਤੋਂ 19 ਜਨਵਰੀ ਤੱਕ ਹਰ ਰੋਜ਼ ਸ਼ਾਮ ਵਕਤ ਸੰਧਿਆ ਫੇਰੀਆਂ ਕੱਢੀਆਂ ਜਾਇਆ ਕਰਨਗੀਆਂ ਜਿਹੜੀਆਂ ਕਿ ਮੰਦਰ ਸ਼੍ਰੀ ਬਾਵਾ ਲਾਲ ਜੀ ਮਜੀਠਾ ਤੋਂ ਸ਼ੁਰੂ ਹੋ ਕੇ ਵਾਪਸ ਮੰਦਰ ਵਿਖੇ ਸਮਾਪਤ ਹੋਇਆ ਕਰਨਗੀਆਂ। 18 ਜਨਵਰੀ ਨੂੰ ਮੰਦਰ ਸ਼੍ਰੀ ਬਾਵਾ ਲਾਲ ਜੀ ਤੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾਵੇਗੀ ਅਤੇ 20 ਜਨਵਰੀ ਦਿਨ ਮੰਗਲਵਾਰ ਨੂੰ ਸ਼ਾਮ 6 ਵਜੇ ਮੰਦਰ ਸ਼੍ਰੀ ਬਾਵਾ ਲਾਲ ਜੀ ਮਜੀਠਾ ਵਿਖੇ ਸਤਿਗੁਰੂ ਬਾਵਾ ਲਾਲ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ। ਇਸੇ ਦਿਨ ਸਵੇਰੇ 11 ਵਜੇ ਸ਼੍ਰੀ ਰਾਮਾਇਣ ਦੇ ਪਾਠ ਦਾ ਭੋਗ ਪਵੇਗਾ।ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਇਨ੍ਹਾਂ ਸਾਰੇ ਧਾਰਮਿਕ ਸਮਾਗਮਾਂ ਵਿਚ ਸ਼ਾਮਲ ਹੋ ਕੇ ਲਾਹਾ ਲੈਣ ਦੀ ਅਪੀਲ ਕੀਤੀ।

# ਬੀਬੀ ਜਸਵਿੰਦਰ ਕੌਰ ਨੂੰ ਭਾਵ-ਭਿੰਨੀ ਸ਼ਰਧਾਂਜਲੀ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਪੰਜਾਬ ਰਾਜ ਬਿਜਲੀ ਬੋਰਡ ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਅਜਨਾਲਾ ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ ਸਿੱਧੂ ਮਾਲਾਖੇੜੀ ਦੀ ਧਰਮ ਪਤਨੀ ਜਸਵਿੰਦਰ ਕੌਰ ਜੋ ਸਦੀਵੀ ਵਿਛੋੜਾ ਦੇ ਗਏ ਸਨ, ਦੀ ਅੰਤਿਮ ਅਰਦਾਸ ਗੁਰਦੁਆਰਾ ਬਾਬਾ ਦੀਪ ਸਿੰਘ ਅਜਨਾਲਾ ਵਿਖੇ ਹੋਈ। ਸ਼ਰਧਾਂਜਲੀ ਦਿੰਦਿਆਂ ਹਰਭਜਨ ਸਿੰਘ ਝੰਜੋਟੀ ਨੇ ਬੀਬੀ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਉਹ ਇੱਕ ਐਸੀ ਸੁੱਘੜ ਅਤੇ ਸਿਆਣੀ ਸ਼ਖਸੀਅਤ ਸਨ ਜਿਨ੍ਹਾਂ ਆਪਣੇ ਪਰਿਵਾਰ ਦੀ ਜਿੱਥੇ ਅਣਥੱਕ ਸੇਵਾ ਕੀਤੀ ਉਥੇ ਸਾਡੇ ਸਾਥੀ ਲਖਵਿੰਦਰ ਸਿੰਘ ਦਾ ਵੀ ਪੈਰ-ਪੈਰ 'ਤੇ ਸਾਥ ਦਿੱਤਾ। ਸਾਡੀ ਯੂਨੀਅਨ ਨੂੰ ਜਦੋਂ ਵੀ ਲਖਵਿੰਦਰ ਸਿੰਘ ਦੀ ਲੋੜ ਪਈ ਤਾਂ ਬੀਬੀ ਜਸਵਿੰਦਰ ਕੌਰ ਨੇ ਇਨਸਾਨੀਅਤ ਦੀ ਸੇਵਾ ਲਈ ਆਪਣੇ ਸਾਥੀ ਨੂੰ ਸਦਾ ਪ੍ਰੇਰਿਤ ਹੀ ਕੀਤਾ। ਝੰਜੋਟੀ ਨੇ ਕਿਹਾ ਕਿ ਅਸੀਂ ਅਰਦਾਸ ਕਰਦੇ ਹਾਂ ਕਿ ਗੁਰੂ ਮਹਾਰਾਜ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਸੋਮਨਾਥ ਮਰਵਾਹਾ, ਜੋਗਿੰਦਰ ਸਿੰਘ, ਕਿਸਾਨ ਯੂਨੀਅਨ ਦੇ ਆਗੂ ਹੀਰਾ ਸਿੰਘ, ਪਰਮਜੀਤ ਸਿੰਘ ਸਰਾਂ, ਕਮਲਜੀਤ ਸਿੰਘ, ਅਨੂਪ ਸਿੰਘ, ਬਲਬੀਰ ਸਿੰਘ, ਤਰਸੇਮ ਸਿੰਘ ਤੇਜ਼ੀ, ਸਰਦੂਲ ਸਿੰਘ, ਬਲਵਿੰਦਰ ਸਿੰਘ, ਸਤਪਾਲ ਸਿੰਘ ਪੁਰਬਾ, ਅਵਤਾਰ ਸਿੰਘ ਅਤੇ ਅਮਰੀਕ ਸਿੰਘ ਆਦਿ ਨੇ ਵੀ ਵਿੱਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਨਵੇਂ ਸਾਲ 'ਤੇ ਵੈਟਰਨਰੀ ਵਿਭਾਗ ਦੇ ਕਰਮਚਾਰੀਆਂ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਕਸਬਾ ਡੇਰਾ ਬਾਬਾ ਨਾਨਕ ਦੇ ਬਜ਼ਾਰ ਜੋੜੀਆਂ ਵਾਲਾ ਸਥਿਤ ਵੈਟਰਨਰੀ ਹਸਪਤਾਲ ਵਿਖੇ ਵਿਭਾਗ ਦੇ ਸਮੂਹ ਕਰਮਚਾਰੀਆਂ ਵੱਲੋਂ ਹਸਪਤਾਲ ਕੰਪਲੈਕਸ ਵਿੱਚ ਹਰ ਸਾਲ ਦੀ ਤਰ੍ਹਾਂ ਦੂਸਰੀ ਵਾਰ ਸੀਨੀਅਰ ਵੈਟਰਨਰੀ ਅਫਸਰ ਡਾਕਟਰ ਗੁਰਦੇਵ ਸਿੰਘ ਦੀ ਅਗਵਾਈ ਹੇਠ ਨਵੇਂ ਵਰ੍ਹੇ 2026-2027 ਦੀ ਆਮਦ ਨੂੰ ਲੈ ਕੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ ।ਇਸ ਮੌਕੇ ਬਾਬਾ ਨਰਿੰਦਰ ਸਿੰਘ ਗ੍ਰੰਥੀ ਸਿੰਘ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵੱਲੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਭੋਗ ਪੈਣ ਉਪਰੰਤ ਬਾਬਾ ਚੇਤਨ ਦਾਸ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਵੈਟਰਨਰੀ ਇੰਸਪੈਕਟਰ ਭਾਈ ਗੁਰਸੇਵਕ ਸਿੰਘ ਕੀਰਤਨੀ ਜਥਾ ਵੈਟਰਨਰੀ ਵਿਭਾਗ ਗੁਰਦਾਸਪੁਰ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਵਿਭਾਗ ਦੇ ਸਾਬਕਾ ਕਰਮਚਾਰੀ ਬਾਬਾ ਸ਼ਿਵ ਸਿੰਘ ਵੱਲੋਂ ਕਥਾ ਵਿਚਾਰਾਂ ਰਾਹੀਂ ਸੰਗਤ ਨੂੰ ਗੁਰੂ ਨਾਮ ਨਾਲ ਜੋੜਿਆ ਗਿਆ। ਉਨ੍ਹਾਂ ਸੰਗਤਾਂ ਨੂੰ ਪਸ਼ੂਆਂ ਤੇ ਇਨਸਾਨਾਂ ਵਿੱਚ ਫਰਕ ਦੱਸਦਿਆਂ ਕਿਹਾ ਗਿਆ ਕਿ ਮਨੁੱਖ ਨੂੰ ਕਦੇ ਵੀ ਕਿਸੇ ਦਾ ਬੁਰਾ ਨਹੀਂ ਸੋਚਣਾ ਚਾਹੀਦਾ ਸਗੋਂ ਹਮੇਸ਼ਾ ਸਾਰਿਆਂ ਦਾ ਭਲਾ ਹੀ ਕਰਨਾ ਚਾਹੀਦਾ ਹੈ ।ਉਨ੍ਹਾਂ ਕਿਹਾ ਕਿ ਸਾਨੂੰ ਕਦੇ ਵੀ ਰਿਸ਼ਵਤ ਨਹੀਂ ਲੈਣੀ ਚਾਹੀਦੀ ਤੇ ਹਮੇਸ਼ਾ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ ।ਇਸ ਮੌਕੇ ਡਾਕਟਰ ਗੁਰਦੇਵ ਸਿੰਘ ਨੇ ਸਮੂਹ ਕਰਮਚਾਰੀਆਂ ਤੇ ਸਮੂਹ ਹਾਜ਼ਰ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦੇਣ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਨਵੇਂ ਸਾਲ ਮੌਕੇ ਵੈਟਰਨਰੀ ਵਿਭਾਗ ਦੇ ਸਮੂਹ ਕਰਮਚਾਰੀਆਂ ਵੱਲੋਂ ਹਸਪਤਾਲ ਕੰਪਲੈਕਸ ਵਿਖੇ ਗੁਰੂ ਮਹਾਰਾਜ ਦੇ ਚਰਨ ਪਵਾ ਕੇ ਗੁਰੂ ਦਾ ਓਟ ਆਸਰਾ ਲਿਆ ਗਿਆ ਹੈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਕਿ ਗੁਰੂ ਮਹਾਰਾਜ ਸਾਰਾ ਸਾਲ ਆਪਣੇ ਦਾਸਾਂ 'ਤੇ ਮੇਹਰ ਭਰਿਆਂ ਹੱਥ ਰੱਖਣ।ਇਸ ਮੌਕੇ ਸੀਨੀਅਰ ਵੈਟਰਨਰੀ ਅਫਸਰ ਡਾਕਟਰ ਜਸਵਿੰਦਰ ਸਿੰਘ, ਡਾਕਟਰ ਜੀਵਨ ਜੋਤ ਸਿੰਘ, ਡਾਕਟਰ ਜੋਤ ਬੀਰ ਕੌਰ, ਡਾਕਟਰ ਰਿਤੂ (ਸਰਜਨ), ਡਾਕਟਰ ਵਿਨੇ ਕੁਮਾਰ, ਡਾਕਟਰ ਅਰਸ਼ਦੀਪ ਕੌਰ, ਬਲਵਿੰਦਰ ਸਿੰਘ, ਪ੍ਰਗਟ ਸਿੰਘ, ਜਤਿੰਦਰ ਪਾਲ ਸਿੰਘ, ਸਰਵਨ ਸਿੰਘ, ਡਾਕਟਰ ਹਰੀਸ਼ ਸ਼ਰਮਾ, ਅਕਾਊਂਟੈਂਟ ਜਸਪ੍ਰੀਤ ਸਿੰਘ ਗੁਰਦਾਸਪੁਰ, ਵਿਮਲ ਢਿੱਲੋਂ, ਗੁਰਿੰਦਰ ਸਿੰਘ, ਅਨਮੋਲ ਦੀਪ ਸਿੰਘ, ਦਲਜੀਤ ਸਿੰਘ, ਸੰਦੀਪ ਸਿੰਘ, ਸਰਪੰਚ ਅਮੋਲਕ ਸਿੰਘ ਸਮਰਾ, ਜਗਜੀਤ ਸਿੰਘ ਜੱਗਾ ਤਲਵੰਡੀ ਗੋਰਾਇਆ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪ੍ਰਕਾਸ਼ ਦਿਹਾੜੇ ਦੇ ਸਬੰਧ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ

**ਮਜੀਠਾ (ਸੋਇਮ ਆਨੰਦ)**- ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਸ਼੍ਰੀ ਗੁਰੂ ਗਰੰਥ ਸਾਹਿਬ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਧੰਨ-ਧੰਨ ਬਾਬਾ ਦੀਪ ਸਿੰਘ ਜੀ ਨਿਸ਼ਕਾਮ ਸੇਵਾ ਸੁਸਾਇਟੀ, ਸਿੱਖ ਸੇਵਕ ਜਥਾ ਅਤੇ ਸ਼ਹਿਰ ਦੀਆਂ ਸਮੂਹ ਧਾਰਮਿਕ ਸਭਾ ਸੁਸਾਇਟੀਆਂ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਨਵਾਂ ਬੱਸ ਅੱਡਾ ਮਜੀਠਾ ਤੋਂ ਸ਼ੁਰੂ ਹੋਇਆ ਜਿਹੜਾ ਕਿ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਮਾਈਆਂ ਵਿਖੇ ਸਮਾਪਤ ਹੋਇਆ।ਨਗਰ ਕੀਰਤਨ ਵਿਚ ਜਿਹੜੀ ਪਾਲਕੀ ਵਿਚ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਸੁਸ਼ੋਭਿਤ ਸਨ, ਨੂੰ ਸੁੰਦਰ ਫੁੱਲਾਂ ਨਾਲ ਸਜਾਉਣ ਦੀ ਸੇਵਾ ਡੇਰਾ ਭਾਈ ਸਾਲ੍ਹੋ ਜੀ ਦੇ ਮੁੱਖ ਸੇਵਾਦਾਰ ਬਾਬਾ ਗੁਰਪਿੰਦਰ ਸਿੰਘ ਅਤੇ ਸੰਗਤਾਂ ਵੱਲੋਂ ਕੀਤੀ ਗਈ।ਨਗਰ ਕੀਰਤਨ ਦੇ ਸਾਰੇ ਰਸਤੇ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ ਅਤੇ ਸ਼ਰਧਾਲੂਆਂ ਵੱਲੋਂ ਸੰਗਤਾਂ ਵਾਸਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾ ਕੇ ਸੇਵਾ ਕੀਤੀ ਗਈ।ਬਾਬਾ ਰਸ਼ਪਾਲ ਸਿੰਘ ਦੀ ਅਗਵਾਈ ਹੇਠ ਮਾਰਸ਼ਲ ਆਰਟ ਗਤਕਾ ਪਾਰਟੀ ਦੇ ਨੌਜਵਾਨਾਂ ਵੱਲੋਂ ਗਤਕਾ ਖੇਡ ਕੇ ਆਪਣੀ ਕਲਾ ਦੇ ਜੌਹਰ ਦਿਖਾਏ ਗਏ।ਸਿੱਖ ਸੇਵਕ ਜਥੇ ਦੇ ਮੈਂਬਰਾਂ ਅਤੇ ਸਿੱਖ ਬੀਬੀਆਂ ਦੇ ਜਥੇ ਵੱਲੋਂ ਨਗਰ ਕੀਰਤਨ ਵਿਚ ਸ਼ਬਦ ਗੁਰਬਾਣੀ ਦਾ ਜਾਪ ਕੀਤਾ ਗਿਆ।ਨਗਰ ਕੀਰਤਨ ਦੇ ਸਾਰੇ ਰਸਤੇ ਦੀ ਸਾਫ ਸਫਾਈ ਦੀ ਸੇਵਾ ਸਿੱਖ ਸੇਵਕ ਜਥੇ ਦੇ ਨੌਜਵਾਨਾਂ ਵੱਲੋਂ ਕੀਤੀ ਗਈ।ਇਸ ਮੌਕੇ ਨਗਰ ਕੀਰਤਨ ਵਿਚ ਪ੍ਰਧਾਨ ਬਿਸ਼ਨ ਸਿੰਘ, ਜਰਨੈਲ ਸਿੰਘ ਮੰਗਾ, ਪ੍ਰਿਤਪਾਲ ਸਿੰਘ ਢੱਲ, ਲਾਲ ਸਿੰਘ, ਸੁਖਦੇਵ ਸਿੰਘ ਸੋਢੀ, ਬਾਬਾ ਸੁਖਪਾਲ ਸਿੰਘ, ਗੁਰਪ੍ਰੀਤ ਸਿੰਘ ਪਿੰਟੂ, ਹਰਭਿੰਦਰ ਸਿੰਘ, ਸੁਖਦੇਵ ਸਿੰਘ ਸੁੱਖਾ, ਸੁਖਜੀਤ ਸਿੰਘ ਬਾਜਵਾ, ਸੁਖਜਿੰਦਰ ਸਿੰਘ ਬਿੱਟੂ ਪ੍ਰਧਾਨ, ਪਿੰਕਾ ਮਜੀਠਾ, ਜਥੇਦਾਰ ਹਰਪਾਲ ਸਿੰਘ, ਕਵਲਜੀਤ ਸਿੰਘ ਲਾਲੀ, ਬਾਬਾ ਬਲਦੇਵ ਸਿੰਘ, ਰੁਪਿੰਦਰ ਸਿੰਘ ਮਿੱਟੂ, ਮਨਭਿੰਦਰ ਸਿੰਘ, ਬਾਬਾ ਰਸ਼ਪਾਲ ਸਿੰਘ, ਜ਼ੋਰਾਵਰ ਸਿੰਘ, ਬਾਬਾ ਕੁਲਦੀਪ ਸਿੰਘ, ਮਾਸਟਰ ਜਗਜੀਤ ਸਿੰਘ, ਗੁਰਨਾਮ ਸਿੰਘ, ਸੁੱਖ ਭੰਗਵਾਂ, ਜਸਬੀਰ ਸਿੰਘ ਕਾਕੂ, ਗੁਰਦੀਪ ਸਿੰਘ ਡਰਾਇਵਰ, ਬਾਊ ਮਜੀਠਾ, ਹਰਨਾਮ ਸਿੰਘ ਨਾਮਾ, ਤਰੁਨਦੀਪ ਸਿੰਘ, ਹਰਮੇਹਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਸਨ।

## ਪਟਾਕਿਆਂ 'ਤੇ ਦੇਵੀ-ਦੇਵਤਿਆਂ ਦੀਆਂ ਫੋਟੋਆਂ ਛਾਪਣ ਵਾਲਿਆਂ ਵਿਰੁੱਧ ਕਰਾਂਗੇ ਕਾਰਵਾਈ : ਮੁਕੇਸ਼ ਕੌਂਸਲ, ਹਰਵਿੰਦਰ ਟਿਵਾਣਾ



**ਧੂਰੀ (ਮਹਿੰਦਰ ਗਰਗ, ਮਨੋਹਰ ਸਿੰਘ)**-ਲਾਅ ਐਂਡ ਜਸਟਿਸ ਕੌਂਸਲ ਦੇ ਚੇਅਰਮੈਨ ਤੇ ਸਮਾਜਿਕ ਸਰਗਰਮ ਕਾਰਕੁੰਨ ਸੀਨੀਅਰ ਐਡਵੋਕੇਟ ਮੁਕੇਸ਼ ਕੌਂਸਲ ਤੇ ਪ੍ਰਧਾਨ ਹਰਵਿੰਦਰ ਸਿੰਘ ਟਿਵਾਣਾ ਨੇ ਪਟਾਕਿਆਂ 'ਤੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਛਾਪਣ ਦੇ ਰੁਝਾਨ ਨੂੰ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਾਰ ਦਿੰਦਿਆਂ ਇਸ ਦੇ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਚੇਤਾਵਨੀ ਦਿੱਤੀ ਹੈ।ਉਨ੍ਹਾਂ ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਦੇਸ਼ ਭਰ 'ਚ ਪਟਾਕਿਆਂ ਦਾ ਨਿਰਮਾਣ ਕਰਨ ਵਾਲੀਆਂ ਫੈਕਟਰੀਆਂ ਨੂੰ ਇਹ ਹੁਕਮ ਜਾਰੀ ਕੀਤੇ ਜਾਣ ਕਿ ਪਟਾਕਿਆਂ ਜਾਂ ਉਨ੍ਹਾਂ ਦੀ ਪੈਕਿੰਗ 'ਤੇ ਮਾਤਾ ਲਕਸ਼ਮੀ ਦੇਵੀ ਸਮੇਤ ਕਿਸੇ ਵੀ ਦੇਵੀ ਜਾਂ ਦੇਵਤੇ ਦੀ ਤਸਵੀਰ ਨਾ ਛਾਪੀ ਜਾਵੇ।ਮੁਕੇਸ਼ ਕੌਂਸਲ ਤੇ ਹਰਵਿੰਦਰ ਟਿਵਾਣਾ ਨੇ ਕਿਹਾ ਕਿ ਪਟਾਕੇ ਸਾੜੇ ਜਾਂਦੇ ਹਨ ਤੇ ਇਸ ਦੌਰਾਨ ਜਦੋਂ ਧਾਰਮਿਕ ਤਸਵੀਰਾਂ ਅੱਗ, ਧੂੰਏਂ ਤੇ ਗੰਦਗੀ ਦਾ ਸ਼ਿਕਾਰ ਹੁੰਦੀਆਂ ਹਨ ਤਾਂ ਇਹ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਗਹਿਰਾ ਠੇਸ ਪਹੁੰਚਾਉਂਦਾ ਹੈ।ਉਨ੍ਹਾਂ ਆਖਿਆ ਕਿ ਭਾਰਤੀ ਸੰਸਕ੍ਰਿਤੀ ਵਿੱਚ ਦੇਵੀ-ਦੇਵਤਾਵਾਂ ਨੂੰ ਪੂਜਨਯੋਗ ਮੰਨਿਆ ਜਾਂਦਾ ਹੈ ਤੇ ਉਨ੍ਹਾਂ ਦੀਆਂ ਤਸਵੀਰਾਂ ਦਾ ਵਪਾਰਕ ਉਦੇਸ਼ਾਂ ਲਈ ਇਸ ਤਰ੍ਹਾਂ ਇਸਤੇਮਾਲ ਕਰਨਾ ਨਿੰਦਣਯੋਗ ਹੈ।ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਪਟਾਕਾ ਕੰਪਨੀਆਂ ਵੱਲੋਂ ਵਰਤੀ ਜਾ ਰਹੀ ਪੈਕਿੰਗ ਤੇ ਛਪਾਈ ਬਾਰੇ ਪੂਰੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ।ਜੇਕਰ ਕਿਸੇ ਵੀ ਕੰਪਨੀ ਵੱਲੋਂ ਮਾਤਾ ਲਕਸ਼ਮੀ ਦੇਵੀ ਜਾਂ ਹੋਰ ਦੇਵੀ-ਦੇਵਤਾਵਾਂ ਦੀ ਤਸਵੀਰ ਪਟਾਕਿਆਂ 'ਤੇ ਛਾਪੀ ਮਿਲੀ ਤਾਂ ਉਸ ਦੇ ਵਿਰੁੱਧ ਕਾਨੂੰਨ ਅਨੁਸਾਰ ਅਦਾਲਤੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਪ੍ਰਧਾਨ ਮੰਤਰੀ ਨੂੰ ਭੇਜੇ ਮੰਗ ਪੱਤਰ ਵਿੱਚ ਇਹ ਵੀ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਇਸ ਮਾਮਲੇ 'ਤੇ ਤੁਰੰਤ ਧਿਆਨ ਦੇ ਕੇ ਸਪਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰੇ, ਤਾਂ ਜੁ ਭਵਿੱਖ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਤੋਂ ਬਚਾਇਆ ਜਾ ਸਕੇ।

## ਰਾਮਗੜ੍ਹੀਆ ਅਕਾਲ ਜਥੇਬੰਦੀ ਦਾ ਬਾਬਾ ਬੁੱਧ ਸਿੰਘ ਕਲਸੀ ਨੂੰ ਹਲਕਾ ਪ੍ਰਧਾਨ ਚੁਣਿਆ

### ਹੱਕਾਂ ਦੀ ਪ੍ਰਾਪਤੀ ਲਈ ਲਾਮਬੰਦ ਹੋਣਾ ਸਮੇਂ ਦੀ ਮੁੱਖ ਲੋੜ : ਰਾਮਗੜ੍ਹੀਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਰਾਮਗੜ੍ਹੀਆ ਅਕਾਲ ਜਥੇਬੰਦੀ ਦੀ ਵਿਸ਼ੇਸ਼ ਮੀਟਿੰਗ ਬਾਬਾ ਬੁੱਧ ਸਿੰਘ ਕਲਸੀ ਦੇ ਦਫ਼ਤਰ ਮਹਿਲ ਕਲਾਂ ਵਿਖੇ ਹੋਈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਕੌਮੀ ਕਨਵੀਨਰ ਭਾਈ ਹਰਜੀਤ ਸਿੰਘ ਰਾਮਗੜ੍ਹੀਆ ਨੇ ਜਥੇਬੰਦੀ ਦੀਆਂ ਸਰਗਰਮੀਆਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਜਥੇਬੰਦੀ ਨੂੰ ਪਿੰਡ ਪੱਧਰ ਤੱਕ ਹੋਰ ਮਜ਼ਬੂਤ ਕਰਨ ਲਈ ਪਿੰਡ-ਪਿੰਡ ਨਵੀਆਂ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ ਹੈ।ਉਨ੍ਹਾਂ ਸਮੂਹ ਰਾਮਗੜ੍ਹੀਆ ਭਾਈਚਾਰੇ ਨੂੰ ਆਪਣੀਆਂ ਭਖਦੀਆਂ ਮੰਗਾਂ ਲਈ ਲਾਮਬੰਦ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਰਾਮਗੜ੍ਹੀਆ ਭਾਈਚਾਰੇ ਨਾਲ ਵਿਤਕਰਾ ਕਰਨ ਤੋਂ ਬਿਨਾਂ ਕੁੱਝ ਨਹੀਂ ਦਿੱਤਾ।ਸਾਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕਜੁੱਟ ਹੋਣਾ ਸਮੇਂ ਦੀ ਮੁੱਖ ਲੋੜ ਹੈ।ਮੀਤ ਪ੍ਰਧਾਨ ਪ੍ਰਧਾਨ ਮੁਕੰਦ ਸਿੰਘ ਰਾਮਗੜ੍ਹੀਆ, ਜਰਨੈਲ ਸਿੰਘ ਮਠਾੜੂ ਜਥੇਬੰਦਕ ਸਕੱਤਰ ਪੰਜਾਬ, ਨੇ ਵੀ ਵਿਚਾਰ ਰੱਖੇ।ਇਸ ਮੌਕੇ ਸਰਬਸੰਮਤੀ ਨਾਲ ਜਥੇਬੰਦੀ ਦੇ ਆਗੂ ਬਾਬਾ ਬੁੱਧ ਸਿੰਘ ਕਲਸੀ ਨੂੰ ਵਿਧਾਨ ਸਭਾ ਹਲਕਾ ਮਹਿਲ ਕਲਾਂ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਨਵ-ਨਿਯੁਕਤ ਪ੍ਰਧਾਨ ਬੁੱਧ ਸਿੰਘ ਕਲਸੀ ਨੇ ਜਥੇਬੰਦੀ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਲਗਨ, ਮਿਹਨਤ, ਇਮਾਨਦਾਰੀ ਨਾਲ ਨਿਭਾਉਣ ਦਾ ਵਿਸ਼ਵਾਸ ਦੁਆਇਆ।

## ਪਸ਼ੂ ਪਾਲਣ ਵਿਭਾਗ ਵੱਲੋਂ ਚੰਨੂ 'ਚ ਲਾਇਆ ਗਿਆ ਪਸ਼ੂ ਭਲਾਈ ਤੇ ਜਾਗਰੂਕਤਾ ਕੈਂਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੁਰਮੀਤ ਸਿੰਘ ਖੁੱਡੀਆਂ ਕੈਬਨਿਟ ਮੰਤਰੀ ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਸਰਕਾਰ ਦੀ ਯੋਗ ਰਹਿਨੁਮਾਈ ਹੇਠ, ਰਾਹੁਲ ਭੰਡਾਰੀ, ਪ੍ਰਮੁੱਖ ਸਕੱਤਰ ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡਾ. ਗੁਰਦਿੱਤ ਸਿੰਘ ਔਲਖ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਦੀ ਦੇਖ-ਰੇਖ ਹੇਠ ਪਸ਼ੂ ਪਾਲਣ ਵਿਭਾਗ ਵੱਲੋਂ ਪਿੰਡ ਚੰਨੂੰ ਵਿਖੇ ਕਿਸਾਨ ਕ੍ਰੈਡਿਟ ਕਾਰਡ ਸਕੀਮ ਅਧੀਨ ਪਸ਼ੂ ਭਲਾਈ ਤੇ ਜਾਗਰੂਕਤਾ ਕੈਂਪ ਲਾਇਆ ਗਿਆ।ਵਿਕਰਮ ਦੱਤ ਲੀਡ ਡਿਸਟ੍ਰਿਕਟ ਮੈਨੇਜਰ ਨੇ ਕਿਸਾਨ ਕ੍ਰੈਡਿਟ ਕਾਰਡ ਸਕੀਮ ਤਹਿਤ ਪਸ਼ੂਆਂ ਤੇ ਲੋਨ ਪ੍ਰਾਪਤ ਕਰਨ ਸਬੰਧੀ ਜਾਣਕਾਰੀ ਦਿੱਤੀ।ਡਾ. ਵਿਨੋਦ ਕੁਮਾਰ ਸੀਨੀਅਰ ਵੈਟਨਰੀ ਅਫ਼ਸਰ ਮਲੋਟ ਨੇ ਪਸ਼ੂ ਪਾਲਣ ਵਿਭਾਗ ਦੀਆਂ ਵੱਖ-ਵੱਖ ਪਸ਼ੂ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਡਾ. ਅਨੁਭਵ ਖੱਟਰ ਜ਼ਿਲ੍ਹਾ ਨੋਡਲ ਅਫ਼ਸਰ ਨੇ ਰਾਸ਼ਟਰੀ ਪਸ਼ੂਧਨ ਯੋਜਨਾ ਅਧੀਨ ਬੱਕਰੀਆਂ ਦੇ ਫਾਰਮ ਸਥਾਪਤ ਕਰਨ 'ਤੇ ਦਿੱਤੀ ਜਾ ਰਹੀ ਸਬਸਿਡੀ ਬਾਰੇ ਦੱਸਿਆ।ਡਾ. ਬਿਕਰਮਜੀਤ ਸਿੰਘ ਵੈਟਨਰੀ ਅਫ਼ਸਰ ਨੇ ਸਰਦੀ ਦੀ ਰੁੱਤ ਵਿੱਚ ਪਸ਼ੂਆਂ ਦੇ ਬਿਹਤਰ ਸਾਂਭ-ਸੰਭਾਲ ਸਬੰਧੀ ਜਾਣਕਾਰੀ ਸਾਂਝੀ ਕੀਤੀ।ਡਾ. ਹਰਮਨਜੀਤ ਸਿੰਘ ਵੈਟਨਰੀ ਅਫ਼ਸਰ ਨੇ ਪਸ਼ੂਆਂ ਦੀ ਡੀਵਾਰਮਿੰਗ ਤੇ ਵੈਕਸੀਨੇਸ਼ਨ ਬਾਰੇ ਜਾਣਕਾਰੀ ਦਿੱਤੀ।ਪਰਮਪ੍ਰੀਤ ਸਿੰਘ ਢਿੱਲੋਂ, ਸਰਪੰਚ ਪਿੰਡ ਚੰਨੂੰ ਵੱਲੋਂ ਕੈਂਪ ਲਾਉਣ 'ਤੇ ਪਸ਼ੂ ਪਾਲਣ ਵਿਭਾਗ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ।ਕੈਂਪ 'ਚ 40 ਤੋਂ ਵੱਧ ਪਸ਼ੂ ਪਾਲਕਾਂ ਨੇ ਹਿੱਸਾ ਲਿਆ।ਕੈਂਪ ਦੌਰਾਨ ਕੇ.ਸੀ.ਸੀ. ਸਕੀਮ ਤਹਿਤ ਲੋਨ ਪ੍ਰਾਪਤ ਕਰਨ ਲਈ ਪਸ਼ੂ ਪਾਲਕਾਂ ਤੋਂ ਅਰਜ਼ੀਆਂ ਵੀ ਲਈਆਂ ਗਈਆਂ।

## ਪੱਤਰਕਾਰਾਂ ਤੇ ਸੋਸ਼ਲ ਮੀਡੀਆ ਕਾਰਕੁਨਾਂ ਵਿਰੁੱਧ ਦਰਜ ਕੇਸ ਰੱਦ ਕੀਤੇ ਜਾਣ : ਤਰਕਸ਼ੀਲ ਸੁਸਾਇਟੀ



**ਬਰਨਾਲਾ (ਪੱਤਰ ਪ੍ਰੇਰਕ)**-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਲੋਕ ਮਸਲਿਆਂ 'ਤੇ ਸਵਾਲ ਉਠਾਉਣ ਵਾਲੇ ਪੱਤਰਕਾਰਾਂ, ਸੋਸ਼ਲ ਮੀਡੀਆ ਕਾਰਕੁੰਨਾਂ ਤੇ ਆਰ.ਟੀ.ਆਈ ਕਾਰਕੁੰਨਾਂ ਸਮੇਤ 10 ਵਿਅਕਤੀਆਂ ਖਿਲਾਫ ਪੰਜਾਬ ਸਰਕਾਰ ਵੱਲੋਂ ਝੂਠੇ ਕੇਸ ਦਰਜ ਕਰਨ ਦੀ ਤਾਨਾਸ਼ਾਹੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਫੌਰੀ ਤੌਰ 'ਤੇ ਬਿਨਾਂ ਸ਼ਰਤ ਪਰਚੇ ਰੱਦ ਕਰਨ ਦੀ ਮੰਗ ਕੀਤੀ ਹੈ।ਸੁਸਾਇਟੀ ਦੇ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਤੇ ਸੂਬਾਈ ਆਗੂਆਂ ਹੇਮ ਰਾਜ ਸਟੈਨੋ, ਸੁਖਵਿੰਦਰ ਬਾਗਪੁਰ, ਰਾਮ ਸਵਰਨ ਲੱਖੇਵਾਲੀ, ਗੁਰਪ੍ਰੀਤ ਸ਼ਹਿਣਾ ਤੇ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਦਬਾਅ ਹੇਠ ਲੁਧਿਆਣਾ ਵਿਖੇ ਸਾਈਬਰ ਕਰਾਇਮ ਵੱਲੋਂ ਦਰਜ ਕੀਤਾ ਗਿਆ ਕੇਸ ਸੰਵਿਧਾਨ ਦੀ ਧਾਰਾ 19 ਹੇਠ ਮਿਲੀ ਲਿਖਣ, ਬੋਲਣ ਦੀ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਤੇ ਮੀਡੀਆ ਦੀ ਆਜ਼ਾਦੀ ਉਤੇ ਸਿੱਧਾ ਹਮਲਾ ਹੈ, ਜਿਸ ਨੂੰ ਪੰਜਾਬ ਦੀਆਂ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਤਰਕਸ਼ੀਲ ਆਗੂਆਂ ਨੇ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਦੇ ਲੋਕਾਂ ਦੇ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ਼ ਪਾਣੀ, ਵਾਤਾਵਰਣ ਪ੍ਰਦੂਸ਼ਣ ਦੇ ਬੁਨਿਆਦੀ ਮੁੱਦਿਆਂ ਨੂੰ ਹੱਲ ਕਰਨ 'ਚ ਫੇਲ੍ਹ ਸਾਬਤ ਹੋਈ ਹੈ ਤੇ ਹੜ੍ਹ ਪੀੜਤਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਅਧਿਆਪਕਾਂ, ਪਿਛੜੇ ਵਰਗਾਂ, ਦੁਕਾਨਦਾਰਾਂ, ਵਪਾਰੀਆਂ ਸਮੇਤ ਹੋਰਨਾਂ ਵਰਗਾਂ ਦੀਆਂ ਸਮੱਸਿਆਵਾਂ ਹੱਲ ਨਾ ਕਰ ਸਕਣ ਵਿੱਚ ਆਪਣੀਆਂ ਨਾਕਾਮੀਆਂ ਛੁਪਾਉਣ ਲਈ ਮੋਦੀ ਸਰਕਾਰ ਵਾਂਗ ਲੋਕ ਪੱਖੀ ਮੀਡੀਏ ਤੇ ਬੁੱਧੀਜੀਵੀਆਂ, ਲੇਖਕਾਂ ਤੇ ਸਮਾਜਿਕ ਕਾਰਕੁੰਨਾਂ ਦੀ ਜਮਹੂਰੀ ਆਵਾਜ਼ ਦਬਾਉਣ ਦੇ ਤਾਨਾਸ਼ਾਹੀ ਹਥਕੰਡੇ ਅਪਣਾ ਰਹੀ ਹੈ, ਜਿਸਦਾ ਪੰਜਾਬ ਪੱਧਰ 'ਤੇ ਡਟਵਾਂ ਵਿਰੋਧ ਕੀਤਾ ਜਾਵੇਗਾ।

## ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਬਲਾਕ ਪੱਧਰੀ ਮੀਟਿੰਗ 'ਚ ਵਿਚਾਰਾਂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਬਲਾਕ ਮਹਿਲ ਕਲਾਂ ਦੀ ਅਹਿਮ ਮੀਟਿੰਗ ਪ੍ਰਧਾਨ ਮਾਸਟਰ ਦਰਸ਼ਨ ਸਿੰਘ ਪੰਡੋਰੀ ਦੀ ਅਗਵਾਈ ਹੇਠ ਕੀਤੀ ਗਈ।ਮੀਟਿੰਗ 'ਚ ਜਥੇਬੰਦੀ ਦੇ ਪ੍ਰਮੁੱਖ ਆਗੂਆਂ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਨੇ ਭਰਵੀਂ ਸ਼ਮੂਲੀਅਤ ਕੀਤੀ।ਬਲਾਕ ਪ੍ਰਧਾਨ ਮਾ: ਦਰਸ਼ਨ ਸਿੰਘ ਪੰਡੋਰੀ, ਜਨਰਲ ਸਕੱਤਰ ਸੁਰਿੰਦਰ ਸ਼ਰਮਾ, ਮੀਤ ਪ੍ਰਧਾਨ ਬਖਤੌਰ ਸਿੰਘ ਮੂੰਮ ਨੇ ਕਿਹਾ ਕਿ ਸੂਬਾ ਪੱਧਰ ਤੇ ਜ਼ਿਲ੍ਹਾ ਪੱਧਰ 'ਤੇ ਲਗਾਤਾਰ ਮੀਟਿੰਗਾਂ ਤੇ ਮੰਗ ਪੱਤਰ ਸੌਂਪਣ ਦੇ ਬਾਵਜੂਦ ਸਰਕਾਰ ਵੱਲੋਂ ਪੈਨਸ਼ਨਰਜ਼ ਦੀਆਂ ਜਾਇਜ਼ ਤੇ ਲੰਬੇ ਸਮੇਂ ਤੋਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਵੱਲੋਂ ਮੀਟਿੰਗਾਂ ਲਈ ਸਮਾਂ ਦੇ ਕੇ ਟਾਲਮਟੋਲ ਕਰਨ ਦੀ ਨੀਤੀ ਅਪਣਾਈ ਜਾ ਰਹੀ ਹੈ ਤੇ ਅਸਲ ਮਸਲਿਆਂ 'ਤੇ ਕੋਈ ਠੋਸ ਫੈਸਲਾ ਨਹੀਂ ਲਿਆ ਜਾ ਰਿਹਾ।ਆਗੂਆਂ ਨੇ ਕਿਹਾ ਕਿ 2.59 ਫੈਕਟਰ ਅਨੁਸਾਰ ਬਕਾਇਆ ਰਹਿੰਦੀਆਂ, ਡੀ. ਏ. ਦੇ ਏਰੀਅਰਜ਼, ਕੈਸ਼ਲੈੱਸ ਮੈਡੀਕਲ ਸੁਵਿਧਾ ਸਮੇਤ ਹੋਰ ਅਹਿਮ ਮੰਗਾਂ ਸਬੰਧੀ ਮੁੱਖ ਮੰਤਰੀ, ਮੰਤਰੀਆਂ, ਵਿਧਾਇਕਾਂ ਤੇ ਹਲਕਾ ਇੰਚਾਰਜਾਂ ਨੂੰ ਕਈ ਵਾਰ ਮੰਗ ਪੱਤਰ ਸੌਂਪੇ ਜਾ ਚੁੱਕੇ ਹਨ, ਪਰ ਹਾਲੇ ਤੱਕ ਕੋਈ ਵੀ ਠੋਸ ਕਾਰਵਾਈ ਨਹੀਂ ਹੋਈ।ਉਨ੍ਹਾਂ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਸਿਰਫ਼ ਲਾਰੇ-ਲੱਪੇ ਲਗਾ ਕੇ ਪੈਨਸ਼ਨਰਜ਼ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸੂਬੇ ਭਰ ਦੇ ਪੈਨਸ਼ਨਰਾਂ ਵਿੱਚ ਭਾਰੀ ਨਾਰਾਜ਼ਗੀ ਪਾਈ ਜਾ ਰਹੀ ਹੈ।ਆਗੂਆਂ ਨੇ ਸਪੱਸ਼ਟ ਕੀਤਾ ਕਿ ਜਥੇਬੰਦੀ ਦੇ ਅਗਲੇ ਸੰਘਰਸ਼ੀ ਪ੍ਰੋਗਰਾਮਾਂ ਦੀ ਰੂਪ-ਰੇਖਾ ਪੰਜਾਬ ਬਾਡੀ ਦੀ ਮੀਟਿੰਗ ਵਿੱਚ ਤੈਅ ਕੀਤੀ ਜਾਵੇਗੀ।ਉਸ 'ਤੇ ਪੂਰੀ ਤਰ੍ਹਾਂ ਡੱਟ ਕੇ ਅਮਲ ਕੀਤਾ ਜਾਵੇਗਾ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦ ਪੈਨਸ਼ਨਰਜ਼ ਦੀਆਂ ਹੱਕੀ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਅਗਲੇ ਪੜਾਅ 'ਚ ਤਿੱਖਾ ਤੇ ਫੈਸਲਾਕੁਨ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।ਇਸ ਮੌਕੇ ਆਗੂ ਅਮਰਜੀਤ ਸਿੰਘ ਮਹਿਲ ਖ਼ੁਰਦ, ਨਿਰਪਾਲ ਸਿੰਘ ਜਲਾਲਦੀਵਾਲ, ਰਾਜ ਕੁਮਾਰ ਨਿਹਾਲੂਵਾਲ, ਨਛੱਤਰ ਸਿੰਘ ਛਾਪਾ, ਠਾਕੁਰ ਸਿੰਘ ਮੂੰਮ, ਮਾਸਟਰ ਦਲਬੀਰ ਸਿੰਘ ਵਜੀਦਕੇ, ਕੇਵਲ ਸਿੰਘ ਗਹਿਲ, ਜੱਗਾ ਸਿੰਘ ਮਹਿਲ ਖ਼ੁਰਦ, ਰੂਪ ਸਿੰਘ ਗਹਿਲ, ਅਜਮੇਰ ਸਿੰਘ ਕਾਲਸਾਂ, ਵਰਿੰਦਰ ਸਿੰਘ, ਕਰਤਾਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਹਾਜ਼ਰ ਸਨ।

# ਜੇਲ੍ਹਾਂ 'ਚ ਬੰਦ ਪੀ ਆਰ ਟੀ ਸੀ ਕਰਮਚਾਰੀਆਂ ਨੂੰ ਰਿਹਾਅ ਕਰੇ ਸਰਕਾਰ : ਗਿੱਲ

### ਸਰਕਾਰ ਕਿਸਾਨ, ਮਜ਼ਦੂਰ, ਮੁਲਾਜ਼ਮ, ਪੱਤਰਕਾਰ ਦੀ ਆਵਾਜ਼ ਪਰਚਿਆਂ ਨਾਲ ਦਬਾਉਣਾ ਬੰਦ ਕਰੇ : ਢਿੱਲੋਂ



**ਲੁਧਿਆਣਾ (ਰੈਕਟਰ ਕਥੂਰੀਆ)**

ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਦੀ ਮੀਟਿੰਗ ਸਰਪ੍ਰਸਤ ਕਮਲ ਕੁਮਾਰ, ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਈਸੜੂ ਭਵਨ ਲੁਧਿਆਣਾ ਵਿਖੇ ਹੋਈ। ਮੀਟਿੰਗ ਵਿੱਚ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਮੁਲਾਜ਼ਮ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਸਨ, ਪ੍ਰੰਤੂ ਸਰਕਾਰ ਵੱਲੋਂ ਗੇਟ ਰੈਲੀਆਂ ਕਰਦੇ ਕਰਮਚਾਰੀਆਂ ਦੇ ਨਾਲ ਧੱਕੇਸ਼ਾਹੀ ਕੀਤੀ ਗਈ, ਨਜਾਇਜ਼ ਪਰਚੇ ਦਰਜ ਕਰਕੇ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ। ਇਸ ਦੌਰਾਨ ਚੱਲਦੀ ਹੜਤਾਲ ਵਿੱਚ ਟਰਾਂਸਪੋਰਟ ਮੰਤਰੀ ਪੰਜਾਬ ਐੱਮ ਡੀ ਪਨਬਸ, ਪੀ ਆਰ ਟੀ ਸੀ ਨਾਲ ਮੀਟਿੰਗ ਵਿੱਚ 30-11-2025 ਨੂੰ ਸਾਰੇ ਮੁਲਾਜ਼ਮ ਸਾਥੀਆਂ 'ਤੇ ਪਰਚੇ ਕੈਂਸਲ ਕਰਨ, ਸਾਰੇ ਮੁਲਾਜ਼ਮਾਂ ਨੂੰ ਡਿਊਟੀਆਂ ਉੱਪਰ ਲੈਣ ਦਾ ਫੈਸਲਾ ਕੀਤਾ ਗਿਆ, ਪ੍ਰੰਤੂ ਜੋ ਕਰਮਚਾਰੀ ਪਟਿਆਲੇ ਜੇਲ੍ਹ ਤੋਂ ਰਿਹਾਅ ਹੋਏ ਹਨ, ਉਨ੍ਹਾਂ ਨੂੰ ਡਿਊਟੀਆਂ 'ਤੇ ਨਹੀਂ ਲਿਆ ਗਿਆ ਅਤੇ ਸੰਗਰੂਰ ਵਿੱਚ 10 ਕਰਮਚਾਰੀ ਅੱਜ ਵੀ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਨੂੰ ਸਰਕਾਰ ਵੱਲੋਂ ਹੁਣ ਤੱਕ ਜੇਲ੍ਹ ਵਿੱਚੋਂ ਨਹੀਂ ਕੱਢਿਆ ਗਿਆ, ਜਿਸ ਕਾਰਨ ਜਥੇਬੰਦੀ ਵਿੱਚ ਭਰੀ ਰੋਸ ਪਾਇਆ ਜਾ ਰਿਹਾ ਹੈ।ਸੂਬਾ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ, ਸੀਨੀ. ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਪੰਨੂ, ਸੂਬਾ ਕੈਸ਼ੀਅਰ ਬਲਜੀਤ ਸਿੰਘ ਨੇ ਕਿਹਾ ਸਰਕਾਰ ਹਰ ਅਵਾਜ਼ ਨੂੰ ਦਬਾਉਣਾ ਚਾਹੁੰਦੀ ਹੈ, ਜਦੋਂ ਕਿ ਮੀਟਿੰਗ ਵਿੱਚ ਕਿਲੋਮੀਟਰ ਦੇ ਘਾਟੇ ਸਬੰਧੀ ਸਾਰੇ ਪਰੂਫ ਦੇ ਚੁੱਕੇ ਹਾਂ। ਸਰਕਾਰ ਸਰਕਾਰੀ ਬੱਸਾਂ ਪਾਉਣ ਦੀ ਕੋਸ਼ਿਸ਼ ਨਹੀਂ ਕਰ ਰਹੀ ਤੇ ਵਿਭਾਗ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਸਪੈਸ਼ਲ ਕਾਡਰ ਦੀ ਪਾਲਸੀ ਵਿੱਚ ਜਥੇਬੰਦੀ ਆਪਣੇ ਤਰਕ ਪੇਸ਼ ਕਰ ਚੁੱਕੀ ਹੈ ਤੇ ਮੁੱਖ ਮੰਤਰੀ ਪੰਜਾਬ ਨੇ ਜਥੇਬੰਦੀ ਨਾਲ 1 ਜੁਲਾਈ 2024 ਨੂੰ ਮੀਟਿੰਗ ਕਰਕੇ ਜਥੇਬੰਦੀ ਦੀਆਂ 7 ਮੰਗਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਸੀ। ਲਗਭਗ 1 ਸਾਲ 6 ਮਹੀਨੇ ਬੀਤਣ ਦੇ ਬਾਵਜੂਦ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ, ਉਲਟਾ ਜਥੇਬੰਦੀ ਦੀ ਅਵਾਜ਼ ਨੂੰ ਦਬਾਉਣ ਲਈ ਕਰਮਚਾਰੀਆਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ ਤੇ ਨਜਾਇਜ਼ ਪਰਚੇ ਦਰਜ ਕੀਤੇ ਗਏ। ਉਨ੍ਹਾਂ ਨੂੰ ਸਰਕਾਰ ਤੁਰੰਤ ਪਰਚੇ ਰੱਦ ਕਰਕੇ ਰਿਹਾਅ ਕਰੇ, ਨਹੀਂ ਤਾਂ ਜਥੇਬੰਦੀ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ। ਸੀਨੀ. ਮੀਤ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ, ਬਲਜਿੰਦਰ ਸਿੰਘ ਨੇ ਕਿਹਾ ਕਿ ਯੂਨੀਅਨ ਵੱਲੋਂ 6 ਜਨਵਰੀ ਨੂੰ ਸਮੂਹ ਡਿੱਪੂਆਂ ਦੇ ਗੇਟਾਂ 'ਤੇ ਭਰਵੀਆਂ ਗੇਟ ਰੈਲੀਆਂ ਕੀਤੀਆਂ ਜਾਣਗੀਆਂ ਤੇ ਮੁਲਾਜ਼ਮਾਂ ਵੱਲੋਂ ਕਾਲੇ ਬਿੱਲੇ ਲਗਾ ਕੇ ਡਿਊਟੀਆਂ ਕੀਤੀਆਂ ਜਾਣਗੀਆਂ। ਇਸ ਸਮੇਂ ਜਲੌਰ ਸਿੰਘ, ਪ੍ਰਦੀਪ ਕੁਮਾਰ, ਹਰਪ੍ਰੀਤ ਸਿੰਘ, ਜਗਜੀਤ ਸਿੰਘ, ਨਿਰਪਾਲ ਸਿੰਘ, ਭਗਤ ਸਿੰਘ, ਸਤਪਾਲ ਸਿੰਘ, ਹਰਵਿੰਦਰ ਸਿੰਘ, ਰਮਨਦੀਪ ਸਿੰਘ, ਰੋਹੀ ਰਾਮ, ਜਤਿੰਦਰ ਸਿੰਘ, ਸੰਦੀਪ ਸਿੰਘ, ਸਰਬਜੀਤ ਸਿੰਘ, ਬਿਕਰਮਜੀਤ ਸਿੰਘ, ਵਜੀਰ ਸਿੰਘ ਸਮੇਤ ਹੋਰ ਆਗੂ ਵੀ ਹਜ਼ਾਰ ਹੋਏ।

## ਨਸ਼ਾ ਤਸਕਰ ਦੀ ਜਾਇਦਾਦ ਜ਼ਬਤ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਡਾਇਰੈਕਟਰ ਜਨਰਲ ਆਫ਼ ਪੁਲਸ ਪੰਜਾਬ ਚੰਡੀਗੜ੍ਹ ਨੀਲਾਂਬਰੀ ਜਗਦਲੇ ਵਿਜੇ ਆਈ.ਪੀ.ਐੱਸ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ ਫਰੀਦਕੋਟ ਰੇਂਜ ਫਰੀਦਕੋਟ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ੍ਰੀ ਅਜੈ ਗਾਂਧੀ ਆਈ ਪੀ ਐਸ ਸੀਨੀਅਰ ਕਪਤਾਨ ਪੁਲਸ ਮੋਗਾ ਦੀ ਅਗਵਾਈ ਹੇਠ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਕਰਦਿਆਂ ਇਸੇ ਮੁਹਿੰਮ ਤਹਿਤ ਸ੍ਰੀ ਅਨਵਰ ਅਲੀ ਉਪ ਕਪਤਾਨ ਨਿਹਾਲ ਸਿੰਘ ਵਾਲਾ ਦੀ ਨਿਗਰਾਨੀ ਹੇਠ ਸਬ ਇੰਸਪੈਕਟਰ ਗੁਰ ਸਿੰਘ ਮੁੱਖ ਅਫਸਰ ਥਾਣਾ ਅਜੀਤਵਾਲ ਵੱਲੋਂ ਮੁੱਕਦਮਾ ਨੰਬਰ 97 ਮਿਤੀ 6.9.25 ਜੁਰਮ 18-61-85 ਐਨ.ਡੀ.ਪੀ.ਐਸ ਐਕਟ ਤਹਿਤ ਥਾਣਾ ਅਜੀਤਵਾਲ ਵਿੱਚ ਦੋਸ਼ੀ ਗੁਰਜੀਤ ਸਿੰਘ ਉਰਫ਼ ਜੀਤ ਪੁੱਤਰ ਗੁਰਜੰਟ ਸਿੰਘ ਵਾਸੀ ਕਿਸ਼ਨਗੜ੍ਹ (ਪੱਖਰਵੱਡ) ਦਿਸਦੇ ਨਾਂਅ 'ਤੇ ਸਵਿਫ਼ਟ ਗੱਡੀ ਦੀ ਕੀਮਤ 591633 ਰੁਪਏ ਤੇ ਇਸਦਾ ਰਿਹਾਇਸ਼ੀ ਘਰ ਜਿਸਦੀ ਕੀਮਤ 8425030 ਰੁਪਏ, ਜੋ ਇਸ ਦੇ ਪਿਤਾ ਗੁਰਜੰਟ ਸਿੰਘ ਪੁੱਤਰ ਭੰਗਾ ਸਿੰਘ ਵਾਸੀ ਕਿਸ਼ਨਗੜ੍ਹ ਪੱਖਰਵੱਡ ਦੇ ਨਾਂਅ 'ਤੇ ਹੈ, ਇਨ੍ਹਾਂ ਦੀ ਕੁੱਲ ਕੀਮਤ 9016633 ਬਣਦੀ ਹੈ। ਪ੍ਰਾਪਰਟੀ ਨੂੰ ਅਟੈਚ ਕਰਨ ਸਬੰਧੀ ਉਸ ਦੇ ਘਰ ਬਾਹਰ ਪੋਸਟਰ ਚਿਪਕਾਏ ਗਏ, ਜਿਨ੍ਹਾਂ ਦੀ ਪ੍ਰਾਪਰਟੀ ਬਾਰੇ ਪੜਤਾਲ ਕਰਨ ਤੇ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਪ੍ਰਾਪਰਟੀ ਇਨ੍ਹਾਂ ਨੇ ਗੈਰ ਕਾਨੂੰਨੀ ਤਰੀਕੇ ਨਾਲ ਖ਼ਰੀਦ ਕਰਕੇ ਆਪਣੇ ਨਾਂਅ ਲਵਾਈ, ਜਿਸ ਨੂੰ ਐਨ ਡੀ ਪੀ ਐੱਸ ਐਕਟ ਤਹਿਤ ਧਾਰਾ 68-ਐਨ (2) ਤਹਿਤ ਭਾਰਤ ਸਰਕਾਰ ਦੇ ਸਮਰੱਥ ਅਧਿਕਾਰੀ ਪਾਸੋਂ ਮਨਜ਼ੂਰੀ ਹਾਸਲ ਕਰਨ ਉਪਰੰਤ ਅਟੈਚ ਕਰਾਈ ਗਈ ਹੈ।ਇਸ ਤੋਂ ਇਲਾਵਾ ਇਹ ਵੀ ਦੱਸਿਆ ਕਿ ਭਵਿੱਖ ਵਿੱਚ ਹੋਰ ਵੀ ਨਸ਼ਾ ਤਸਕਰਾਂ ਦੇ ਖਿਲਾਫ਼ ਇਸੇ ਤਰ੍ਹਾਂ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਤੇ ਕਿਸੇ ਵੀ ਨਸ਼ਾ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਖ਼ਿਲਾਫ਼ ਸਖ਼ਤ ਐਕਸ਼ਨ ਲਿਆ ਜਾਵੇਗਾ।

## ਦਸੰਬਰ ਮਹੀਨੇ 'ਚ ਟਿਕਟ ਚੈਕਿੰਗ ਰਾਹੀਂ 2.56 ਕਰੋੜ ਦਾ ਕੀਤਾ ਮਾਲੀਆ ਇਕੱਠਾ

**ਫਿਰੋਜ਼ਪੁਰ (ਗੁਰਬਚਨ ਸਿੰਘ)**-ਫਿਰੋਜ਼ਪੁਰ ਮੰਡਲ ਦੀ ਟਿਕਟ ਚੈਕਿੰਗ ਟੀਮ ਵੱਲੋਂ ਟਰੇਨਾਂ ਵਿੱਚ ਅਣ-ਅਧਿਕਾਰਤ ਤੌਰ 'ਤੇ ਸਫ਼ਰ ਕਰ ਰਹੇ ਯਾਤਰੀਆਂ ਨੂੰ ਰੋਕਣ ਲਈ ਟਰੇਨਾਂ ਵਿਚ ਲਗਾਤਾਰ ਟਿਕਟ ਚੈਕਿੰਗ ਕੀਤੀ ਜਾ ਰਹੀ ਹੈ।ਮੰਡਲ ਦੇ ਟਿਕਟ ਚੈਕਿੰਗ ਸਟਾਫ਼ ਤੇ ਮੁੱਖ ਟਿਕਟ ਨਿਰੀਖਕਾਂ ਵੱਲੋਂ ਦਸੰਬਰ 2025 ਦੀ ਮਿਆਦ ਦੌਰਾਨ ਟਿਕਟ ਜਾਂਚ ਮੁਹਿੰਮ ਦੇ ਤਹਿਤ ਕੁੱਲ 2.56 ਕਰੋੜ ਦੀ ਆਮਦਨ ਪ੍ਰਾਪਤ ਕੀਤੀ ਗਈ ਹੈ, ਜੋ ਕਿ ਦਸੰਬਰ 2024 ਦੀ ਆਮਦਨ 2.18 ਕਰੋੜ ਦੇ ਮੁਕਾਬਲੇ ਲਗਭਗ 17 ਫੀਸਦੀ ਜ਼ਿਆਦਾ ਹੈ। ਇਸ ਤੋਂ ਇਲਾਵਾ ਇਹ ਆਮਦਨ ਦਸੰਬਰ 2025 ਦੇ ਨਿਰਧਾਰਤ ਟੀਚੇ 2.55 ਕਰੋੜ ਤੋਂ ਵੀ ਵੱਧ ਰਹੀ ਹੈ। ਦਸੰਬਰ 2025 ਦੀ ਮਿਆਦ ਦੇ ਦੌਰਾਨ ਬਿਨ੍ਹਾ ਟਿਕਟ ਯਾਤਰਾ, ਨਿਯਮਾਂ ਦੇ ਉਲਟ ਯਾਤਰਾ, ਅਣ-ਬੁੱਕਡ ਸਮਾਨਠ, ਐਂਟੀ-ਲਿਟਰਿੰਗ (ਗੰਦਗੀ ਫੈਲਾਉਣਾ) ਅਤੇ ਸਿਗਰਟਨੋਸ਼ੀ ਨਾਲ ਸਬੰਧਤ ਕੁੱਲ 36,516 ਮਾਮਲਿਆਂ ਵਿੱਚ ਕਾਰਵਾਈ ਕੀਤੀ ਗਈ। ਸਾਲ 2025 ਦੇ ਅਪ੍ਰੈਲ ਤੋਂ ਦਸੰਬਰ ਮਹੀਨੇ ਦੀ ਮਿਆਦ ਦੌਰਾਨ ਟਿਕਟ ਚੈਕਿੰਗ ਰਾਹੀਂ ਇਕੱਠਾ ਹੋਇਆ ਮਾਲੀਆ 23.97 ਕਰੋੜ ਹੈ, ਜੋ ਕਿ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਲਗਭਗ 13 ਫੀਸਦੀ ਜ਼ਿਆਦਾ ਹੈ। ਮੰਡਲ ਦੇ ਰੇਲਵੇ ਸਟੇਸ਼ਨਾਂ ਨੂੰ ਸਾਫ਼-ਸੁਥਰਾ ਬਣਾਏ ਰੱਖਣ ਤੇ ਆਮ ਜਨਤਾ ਨੂੰ ਸਟੇਸ਼ਨਾਂ 'ਤੇ ਗੰਦਗੀ ਫੈਲਾਉਣ ਤੋਂ ਰੋਕਣ ਅਤੇ ਉਨ੍ਹਾਂ ਨੂੰ ਸਾਫ਼-ਸਫ਼ਾਈ ਪ੍ਰਤੀ ਜਾਗਰੂਕ ਕਰਨ ਲਈ ਮੰਡਲ ਦੇ ਮੁੱਖ ਸਟੇਸ਼ਨਾਂ 'ਤੇ ਨਿਯਮਤ ਜਾਂਚ ਕੀਤੀ ਜਾਂਦੀ ਹੈ।ਇਸ ਦੇ ਸਿੱਟੇ ਵਜੋਂ ਨਵੰਬਰ ਮਹੀਨੇ ਵਿਚ 416 ਯਾਤਰੀਆਂ ਨੂੰ ਸਟੇਸ਼ਨ ਕੰਪਲੈਕਸ ਵਿਚ ਗੰਦਗੀ ਫੈਲਾਉਣ ਕਰਨ (ਐਂਟੀ-ਲਿਟਰਿੰਗ ਐਕਟ) ਉਨ੍ਹਾਂ ਕੋਲੋਂ 65 ਹਜ਼ਾਰ ਰੁਪਏ ਤੋਂ ਵੱਧ ਜੁਰਮਾਨਾ ਵਸੂਲਿਆ ਗਿਆ। ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਨੇ ਦੱਸਿਆ ਕਿ ਫਿਰੋਜ਼ਪੁਰ ਮੰਡਲ ਵੱਲੋਂ ਯਾਤਰੀਆਂ ਵਿਚ ਟਿਕਟ ਲੈ ਕੇ ਯਾਤਰਾ ਕਰਨ, ਸਵੱਛਤਾ ਬਣਾਈ ਰੱਖਣ ਅਤੇ ਰੇਲਵੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਨਿਰੰਤਰ ਟਿਕਟ ਜਾਂਚ ਮੁਹਿੰਮ ਚਲਾਈ ਜਾ ਰਹੀ ਹੈ।ਸੀਨੀਅਰ ਮੰਡਲ ਵਪਾਰਕ ਪ੍ਰਬੰਧਕ ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਇਹ ਪ੍ਰਾਪਤੀ ਮੰਡਲ ਦੇ ਟਿਕਟ ਚੈਕਿੰਗ ਸਟਾਫ਼ ਦੀ ਨਿਰੰਤਰ ਯਤਨਾਂ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਮੰਡਲ ਭਵਿੱਖ ਵਿਚ ਵੀ ਟਿਕਟ ਜਾਂਚ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਜਾਰੀ ਰੱਖੇਗਾ, ਜਿਸ ਨਾਲ ਰੇਲਵੇ ਦੇ ਮਾਲੀਏ ਵਿਚ ਵਾਧੇ ਦੇ ਨਾਲ-ਨਾਲ ਯਾਤਰੀਆਂ ਨੂੰ ਸੁਰੱਖਿਅਤ ਅਤੇ ਅਨੁਸ਼ਾਸਿਤ ਯਾਤਰਾ ਦਾ ਮਾਹੌਲ ਮੁਹੱਈਆ ਕਰਵਾਇਆ ਜਾ ਸਕੇ।

# ਚੋਣ ਡਿਊਟੀ 'ਤੇ ਜਾਂਦੇ ਜ਼ਖ਼ਮੀ ਹੋਏ ਮੁਲਾਜ਼ਮਾਂ ਦੀ ਜ਼ਿਲ੍ਹਾ ਪ੍ਰਸ਼ਾਸਨ ਨੇ ਨਹੀਂ ਲਈ ਸਾਰ

### ਜ਼ਖ਼ਮੀ ਅਧਿਆਪਕਾਂ ਨੂੰ 20-20 ਲੱਖ ਰੁਪਏ ਮੁਆਵਜ਼ਾ ਤੇ ਤੰਦਰੁਸਤੀ ਤੱਕ ਤਨਖ਼ਾਹ ਸਮੇਤ ਛੁੱਟੀ 'ਤੇ ਮੰਨਿਆ ਜਾਵੇ : ਡੀ ਟੀ ਐੱਫ



**ਸੰਗਰੂਰ (ਪ੍ਰਵੀਨ ਸਿੰਘ)**

ਸੰਗਰੂਰ ਡੈਮੋਕਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਸੰਗਰੂਰ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਚੋਣ ਡਿਊਟੀ 'ਤੇ ਜਾਣ ਵੇਲੇ ਗੰਭੀਰ ਹਾਦਸੇ ਦਾ ਸ਼ਿਕਾਰ ਹੋਏ ਅਧਿਆਪਕਾ ਸ੍ਰੀਮਤੀ ਰਾਜਵੀਰ ਕੌਰ ਨੂੰ ਉਨ੍ਹਾਂ ਦੇ ਘਰ ਵਿਖੇ ਮਿਲਿਆ ਗਿਆ ਤੇ ਹਾਲ ਚਾਲ ਜਾਣਿਆ ਗਿਆ।ਮੈਡਮ ਰਾਜਵੀਰ ਕੌਰ, ਐਸੋਸੀਏਟ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਜਗਤ ਸਿੰਘ ਵਾਲਾ ਸੁਨਾਮ ਵਿਖੇ ਸੇਵਾ ਨਿਭਾਅ ਰਹੇ ਹਨ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੇ ਆਗੂਆਂ ਸੁਖਵਿੰਦਰ ਗਿਰ (ਜ਼ਿਲ੍ਹਾ ਪ੍ਰਧਾਨ) ਤੇ ਮੇਘਰਾਜ (ਜ਼ਿਲ੍ਹਾ ਪ੍ਰਧਾਨ ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ) ਨੇ ਦੱਸਿਆ ਕਿ ਮੈਡਮ ਰਾਜਵੀਰ ਕੌਰ ਨੂੰ ਚੋਣ ਡਿਊਟੀ 'ਤੇ ਜਾਂਦੇ ਸਮੇਂ ਉਨ੍ਹਾਂ ਦੀ ਗੱਡੀ ਸੂਏ ਵਿੱਚ ਡਿੱਗਣ ਕਾਰਨ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਤੇ ਉਨ੍ਹਾਂ ਦਾ ਇਲਾਜ ਪਟਿਆਲਾ ਦੇ ਪਾਰਕ ਹਸਪਤਾਲ ਵਿੱਚ ਚੱਲ ਰਿਹਾ ਹੈ। ਆਗੂਆਂ ਅੱਗੇ ਦੱਸਿਆ ਕਿ ਜ਼ਿਲ੍ਹਾ ਮੋਗਾ ਦੇ ਅਧਿਆਪਕ ਜਸਕਰਨ ਸਿੰਘ ਤੇ ਉਨ੍ਹਾਂ ਦੀ ਪਤਨੀ ਚੋਣ ਡਿਊਟੀ 'ਤੇ ਜਾਣ ਸਮੇਂ ਐਕਸੀਡੈਂਟ ਹੋਣ ਕਾਰਨ ਮੌਤ ਹੋ ਗਈ ਸੀ ਤੇ ਇਸੇ ਤਰ੍ਹਾਂ ਕਈ ਹੋਰ ਅਧਿਆਪਕ ਵੀ ਗੰਭੀਰ ਹਾਦਸਿਆਂ ਦਾ ਸ਼ਿਕਾਰ ਹੋਏ ਸਨ, ਜਿਸ ਦੇ ਰੋਸ ਵਜੋਂ ਅਧਿਆਪਕ ਜਥੇਬੰਦੀਆਂ ਵੱਲੋਂ ਸਾਂਝੇ ਰੂਪ ਵਿੱਚ 16 ਦਸੰਬਰ ਨੂੰ ਪੰਜਾਬ ਭਰ 'ਚ ਡੀ. ਸੀ. ਦਫ਼ਤਰਾਂ ਅੱਗੇ ਰੋਸ ਪ੍ਰਦਰਸ਼ਨ ਕੀਤੇ ਗਏ ਹਨ। ਡੀਟੀਐੱਫ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਦੀ ਨਿਖੇਧੀ ਕਰਦਿਆਂ ਕਿਹਾ ਕਿ 14 ਦਸੰਬਰ ਤੋਂ ਮੈਡਮ ਰਾਜਵੀਰ ਕੌਰ ਪੀੜਤ ਹਨ, ਪਰ ਕਿਸੇ ਵੀ ਪ੍ਰਸ਼ਾਸਨਕ ਅਧਿਕਾਰੀ ਵੱਲੋਂ ਹਾਲੇ ਤੱਕ ਉਨ੍ਹਾਂ ਦਾ ਹਾਲ ਚਾਲ ਵੀ ਨਹੀਂ ਪੁੱਛਿਆ ਗਿਆ।16 ਦਸੰਬਰ ਨੂੰ ਸਮੂਹ ਜਥੇਬੰਦੀਆਂ ਵੱਲੋਂ ਪ੍ਰਦਰਸ਼ਨ ਕਰਨ ਤੋਂ ਬਾਅਦ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਮੰਗ ਪੱਤਰ ਦਿੱਤਾ ਗਿਆ।

ਉਸ ਤੋਂ ਬਾਅਦ 23 ਦਸੰਬਰ ਨੂੰ ਸਮੂਹ ਜਥੇਬੰਦੀਆਂ ਦਾ ਵਫਦ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਮਿਲਿਆ ਤੇ ਅਧਿਆਪਕ ਆਗੂਆਂ ਨੇ ਡਿਊਟੀ ਦੌਰਾਨ ਜ਼ਖ਼ਮੀ ਹੋਏ ਮੁਲਾਜ਼ਮਾਂ ਦਾ ਇਲਾਜ ਕਰਾਉਣ ਤੋਂ ਇਲਾਵਾ ਉਨ੍ਹਾਂ ਨੂੰ 20-20 ਲੱਖ ਰੁਪਏ ਮੁਆਵਜ਼ੇ ਵਜੋਂ ਦੇਣ ਦੀ ਮੰਗ ਕੀਤੀ।ਉਨ੍ਹਾਂ ਮੰਗ ਕੀਤੀ ਕਿ ਮੈਡੀਕਲ ਤੌਰ 'ਤੇ ਤੰਦਰੁਸਤ ਹੋਣ ਤੱਕ ਅਧਿਆਪਕਾ ਰਾਜਵੀਰ ਕੌਰ ਨੂੰ ਤਨਖਾਹ ਸਮੇਤ ਛੁੱਟੀ ਉੱਪਰ ਮੰਨਿਆ ਜਾਵੇ, ਪਰ ਅਜੇ ਤੱਕ ਪ੍ਰਸ਼ਾਸਨ ਨੇ ਪੀੜਤ ਅਧਿਆਪਕਾ ਦੀ ਕੋਈ ਸਾਰ ਨਹੀਂ ਲਈ।ਜ਼ਿਕਰਯੋਗ ਹੈ ਕਿ ਇਹ ਅਧਿਆਪਕਾ ਐਸੋਸੀਏਟ ਟੀਚਰਜ਼ ਹਨ ਅਤੇ ਉੱਕਾ ਪੁੱਕਾ ਤਨਖਾਹ 'ਤੇ ਕੰਮ ਕਰਦੇ ਹਨ।ਇਨ੍ਹਾਂ ਨੂੰ ਕਿਸੇ ਪ੍ਰਕਾਰ ਦੀਆਂ ਮੈਡੀਕਲ ਛੁੱਟੀਆਂ ਜਾਂ ਹੋਰ ਕਿਸਮ ਦੀਆਂ ਛੁੱਟੀਆਂ ਦੀ ਸਹੂਲਤ ਨਹੀਂ ਦਿੱਤੀ ਗਈ।ਇਸ ਤੋਂ ਇਲਾਵਾ ਅਧਿਆਪਕ ਕੋਲ ਇਲਾਜ ਕਰਾਉਣ ਤੋਂ ਬਾਅਦ ਰੀ ਇਨਵਰਸਮੈਂਟ ਦੀ ਸੁਵਿਧਾ ਵੀ ਨਹੀਂ ਹੈ।

## ਗਲੋਬਲ ਸਕੂਲ ਦੇ ਵਿਦਿਆਰਥੀ ਸ਼ੇਅਰ ਮਾਰਕੀਟ ਦੇ ਅਨੁਭਵ ਨਾਲ ਕੁਸ਼ਲ ਬਣੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਦੇ ਕਾਮਰਸ ਸਟ੍ਰੀਮ ਦੇ ਵਿਦਿਆਰਥੀਆਂ ਨੇ ਸਮਾਰਟਵੇ ਇਨਵੈਸਟਮੈਂਟ ਬਠਿੰਡਾ ਦਾ ਵਿੱਦਿਅਕ ਦੌਰਾ ਕੀਤਾ।ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਨਿਵੇਸ਼, ਵਿੱਤੀ ਯੋਜਨਾ ਤੇ ਸ਼ੇਅਰ ਮਾਰਕਿਟ ਨਾਲ ਸੰਬੰਧਤ ਵਿਹਾਰਕ ਜਾਣਕਾਰੀ ਪ੍ਰਦਾਨ ਕਰਨਾ ਸੀ।ਦੌਰੇ ਦੌਰਾਨ ਸਮਾਰਟਵੇ ਇਨਵੈਸਟਮੈਂਟ ਦੇ ਮਾਹਰਾਂ ਨੇ ਵਿਦਿਆਰਥੀਆਂ ਨੂੰ ਮਿਊਚੁਅਲ ਫੰਡ, ਸ਼ੇਅਰ ਮਾਰਕੀਟ, ਬੀਮਾ ਯੋਜਨਾਵਾਂ, ਐਸਆਈਪੀ ਤੇ ਦੀਰਘਕਾਲੀਨ ਨਿਵੇਸ਼ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਕਿਵੇਂ ਸਹੀ ਨਿਵੇਸ਼ ਰਾਹੀਂ ਭਵਿੱਖ ਨੂੰ ਸੁਰੱਖਿਅਤ ਬਣਾਇਆ ਜਾ ਸਕਦਾ ਹੈ ਤੇ ਵਿੱਤੀ ਫ਼ੈਸਲੇ ਲੈਂਦੇ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਦੌਰੇ ਦੌਰਾਨ ਬੱਚਿਆਂ ਨੂੰ ਇਹ ਸਮਝਣ ਦਾ ਮੌਕਾ ਮਿਲਿਆ ਕਿ ਨਿਵੇਸ਼ ਅਤੇ ਰੋਜ਼ਗਾਰ ਆਪਸ ਵਿੱਚ ਜੁੜੇ ਹੋਏ ਹਨ।ਮਾਹਰਾਂ ਨੇ ਬੱਚਿਆਂ ਨੂੰ ਦੱਸਿਆ ਕਿ ਜੇ ਕੋਈ ਵਿਅਕਤੀ ਸਹੀ ਤਰੀਕੇ ਨਾਲ ਆਪਣੇ ਪੈਸਿਆਂ ਦਾ ਨਿਵੇਸ਼ ਕਰਦਾ ਹੈ ਤਾਂ ਉਹ ਨਾ ਸਿਰਫ਼ ਆਪਣੇ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰ ਸਕਦਾ ਹੈ, ਸਗੋਂ ਹੋਰਾਂ ਲਈ ਵੀ ਰੋਜ਼ਗਾਰ ਸਿਰਜ ਸਕਦਾ ਹੈ।ਬੱਚਿਆਂ ਨੇ ਜਾਣਿਆ ਕਿ ਸ਼ੇਅਰ ਮਾਰਕੀਟ, ਮਿਊਚੁਅਲ ਫੰਡ, ਸਟਾਰਟਅੱਪ ਤੇ ਛੋਟੇ ਕਾਰੋਬਾਰਾਂ ਵਿੱਚ ਨਿਵੇਸ਼ ਕਰਕੇ ਆਮਦਨ ਦੇ ਨਵੇਂ ਸਰੋਤ ਵਿਕਸਤ ਕੀਤੇ ਜਾ ਸਕਦੇ ਹਨ।ਇਸ ਦੌਰੇ ਤੋਂ ਬੱਚਿਆਂ ਨੂੰ ਇਹ ਸਿੱਖਿਆ ਮਿਲੀ ਕਿ ਸਮਝਦਾਰੀ ਨਾਲ ਕੀਤਾ ਗਿਆ ਨਿਵੇਸ਼ ਭਵਿੱਖ ਵਿੱਚ ਆਰਥਿਕ ਸੁਰੱਖਿਆ ਦੇ ਨਾਲ-ਨਾਲ ਆਤਮਨਿਰਭਰਤਾ ਤੇ ਰੋਜ਼ਗਾਰ ਸਿਰਜਣ ਦਾ ਮਾਧਿਅਮ ਬਣ ਸਕਦਾ ਹੈ।ਵਿਦਿਆਲੇ ਦੇ ਉਪ-ਚੇਅਰਮੈਨ ਅਮਿਤ ਸਰਾਫ਼ ਨੇ ਦੱਸਿਆ ਕਿ ਵਿੱਦਿਅਕ ਦੌਰਿਆਂ ਨਾਲ ਬੱਚਿਆਂ ਨੂੰ ਪੁਸਤਕਾਂ ਦੇ ਗਿਆਨ ਦੇ ਨਾਲ-ਨਾਲ ਹਕੀਕਤੀ ਜੀਵਨ ਵਿੱਚ ਲਾਭਕਾਰੀ ਅਨੁਭਵ ਵੀ ਪ੍ਰਾਪਤ ਹੁੰਦੇ ਹਨ।ਉਨ੍ਹਾਂ ਇਸ ਦੌਰੇ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਅਜਿਹੇ ਦੌਰੇ ਵਿਦਿਆਰਥੀਆਂ ਵਿੱਚ ਵਿੱਤੀ ਸਾਕਸ਼ਰਤਾ ਵਧਾਉਣ ਤੇ ਉਨ੍ਹਾਂ ਦੇ ਕਰੀਅਰ ਨੂੰ ਸਹੀ ਦਿਸ਼ਾ ਦੇਣ ਵਿੱਚ ਸਹਾਇਕ ਸਾਬਿਤ ਹੁੰਦੇ ਹਨ। ਉਨ੍ਹਾਂ ਬੱਚਿਆਂ ਨੂੰ ਪ੍ਰਤੱਖ ਰੂਪ ਵਿੱਚ ਗਿਆਨਵਰਧਨ ਕਰਨ ਲਈ ਸਮਾਰਟਵੇ ਇਨਵੈਸਟਮੈਂਟ ਬਠਿੰਡਾ ਦੀ ਟੀਮ ਦਾ ਧੰਨਵਾਦ ਪ੍ਰਗਟ ਕੀਤਾ।

## ਐੱਨ ਐੱਮ ਐੱਮ ਐੱਸ ਸਕਾਲਰਸ਼ਿਪ ਪ੍ਰੀਖਿਆ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਸੈਸ਼ਨ 2025-26 ਲਈ ਨੈਸ਼ਨਲ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ ਪ੍ਰੀਖਿਆ ਤੇ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ 4 ਜਨਵਰੀ ਨੂੰ ਸਮੁੱਚੇ ਪੰਜਾਬ ਵਿੱਚ ਤਹਿਸੀਲ ਪੱਧਰ 'ਤੇ ਕੀਤੀ ਜਾ ਰਹੀ ਹੈ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਇਹ ਪ੍ਰੀਖਿਆ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ ਦੀ ਯੋਗ ਅਗਵਾਈ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ ਦੀ ਰਹਿਨੁਮਾਈ ਹੇਠ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਮੀਡੀਆ ਕੁਆਰਡੀਨੇਟਰ ਸਿੱਖਿਆ ਵਿਭਾਗ ਸ੍ਰੀ ਮੁਕਤਸਰ ਸਾਹਿਬ ਸ੍ਰੀ ਜਸਵਿੰਦਰ ਪਾਲ ਸ਼ਰਮਾ ਨੇ ਸਾਂਝੀ ਕੀਤੀ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਦਫਤਰ ਵੱਲੋਂ ਸੰਜੀਵ ਕੁਮਾਰ ਭੱਟੀ ਤੇ ਜੱਗੀ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪ੍ਰੀਖਿਆ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ 4 ਜਨਵਰੀ ਨੂੰ ਸਮਾਂ 11 ਤੋਂ ਬਾਅਦ ਦੁਪਹਿਰ 2 ਵਜੇ ਤੱਕ ਕਰਵਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚੋਂ ਨੈਸ਼ਨਲ ਮੀਨਜ਼-ਕਮ-ਮੈਰਿਟ ਤੇ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਵਿੱਚ ਅੱਠਵੀਂ ਤੇ ਦਸਵੀਂ ਜਮਾਤ ਦੇ ਕੁੱਲ 4708 ਵਿਦਿਆਰਥੀ ਭਾਗ ਲੈ ਰਹੇ ਹਨ।

## ਨਵੇਂ ਵਰ੍ਹੇ ਦੀ ਆਮਦ ਮੌਕੇ ਚੇਅਰਮੈਨ ਜੱਸੀ ਨੂੰ ਆਪ ਆਗੂਆਂ ਦਿੱਤੀ ਵਧਾਈ

**ਨਾਭਾ (ਵਰਿੰਦਰ ਵਰਮਾ)**-ਟਰੱਕ ਯੂਨੀਅਨ ਭਾਦਸੋਂ ਦੇ ਪ੍ਰਧਾਨ ਸੁੱਖ ਘੁੰਮਣ ਚਾਸਵਾਲ, ਬਲਾਕ ਸੰਮਤੀ ਮੈਂਬਰ ਕੇਵਲ ਸਿੰਘ ਰਣਜੀਤਗੜ੍ਹ, ਯੂਥ ਆਗੂ ਸੁਖਜੀਤ ਸਿੰਘ ਹਾਂਸ, ਜਸਪ੍ਰੀਤ ਸਿੰਘ ਰਾਇਮਲ ਮਾਜਰੀ, ਸੁਖਚੈਨ ਸਿੰਘ ਕੁਲਾਰਾਂ, ਸੰਤੋਖ ਸਿੰਘ ਕੁਲਾਰਾਂ, ਗੁਰਜੀਤ ਸਿੰਘ ਕੋਟ ਕਲਾਂ, ਪਰਮਿੰਦਰ ਸਿੰਘ ਭੰਗੂ, ਲਾਡੀ ਖਹਿਰਾ, ਮੋਹਨ ਸਿੰਘ ਚੱਠੇ, ਜਸਕਰਨਵੀਰ ਸਿੰਘ ਤੇਜੇ, ਜਤਿੰਦਰ ਸਿੰਘ ਕਾਲਾ ਤੇ ਰੋਹੀ ਸਿੰਘ ਆਦਿ ਨੇ ਨਵੇਂ ਸਾਲ ਦੀ ਆਮਦ ਮੌਕੇ ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਨਾਭਾ ਦੇ ਹੋਣਹਾਰ ਆਗੂ ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਮਿਲ ਕੇ ਨਵੇਂ ਸਾਲ ਦੀ ਵਧਾਈ ਦਿੱਤੀ ਤੇ ਆਉਣ ਵਾਲੇ ਸਮੇਂ ਲਈ ਉਨ੍ਹਾਂ ਨੂੰ ਸ਼ੁੱਭ-ਇੱਛਾਵਾਂ ਦਿੱਤੀਆਂ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਮੁੱਚੇ ਪੰਜਾਬ ਵਾਸੀਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਇਹ ਸਾਲ ਸਾਰੇ ਪੰਜਾਬ ਵਾਸੀਆਂ ਲਈ ਸੁੱਖ ਸ਼ਾਂਤੀ ਤੇ ਖੁਸ਼ਹਾਲੀ ਲੈ ਕੇ ਆਵੇਗਾ।

## ਗੁਰਦੁਆਰਾ ਗੁਰੂ ਨਾਨਕਪੁਰਾ ਤੋਂ ਸਜੇ ਨਗਰ ਕੀਰਤਨ ਦਾ ਸ਼ਹਿਰੀਆਂ ਵੱਲੋਂ ਭਰਵਾਂ ਸਵਾਗਤ



**ਜਗਰਾਓਂ (ਅਮਿਤ ਖੰਨਾ)**

ਇਲਾਕੇ ਦਾ ਪ੍ਰਸਿੱਧ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਤੋਂ ਇੱਕ ਵਿਸ਼ਾਲ ਨਗਰ ਕੀਰਤਨ ਸਵੇਰੇ ਕਰੀਬ 11 ਵਜੇ ਗੁਰਦੁਆਰਾ ਗੁਰੂ ਨਾਨਕ ਪੁਰੀ ਮੋਰੀ ਗੇਟ ਤੋਂ ਆਰੰਭ ਹੋਇਆ, ਜੋ ਸ਼ਹਿਰ ਦੀ ਪਰਿਕਰਮਾ ਕਰਦਾ ਦੇਰ ਸ਼ਾਮ ਗੁਰਦੁਆਰਾ ਮੋਰੀ ਗੇਟ ਸਾਹਿਬ ਵਿਖੇ ਹੀ ਸੰਪੰਨ ਹੋਇਆ। ਗੁਰਦੁਆਰਾ ਦੇ ਹੈੱਡ ਗ੍ਰੰਥੀ ਭਾਈ ਪਰਮਵੀਰ ਸਿੰਘ ਮੋਤੀ ਵੱਲੋਂ ਆਰੰਭਤਾ ਦੀ ਅਰਦਾਸ ਉਪਰੰਤ ਗੁਰੂ ਸਾਹਿਬ ਨੂੰ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਅਜੀਤ ਸਿੰਘ ਮਿਗਲਾਨੀ ਬੜੇ ਸਤਿਕਾਰ ਤੇ ਅਦਬ ਨਾਲ ਫੁੱਲਾਂ ਦੀ ਵਰਖਾ, ਜੈਕਾਰਿਆਂ ਦੀਆਂ ਗੂੰਜਾਂ ਤੇ ਬੈਂਡ ਬਾਜਿਆਂ ਦੀਆਂ ਮਨਮੋਹਕ ਧੁਨਾਂ ਨਾਲ ਬਹੁਤ ਹੀ ਸੁੰਦਰ ਸਜੀ ਟਰਾਲੀ ਵਿਖੇ ਸੁਸ਼ੋਭਿਤ ਕੀਤਾ ਗਿਆ।ਉਪਰੰਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਪ੍ਰਸਤੀ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਨੇ ਚਾਲੇ ਪਾਏ।ਪਾਲਕੀ ਸਾਹਿਬ ਦੇ ਪਿੱਛੇ ਨੌਜਵਾਨ ਤੇ ਬੀਬੀਆਂ ਬੜੇ ਮਿੱਠੜੇ ਸ਼ਬਦਾਂ ਦਾ ਗਾਇਨ ਕਰਦੀਆਂ ਰਹੀਆਂ।ਗੁਰੂ ਸਾਹਿਬ ਅੱਗੇ ਹੋ ਰਹੀ ਸੇਵਾ ਸਫਾਈ ਤੇ ਫੁੱਲਾਂ ਦੀ ਵਰਖਾ ਕਰਦਿਆਂ ਹਰ ਕੋਈ ਉਨ੍ਹਾਂ ਦੀ ਸ਼ਰਧਾ ਅੱਗੇ ਨਤਮਸਤਕ ਹੋਇਆ।ਪ੍ਰਬੰਧਕ ਕਮੇਟੀ ਦੇ ਮੈਂਬਰ ਪ੍ਰਧਾਨ ਪ੍ਰਿੰਸੀਪਲ ਚਰਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਪਣੀਆਂ ਡਿਊਟੀਆਂ ਬਖ਼ੂਬੀ ਨਿਭਾਅ ਰਹੇ ਸਨ।ਨਗਰ ਕੀਰਤਨ ਦਾ ਥਾਂ ਥਾਂ ਭਰਵਾਂ ਸਵਾਗਤ ਹੋ ਰਿਹਾ ਸੀ।ਦੁਕਾਨਦਾਰ ਤੇ ਸ਼ਹਿਰੀਆਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਲੰਗਰ ਲਾ ਕੇ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਦੀ ਸੇਵਾ ਵਿੱਚ ਜੁਟੇ ਹੋਏ ਸਨ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਇੰਦਰਪਾਲ ਸਿੰਘ ਵਛੇਰ ਨੇ ਦੱਸਿਆ ਕਿ ਚਾਰ ਜਨਵਰੀ ਨੂੰ ਸਵੇਰੇ 11 ਵਜੇ ਗੁਰਬਾਣੀ ਗਿਆਨ ਮੁਕਾਬਲੇ ਕਰਵਾਏ ਜਾਣਗੇ ਤੇ ਜੇਤੂਆਂ ਨੂੰ ਦਿਲਕਸ਼ ਇਨਾਮਾਂ ਨਾਲ ਸਨਮਾਨਿਆ ਜਾਵੇਗਾ। ਰਾਤ ਨੂੰ ਵਿਸ਼ੇਸ਼ ਦੀਵਾਨ ਸਜਣਗੇ, ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਕੀਰਤਨ ਕਰਨਗੇ।5 ਜਨਵਰੀ ਨੂੰ ਸਵੇਰੇ 10 ਵਜੇ ਚੱਲ ਰਹੀ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪੈਣਗੇ, ਉਪਰੰਤ ਰਾਤ ਨੂੰ 6 ਤੋਂ 10 ਵਜੇ ਦੀਵਾਨ ਸੱਜਣਗੇ।ਸਾਰੇ ਸਮਾਗਮਾਂ ਵਿੱਚ ਗੁਰੂ ਕੇ ਲੰਗਰ ਅਟੁੱਟ ਵਰਤਦੇ ਰਹਿਣਗੇ।

## ਸਰਕਾਰ ਪਾਏ ਗਏ ਪਰਚੇ ਤੁਰੰਤ ਲਵੇ ਵਾਪਸ : ਡੀ ਟੀ ਐੱਫ



**ਮਾਨਸਾ (ਆਤਮਾ ਸਿੰਘ ਪਮਾਰ)**-ਮੁੱਖ ਮੰਤਰੀ ਦੇ ਜਪਾਨ ਦੌਰੇ ਦੌਰਾਨ ਪੰਜਾਬ ਵਿੱਚ ਹੈਲੀਕਾਪਟਰ ਦੀ ਹੋ ਰਹੀ ਵਰਤੋਂ ਨੂੰ ਲੈ ਕੇ ਸਵਾਲ ਪੁੱਛਣ ਵਾਲੇ ਪੱਤਰਕਾਰਾਂ ਮਨਿੰਦਰਜੀਤ ਸਿੱਧੂ, ਮਿੰਟੂ ਗੁਰੂਸਰੀਆ ਤੇ ਆਰ.ਟੀ.ਆਈ ਐਕਟੀਵਿਸਟ ਮਾਣਕ ਗੋਇਲ ਸਮੇਤ 10 ਪੱਤਰਕਾਰਾਂ 'ਤੇ ਭਗਵੰਤ ਮਾਨ ਸਰਕਾਰ ਵੱਲੋਂ ਕੇਸ ਦਰਜ ਕਰਨ ਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਮਾਨਸਾ ਨੇ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ।ਫਰੰਟ ਦੇ ਪੰਜਾਬ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ.ਟੀ.ਐਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਕਿ ਇਹ ਕੇਸ ਦਰਜ ਕਰਨਾ ਸੰਵਿਧਾਨ ਅਨੁਸਾਰ ਬੋਲਣ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਹੈ ਤੇ ਪੰਜਾਬ ਦੇ ਲੋਕ ਇਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ।ਆਗੂਆਂ ਨੇ ਕਿਹਾ ਕਿ ਪੰਜਾਬ 'ਚ ਅਣਐਲਾਨੀ ਐਮਰਜੈਂਸੀ ਵਰਗੇ ਹਾਲਾਤ ਬਣੇ ਹੋਏ ਹਨ। ਸਰਕਾਰ ਨੂੰ ਸਵਾਲ ਕਰਨ ਵਾਲੇ ਲੋਕ ਜਾਂ ਪੱਤਰਕਾਰ ਤੇ ਆਮ ਲੋਕਾਂ ਲਈ ਲੜ ਰਹੀਆਂ ਜਥੇਬੰਦੀਆਂ ਦੇ ਆਗੂਆਂ ਨੂੰ ਕੇਸ ਪਾ ਕੇ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ। ਆਗੂਆਂ ਨੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਡੱਕਣ ਦੀ ਵੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ।ਡੀ.ਟੀ.ਐਫ਼ ਦੇ ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਨਵੀਨ ਬੋਹਾ ਤੇ ਗੁਰਪ੍ਰੀਤ ਭੀਖੀ ਨੇ ਕਿਹਾ ਕਿ ਜੋ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਆਪ ਦੀ ਸਰਕਾਰ ਬਣਨ ਤੋਂ ਪਹਿਲਾਂ ਰੈਲੀਆਂ ਦੌਰਾਨ ਲੋਕਾਂ ਨੂੰ ਸਵਾਲ ਪੁੱਛਣ ਬਾਰੇ ਕਹਿੰਦੇ ਸਨ, ਪਰ ਹੁਣ ਸਰਕਾਰ ਬਣਨ 'ਤੇ ਜੋ ਕੋਈ ਸਵਾਲ ਕਰਦਾ ਹੈ ਉਸ ਨੂੰ ਤਾਂ ਕੇਸ ਪਾ ਦਿੱਤਾ ਜਾਂਦਾ ਹੈ।

## ਦੇਵ ਮਾਨ ਵੱਲੋਂ ਹੱਲੋਤਾਲੀ-ਭਾਦਸੋਂ ਸੜਕ ਦਾ ਉਦਘਾਟਨ



**ਨਾਭਾ (ਵਰਿੰਦਰ ਵਰਮਾ)**-ਨਾਭਾ ਦੇ ਨੇੜਲੇ ਪਿੰਡ ਹੱਲੋਤਾਲੀ-ਭਾਦਸੋਂ ਮੁੱਖ ਮਾਰਗ ਤੱਕ 5.48 ਕਿਲੋਮੀਟਰ, 78.80 ਲੱਖ (ਮੁਰੰਮਤ ਲਈ 22.37 ਲੱਖ) ਕੁੱਲ 101.12 ਲੱਖ ਲਾਗਤ ਨਾਲ ਬਣਨ ਵਾਲੀ ਸੜਕ ਦਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਨੀਂਹ ਪੱਥਰ ਰੱਖਿਆ।ਇਸ ਦੇ ਨਾਲ ਹੀ ਪਿੰਡ ਨਾਨੋਕੀ ਤੋਂ ਪਿੰਡ ਮਾਂਗੇਵਾਲ 3.48 ਕਿਲੋਮੀਟਰ 50:53 ਲੱਖ (ਮੁਰੰਮਤ ਲਈ 14.21 ਲੱਖ) ਕੁੱਲ 64.74 ਦੀ ਲਾਗਤ ਨਾਲ ਬਣਕੇ ਤਿਆਰ ਹੋਵੇਗੀ।ਇਸ ਦਾ ਵਿਧਾਇਕ ਦੇਵ ਮਾਨ ਵੱਲੋਂ ਨੀਂਹ ਪੱਥਰ ਰੱਖਿਆ ਗਿਆ।ਇਸ ਨਾਲ ਪਿੰਡ ਹੱਲੋਤਾਲੀ, ਸਕਰਾਲੀ ਤੇ ਨਾਨੋਕੀ ਦੀਆਂ ਸਮੁੱਚੀਆਂ ਪੰਚਾਇਤਾਂ ਤੇ ਇਲਾਕੇ ਦੇ ਲੋਕਾਂ ਦੀ ਕਈ ਸਾਲਾਂ ਤੋਂ ਵੱਡੀ ਮੰਗ ਪੂਰੀ ਹੋਣ ਜਾ ਰਹੀ ਹੈ।ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਭਰ ਵਿੱਚ ਵੱਡੇ ਪੱਧਰ 'ਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਮਾਨ ਸਰਕਾਰ ਦਾ ਮਕਸਦ ਹੈ ਕਿ ਪਿੰਡਾਂ ਤੇ ਸ਼ਹਿਰਾਂ ਦੀ ਨੁਹਾਰ ਬਦਲੀ ਜਾਵੇ।ਉਨ੍ਹਾਂ ਕਿਹਾ ਕਿ ਹਲਕੇ ਦੀ ਨੁਹਾਰ ਬਦਲਣ ਵਿੱਚ ਕਿਸੇ ਪ੍ਰਕਾਰ ਦੀ ਗਰਾਂਟ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕਿਟ ਕਮੇਟੀ ਭਾਦਸੋਂ, ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਧਰਮਿੰਦਰ ਸਿੰਘ ਸੁੱਖੇਵਾਲ, ਭੁਪਿੰਦਰ ਸਿੰਘ ਕੱਲਰਮਾਜਰੀ ਮੈਂਬਰ ਬਲਾਕ ਸੰਮਤੀ, ਪ੍ਰਗਟ ਸਿੰਘ ਮਾਂਗੇਵਾਲ, ਸਰਬਜੀਤ ਸਿੰਘ ਬਿੱਲੂ ਮੈਂਬਰ ਬਲਾਕ ਸੰਮਤੀ, ਸੱਜਣ ਸਿੰਘ, ਰਣਜੀਤ ਸਿੰਘ, ਸਤਨਾਮ ਸਿੰਘ, ਈਸ਼ਵਰ ਸਿੰਘ, ਜਸਵੀਰ ਸਿੰਘ ਵਜੀਦਪੁਰ, ਸੁਖਦੀਪ ਸਿੰਘ ਖਹਿਰਾ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

## ਸਰੀਰ ਦਾਨ ਸੰਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਐੱਸ.ਬੀ.ਆਈ. ਬ੍ਰਾਂਚ ਮਹਿਰਾਜ ਦੇ ਮੈਨੇਜਰ ਨੌਰੰਗ ਲਾਲ ਤੇ ਉਨ੍ਹਾਂ ਦੀ ਧਰਮਪਤਨੀ ਸੋਨੂੰ ਦੇ ਸਦਕਾ ਅਤੇ ਨਗਰ ਵਾਸੀਆਂ ਤੇ ਸੇਵਾ ਵੈੱਲਫੇਅਰ ਸੁਸਾਇਟੀ ਮਹਿਰਾਜ ਦੇ ਸਹਿਯੋਗ ਨਾਲ ਸਰੀਰ ਦਾਨ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਮੈਨੇਜਰ ਨੌਰੰਗ ਲਾਲ ਨੇ ਕਿਹਾ ਕਿ ਸੰਸਾਰ ਵਿੱਚ ਸਰੀਰ ਦਾਨ, ਅੰਗ ਦਾਨ ਤੇ ਨੇਤਰ ਦਾਨ ਤੋਂ ਵੱਡਾ ਕੋਈ ਦਾਨ ਨਹੀਂ।ਨੰਦੀ ਗਊਸ਼ਾਲਾ ਦੇ ਸੇਵਾਦਾਰ ਸੰਤ ਅਕਾਸ਼ ਮੁੰਨੀ ਜੀ, ਨਗਰ ਪੰਚਾਇਤ ਮਹਿਰਾਜ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੀਰਾ, ਉੱਘੇ ਮੱਛੀ ਪਾਲਣ ਰਾਜਵੀਰ ਸਿੰਘ ਰਾਜਾ, ਹਰਪਾਲ ਸਿੰਘ (ਪੰਜਾਬ ਪੁਲਸ), ਇੰਸਪੈਕਟਰ ਸੁਖਵਿੰਦਰ ਸਿੰਘ ਸਿੱਧੂ, ਸੇਵਾ ਮੁਕਤ ਸਬ ਇੰਸਪੈਕਟਰ ਅਮਰਜੀਤ ਕੌਰ, ਸਰਪੰਚ ਸੁਖਵੀਰ ਕੌਰ ਮਾਇਸਰਖਾਨਾ, ਚੇਅਰਮੈਨ ਰਜਿੰਦਰ ਸਿੰਘ ਬਾਹੀਆ ਆਦਿ ਨੇ ਕਿਹਾ ਕਿ ਮਨੁੱਖ ਨੂੰ ਜਿਉਂਦੇ ਜੀ ਖ਼ੂਨ ਦਾਨ ਤੇ ਮੌਤ ਉਪਰੰਤ ਸਰੀਰ, ਅੰਗ ਤੇ ਨੇਤਰ ਦਾਨ ਕਰਨੇ ਚਾਹੀਦੇ ਹਨ ਤਾਂ ਜੋ ਲੋੜਵੰਦਾਂ ਨੂੰ ਨਵਾਂ ਜੀਵਨ ਮਿਲ ਸਕੇ।ਸਟੇਜ ਸਕੱਤਰ ਤੇ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਨੇ ਲੋਕਾਂ ਨੂੰ ਮਾਨਵਤਾ ਭਲਾਈ ਦੇ ਇਨ੍ਹਾਂ ਕਾਰਜਾਂ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਮੌਕੇ ਹਰਦੇਵ ਸਿੰਘ, ਰਕੇਸ਼ ਤਾਇਲ, ਮਿਲਵਰਤਣ ਭੰਡਾਰੀ, ਫਕੀਰ ਚੰਦ, ਅਮਰਦੀਪ ਸਿੰਘ ਤੇ ਮਨਵੀਰ ਸਿੰਘ, ਮਨਦੀਪ ਸਿੰਘ ਆਦਿ ਹਾਜ਼ਰ ਸਨ।

## ਗੁਰੂ ਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਭਲਕੇ



**ਕੋਟ ਈਸੇ ਖਾਂ (ਅਰੋੜਾ)**-ਦਸਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਪੁਰਬ ਦੀ ਆਮਦ ਨੂੰ ਸਮਰਪਤ ਧਾਰਮਿਕ ਸਮਾਗਮ 5 ਜਨਵਰੀ ਨੂੰ ਗੁਰਦੁਆਰਾ ਬਾਬਾ ਉੱਤਮ ਸਿੰਘ ਜੀ ਵਿਖੇ ਪੂਰੀ ਸ਼ਰਧਾ, ਸਤਿਕਾਰ ਨਾਲ ਮਨਾਇਆ ਜਾਵੇਗਾ।ਇਸ ਪਾਵਨ ਮੌਕੇ ਸਮਾਗਮ ਦੀ ਸ਼ੁਰੂਆਤ ਸਵੇਰੇ ਗੁਰਬਾਣੀ ਦੇ ਪਾਠ ਨਾਲ ਹੋਵੇਗੀ, ਜਿਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਤੇ ਹੋਰ ਗੁਰਬਾਣੀ ਪਾਠਾਂ ਦੀ ਲੜੀ ਚਲਾਈ ਜਾਵੇਗੀ।ਸ਼ਾਮ 6 ਤੋਂ 7 ਵਜੇ ਦਰਮਿਆਨ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਵਿਸ਼ੇਸ਼ ਕੀਰਤਨ ਦਰਬਾਰ ਸਜਾਇਆ ਜਾਵੇਗਾ।ਇਸ ਮੌਕੇ ਪ੍ਰਸਿੱਧ ਕੀਰਤਨੀਏ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਦਰਸ਼ਨ ਸਿੰਘ ਜੀ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਾਵੇਗਾ, ਇਸ ਧਾਰਮਿਕ ਸਮਾਗਮ ਦੌਰਾਨ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ।ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਦਰਸ਼ਨ ਸਿੰਘ, ਭਾਈ ਦਵਿੰਦਰ ਸਿੰਘ, ਗੁਰਜੀਤ ਸਿੰਘ ਪ੍ਰਿੰਸ, ਮਨੀਸ਼ ਵਰਮਾ, ਪੰਕਜ ਛਾਬੜਾ, ਗੁਰਜੀਤ ਸਿੰਘ, ਗੁਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਹੈਪੀ, ਬੱਬਲ ਅਤੇ ਕੁਲਦੀਪ ਸਿੰਘ ਆਦਿ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

## ਪ੍ਰਕਾਸ਼ ਦਿਹਾੜੇ ਸੰਬੰਧੀ ਝਤਰਾ 'ਚ ਨਗਰ ਕੀਰਤਨ



**ਜ਼ੀਰਾ (ਰੂਪ ਸਿੰਘ ਸੰਧੂ)**-ਪਿੰਡ ਝੱਤਰਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 569ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਦੌਰਾਨ ਪਿੰਡ ਦੇ ਸੰਧੂ ਪੱਤੀ ਦੇ ਗੁਰਦੁਆਰਾ ਸਾਹਿਬ ਵਿਖੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ।ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪਾਲਕੀ ਵਿੱਚ ਸੁਸ਼ੋਭਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਨਗਰ ਕੀਰਤਨ ਕੱਢਿਆ ਗਿਆ।ਇਸ ਦੌਰਾਨ ਨਗਰ ਕੀਰਤਨ ਵਿੱਚ ਸ਼ਾਮਲ ਸੰਗਤ ਲਈ ਪਿੰਡ ਵਾਸੀਆਂ ਵੱਲੋਂ ਵੱਖ-ਵੱਖ ਪੜਾਵਾਂ ਵਿੱਚ ਚਾਹ, ਪਾਣੀ, ਪਕੌੜਿਆਂ, ਬਰਫੀ, ਦੁੱਧ ਆਦਿ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸੁਰਜੀਤ ਗੱਤਕਾ ਸਪੋਰਟਸ ਕਲੱਬ ਭਿੰਡਰ ਕਲਾਂ (ਮੋਗਾ) ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਢਾਡੀ ਜਥਾ ਗਿਆਨੀ ਕਰਮ ਸਿੰਘ ਮਹਾਲਮੀਆਂ ਨੇ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਨਗਰ ਕੀਰਤਨ ਵਿੱਚ ਸਰਪੰਚ ਦਲਜੀਤ ਸਿੰਘ ਧਾਲੀਵਾਲ, ਸਾਬਕਾ ਸਰਪੰਚ ਹਰਦੀਪ ਸਿੰਘ ਬਾਠ, ਸਾਬਕਾ ਸਰਪੰਚ ਕਸ਼ਮੀਰ ਸਿੰਘ ਸੰਧੂ, ਸਾਬਕਾ ਸਰਪੰਚ ਗੁਰਚਰਨ ਸਿੰਘ, ਰੂਪ ਸਿੰਘ ਸੰਧੂ ਐਨ.ਆਰ. ਆਈ ਯੂ.ਐੱਸ.ਏ., ਗੁਰਜੰਟ ਸਿੰਘ ਬਾਠ ਕੈਨੇਡਾ, ਸੁੱਖਾ ਸੰਧੂ, ਮਿਹਰ ਸਿੰਘ ਬਾਠ, ਬਾਬਾ ਹਰਜੀਤ ਸਿੰਘ, ਬਾਬਾ ਗੁਰਮੇਲ ਸਿੰਘ, ਬਾਬਾ ਹਰਜਿੰਦਰ ਸਿੰਘ ਤੇ ਸੰਧੂ ਪੱਤੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮੇਜਰ ਸਿੰਘ, ਅਹੁਦੇਦਾਰ ਦਿਲਬਾਗ ਸਿੰਘ, ਮਲਕੀਤ ਸਿੰਘ, ਛਿੰਦਾ, ਦੀਪਾ ਫੌਜੀ,ਜੈਕ ਸੰਧੂ, ਮਾਸਟਰ ਗੁਰਜੰਟ ਸਿੰਘ, ਕੁਲਦੀਪ ਸਿੰਘ, ਕੇਵਲ ਸਿੰਘ, ਸਵਰਨ ਸਿੰਘ,ਜਸਵੰਤ ਸਿੰਘ, ਜੀਤ ਸਿੰਘ ਸੰਧੂ ਆਦਿ ਹਾਜ਼ਰ ਸਨ।

## ਜਿਮਖਾਨਾ ਕਲੱਬ ਦੇ ਸਕੱਤਰ ਹਰਪ੍ਰੀਤ ਸੰਧੂ ਦਾ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਰਜਿੰਦਰਾ ਜਿਮਖਾਨਾ ਕਲੱਬ ਦੇ ਰਿਕਾਰਡ ਚੌਥੀ ਵਾਰ ਸਕੱਤਰ ਬਣੇ ਹਰਪ੍ਰੀਤ ਸੰਧੂ ਨੂੰ ਕੁਨਾਲ ਅਗਰਵਾਲ, ਸੁਰਿੰਦਰ ਕਾਂਸਲ ਤੇ ਹੋਰ ਮੈਂਬਰਾਂ ਵੱਲੋਂ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਕਲੱਬ ਦੇ ਨਵ-ਨਿਯੁਕਤ ਸਕੱਤਰ ਹਰਪ੍ਰੀਤ ਸੰਧੂ ਨੇ ਕਿਹਾ ਕਿ ਉਨ੍ਹਾਂ ਦਾ ਸਾਰਾ ਧਿਆਨ ਕਲੱਬ ਦੇ 2900 ਮੈਂਬਰਾਂ ਨੂੰ ਵਧੀਆ ਸਹੂਲਤਾਂ ਦੇਣਾ, ਵਧੀਆ ਖਾਣਾ ਮੁਹੱਈਆ ਕਰਾਉਣਾ, ਵਧੀਆ ਮਨੋਰੰਜਨ ਤੇ ਖੇਡ ਸਹੂਲਤਾਂ ਪ੍ਰਦਾਨ ਕਰਨਾ ਹੈ ਅਤੇ ਕਲੱਬ ਮੈਂਬਰਾਂ ਦੇ ਬੱਚਿਆਂ ਤੇ ਪਰਿਵਾਰਕ ਮੈਂਬਰਾਂ ਨੂੰ ਹਰ ਤਰ੍ਹਾਂ ਦੀ ਵਧੀਆ ਸਹੂਲਤ ਪ੍ਰਦਾਨ ਕਰਨਾ ਹੈ, ਜਿਸ ਲਈ ਉਹ ਤੇ ਉਨ੍ਹਾਂ ਦੀ ਨਵੀਂ ਟੀਮ ਦੇ ਸਾਰੇ ਮੈਂਬਰ ਸਦਾ ਲਈ ਵਚਨਬੱਧ ਹਨ।ਇਸ ਮੌਕੇ ਕਲੱਬ ਦੇ ਜੁਆਇੰਟ ਸਕੱਤਰ ਰੋਹਿਤ ਗੁਪਤਾ ਤੇ ਖਜ਼ਾਨਚੀ ਮੋਹਿਤ ਢੋਡੀ ਤੋਂ ਇਲਾਵਾ ਹੋਰ ਵੀ ਮੈਂਬਰ ਮੌਕੇ 'ਤੇ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਬਿਜਲੀ ਸੋਧ ਤੇ ਬੀਜ ਬਿੱਲ ਖਿਲਾਫ ਪਿੰਡਾਂ 'ਚ ਝੰਡਾ ਮਾਰਚ

**16 ਦੇ ਜ਼ਿਲ੍ਹਾ ਪੱਧਰੀ ਧਰਨਿਆਂ 'ਚ ਲੋਕਾਂ ਨੂੰ ਵਧ-ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ**



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**

ਸੰਯੁਕਤ ਕਿਸਾਨ ਮੋਰਚੇ ਵੱਲੋਂ ਗੁਰੂ ਹਰਸਹਾਏ ਦੇ ਵੱਖ-ਵੱਖ ਪਿੰਡਾਂ ਵਿੱਚ ਲੋਕਾਂ ਨੂੰ ਬਿਜਲੀ ਸੋਧ ਬਿਲ ਇੱਕ ਮੋਟਰਸਾਈਕਲ ਝੰਡਾ ਮਾਰਚ ਕੀਤਾ ਗਿਆ, ਜਿਸ ਦੀ ਅਗਵਾਈ ਬੀ ਕੇ ਯੂ ਡਕਾਉਂਦਾ (ਧਨੇਰ) ਦੇ ਸੂਬਾਈ ਸਕੱਤਰ ਹਰਨੇਕ ਮਹਿਮਾਂ, ਜੰਗੀਰ ਸਿੰਘ ਜ਼ਿਲ੍ਹਾ ਪ੍ਰਧਾਨ, ਬਲਾਕ ਪ੍ਰਧਾਨ ਸੁਖਦੇਵ ਪੰਜੇ ਕੇ, ਬੀ ਕੇ ਯੂ ਡਕਾਉਂਦਾ (ਬੁਰਜਗਿੱਲ) ਦੇ ਸੂਰਜ ਪ੍ਰਕਾਸ਼ ਜ਼ਿਲ੍ਹਾ ਪ੍ਰਧਾਨ, ਰਤਨ ਸਿੰਘ, ਰਾਜ ਸਿੰਘ ਪ੍ਰੈੱਸ ਸਕੱਤਰ, ਨਰੇਸ਼ ਸੇਠੀ ਪੈਨਸ਼ਨਰ ਯੂਨੀਅਣ, ਸ਼ਿੰਗਾਰ ਚੰਦ ਤੇ ਸੁਰਿੰਦਰ ਕੁਮਾਰ, ਕਰਨ ਕੁਮਾਰ, ਟੈਕਨੀਕੈਲ ਸਰਵਿਸ ਯੂਨੀਅਨ, ਚਰਨਜੀਤ ਸਿੰਘ ਛਾਂਗਾਰਾਏ ਸੂਬਾ ਸਕੱਤਰ ਸਰਬ ਭਾਰਤ ਨੌਜਵਾਨ ਸਭਾ, ਰਾਜ ਕੁਮਾਰ ਬਹਾਦਰ ਕੇ ਤੇ ਢੋਲਾ ਮਾਹੀ ਕੁੱਲ ਹਿੰਦ ਕਿਸਾਨ ਸਭਾ, ਬੀ ਕੇ ਯੂ ਲੱਖੋਵਾਲ ਦੇ ਬਲਾਕ ਪ੍ਰਧਾਨ ਗੁਰਮੀਤ ਸਿੰਘ ਮੋਠਾਂਵਾਲਾ ਨੇ ਕੀਤੀ।ਇਹ ਮੋਟਰਸਾਈਕਲ ਝੰਡਾ ਮਾਰਚ ਗੁਰੂ ਹਰਸਹਾਏ ਤੋਂ ਸ਼ੁਰੂ ਹੋ ਕੇ ਮੋਹਣ ਕੇ ਉਤਾੜ, ਗੋਲੂ ਕਾ ਮੋੜ, ਪਿੰਡੀ ਬਾਜੇ ਕੇ, ਮੇਘਾ ਰਾਏ ਉਤਾੜ, ਬਹਾਦਰ ਕੇ, ਚੱਕ ਛਾਂਗਾ ਰਾਏ ਹਿਠਾੜ, ਛੀਬੇ ਵਾਲਾ, ਚਾਂਦੀ ਵਾਲਾ, ਮੇਘਾ ਪੰਜ ਗਰਾਈ, ਲਾੜੀਆਂ, ਪੰਜੇ ਕੇ ਉਤਾੜ, ਜੀਵਾਂ ਅਰਾਈ, ਸੈਦੇ ਕੇ ਮੋੜ ਤੋਂ ਹੁੰਦਾ ਹੋਇਆ ਗੁਰੂ ਹਰਸਹਾਏ ਵਾਪਸ ਆ ਕੇ ਸਮਾਪਤ ਹੋਇਆ।ਇਸ ਮੌਕੇ ਵੱਖ ਵੱਖ ਪਿੰਡਾਂ ਵਿੱਚ ਲੋਕਾਂ ਦੇ ਭਰਵੇਂ ਇਕੱਠਾਂ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਤਿੰਨ ਕਾਲੇ ਖੇਤੀ ਕਾਨੂੰਨਾਂ ਦੀ ਤਰਹਾਂ ਬਿਜਲੀ ਸੋਧ ਬਿਲ ਤੇ ਬੀਜ ਬਿੱਲ ਲਿਆ ਕੇ ਕਿਸਾਨਾਂ ਤੇ ਆਮ ਜਨਤਾ ਦਾ ਘਾਣ ਕਰਨ ਦੀਆਂ ਨੀਤੀਆਂ 'ਤੇ ਬੜੇ ਜ਼ੋਰ ਨਾਲ ਅਮਲ ਕਰ ਰਹੀ ਹੈ।ਆਗੂਆਂ ਨੇ ਕਿਹਾ ਕਿ ਇਨ੍ਹਾਂ ਲੋਕ ਵਿਰੋਧੀ ਤੇ ਕਿਸਾਨ ਵਿਰੋਧੀ ਬਿਲਾਂ ਦੇ ਲਾਗੂ ਹੋਣ ਨਾਲ ਬਿਜਲੀ ਅੱਜ ਤੋਂ ਕਈ ਗੁਣਾ ਮਹਿੰਗੀ ਹੋ ਜਾਵੇਗੀ ਤੇ ਚਿੱਪ ਵਾਲੇ ਮੀਟਰਾਂ ਰਾਹੀਂ ਮਿਲਿਆ ਕਰੇਗੀ, ਜੋ ਆਮ ਜਨਤਾ ਦੀ ਪਹੁੰਚ ਤੋਂ ਦੂਰ ਹੋਵੇਗੀ।ਬੀਜ ਬਿੱਲ ਦੇ ਲਾਗੂ ਹੋਣ ਨਾਲ ਆਮ ਤੇ ਛੋਟੇ ਕਿਸਾਨਾਂ ਕੋਲੋਂ ਆਪਣੇ ਘਰ ਦੇ ਬੀਜ ਬਣਾ ਕੇ ਖੇਤੀ ਕਰਨ ਦਾ ਅਧਿਕਾਰ ਸਦਾ ਲਈ ਖੁਸ ਜਾਵੇਗਾ ਤੇ ਵੱਡੀਆਂ ਕਾਰਪੋਰੇਟ ਕੰਪਨੀਆਂ ਆਪਣੇ ਮੁਨਾਫੇ ਲਈ ਆਪਣੇ ਬੀਜ ਤਿਆਰ ਕਰਕੇ ਕਿਸਾਨਾਂ ਨੂੰ ਵੇਚਣਗੀਆਂ ਤੇ ਮੋਟੇ ਮੁਨਾਫ਼ੇ ਕਮਾਉਣਗੀਆਂ।ਕੰਪਨੀਆਂ ਵੱਲੋਂ ਤਿਆਰ ਕੀਤੇ ਬੀਜ ਖੇਤੀ ਸਿਹਤ ਦੇ ਨਾਲ ਨਾਲ ਮਨੁੱਖੀ ਸਿਹਤ 'ਤੇ ਬੁਰਾ ਅਸਰ ਪਾਉਣਗੇ।ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਕਾਨੂੰਨ ਨੂੰ ਖਤਮ ਕਰਕੇ ਨਵਾਂ ਕਾਨੂੰਨ ਲਾਗੂ ਕਰਕੇ ਨਰੇਗਾ ਮਜ਼ਦੂਰਾਂ ਦੇ ਹੱਕ 'ਤੇ ਡਾਕਾ ਮਾਰਿਆ ਹੈ।ਇਸ ਨਵੇਂ ਕਾਨੂੰਨ ਦੇ ਲਾਗੂ ਹੋਣ ਨਾਲ ਨਰੇਗਾ ਮਜ਼ਦੂਰਾਂ ਤੋਂ ਕੰਮ ਸਦਾ ਲਈ ਖੁਸ ਜਾਵੇਗਾ।ਆਗੂਆਂ ਨੇ ਇਸ ਮੋਟਰਸਾਈਕਲ ਮਾਰਚ ਰਾਹੀਂ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਆਉਣ ਵਾਲੀ 16 ਜਨਵਰੀ ਨੂੰ ਡੀ ਸੀ ਦਫਤਰਾਂ ਵਿਖੇ ਕੀਤੇ ਜਾ ਰਹੇ ਵਿਸ਼ਾਲ ਰੋਸ ਧਰਨਿਆਂ ਵਿੱਚ ਵੱਧ ਤੋਂ ਵੱਧ ਸ਼ਾਮਲ ਹੋ ਕੇ ਬਿਜਲੀ ਸੋਧ ਬਿਲ ਤੇ ਬੀਜ ਬਿੱਲ ਨੂੰ ਰੱਦ ਕਰਾਉਣ ਲਈ ਆਪਣਾ ਯੋਗਦਾਨ ਪਾਉਣ।

**ਸਮਰਾਲਾ (ਸੁਰਜੀਤ ਸਿੰਘ) :** ਸਮਰਾਲਾ ਤਹਿਸੀਲ ਦੀਆਂ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਸੁਖਵਿੰਦਰ ਸਿੰਘ ਭੱਟੀਆਂ ਮੀਤ ਪ੍ਰਧਾਨ ਬੀ. ਕੇ. ਯੂ. (ਰਾਜੇਵਾਲ), ਮਨਜੀਤ ਸਿੰਘ ਢੀਂਡਸਾ ਜ਼ਿਲ੍ਹਾ ਪ੍ਰਧਾਨ ਬੀ. ਕੇ. ਯੂ. (ਲੱਖੋਵਾਲ), ਸਕਿੰਦਰ ਸਿੰਘ ਮੰਡਲ ਪ੍ਰਧਾਨ ਪਾਰਵਕਾਮ ਪੈਨਸ਼ਨਰਜ਼ ਐਸੋ: ਸਮਰਾਲਾ ਦੀ ਅਗਵਾਈ ਹੇਠ ਉਕਤ ਬਿੱਲਾਂ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਮੋਟਰਸਾਈਕਲਾਂ, ਸਕੂਟਰਾਂ, ਕਾਰਾਂ ਤੇ ਹੋਰ ਵਾਹਨਾਂ ਉੱਤੇ ਸਵਾਰ ਹੋ ਕੇ ਸਮਰਾਲਾ ਸ਼ਹਿਰ ਤੇ ਮਾਛੀਵਾੜਾ ਸਾਹਿਬ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਗਿਆ।ਸਮਰਾਲਾ ਸ਼ਹਿਰ ਦੇ ਚੰਡੀਗੜ੍ਹ ਰੋਡ, ਬਹਿਲੋਲਪੁਰ ਰੋਡ, ਡੱਬੀ ਬਜ਼ਾਰ, ਚੌੜਾ ਬਜ਼ਾਰ ਆਦਿ ਥਾਵਾਂ ਵਿੱਚ ਇਹ ਮਾਰਚ ਕੱਢ ਕੇ ਆਮ ਲੋਕਾਂ ਨੂੰ ਲਾਮਬੰਦ ਕੀਤਾ ਅਤੇ ਕੁਝ ਥਾਵਾਂ ਤੇ ਰੁਕ ਕੇ ਸੰਬੋਧਨ ਵੀ ਕੀਤਾ।ਉਨ੍ਹਾਂ ਕਿਹਾ ਕਿ ਸਯੁੰਕਤ ਕਿਸਾਨ ਮੋਰਚਾ ਤੇ ਹੋਰ ਜਥੇਬੰਦੀਆਂ ਵੱਲੋਂ ਉਲੀਕੇ ਸੰਘਰਸ਼ ਤਹਿਤ 16 ਜਨਵਰੀ ਨੂੰ ਪੂਰੇ ਪੰਜਾਬ ਭਰ ਵਿੱਚ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਧਰਨੇ ਦਿੱਤੇ ਜਾਣਗੇ, ਜਿਸ ਵਿੱਚ ਆਮ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

## ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**

ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਪਿੰਡ ਭੱਬਾ ਵੱਟੂ ਉਤਾੜ ਬੱਸ ਅੱਡੇ 'ਤੇ ਮੈਡੀਕਲ ਸਟੋਰ ਤੇ ਡਾਕਟਰੀ ਦੁਕਾਨ ਤੋਂ 100 ਪ੍ਰੇਗਾ ਕੈਪਸੂਲ, 7038 ਨਸ਼ੀਲੀਆਂ ਗੋਲੀਆਂ ਤੇ 100 ਖੁੱਲ੍ਹੀਆਂ ਗੋਲੀਆਂ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਡਰੱਗ ਇੰਸਪੈਕਟਰ ਰਵੀ ਗੁਪਤਾ ਫਾਜ਼ਿਲਕਾ ਦੇ ਨਾਲ ਮੈਡੀਕਲ ਸਟੋਰ ਤੇ ਡਾਕਟਰੀ ਦੁਕਾਨ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਰਵਾਨਾ ਸੀ ਅਤੇ ਜਦੋਂ ਪੁਲਸ ਪਾਰਟੀ ਸਮੇਤ ਡਰੱਗ ਇੰਸਪੈਕਟਰ ਬੱਸ ਅੱਡਾ ਭੰਬਾ ਵੱਟੂ ਉਤਾੜ 'ਤੇ ਬਣੀ ਮੈਡੀਕਲ ਸਟੋਰ 'ਤੇ ਪੁੱਜੇ ਤਾਂ ਇਹ ਦੁਕਾਨ ਬੰਦ ਸੀ, ਜਿਸ 'ਤੇ ਪੁਲਸ ਨੇ ਸਰਪੰਚ ਨੂੰ ਨਾਲ ਲੈ ਕੇ ਇਸ ਦੁਕਾਨ ਦੀ ਚੈਕਿੰਗ ਕੀਤੀ ਗਈ ਤਾਂ ਇਸ ਦੁਕਾਨ ਵਿੱਚੋਂ 100 ਪ੍ਰੇਗਾ ਕੈਪਸੂਲ, 7038 ਨਸ਼ੀਲੀਆਂ ਗੋਲੀਆਂ ਤੇ 100 ਖੁੱਲ੍ਹੀਆਂ ਗੋਲੀਆਂ ਬਰਾਮਦ ਹੋਈਆ, ਜਿਸ 'ਤੇ ਪੁਲਸ ਨੇ ਸੁਖਦੇਵ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਭੰਬਾ ਵੱਟੂ ਹਿਠਾੜ ਨੂੰ ਨਸ਼ੇ ਦੀਆਂ ਗੋਲੀਆਂ ਤੇ ਕੈਪਸੂਲ ਸਣੇ ਕਾਬੂ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਵਿਖੇ ਮੁੱਕਦਮਾ ਦਰਜ ਕੀਤਾ ਹੈ।

# ਵੀ ਬੀ ਜੀ-ਰਾਮ-ਜੀ ਕਾਨੂੰਨ ਖਿਲਾਫ ਲੱਗਿਆ ਜ਼ੋਰਦਾਰ ਧਰਨਾ

**ਧਰਨਾਕਾਰੀਆਂ ਨੇ ਕਾਨੂੰਨ ਨੂੰ ਰੱਦ ਕਰਾਉਣ ਦਾ ਕੀਤਾ ਐਲਾਨ**



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਮ ਆਦਮੀ ਪਾਰਟੀ ਦੀ ਜਥੇਬੰਦੀ ਵੱਲੋਂ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਬੀਬੀ ਜੀ ਰਾਮ ਜੀ ਕਾਨੂੰਨ ਦੇ ਖਿਲਾਫ ਜ਼ੋਰਦਾਰ ਰੋਸ ਧਰਨਾ ਦਿੱਤਾ ਗਿਆ।ਇਸ ਮੌਕੇ ਜ਼ਿਲ੍ਹਾ ਭਰ 'ਚੋਂ ਵੱਡੀ ਗਿਣਤੀ ਦੇ ਵਿੱਚ ਮਨਰੇਗਾ ਵਰਕਰਾਂ ਨੇ ਹਿੱਸਾ ਲਿਆ।

ਇਸ ਮੌਕੇ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਮਨਰੇਗਾ ਸਕੀਮ ਨੂੰ ਬੰਦ ਕਰਨਾ ਚਾਹੁੰਦੀ ਹੈ ਤੇ ਗਰੀਬ ਵਰਗ ਦੇ ਰੋਟੀ ਰੋਜ਼ੀ ਨੂੰ ਬੰਦ ਕਰਨ ਦੀ ਫਰਾਕ ਦੇ ਵਿੱਚ ਹੈ।ਕੇਂਦਰ ਦੀ ਮੋਦੀ ਸਰਕਾਰ ਵੱਲੋਂ ਵੀਬੀ ਜੀ ਰਾਮ ਜੀ ਕਾਨੂੰਨ ਲਿਆ ਕੇ ਮਨਰੇਗਾ ਦੇ ਵਿੱਚ ਮਿਲ ਰਹੀਆਂ ਸੁਵਿਧਾਵਾਂ ਨੂੰ ਕੱਟ ਕੀਤਾ ਗਿਆ ਹੈ ਤਾਂ ਜੋ ਆਮ ਲੋਕਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਸਕੇ ਅਤੇ ਲੋਕ ਖੁਦ ਹੀ ਇਸ ਨੂੰ ਛੱਡ ਦੇਣ।ਆਮ ਆਦਮੀ ਪਾਰਟੀ ਐਲਾਨ ਕਰਦੀ ਹੈ ਕਿ ਜਦੋਂ ਤੱਕ ਉਕਤ ਕਾਨੂੰਨ ਨੂੰ ਰੱਦ ਨਹੀਂ ਕੀਤਾ ਜਾਂਦਾ, ਸੰਘਰਸ਼ ਜਾਰੀ ਰਹੇਗਾ।

ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਹਮੇਸ਼ਾ ਹੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਰਹੀ ਹੈ।ਪੰਜਾਬ ਦੇ ਹੱਕਾਂ ਉੱਤੇ ਡਾਕੇ ਮਾਰਦੀ ਰਹੀ ਹੈ।ਪਹਿਲਾਂ ਤਿੰਨ ਕਾਨੂੰਨ ਬਣਾ ਕੇ ਕਿਸਾਨਾਂ ਨੂੰ ਠੱਗਣ ਦੀ ਕੋਸ਼ਿਸ਼ ਕੀਤੀ ਗਈ।ਜਦੋਂ ਲੋਕਾਂ ਨੇ ਸੰਘਰਸ਼ ਕਰਕੇ ਉਕਤ ਕਾਨੂੰਨਾਂ ਨੂੰ ਰੱਦ ਕਰਵਾ ਦਿੱਤਾ ਤਾਂ ਪੰਜਾਬ ਦੇ ਵਿਰੋਧ ਵਿੱਚ ਫੈਸਲੇ ਕਰਨੇ ਸ਼ੁਰੂ ਕਰ ਦਿੱਤੇ।ਇਸ ਤੋਂ ਬਾਅਦ ਪੰਜਾਬ ਦੇ ਪਾਣੀਆਂ ਦੇ ਉੱਤੇ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਗਈ, ਉਸ ਵਿੱਚ ਵੀ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਦੇ ਵਿੱਚ ਕਾਨੂੰਨ ਪਾਸ ਕਰ ਦਿੱਤਾ।ਉਸ ਤੋਂ ਬਾਅਦ ਚੰਡੀਗੜ੍ਹ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਗਈ, ਹੁਣ ਪੰਜਾਬ ਯੂਨੀਵਰਸਿਟੀ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਗਈ।ਇਸੇ ਤਰ੍ਹਾਂ ਮਨਰੇਗਾ ਦਾ ਕਾਨੂੰਨ ਬਣਾ ਕੇ ਵੀ ਪੰਜਾਬ ਦੇ ਲੋਕਾਂ ਨੂੰ ਰੋਜ਼ੀ ਰੋਟੀ ਤੋਂ ਵਾਂਝਾ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।ਆਮ ਆਦਮੀ ਪਾਰਟੀ ਕੇਂਦਰ ਦੀ ਇਸ ਸਕੀਮ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ ਤੇ ਮਜ਼ਦੂਰਾਂ ਦੇ ਹੱਕ ਵਿੱਚ ਹਮੇਸ਼ਾ ਡੱਟ ਕੇ ਖੜੇਗੀ।ਇਸ ਮੌਕੇ ਆਪ ਦੇ ਐੱਸਸੀ ਬਿੰਗ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਜੀ ਪੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਸਰਕਾਰ ਅਨੁਸੂਚਿਤ ਜਾਤੀ ਵਿਰੋਧੀ ਹੈ, ਜੋ ਹਮੇਸ਼ਾ ਹੀ ਗਰੀਬ ਜ਼ਰੂਰਤਮੰਦ ਲੋਕਾਂ ਖਿਲਾਫ ਨਵੇਂ ਨਵੇਂ ਕਾਨੂੰਨ ਬਣਾਉਂਦੀ ਰਹਿੰਦੀ ਹੈ।ਇਨ੍ਹਾਂ ਨੂੰ ਸਬਕ ਸਿਖਾਉਣ ਲਈ ਇਨ੍ਹਾਂ ਦਾ ਪਿੰਡਾਂ ਦੇ ਵਿੱਚ ਵੜਨਾ ਬੰਦ ਕਰਨਾ ਚਾਹੀਦਾ ਹੈ। ਭਾਰਤੀ ਕਿਸਾਨ ਮਜ਼ਦੂਰ ਏਕਤਾ ਮਹਾ ਸੰਘ ਰਿਉਣਾ ਦੇ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਚਨਾਰਥਲ ਨੇ ਕਿਹਾ ਕਿ ਉਨ੍ਹਾਂ ਨੇ ਬਹੁਤ ਸਾਰੇ ਸੰਘਰਸ਼ ਕੀਤੇ ਹਨ ਤੇ ਕੇਂਦਰ ਸਰਕਾਰ ਦੇ ਇਸ ਕਾਨੂੰਨ ਦੇ ਖਿਲਾਫ ਵੀ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ, ਜਦੋਂ ਤੱਕ ਉਕਤ ਕਾਨੂੰਨ ਨੂੰ ਰੱਦ ਨਹੀਂ ਕੀਤਾ ਜਾਂਦਾ।

ਇਸ ਮੌਕੇ ਹਲਕਾ ਪ੍ਰਧਾਨ (ਯੂਥ) ਦਿਲਪ੍ਰੀਤ ਸਿੰਘ ਭੱਟੀ, ਹਰਪ੍ਰੀਤ ਸਿੰਘ ਪੰਜੋਲੀ ਜਿਲ੍ਹਾ ਪ੍ਰਧਾਨ ਐਸਸੀ ਵਿੰਗ ਆਪ, ਬਲਦੇਵ ਸਿੰਘ ਭੱਲ ਮਾਜਰਾ, ਅਵਤਾਰ ਸਿੰਘ ਠੇਕੇਦਾਰ, ਰਮੇਸ਼ ਕੁਮਾਰ ਸੋਨੂੰ, ਕੌਂਸਲਰ ਆਸ਼ਾ ਰਾਣੀ, ਜਸਵਿੰਦਰ ਸਿੰਘ ਰਿਉਣਾ ਤੋਂ ਇਲਾਵਾ ਵੱਡੀ ਗਿਣਤੀ ਦੇ ਵਿੱਚ ਪਿੰਡਾਂ ਤੋਂ ਮਜ਼ਦੂਰ ਵਰਗ ਦੀਆਂ ਔਰਤਾਂ ਸ਼ਾਮਲ ਸਨ।

## ਕਾਤਰਾਂ

### ਅੱਖਾਂ ਤੇ ਦੰਦਾਂ ਦਾ ਮੁਫਤ ਚੈੱਕਅੱਪ ਕੈਂਪ ਅੱਜ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਇਲੈਕਟ੍ਰੌਨਿਕ ਮੀਡੀਆ ਵੈੱਲਫੇਅਰ ਕਲੱਬ ਵੱਲੋਂ 4 ਜਨਵਰੀ ਨੂੰ ਅੱਖਾਂ ਤੇ ਦੰਦਾਂ ਦਾ ਮੁਫਤ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ।ਕਲੱਬ ਦੇ ਪ੍ਰਧਾਨ ਅਨੁਰਾਗ ਸ਼ਰਮਾ ਨੇ ਦੱਸਿਆ ਕਿ ਪਿਛਲੇ ਛੇ ਸਾਲਾਂ ਤੋਂ ਕਲੱਬ ਵੱਲੋਂ ਹਰ ਸਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਜਾਂਦਾ ਰਿਹਾ ਹੈ।ਇਸ ਵਾਰ ਕਲੱਬ ਦੇ ਮੈਂਬਰ ਸਾਹਿਬਾਨ ਤੇ ਹੋਰ ਪੱਤਰਕਾਰ ਭਾਈਚਾਰੇ ਅਤੇ ਸਮਾਜਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਅੱਖਾਂ ਅਤੇ ਦੰਦਾਂ ਦਾ ਇਹ ਕੈਂਪ ਲਗਾਇਆ ਜਾ ਰਿਹਾ ਹੈ। ਅਨੁਰਾਗ ਸ਼ਰਮਾ ਨੇ ਮੀਡੀਆ ਰਾਹੀਂ ਸਭ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਵੱਧ ਤੋਂ ਵੱਧ ਜ਼ਰੂਰਤਮੰਦ ਇਸ ਕੈਂਪ ਦਾ ਲਾਹਾ ਲੈਣ।

### ਰਾਣਾ ਸੋਢੀ ਪਰਵਾਰ ਸਮੇਤ ਦਰਬਾਰ ਸਾਹਿਬ ਵਿਖੇ ਹੋਏ ਨਤਮਸਤਕ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਭਾਜਪਾ ਦੇ ਕੌਮੀ ਕਾਰਜਕਾਰਨੀ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਨੇ ਪਰਵਾਰ ਸਮੇਤ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਦੌਰਾਨ ਉਨ੍ਹਾਂ ਨੇ ਪਾਲਕੀ ਸਾਹਿਬ ਦੀ ਵੀ ਸੇਵਾ ਨਿਭਾਈ।ਉਨ੍ਹਾਂ ਨੇ ਸਮੂਹ ਪੰਜਾਬ ਵਾਸੀਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ।ਇਸ ਮੌਕੇ ਗੱਲਬਾਤ ਕਰਦੇ ਹੋਏ ਰਾਣਾ ਸੋਢੀ ਨੇ ਕਿਹਾ ਕਿ ਅਸੀਂ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਲਈ ਆਏ ਹਾਂ।ਉਨ੍ਹਾਂ ਕਿਹਾ ਕਿ ਨਵੇਂ ਸਾਲ ਮੌਕੇ ਅਸੀਂ ਦੇਸ਼ ਲਈ, ਪੰਜਾਬ ਲਈ ਤੇ ਆਪਣੇ ਪਰਵਾਰਾਂ ਲਈ ਅਰਦਾਸ ਕਰਨ ਲਈ ਪਹੁੰਚੇ ਹਾਂ। ਪ੍ਰਮਾਤਮਾ ਸਭ ਨੂੰ ਚੜ੍ਹਦੀ ਕਲਾ ਬਖ਼ਸ਼ੇ।ਇਸ ਮੌਕੇ ਅਨੁਮੀਤ ਸਿੰਘ ਹੀਰਾ ਸੋਢੀ ਤੇ ਹੋਰ ਪਰਿਵਾਰਕ ਮੈਂਬਰ ਹਾਜ਼ਰ ਸਨ।

### ਸਾਢੇ 11 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਨੇ ਸਾਢੇ 11 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਅਮੀਰ ਖਾਸ ਨਹਿਰ ਦੇ ਕਿਨਾਰੇ ਪੁੱਜੇ ਤਾਂ ਇਸ ਦੌਰਾਨ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਛਿੰਦਰਪਾਲ ਪੁੱਤਰ ਦਿਆਲ ਸਿੰਘ ਵਾਸੀ ਜੰਮੂ ਬਸਤੀ ਜਲਾਲਾਬਾਦ ਹਾਲ ਸ਼ਹੀਦ ਊਧਮ ਸਿੰਘ ਨਗਰ ਉਰਫ ਢਾਣੀ ਭੰਡਾਰੀਆਂ ਵਾਲੀ, ਜੋ ਨਜਾਇਜ਼ ਸ਼ਰਾਬ ਲਿਆ ਕੇ ਵੇਚਣ ਦਾ ਧੰਦਾ ਕਰਦਾ ਹੈ ਅਤੇ ਅੱਜ ਵੀ ਪਿੰਡ ਅਮੀਰ ਖਾਸ ਨਹਿਰ ਦੇ ਕਿਨਾਰੇ ਬੈਠ ਕੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਛਿੰਦਰਪਾਲ ਨੂੰ ਸਾਢੇ 11 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕਰ ਲਿਆ। ਥਾਣਾ ਅਮੀਰ ਖਾਸ ਵਿਖੇ ਪਰਚਾ ਦਰਜ ਕੀਤਾ ਗਿਆ ਹੈ।

# ਨਵੇਂ ਲੇਬਰ ਕਾਨੂੰਨਾਂ ਖਿਲਾਫ ਸਮੂਹ ਜਥੇਬੰਦੀਆਂ ਮਜ਼ਦੂਰਾਂ ਦੇ ਹੱਕ 'ਚ ਨਿੱਤਰਨ : ਖੋਸਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਇਸਤਰੀ ਸਭਾ ਜ਼ਿਲ੍ਹਾ ਮੋਗਾ ਵੱਲੋਂ ਇਥੇ ਥੋੜੀ ਦੂਰ ਪਿੰਡ ਖੋਸਾ ਪਾਂਡੋ ਵਿਖੇ ਮੋਦੀ ਸਰਕਾਰ ਵੱਲੋਂ ਮਨਰੇਗਾ ਨੂੰ ਖਤਮ ਕਰਕੇ ਲਿਆਂਦੇ ਜਾ ਰਹੇ ਨਵੇਂ ਕਾਨੂੰਨ ਵਿਕਸਤ ਭਾਰਤ ਜੀ ਰਾਮ ਜੀ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਸਰਬਜੀਤ ਕੌਰ ਖੋਸਾ ਨੇ ਕਿਹਾ ਕਿ ਜਦੋਂ ਤੋਂ ਕੇਂਦਰ ਵਿੱਚ ਮੋਦੀ ਦੀ ਸਰਕਾਰ ਬਣੀ ਹੈ, ਉਹ ਨਰੇਗਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਸੀ।ਆਖ਼ਰ ਉਸ ਨੇ ਆਪਣਾ ਰੰਗ ਦਿਖਾਉਂਦੇ ਹੋਏ ਪਿਛਲੇ ਸਮੇਂ ਦੌਰਾਨ ਨਰੇਗਾ ਦੇ ਮੁਕਾਬਲੇ ਨਵੇਂ ਕਾਨੂੰਨ ਨੂੰ ਲੈ ਆਂਦਾ ਹੈ, ਜਿਸ ਤਹਿਤ ਮਜ਼ਦੂਰ ਦਾ ਦਿਹਾੜੀ ਕੰਮ ਸਮਾਂ 12 ਘੰਟੇ ਤੱਕ ਕੀਤਾ ਜਾ ਸਕਦਾ ਹੈ, ਜਦੋਂਕਿ ਅੱਜ ਦੇ ਯੁੱਗ ਵਿੱਚ ਕੰਮ ਦਿਹਾੜੀ ਸਮਾਂ ਘੱਟ ਕੀਤਾ ਜਾਣਾ ਚਾਹੀਦਾ ਹੈ।ਇਸੇ ਤਰ੍ਹਾਂ ਇਸ ਕਨੂੰਨ ਵਿੱਚ ਮਜ਼ਦੂਰਾਂ ਨੂੰ 60 ਦਿਨਾਂ ਲਈ ਕੰਮ ਮੰਗਣ ਦੇ ਹੱਕ ਤੋਂ ਵਾਂਝਿਆਂ ਕਰ ਦਿੱਤਾ ਗਿਆ ਹੈ।ਘੱਟੋ ਘੱਟ ਉਜ਼ਰਤ ਸ਼ਬਦ ਨੂੰ ਇਸ ਨਵੇਂ ਐਕਟ ਵਿੱਚੋਂ ਹਟਾ ਦਿੱਤਾ ਗਿਆ ਹੈ।ਇਸੇ ਤਰ੍ਹਾਂ ਬਜਟ ਦਾ 40% ਬੋਝ ਸੂਬਿਆਂ 'ਤੇ ਪਾਉਣ ਨਾਲ ਵੀ ਮਜ਼ਦੂਰਾਂ ਦੀਆਂ ਮੁਸ਼ਕਲਾਂ ਵਧਣ ਦੇ ਆਸਾਰ ਹਨ।ਉਨ੍ਹਾਂ ਕਿਹਾ ਕਿ ਸਾਰੀਆਂ ਮਜ਼ਦੂਰ ਪੱਖੀ ਜਥੇਬੰਦੀਆਂ, ਪਾਰਟੀਆਂ ਤੇ ਆਮ ਲੋਕਾਂ ਨੂੰ ਇਸ ਕਨੂੰਨ ਵਿਰੁੱਧ ਮੈਦਾਨ ਵਿੱਚ ਆਉਣਾ ਚਾਹੀਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੂਜਾ ਕੌਰ ਤੇ ਸੰਦੀਪ ਕੌਰ ਹਾਜ਼ਰ ਸਨ।



# ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ ਵੱਲੋਂ ਡੀ ਸੀ ਦਫ਼ਤਰ ਅੱਗੇ ਰੋਸ ਮੁਜ਼ਾਹਰਾ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪਿਛਲੇ ਦਿਨੀਂ ਪੱਤਰਕਾਰ ਮਨਦੀਪ ਸਿੰਘ ਮੱਕੜ, ਮਨਿੰਦਰ ਸਿੰਘ ਸਿੱਧੂ, ਮਿੰਟੂ ਗੁਰੂਸਰੀਆ, ਮਾਨਕ ਗੋਇਲ ਆਰਟੀਆਈ ਕਾਰਕੁਨਾਂ ਸਮੇਤ 10 ਕਾਰਕੁਨਾਂ 'ਤੇ ਲੁਧਿਆਣਾ ਸ਼ਹਿਰੀ ਸਾਈਬਰ ਕ੍ਰਾਈਮ ਪੁਲਸ ਵੱਲੋਂ ਕੇਸ ਦਰਜ ਕੀਤਾ ਗਿਆ ਸੀ।ਇਸ ਦੇ ਖਿਲਾਫ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ, ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਥਿੰਦ ਤੇ ਪੰਜਾਬ ਐਂਡ ਚੰਡੀਗੜ੍ਹ ਜਰਨੀਲਿਸਟ ਯੂਨੀਅਨ ਦੇ ਸਟੇਟ ਕਮੇਟੀ ਮੈਂਬਰ ਬਲਦੇਵ ਰਾਜ ਸ਼ਰਮਾ ਦੀ ਅਗਵਾਈ ਵਿੱਚ ਡੀ. ਸੀ. ਦਫ਼ਤਰ ਫਿਰੋਜ਼ਪੁਰ ਸਾਹਮਣੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ ਤੇ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਪ੍ਰੈੱਸ ਕਲੱਬ ਮਮਦੋਟ, ਦੀ ਡਿਸਟ੍ਰਿਕਟ ਪ੍ਰੈੱਸ ਕਲੱਬ ਫਿਰੋਜ਼ਪੁਰ, ਸਤਲੁਜ ਪ੍ਰੈੱਸ ਕਲੱਬ ਫਿਰੋਜ਼ਪੁਰ, ਮਖੂ ਪ੍ਰੈੱਸ ਐਸੋਸੀਏਸ਼ਨ ਤੋਂ ਇਲਾਵਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਆਦਿ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਰੋਸ ਮੁਜ਼ਾਹਰਾ ਕੀਤਾ। ਇਸ ਮੌਕੇ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ ਦੇ ਪ੍ਰਧਾਨ ਜਸਵੰਤ ਸਿੰਘ ਥਿੰਦ ਨੇ ਕਿਹਾ ਕਿ ਪੱਤਰਕਾਰਾਂ 'ਤੇ ਕੀਤੇ ਗਏ ਪਰਚੇ ਪ੍ਰੈੱਸ ਦੀ ਆਜ਼ਾਦੀ ਤੇ ਬੋਲਣ ਦੀ ਆਜ਼ਾਦੀ ਉੱਪਰ ਸਿੱਧਾ ਹਮਲਾ ਹੈ।ਸਰਕਾਰ ਦੀ ਇਸ ਧੱਕੇਸ਼ਾਹੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਦੋਂ ਤੱਕ ਉਪਰੋਕਤ ਪੱਤਰਕਾਰਾਂ 'ਤੇ ਦਰਜ ਕੀਤੇ ਕੇਸ ਵਾਪਸ ਨਹੀਂ ਲਏ ਜਾਂਦੇ, ਤਦ ਤੱਕ ਸੰਘਰਸ਼ ਜਾਰੀ ਰਹੇਗਾ।ਸਤਲੁਜ ਪ੍ਰੈੱਸ ਕਲੱਬ ਫਿਰੋਜ਼ਪੁਰ ਦੇ ਪ੍ਰਧਾਨ ਗੁਰਨਾਮ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੱਤਰਕਾਰਾਂ ਖਿਲਾਫ ਕੀਤੀ ਜਾ ਰਹੀ ਇਹ ਧੱਕੇਸ਼ਾਹੀ ਸ਼ਰੇਆਮ ਧੱਕਾ ਹੈ।ਮੁੱਖ ਮੰਤਰੀ ਭਗਵੰਤ ਮਾਨ ਪੱਤਰਕਾਰਾਂ ਦੇ ਸਵਾਲਾਂ ਤੋਂ ਹਮੇਸ਼ਾ ਭੱਜਦੇ ਨਜ਼ਰ ਆਉਂਦੇ ਹਨ, ਜੋ ਕਿ ਬਹੁਤ ਗਲਤ ਹੈ।ਦੀ ਡਿਸਟ੍ਰਿਕਟ ਪ੍ਰੈੱਸ ਕਲੱਬ ਫਿਰੋਜ਼ਪੁਰ ਦੇ ਪ੍ਰਧਾਨ ਅਸ਼ੋਕ ਭਾਰਦਵਾਜ ਨੇ ਕਿਹਾ ਕਿ ਪੱਤਰਕਾਰਾਂ ਖਿਲਾਫ ਕੀਤੇ ਗਏ ਪਰਚੇ ਜਲਦੀ ਰੱਦ ਕੀਤੇ ਜਾਣ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਖਿਲਾਫ ਪੱਤਰਕਾਰਾਂ ਦਾ ਰੋਹ ਭਖੇਗਾ।ਇਸ ਮੌਕੇ ਪ੍ਰੈੱਸ ਕਲੱਬ ਮਮਦੋਟ ਦੇ ਪ੍ਰਧਾਨ ਤੇਜਿੰਦਰ ਢੀਂਗੜਾ, ਬਲਦੇਵ ਰਾਜ ਸ਼ਰਮਾ ਸਟੇਟ ਕਮੇਟੀ ਮੈਂਬਰ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ, ਜਸਬੀਰ ਸਿੰਘ ਕੰਬੋਜ ਚੇਅਰਮੈਨ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ, ਗੁਰਪ੍ਰੀਤ ਸਿੰਘ ਸੰਧੂ ਜ਼ਿਲ੍ਹਾ ਵਾਇਸ ਪ੍ਰਧਾਨ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ, ਬਗੀਚਾ ਸਿੰਘ, ਬਲਜੀਤ ਸਿੰਘ ਕਚੂਰਾ, ਦੀ ਡਿਸਟ੍ਰਿਕਟ ਪ੍ਰੈੱਸ ਕਲੱਬ ਫਿਰੋਜ਼ਪੁਰ ਤੋਂ ਪ੍ਰਧਾਨ ਅਸ਼ੋਕ ਭਾਰਦਵਾਜ, ਪ੍ਰਵੇਸ਼ ਕੁਮਾਰ ਡਿੰਪੀ, ਰਾਜ ਕੁਮਾਰ, ਸੁਭਾਸ਼ ਆਨੰਦ, ਅਰੁਣ ਮਹਿਰਾ, ਮਖੂ ਪ੍ਰੈੱਸ ਐਸੋਸੀਏਸ਼ਨ ਦੇ ਪ੍ਰਧਾਨ ਬਲਵੀਰ ਸਿੰਘ ਲਹਿਰਾ, ਰੂਪ ਲਾਲ ਭੱਟੀ, ਸ਼ੁਬੇਗ ਸਿੰਘ, ਪਰਮਜੀਤ ਸਿੰਘ ਧੰਜੂ ਆਦਿ ਹਾਜ਼ਰ ਸਨ।

# 'ਆਪ' ਤੁ.ਗਲਕੀ ਰਵੱਈਆ ਅਪਣਾ ਕੇ ਮੀਡੀਆ ਦੀ ਆਵਾਜ਼ ਨੂੰ ਦਬਾਅ ਨਹੀਂ ਸਕਦੀ : ਚਾਹਲ, ਕੋਕਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਰੋਡਵੇਜ਼ ਮੁਲਾਜ਼ਮ ਜਥੇਬੰਦੀ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਮੋਗਾ ਦੀ ਮੀਟਿੰਗ ਨੱਛਤਰ ਧਾਲੀਵਾਲ ਭਵਨ ਹੋਈ, ਜਿਸ ਵਿੱਚ ਪੱਤਰਕਾਰਾਂ ਸਮੇਤ ਦਸ ਜਣਿਆਂ ਖ਼ਿਲਾ.ਫ ਲੁਧਿਆਣਾ ਵਿਖੇ ਜੋ ਕੇਸ ਦਰਜ ਕੀਤਾ ਗਿਆ ਹੈ, ਦੀ ਸਖ਼ਤ ਆਲੋਚਨਾ ਕੀਤੀ ਗਈ।ਇਸ ਮੌਕੇ ਜਥੇਬੰਦੀ ਦੇ ਸੂਬਾਈ ਆਗੂ ਜਗਦੀਸ਼ ਚਾਹਲ ਤੇ ਗੁਰਜੰਟ ਕੋਕਰੀ ਨੇ ਬੋਲਦਿਆਂ ਕਿਹਾ ਕਿ ਲੋਕਤੰਤਰ ਦਾ ਚੌਥਾ ਥੰਮ ਆਖੀ ਜਾਂਦੀ ਪ੍ਰੈੱਸ, ਜਿਸ ਦਾ ਕੰਮ ਹੀ ਸਰਕਾਰ ਦੀਆਂ ਨੀਤੀਆਂ ਬਾਰੇ ਸਵਾਲ ਕਰਨਾ ਹੋਵੇ, ਉਸ ਵੱਲੋਂ ਕੇਵਲ ਮੁੱਖ ਮੰਤਰੀ ਦੇ ਹੈਲੀਕਾਪਟਰ ਨਾਲ ਜੁੜਿਆ ਸਵਾਲ ਪੁੱਛਣਾ ਸੂਬੇ ਦੀ ਸੁਰੱਖਿਆ ਨੂੰ ਖ਼ਤਰਾ ਕਿਵੇਂ ਬਣ ਗਿਆ? ਦੂਜੇ ਪਾਸੇ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਵਿੱਚ ਜਿਸ ਤੇਜ਼ੀ ਨਾਲ ਗੈਂਗਵਾਦ, ਨਸ਼ਾ ਤੇ ਕਤਲ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ, ਕੀ ਸੂਬਾ ਵਾਕਿਆ ਈ ਸੁਰੱਖਿਅਤ ਹੱਥਾਂ ਵਿੱਚ ਹੈ? ਹੈਰਾਨੀ ਹੈ ਕਿ ਜਿਹੜੀ ਰਾਜਨੀਤਕ ਪਾਰਟੀ ਸੱਤਾ ਨੂੰ ਸਵਾਲ ਕਰਨ ਵਰਗੇ ਨਾਹਰੇ ਦੇ ਕੇ ਹੋਂਦ ਵਿੱਚ ਆਈ ਹੋਵੇ, ਉਹ ਹੀ ਪਾਰਟੀ ਸਵਾਲ ਪੁੱਛਣ ਬਦਲੇ ਕੇਸ ਦਰਜ ਕਰ ਰਹੀ ਹੈ।ਇਸ ਤਰ੍ਹਾਂ ਦਾ ਤੁ.ਗਲਕੀ ਰਵੱਈਆ ਅਪਣਾ ਕੇ ਮੀਡੀਆ ਦੀ ਆਵਾਜ਼ ਦਬਾਈ ਨਹੀਂ ਜਾ ਸਕਦੀ।

ਸਰਕਾਰ ਦਾ ਇਹ ਵਤੀਰਾ ਸਿਰਫ ਮੀਡੀਆ ਲਈ ਹੀ ਨਹੀਂ ਬਲਕਿ ਕੁਝ ਦਿਨ ਪਹਿਲਾਂ ਇੱਕ ਮੁਲਾਜ਼ਮ ਜਥੇਬੰਦੀ ਦੀਆਂ ਔਰਤ ਆਗੂਆਂ ਵੱਲੋਂ ਵੀ ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਚੀਮਾ ਦੀ ਬੇਹੱਦ ਇਤਰਾਜ਼ਯੋਗ ਭਾਸ਼ਾ ਦਾ ਵਿਰੋਧ ਕੀਤਾ ਗਿਆ ਸੀ।ਸਪੱਸ਼ਟ ਹੈ ਕਿ ਮਾਨ ਸਰਕਾਰ ਸੱਤਾ ਦੇ ਹੰਕਾਰ ਵਿੱਚ ਤਾਕਤ ਦੀ ਗਲਤ ਵਰਤੋਂ ਕਰ ਰਹੀ ਹੈ।ਸਰਕਾਰ ਨੂੰ 2027 ਵਿੱਚ ਇਸ ਦਾ ਨਤੀਜਾ ਨਜ਼ਰ ਆਵੇਗਾ। ਪੱਤਰਕਾਰ ਭਾਈਚਾਰੇ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦੇ ਹੋਏ ਰੋਡਵੇਜ਼ ਕਾਮਿਆਂ ਦੀ ਜਥੇਬੰਦੀ ਇਸ ਕੇਸ ਦਾ ਵਿਰੋਧ ਕਰਦੀ ਹੈ।

# ਨਗਰ ਪੰਚਾਇਤ ਬੋਹਾ ਦੀ ਗੈਰ-ਕਾਨੂੰਨੀ ਵਾਰਡਬੰਦੀ ਰੱਦ ਕੀਤੀ ਜਾਵੇ : ਕਲੀਪੁਰ

**ਵਾਰਡਬੰਦੀ ਰੱਦ ਨਾ ਕਰਨ 'ਤੇ ਸੜਕ ਜਾਮ ਤੇ ਧਰਨੇ ਦੀ ਚਿਤਾਵਨੀ**



**ਬੋਹਾ (ਨਿਰੰਜਣ ਬੋਹਾ)**-ਸ਼੍ਰੋਮਣੀ ਅਕਾਲੀ ਦਲ ਦਾ ਇੱਕ ਵਫਦ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਜਥੇਦਾਰ ਬਲਮ ਸਿੰਘ ਕਲੀਪੁਰ, ਨਗਰ ਪੰਚਾਇਤ ਬੋਹਾ ਦੇ ਸਾਬਕਾ ਪ੍ਰਧਾਨ ਜਥੇਦਾਰ ਜੋਗਾ ਸਿੰਘ ਤੇ ਸਾਬਕਾ ਸਰਪੰਚ ਸਰਦੂਲ ਸਿੰਘ ਉੱਪਲ ਦੀ ਅਗਵਾਈ ਹੇਠ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਸਿੰਕਦਰ ਸਿੰਘ ਨੂੰ ਮਿਲਿਆ।ਵਫਦ ਨੇ ਬੋਹਾ ਨਗਰ ਪੰਚਾਇਤ ਦੀ ਲੋਕਾਂ ਨੂੰ ਭਰੋਸੇ ਲਏ ਬਿਨਾਂ ਰਾਜਨੀਤਕ ਅਧਾਰ 'ਤੇ ਕੀਤੀ ਵਾਰਡਬੰਦੀ ਖਿਲਾਫ ਰੋਸ ਪ੍ਰਗਟ ਕਰਦਿਆਂ ਮੰਗ ਕੀਤੀ ਕਿ ਇਹ ਵਾਰਡਬੰਦੀ ਤੁਰੰਤ ਰੱਦ ਕੀਤੀ ਜਾਵੇ।ਇਸ ਮੌਕੇ ਜਥੇਦਾਰ ਬਲਮ ਸਿੰਘ ਨੇ ਕਿਹਾ ਕਿ ਨਗਰ ਪੰਚਾਇਤ, ਬੋਹਾ ਦੇ ਵਾਰਡ ਨੰਬਰ 01 ਤੋਂ 13 ਤੱਕ ਦੀ ਵਾਰਡਬੰਦੀ ਗੈਰ-ਕਾਨੂੰਨੀ ਢੰਗ ਨਾਲ ਕੀਤੀ ਗਈ ਹੈ ਅਤੇ ਐੱਸ.ਸੀ. ਤੇ ਬੀ.ਸੀ. ਆਬਾਦੀ ਦੀ ਗਿਣਤੀ ਤੋੜ ਮਰੋੜ ਕੇ ਗਲਤ ਢੰਗ ਨਾਲ ਵਾਰਡ ਬਣਾਏ ਗਏ ਹਨ। ਨ੍ਹਾਂ ਕਿਹਾ ਕਿ ਵਾਰਡਾਂ ਦਾ ਗਲਤ ਢੰਗ ਨਾਲ ਕੀਤਾ ਰਾਖਵਾਂਕਰਨ ਲੋਕਾਂ ਲਈ ਵੱਡੀ ਮੁਸੀਬਤ ਸਾਬਿਤ ਹੋਵੇਗਾ ਅਤੇ ਵਾਰਡਾਂ ਦੇ ਨੰਬਰ ਬਦਲ ਦਿੱਤੇ ਜਾਣ ਨਾਲ ਲੋਕਾਂ ਨੂੰ ਆਪਣੇ ਘਰਾਂ ਦੇ ਪਤੇ ਬਦਲ ਜਾਣ ਤੇ ਉਨ੍ਹਾਂ 'ਤੇ ਵੱਡਾ ਵਿੱਤੀ ਬੋਝ ਵੀ ਪਵੇਗਾ।ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਦੇ ਸਾਰੇ ਵਾਰਡਾਂ ਦੇ ਵਾਰਡ ਨੰਬਰ ਬਦਲਣ ਨਾਲ ਕਰੀਬ 13000 ਤੋਂ ਵੱਧ ਆਧਾਰ ਕਾਰਡ, ਪੈਨ ਕਾਰਡ, ਵੋਟਰ ਕਾਰਡ ਤੇ ਪਾਸਪੋਰਟ ਆਦਿ ਤੋਂ ਇਲਾਵਾ ਲੋਕ ਭਲਾਈ ਸਕੀਮਾਂ, ਬੈਂਕ ਖਾਤੇ, ਬੱਚਿਆਂ ਦੇ ਵਜ਼ੀਫੇ ਆਦਿ 'ਤੇ ਪਤਾ ਬਦਲਾਉਣ 'ਤੇ ਬਹੁਤ ਭਾਰੀ ਰਕਮ ਅਤੇ ਸਮਾਂ ਬਰਬਾਦ ਹੋਵੇਗਾ।ਇਸ ਸਮੇਂ ਜਥੇਦਾਰ ਜੋਗਾ ਸਿੰਘ ਨੇ ਕਿਹਾ ਕਿ ਜੇ ਇਹ ਗੈਰ-ਅਸੂਲੀ ਵਾਰਡ ਬੰਦੀ ਰੱਦ ਨਾ ਕੀਤੀ ਗਈ ਤਾਂ ਬੋਹਾ-ਬੁਢਲਾਡਾ ਸੜਕ ਜਾਮ ਕਰਕੇ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਕਾਰਜ ਸਾਧਕ ਅਫਸਰ ਸਿੰਕਦਰ ਸਿੰਘ ਨੇ ਕਿਹਾ ਕਿ ਵਾਰਡਬੰਦੀ ਕਾਨੂੰਨ ਢੰਗ ਨਾਲ ਕੀਤੀ ਗਈ ਹੈ।ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਏ ਇਤਰਾਜ਼ ਉਨ੍ਹਾਂ ਵਸੂਲ ਕਰ ਲਏ ਹਨ ਤੇ ਇਹ ਇਤਰਾਜ਼ ਪੱਤਰ ਡਿਪਟੀ ਕਮਿਸ਼ਨਰ ਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਭੇਜ ਦਿੱਤਾ ਗਿਆ ਹੈ।

## ਪਟਿਆਲਾ ਸਮੇਤ 16 ਜ਼ਿਲ੍ਹਿਆਂ ਦਾ ਪਾਣੀ ਪੀਣ ਲਾਇਕ ਨਹੀਂ ਰਿਹਾ!

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੀ ਜ਼ਮੀਨ ਦਾ ਪਾਣੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਦੇ 16 ਜ਼ਿਲ੍ਹਿਆਂ 'ਚ ਯੂਰੇਨੀਅਮ ਦੀ ਮਾਤਰਾ ਮਾਪਦੰਡਾਂ ਤੋਂ ਜ਼ਿਆਦਾ ਪਾਈ ਗਈ, ਜਿਸ ਨਾਲ ਇਹ ਸਾਫ ਹੈ ਕਿ 16 ਜ਼ਿਲ੍ਹਿਆਂ ਦਾ ਪਾਣੀ ਜ਼ਹਿਰੀਲਾ ਹੋ ਚੁੱਕਿਆ ਹੈ। ਬੋਰਡ ਨੇ ਪੰਜਾਬ 'ਚ 62.50 ਫੀਸਦੀ ਸੈਂਪਲਾਂ 'ਚ ਮਾਪਦੰਡਾਂ ਤੋਂ ਜ਼ਿਆਦਾ ਯੂਰੇਨੀਅਮ ਪਾਇਆ ਹੈ।ਸੀਜੀਡਬਲਯੂਬੀ ਦੇ ਅਨੁਸਾਰ ਯੂਰੇਨੀਅਮ ਦੀ ਮਾਤਰਾ 30 ਪਾਰਟਸ ਪ੍ਰਤੀ ਬਿਲੀਅਨ (ਪੀਪੀਬੀ) ਹੋਵੇ ਤਾਂ ਅਜਿਹਾ ਪਾਣੀ ਪੀਣ ਲਾਇਕ ਹੁੰਦਾ ਹੈ, ਪਰ ਇਸ ਤੋਂ ਜ਼ਿਆਦਾ ਯੂਰੇਨੀਅਮ ਪਾਏ ਜਾਣ 'ਤੇ ਪਾਣੀ ਪੀਣ ਲਾਇਕ ਨਹੀਂ ਰਹਿੰਦਾ। ਪੰਜਾਬ ਦੇ ਕੁਝ ਜ਼ਿਲ੍ਹਿਆਂ 'ਚ 200 ਪੀਪੀਬੀ ਤੱਕ ਯੂਰੇਨੀਅਮ ਪਾਇਆ ਗਿਆ ਹੈ।

ਉੱਥੇ ਹੀ ਪੰਜਾਬ ਦੇ 4.8 ਫੀਸਦੀ ਸੈਂਪਲਾਂ 'ਚ ਅਰਸਨਿਕ ਦੀ ਮਾਤਰਾ 10 ਪੀਪੀਬੀ ਤੋਂ ਵੱਧ ਨਿਕਲੀ ਹੈ, ਜਦਕਿ ਡਬਲਯੂ ਐੱਚ ਓ ਦੇ ਹਿਸਾਬ ਨਾਲ 10 ਪੀਪੀਬੀ ਤੋਂ ਵੱਧ ਮਾਤਰਾ ਸਿਹਤ ਲਈ ਹਾਨੀਕਾਰਕ ਹੁੰਦੀ ਹੈ। ਯੂਰੇਨੀਅਮ ਤੋਂ ਬਾਅਦ ਆਰਸਨਿਕ ਵੀ ਪਾਣੀ ਵਿੱਚ ਪਾਇਆ ਜਾਣਾ ਮਾਹਰ ਇਸ ਨੂੰ ਵੱਡੀ ਚੁਣੌਤੀ ਮੰਨ ਰਹੇ ਹਨ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਪੰਜਾਬ ਦੇ ਤਰਨ ਤਾਰਨ, ਪਟਿਆਲਾ, ਸੰਗਰੂਰ, ਮੋਗਾ, ਮਾਨਸਾ, ਬਰਨਾਲਾ, ਲੁਧਿਆਣਾ, ਜਲੰਧਰ, ਕਪੂਰਥਲਾ, ਫਰੀਦਕੋਟ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਅੰਮ੍ਰਿਤਸਰ ਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ 'ਚ ਯੂਰੇਨੀਅਮ ਦਾ ਪੱਧਰ ਬਹੁਤ ਵੱਧ ਦਰਜ ਕੀਤਾ ਗਿਆ ਹੈ।

# 149 ਲਾਭਪਾਤਰੀਆਂ ਨੂੰ ਪੱਕੇ ਘਰਾਂ ਲਈ 3.72 ਕਰੋੜ ਦੇ ਚੈੱਕ ਵੰਡੇ

**ਲੋਕਾਂ ਨੂੰ ਘਰ ਮੁਹੱਈਆ ਕਰਵਾਉਣਾ ਹਰੇਕ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ : ਗੋਇਲ**



**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਸ਼ਹਿਰ ਮੂਨਕ ਵਿੱਚ 149 ਲਾਭਪਾਤਰੀਆਂ ਨੂੰ ਪੱਕੇ ਘਰ ਬਣਾਉਣ ਲਈ 3 ਕਰੋੜ 72 ਲੱਖ 50 ਹਜ਼ਾਰ ਰੁਪਏ ਦੇ ਚੈੱਕ ਵੰਡੇ।ਸਮਾਗਮ ਦੌਰਾਨ ਹਰੇਕ ਲਾਭਪਾਤਰੀ ਨੂੰ 2.50 ਲੱਖ ਰੁਪਏ ਦੀ ਗ੍ਰਾਂਟ ਪ੍ਰਦਾਨ ਕੀਤੀ ਗਈ।ਚੈੱਕ ਵੰਡ ਸਮਾਰੋਹ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਆਪ ਸਭ ਨੂੰ ਅੱਜ ਦੇ ਇਸ ਖੁਸ਼ੀ ਵਾਲੇ ਮੌਕੇ 'ਤੇ ਬਹੁਤ ਬਹੁਤ ਮੁਬਾਰਕਬਾਦ ਹੈ ਕਿ ਅੱਜ ਤੁਹਾਡੇ ਹੱਥਾਂ ਵਿੱਚ ਆ ਰਹੀ ਇਹ ਰਾਸ਼ੀ ਨਾਲ ਤੁਸੀਂ ਆਪਣੇ ਸੁਪਨਿਆਂ ਦਾ ਪੱਕਾ ਘਰ ਬਣਾ ਸਕੋਗੇ।ਲੋਕਾਂ ਨੂੰ ਛੱਤ ਮੁਹੱਈਆ ਕਰਵਾਉਣਾ ਹਰ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਤੇ ਪੰਜਾਬ ਸਰਕਾਰ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਅ ਰਹੀ ਹੈ।ਕੈਬਨਿਟ ਮੰਤਰੀ ਨੇ ਭਰੋਸਾ ਦਿਵਾਉਂਦਿਆਂ ਕਿਹਾ ਕਿ ਅਸੀਂ ਰਾਜਨੀਤੀ ਨਹੀਂ, ਸਗੋਂ ਲੋਕਾਂ ਦੀ ਸੇਵਾ ਕਰਨ ਆਏ ਹਾਂ।ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਚੋਣਾਂ ਵਿੱਚ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਲਾਭਪਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਰਾਸ਼ੀ ਦਾ ਸਹੀ ਢੰਗ ਨਾਲ ਇਸਤੇਮਾਲ ਕਰਨ ਤੇ ਜਲਦੀ ਤੋਂ ਜਲਦੀ ਆਪਣੇ ਘਰਾਂ ਦਾ ਨਿਰਮਾਣ ਸ਼ੁਰੂ ਕਰਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਖੜ੍ਹੀ ਹੈ ਤੇ ਤੁਹਾਡੇ ਸੁਪਨੇ ਪੂਰੇ ਕਰਨ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ।ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਲਾਭਪਾਤਰੀ, ਆਮ ਲੋਕ, ਪੰਚਾਇਤ ਮੈਂਬਰ ਤੇ ਪਾਰਟੀ ਵਰਕਰ ਹਾਜ਼ਰ ਸਨ।ਸਾਰੇ ਲਾਭਪਾਤਰੀਆਂ ਨੇ ਸਰਕਾਰ ਤੇ ਕੈਬਨਿਟ ਮੰਤਰੀ ਦਾ ਧੰਨਵਾਦ ਕੀਤਾ।

## ਪੰਜਾਬੀ ਸਾਹਿਤ ਅਕਾਦਮੀ ਦਾ ਜਨਰਲ ਅਜਲਾਸ 11 ਨੂੰ

**ਲੁਧਿਆਣਾ (ਰੈਕਟਰ ਕਥੂਰੀਆ)**

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਜਨਰਲ ਅਜਲਾਸ 11 ਜਨਵਰੀ 2026 ਨੂੰ ਸਵੇਰੇ 11 ਵਜੇ ਪੰਜਾਬੀ ਭਵਨ ਲੁਧਿਆਣਾ ਵਿਖੇ ਹੋ ਰਿਹਾ ਹੈ।ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ 11 ਜਨਵਰੀ ਨੂੰ ਹੋਣ ਵਾਲੇ ਇਸ ਜਨਰਲ ਅਜਲਾਸ ਵਿੱਚ ਅਕਾਦਮੀ ਦੀਆਂ ਗਤੀ ਵਿਧੀਆਂ ਦੀ ਰਿਪੋਰਟ, ਸਾਲ 2026-2027 ਦਾ ਅਨੁਮਾਨਤ ਬਜਟ ਤੇ ਨਵੇਂ ਜੀਵਨ ਮੈਂਬਰਾਂ ਦੀ ਪ੍ਰਵਾਨਗੀ ਲਈ ਸੂਚੀ ਜਨਰਲ ਅਜਲਾਸ ਵਿੱਚ ਪੇਸ਼ ਕੀਤੀ ਜਾਵੇਗੀ।ਇਸ ਤੋਂ ਇਲਾਵਾ ਸਾਲ 2026-2028 ਲਈ ਚੋਣ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਹਰ ਦੋ ਸਾਲ ਬਾਅਦ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਚੋਣ ਹੁੰਦੀ ਹੈ, ਜਿਸ ਵਿੱਚ ਜਨਰਲ ਕਾਉਂਸਲ ਦੇ ਮੈਂਬਰਾਂ ਵਲੋਂ ਵੋਟਾਂ ਪਾ ਕੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਪੰਜ ਮੀਤ ਪ੍ਰਧਾਨ ਤੇ ਪੰਦਰਾਂ ਪ੍ਰਬੰਧਕੀ ਬੋਰਡ ਦੇ ਮੈਂਬਰ ਚੁਣੇ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਜਨਰਲ ਅਜਲਾਸ ਸੰਬੰਧੀ ਸਾਰੇ ਜਨਰਲ ਕਾਉਂਸਲ ਦੇ ਸਾਰੇ ਮੈਂਬਰਾਂ ਨੂੰ ਪੱਤਰ ਵੈੱਬ ਸਾਈਟ 'ਤੇ ਪਾਉਣ ਤੋਂ ਇਲਾਵਾ ਡਾਕ ਰਾਹੀਂ, ਈਮੇਲ ਰਾਹੀਂ, ਵਟਸਐਪ ਰਾਹੀਂ ਭੇਜੇ ਜਾ ਚੁੱਕੇ ਹਨ।ਉਨ੍ਹਾਂ ਅਕਾਦਮੀ ਵੱਲੋਂ ਜਨਰਲ ਕਾਉਂਸਲ ਦੇ ਸਮੂਹ ਮੈਂਬਰਾਂ ਨੂੰ 11 ਜਨਵਰੀ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ।

# ਮਹਿਲਾ ਤਸਕਰ ਦੀ ਨਜਾਇਜ਼ ਉਸਾਰੀ 'ਤੇ ਚੱਲਿਆ ਪੀਲਾ ਪੰਜਾ

**ਨਸ਼ਾ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ : ਐੱਸ ਪੀ ਅਹੀਰ**



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਨਸ਼ਿਆਂ ਦੇ ਕਾਲੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਇਸੇ ਲੜੀ ਤਹਿਤ ਮੰਡੀ ਗੋਬਿੰਦਗੜ੍ਹ ਪੁਲਸ ਪ੍ਰਸ਼ਾਸਨ ਵੱਲੋਂ ਅੱਜ ਇੱਕ ਮਹਿਲਾ ਤਸਕਰ ਵਿਰੁੱਧ ਵੀ ਵੱਡੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।ਪੁਲਸ ਨੇ ਐੱਸ ਡੀ ਮਾਡਲ ਸਕੂਲ ਨਜ਼ਦੀਕ ਸਥਿਤ ਇਸ ਮਹਿਲਾ ਨਸ਼ਾ ਤਸਕਰ ਵੱਲੋਂ ਕੀਤੀ ਗਈ ਨਜਾਇਜ਼ ਉਸਾਰੀ ਨੂੰ ਢਾਹ ਦਿੱਤਾ ਹੈ।ਐੱਸ.ਐੱਸ.ਪੀ. ਸ਼ੁਭਮ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਸ ਕਾਰਵਾਈ ਦੀ ਅਗਵਾਈ ਐੱਸ ਪੀ (ਪੀ.ਬੀ.ਆਈ) ਜਸਕੀਰਤ ਅਹੀਰ ਤੇ ਡੀ.ਐੱਸ.ਪੀ. ਅਮਲੋਹ ਗੁਰਦੀਪ ਸਿੰਘ ਵੱਲੋਂ ਕੀਤੀ ਗਈ। ਉਨ੍ਹਾਂ ਨਾਲ ਭਾਰੀ ਪੁਲਸ ਫੋਰਸ ਤੇ ਨਗਰ ਕੌਂਸਲ ਦੇ ਅਧਿਕਾਰੀ ਮੌਜੂਦ ਸਨ।ਉਨ੍ਹਾਂ ਦੱਸਿਆ ਕਿ ਇਹ ਕਾਰਵਾਈ ਨਗਰ ਕੌਂਸਲ ਵੱਲੋਂ ਦਿੱਤੀ ਗਈ ਰਿਪੋਰਟ ਦੇ ਅਧਾਰ 'ਤੇ ਕੀਤੀ ਗਈ ਹੈ, ਜਿਸ ਵਿੱਚ ਉਸਾਰੀ ਨੂੰ ਨਿਯਮਾਂ ਦੇ ਵਿਰੁੱਧ ਤੇ ਨਜਾਇਜ਼ ਪਾਇਆ ਗਿਆ ਸੀ।ਉਨ੍ਹਾਂ ਦੱਸਿਆ ਕਿ ਸਿਮਰਨ ਨਾਂ ਦੀ ਇਸ ਮਹਿਲਾ ਤਸਕਰ ਵਿਰੁੱਧ ਪਹਿਲਾਂ ਹੀ ਨਸ਼ਾ ਤਸਕਰੀ ਦੇ ਗੰਭੀਰ ਦੋਸ਼ਾਂ ਹੇਠ ਕੇਸ ਦਰਜ ਹਨ।ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਐੱਸ. ਪੀ. ਜਸਕੀਰਤ ਅਹੀਰ ਨੇ ਸਪੱਸ਼ਟ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਕਿ ਨਸ਼ਿਆਂ ਦਾ ਕਾਲਾ ਕਾਰੋਬਾਰ ਕਰਨ ਵਾਲੇ ਕਿਸੇ ਵੀ ਮਾੜੇ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।ਪੁਲਸ ਦੀ ਇਸ ਕਾਰਵਾਈ ਨਾਲ ਆਮ ਲੋਕਾਂ ਨੇ ਪੁਲਸ ਤੇ ਪ੍ਰਸ਼ਾਸਨ ਦੇ ਇਸ ਕਦਮ ਦੀ ਸ਼ਲਾਘਾ ਕੀਤੀ।

# ਐੱਸ ਜੀ ਪੀ ਸੀ ਨੂੰ ਮਹੰਤਾਂ ਦੀ ਜ਼ਮੀਨ 'ਤੇ ਕਬਜ਼ਾ ਨਹੀਂ ਕਰਨ ਦਿਆਂਗੇ : ਘੁਡਾਣੀ

**ਬੀ ਕੇ ਯੂ (ਏਕਤਾ) ਉਗਰਾਹਾਂ ਮਹੰਤ ਪਰਿਵਾਰ ਦੇ ਹੱਕ 'ਚ ਨਿੱਤਰੀ**



**ਦੋਰਾਹਾ (ਹਰਮਿੰਦਰ ਸੇਠ)**-ਪਿਛਲੇ ਕਾਫੀ ਲੰਮੇ ਸਮੇਂ ਤੋਂ ਪਿੰਡ ਬਿਲਾਸਪੁਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪਿੰਡ ਦੇ ਵਸਨੀਕ ਕਾਸ਼ਤਕਾਰ ਮਹੰਤ ਪਰਿਵਾਰਾਂ ਵਿਚਕਾਰ ਤਕਰੀਬਨ 22 ਏਕੜ ਜ਼ਮੀਨ ਨੂੰ ਲੈ ਕੇ ਵਿਵਾਦ ਚੱਲਿਆ ਆ ਰਿਹਾ ਹੈ, ਜਿਸ ਨੂੰ ਲੈ ਕੇ ਦੋਵਾਂ ਧਿਰਾਂ ਨੇ ਅਦਾਲਤ ਦਾ ਰੁੱਖ ਅਖਤਿਆਰ ਕੀਤਾ ਹੋਇਆ ਹੈ।ਬੀਤੇ ਦਿਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਪਿੰਡ ਬਿਲਾਸਪੁਰ ਵਿਖੇ ਇਨ੍ਹਾਂ ਕਾਸ਼ਤਕਾਰ ਮਹੰਤ ਪਰਿਵਾਰਾਂ ਦੇ ਹੱਕ ਵਿੱਚ ਭਰਵਾਂ ਇਕੱਠ ਕੀਤਾ, ਜਿਸ ਨੂੰ ਵੱਖ-ਵੱਖ ਆਗੂਆਂ ਨੇ ਸੰਬੋਧਨ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਜ਼ਮੀਨ ਉੱਪਰ ਪੇਸ਼ ਕੀਤੇ ਦਾਅਵੇ ਨੂੰ ਬਿਲਕੁਲ ਬੇਬੁਨਿਆਦ, ਕੋਰਾ ਝੂਠ ਦਾ ਪੁਲੰਦਾ ਦੱਸਿਆ ਤੇ ਮਹੰਤ ਪਰਿਵਾਰਾਂ ਦੀ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿਵਾਇਆ ਗਿਆ।

ਇਸ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੈਂਕੜਿਆਂ ਦੀ ਗਿਣਤੀ ਵਿੱਚ ਵਰਕਰਾਂ ਤੇ ਮਹੰਤ ਪਰਿਵਾਰਾਂ ਨੇ ਪਿੰਡ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਪਰਿਕਰਮਾ ਕੀਤੀ।ਵੱਡੇ ਕਾਫ਼ਲੇ ਦੇ ਰੂਪ ਵਿੱਚ ਪੂਰੇ ਪਿੰਡ ਦਾ ਗੇੜਾ ਲਗਾਇਆ ਗਿਆ ਤੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਤੇ ਰਵੱਈਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਸਾਨ ਯੂਨੀਅਨ ਦੇ ਆਗੂ ਸੁਦਾਗਰ ਸਿੰਘ ਘੁਡਾਣੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਜ਼ਮੀਨ ਉੱਪਰ ਪੇਸ਼ ਕੀਤੇ ਗਏ ਦਾਅਵੇ ਬਿਲਕੁੱਲ ਝੂਠੇ ਤੇ ਬੇਬੁਨਿਆਦ ਹਨ, ਕਿਉਂਕਿ ਪਿੰਡ ਦੇ ਮਹੰਤ ਪਰਿਵਾਰ ਇਸ ਜ਼ਮੀਨ ਉੱਪਰ ਲਗਾਤਾਰ 9 ਪੀੜ੍ਹੀਆਂ ਤੋਂ ਖ਼ੇਤੀ ਕਰਕੇ ਆਪਣਾ ਜੀਵਨ ਬਸਰ ਕਰਦੇ ਆ ਰਹੇ ਹਨ।ਇਸ ਉੱਪਰ ਕੋਈ ਵੀ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਨਹੀਂ ਸੀ, ਜਿਸ ਤਰ੍ਹਾਂ ਦਾ ਦਾਅਵਾ ਐੱਸਜੀਪੀਸੀ ਵੱਲੋਂ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇਹ ਜ਼ਮੀਨ ਉੱਪਰ ਸਿਰਫ਼ ਕਾਸ਼ਤਕਾਰ ਮਹੰਤ ਪਰਿਵਾਰ ਹੀ ਰਹਿੰਦੇ ਆ ਰਹੇ ਹਨ, ਜਿਸ ਦਾ ਪੂਰਾ ਪਿੰਡ, ਇਲਾਕਾ ਤੇ ਪੰਚਾਇਤਾਂ ਗਵਾਹ ਹਨ।ਇਸ ਜ਼ਮੀਨ ਤੇ' ਮਹੰਤ ਪਰਿਵਾਰ ਦੇ ਵਿਅਕਤੀਆਂ ਦੇ ਨਾਮ ਉੱਪਰ ਹੀ ਮੋਟਰਾਂ ਲੱਗੀਆਂ ਹੋਈਆਂ ਹਨ ਤੇ ਸਮਾਧ ਹੈ, ਜਿਸ 'ਤੇ ਹਰ ਸਾਲ ਇਨ੍ਹਾਂ ਪਰਿਵਾਰਾਂ ਵੱਲੋਂ ਭੰਡਾਰਾ ਲਗਾਇਆ ਜਾਂਦਾ ਹੈ।ਇਸ ਸਮੇਂ ਗੱਲਬਾਤ ਕਰਦਿਆਂ ਮਹਾਨ ਪਰਿਵਾਰ ਦੇ ਮੁਖੀ ਗੁਰਜੀਤ ਦਾਸ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੇਠਲੀ ਅਦਾਲਤ ਵਿੱਚ ਬੇਬੁਨਿਆਦ ਤੇ ਜਾਲ੍ਹੀ ਕਾਗਜ਼ਾਤ ਬਣਾ ਕੇ ਆਪਣਾ ਦਾਅਵਾ ਪੇਸ਼ ਕੀਤਾ ਹੋਇਆ ਹੈ ਤੇ ਕਬਜ਼ਾ ਵਾਰੰਟ ਲੈ ਲਿਆ ਗਿਆ ਹੈ, ਜਿਸ ਨੂੰ ਲੈ ਕੇ ਮਹੰਤ ਪਰਿਵਾਰਾਂ ਵੱਲੋਂ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਦਾਖ਼ਲ ਕੀਤਾ ਹੋਇਆ ਹੈ, ਜਿਸ ਦੀ ਸੁਣਵਾਈ 12 ਤੇ 15 ਜਨਵਰੀ 2026 ਨੂੰ ਹੈ।ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਸ਼ਾਸਨ ਉੱਪਰ ਦਬਾਅ ਬਣਾ ਕੇ ਇਸ ਜ਼ਮੀਨ ਉੱਪਰ ਕਬਜ਼ਾ ਕਰਨਾ ਚਾਹੁੰਦੀ ਹੈ, ਜੋ ਕਿ ਸਰਾਸਰ ਧੱਕਾ ਹੈ, ਜਦੋਂਕਿ ਮਾਮਲਾ ਮਾਨਯੋਗ ਅਦਾਲਤ ਵਿੱਚ ਹੈ।ਇਸ ਸਮੇਂ ਵੱਡੀ ਗਿਣਤੀ ਵਿੱਚ ਭਾਰਤੀ ਕਿਸਾਨ ਯੂਨੀਅਨ ਆਗੂ ਤੇ ਵਰਕਰ ਹਾਜ਼ਰ ਸਨ, ਜਿਨ੍ਹਾਂ ਨੇ ਮਹੰਤ ਪਰਿਵਾਰ ਦੀ ਹਿੱਕ ਠੋਕ ਕੇ ਮੱਦਦ ਕਰਨ ਦਾ ਭਰੋਸਾ ਦਿੱਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਪੂਰੇ ਪਿੰਡ ਦੀ ਫੇਰੀ ਲਗਾਈ ਗਈ।ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸੁਦਾਗਰ ਸਿੰਘ ਘੁਡਾਣੀ, ਪਰਮਵੀਰ ਸਿੰਘ ਘਲੋਟੀ ਬਲਵੰਤ ਸਿੰਘ ਘੁਡਾਣੀ ਤੇ ਸੈਂਕੜੇ ਵਰਕਰਾਂ ਦੇ ਨਾਲ ਮਹੰਤ ਪਰਿਵਾਰ ਦੇ ਮੁਖੀ ਗੁਰਜੀਤ ਦਾਸ, ਜਸਵੰਤ ਦਾਸ, ਕਰਮਜੀਤ ਦਾਸ, ਪਰਮਜੀਤ ਦਾਸ, ਕਿਰਨਦੀਪ ਦਾਸ, ਸਤਨਾਮ ਦਾਸ, ਮਨਦੀਪ ਦਾਸ ਸਮੇਤ ਪਰਿਵਾਰਕ ਮੈਂਬਰ ਤੇ ਪਿੰਡ ਵਾਸੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਪੰਜਾਬ ਸਰਕਾਰ ਦੀ ਨਵੀਂ ਸਿਹਤ ਬੀਮਾ ਪਾਲਿਸੀ ਆਮ ਲੋਕਾਂ ਲਈ ਵੱਡਾ ਤੋਹ.ਫ਼ਾ : ਵਿਧਾਇਕ ਸੁਖਾਨੰਦ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਸ਼ੁਰੂ ਕੀਤੀ ਗਈ ਨਵੀਂ ਸਿਹਤ ਬੀਮਾ ਪਾਲਿਸੀ ਨੂੰ ਲੈ ਕੇ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੋਨੀ ਧਾਲੀਵਾਲ, ਪਿੰਡ ਮਾੜੀ ਮੁਸਤਫਾ ਦੇ ਸਰਪੰਚ ਗੁਰਭੇਜ ਸਿੰਘ ਤੇ ਯੂਥ ਆਮ ਆਦਮੀ ਪਾਰਟੀ ਦੇ ਆਗੂ ਪ੍ਰਦੀਪ ਰੋਡੇ ਵੱਲੋਂ ਸਾਂਝੇ ਤੌਰ 'ਤੇ ਇਸ ਪਾਲਿਸੀ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਸੂਬੇ ਦੇ ਹਰ ਪਰਿਵਾਰ ਲਈ ਵੱਡਾ ਤੋਹਫ਼ਾ ਹੈ।ਉਨ੍ਹਾਂ ਕਿਹਾ ਕਿ ਇਸ ਯੋਜਨਾ ਦੇ ਲਾਗੂ ਹੋਣ ਨਾਲ ਗਰੀਬ ਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਮਹਿੰਗੇ ਇਲਾਜ ਤੋਂ ਵੱਡੀ ਰਾਹਤ ਮਿਲੇਗੀ ਤੇ ਕੋਈ ਵੀ ਪਰਿਵਾਰ ਸਿਰਫ਼ ਪੈਸਿਆਂ ਦੀ ਕਮੀ ਕਾਰਨ ਇਲਾਜ ਤੋਂ ਵਾਂਝਾ ਨਹੀਂ ਰਹੇਗਾ। ਆਮ ਆਦਮੀ ਪਾਰਟੀ ਦੇ ਆਗੂ ਸੋਨੀ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸਿਹਤ ਬੀਮਾ ਪਾਲਿਸੀ ਤਹਿਤ ਸਰਕਾਰੀ ਹੀ ਨਹੀਂ ਸਗੋਂ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਨਗਦ ਰਹਿਤ ਇਲਾਜ ਦੀ ਸਹੂਲਤ ਮਿਲੇਗੀ, ਜਿਸ ਨਾਲ ਆਮ ਲੋਕਾਂ ਦਾ ਸਿਹਤ ਪ੍ਰਣਾਲੀ 'ਤੇ ਭਰੋਸਾ ਵਧੇਗਾ।ਪਿੰਡ ਮਾੜੀ ਮੁਸਤਫਾ ਦੇ ਸਰਪੰਚ ਗੁਰਭੇਜ ਸਿੰਘ ਨੇ ਕਿਹਾ ਕਿ ਪਿੰਡਾਂ ਦੇ ਵਸਨੀਕਾਂ ਲਈ ਇਹ ਯੋਜਨਾ ਬਹੁਤ ਲਾਭਕਾਰੀ ਸਾਬਿਤ ਹੋਵੇਗੀ, ਕਿਉਂਕਿ ਅਕਸਰ ਗੰਭੀਰ ਬਿਮਾਰੀਆਂ ਦੇ ਇਲਾਜ 'ਤੇ ਭਾਰੀ ਖਰਚਾ ਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦਿੱਤੀ ਗਈ ਇਹ ਸਹੂਲਤ ਪਿੰਡਾਂ ਦੇ ਲੋਕਾਂ ਦੀ ਆਰਥਿਕ ਸੁਰੱਖਿਆ ਨੂੰ ਮਜ਼ਬੂਤ ਕਰੇਗੀ।ਯੂਥ ਆਮ ਆਦਮੀ ਪਾਰਟੀ ਦੇ ਆਗੂ ਪ੍ਰਦੀਪ ਰੋਡੇ ਨੇ ਕਿਹਾ ਕਿ ਨੌਜਵਾਨ ਵਰਗ ਸਰਕਾਰ ਦੀ ਇਸ ਪਾਲਿਸੀ ਨਾਲ ਕਾਫ਼ੀ ਪ੍ਰਭਾਵਿਤ ਹੈ, ਕਿਉਂਕਿ ਇਹ ਯੋਜਨਾ ਸਿਰਫ਼ ਮੌਜੂਦਾ ਪੀੜ੍ਹੀ ਹੀ ਨਹੀਂ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਸਿਹਤਮੰਦ ਭਵਿੱਖ ਦੀ ਨੀਵ ਰੱਖੇਗੀ।ਅੰਤ ਵਿੱਚ ਆਗੂਆਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਸਿਹਤ ਬੀਮਾ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ।

# ਮਜ਼ਦੂਰ, ਮੁਲਾਜ਼ਮ ਤੇ ਕਿਸਾਨ ਜਥੇਬੰਦੀਆਂ ਵੱਲੋਂ ਮੋਟਰਸਾਈਕਲ ਮਾਰਚ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਨੂਰਮਹਿਲ ਇਲਾਕੇ ਵਿੱਚ ਮਜ਼ਦੂਰ, ਮੁਲਾਜ਼ਮ ਤੇ ਕਿਸਾਨ ਜਥੇਬੰਦੀਆਂ ਵੱਲੋਂ ਮੋਟਰਸਾਈਕਲ ਮਾਰਚ ਕੀਤਾ ਗਿਆ।ਬੁਲਾਰਿਆਂ ਨੇ



ਕਿਹਾ ਕਿ ਬਿਜਲੀ ਸੋਧ ਬਿਲ 2025 ਰੱਦ ਕੀਤਾ ਜਾਵੇ, ਸੀਡ ਬਿਲ ਰੱਦ ਕੀਤਾ ਜਾਵੇ। ਕਿਰਤ ਕਨੂੰਨਾ ਵਿੱਚ ਕੀਤੀਆਂ ਸੋਧਾਂ ਰੱਦ ਕੀਤੀਆਂ ਜਾਣ।ਚਿੱਪ ਵਾਲੇ ਮੀਟਰ ਲਾਉਣੇ ਬੰਦ ਕੀਤੇ ਜਾਣ।ਬਿਜਲੀ ਬੋਰਡ ਦੀ ਜੋ ਪ੍ਰਾਪਰਟੀ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਨਹੀਂ ਦਿੱਤੀ ਜਾਵੇਗੀ।ਕੇਂਦਰ ਸਰਕਾਰ ਜਿੱਥੇ ਹੋਰ ਸਾਰੇ ਸਰਕਾਰੀ ਅਦਾਰਿਆਂ ਦਾ ਭੋਗ ਪਾ ਰਹੀ ਹੈ, ਹੁਣ ਮਨਰੇਗਾ ਨੂੰ ਖਤਮ ਕਰਨ ਦੇ ਰਾਹ ਤੁਰ ਪਈ ਹੈ ਜੋ ਹਰਗਿਜ਼ ਨਹੀਂ ਹੋਣ ਦਿੱਤਾ ਜਾਵੇਗਾ। ਦਿਹਾੜੀ ਮਜ਼ਦੂਰ ਦੀ 8 ਘੰਟੇ ਦੀ ਕੀਤੀ ਜਾਵੇ, ਪੰਜਾਬ ਸਰਕਾਰ ਦੁਆਰਾ ਪਾਸ ਕੀਤਾ ਗਿਆ ਦਿਹਾੜੀ ਸੰਬੰਧੀ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ। ਮਜ਼ਦੂਰਾਂ ਦੀ ਤੀਜੇ ਹਿੱਸੇ ਦੀ ਮੰਗ ਕਰ ਰਿਹਾ ਸੀ ਲੈਂਡ ਸੀਲਿੰਗ ਐਕਟ ਲਾਗੂ ਕਰ ਰਹੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਜਲਦੀ ਰਿਹਾ ਕੀਤਾ ਜਾਵੇ।ਮੋਟਰ ਸਾਈਕਲ ਮਾਰਚ ਦਾਣਾ ਮੰਡੀ ਨੂਰਮਹਿਲ ਤੋਂ ਸ਼ੁਰੂ ਹੋਕੇ, ਪਿੰਡਾਂ ਵਿੱਚ ਦੀ ਹੁੰਦਾ ਹੋਇਆ ਨੂਰਮਹਿਲ ਸ਼ਹਿਰ ਦੇ ਮੁਹਰੇ ਸਮਾਪਤ ਕੀਤਾ ਗਿਆ। ਮਾਰਚ ਦੀ ਅਗਵਾਈ ਕਿਰਤੀ ਕਿਸਾਨ ਯੂਨੀਅਨ ਆਗੂ ਸੰਤੋਖ ਸਿੰਘ ਸੰਧੂ, ਸੁਰਜੀਤ ਸਮਰਾ, ਮੱਖਣ ਕੰਦੋਲਾ, ਸੁਰਿੰਦਰ ਕੰਦੋਲਾ, ਗੁਰਨਾਮ ਤੱਗੜ, ਪੇਂਡੂ ਮਜ਼ਦੂਰ ਯੂਨੀਅਨ ਆਗੂ ਹੰਸ ਰਾਜ ਪੱਬਵਾਂ, ਚੰਨਣ ਸਿੰਘ ਬੁੱਟਰ, ਅਜੀਤ ਸਿੰਘ ਸਮਰਾ, ਜਸਵਿੰਦਰ ਹਰਦੋਫਰਾਲਾ, ਸੀਤਲ ਅਨਜਲ, ਸੇਵਾ ਰਵਿਦਾਸਪੁਰਾ, ਦਰਸ਼ਨ ਪਾਲ ਬੁੰਡਾਲਾ, ਸਤਨਾਮ ਸੱਤਾ, ਸੋਮ ਸੁੰਨੜ ਕਲਾ, ਤਰਲੋਚਨ ਸਿੰਘ ਨੇ ਕੀਤੀ।

# ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਕਰਵਾਇਆ ਸ਼ੁਕਰਾਨਾ ਸਮਾਗਮ



**ਫਗਵਾੜਾ (ਡਾ. ਰਮਨ)** ਸ਼੍ਰੋਮਣੀ ਅਕਾਲੀ ਦਲ (ਬ) ਸਰਕਲ ਫਗਵਾੜਾ ਵੱਲੋਂ ਵਿਧਾਨ ਸਭਾ ਹਲਕਾ ਫਗਵਾੜਾ ਦਿਹਾਤੀ ਦੇ ਇੰਚਾਰਜ ਰਜਿੰਦਰ ਸਿੰਘ ਚੰਦੀ ਅਤੇ ਸ਼ਹਿਰੀ ਹਲਕਾ ਇੰਚਾਰਜ ਰਣਜੀਤ ਸਿੰਘ ਖੁਰਾਣਾ ਦੀ ਅਗਵਾਈ ਹੇਠ ਗੁਰਦੁਆਰਾ ਸ਼੍ਰੀ ਸੁਖਚੈਨਆਣਾ ਸਾਹਿਬ, ਫਗਵਾੜਾ ਵਿਖੇ ਇਕ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੌਰਾਨ ਜੇਤੂ ਰਹੇ ਉਮੀਦਵਾਰਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਬ) ਦੇ ਜ਼ਿਲ੍ਹਾ ਕਪੂਰਥਲਾ ਪ੍ਰਧਾਨ ਜਰਨੈਲ ਸਿੰਘ ਵਾਹਦ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਮਾਗਮ ਦੌਰਾਨ ਸ਼੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ, ਉਪਰੰਤ ਸਰਬੱਤ ਦੇ ਭਲੇ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।ਇਸ ਮੌਕੇ ਹਲਕਾ ਇੰਚਾਰਜ ਰਾਜਿੰਦਰ ਸਿੰਘ ਚੰਦੀ ਅਤੇ ਰਣਜੀਤ ਸਿੰਘ ਖੁਰਾਣਾ ਨੇ ਪਾਰਟੀ ਦੇ ਚੁਣੇ ਹੋਏ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਮੈਂਬਰਾਂ ਅਤੇ ਸਾਰੇ ਲੜੇ ਹੋਏ ਉਮੀਦਵਾਰਾਂ ਵਲੋਂ ਸਮੂਹ ਵੋਟਰਾਂ ਅਤੇ ਸਪੋਰਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜਿਵੇਂ ਜ਼ਿਲ੍ਹਾ ਪ੍ਰੀਸ਼ਦ ਵਿੱਚ ਫਿਰ ਵੋਟਰਾਂ ਵਲੋਂ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਭਰਪੂਰ ਪਿਆਰ ਅਤੇ ਸਤਿਕਾਰ ਮਿਲਿਆ ਹੈ, ਉਸੇ ਤਰ੍ਹਾਂ 2027 ਦੀਆਂ ਪੰਜਾਬ ਵਿਧਾਨਸਭਾ ਚੋਣਾਂ ਵਿੱਚ ਵੀ ਫਗਵਾੜਾ ਵਿਧਾਨਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਨੂੰ ਭਾਰੀ ਸਮਰਥਨ ਮਿਲੇਗਾ।ਸਮਾਗਮ ਦੌਰਾਨ ਮੌਜੂਦ ਸਮੂਹ ਅਕਾਲੀ ਆਗੂਆਂ ਨੇ ਇਕ ਸੁਰ ਵਿੱਚ ਕਿਹਾ ਕਿ ਪੰਜਾਬ ਵਿੱਚ ਅਗਲੀ ਸਰਕਾਰ ਸ਼੍ਰੋਮਣੀ ਅਕਾਲੀ ਦਲ (ਬ) ਦੀ ਹੀ ਬਣੇਗੀ।ਇੱਸ ਮੌਕੇ ਵੱਡੀ ਗਿਣਤੀ ''ਚ ਅਕਾਲੀ ਵਰਕਰ ਅਤੇ ਸਮਰਥਕ ਹਾਜ਼ਰ ਸਨ।

# ਆਦਮਪੁਰ ਹਵਾਈ ਅੱਡੇ ਤੋਂ ਨਕਲੀ ਟਿਕਟਾਂ ਸਮੇਤ ਦੋ ਔਰਤਾਂ ਕਾਬੂ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਸਿਵਲ ਹਵਾਈ ਅੱਡੇ ਤੋਂ ਸਟਾਰ ਏਅਰ ਲਾਇਨਸ 'ਚ ਸਫ਼ਰ ਕਰਨ ਲਈ ਨਕਲੀ ਟਿਕਟਾਂ ਸਮੇਤ ਦੋ ਔਰਤਾਂ ਫੜੀਆਂ ਗਈਆਂ। ਆਦਮਪੁਰ ਤੋਂ ਹਜ਼ੂਰ ਸਾਹਿਬ ਜਾਣ ਵਾਲੀ ਫਲਾਈਟ 'ਚ ਸਫ਼ਰ ਕਰਨ ਲਈ ਦੋ ਔਰਤਾਂ ਆਦਮਪੁਰ ਸਿਵਲ ਹਵਾਈ ਅੱਡੇ 'ਤੇ ਪਹੁੰਚੀਆਂ ਹਨ, ਜਦ ਉਨ੍ਹਾਂ ਨੇ ਆਪਣੀਆਂ ਟਿਕਟਾਂ ਏਅਰ ਲਾਇਨਜ਼ ਦੇ ਚੈਕਿੰਗ ਕਾਊਂਟਰ 'ਤੇ ਦਿੱਤੀਆਂ ਤਾਂ ਚੈਕਿੰਗ ਕਾਊਂਟਰ 'ਤੇ ਤਾਇਨਾਤ ਏਅਰ ਕਰਮਚਾਰੀ ਨੇ ਦੱਸਿਆ ਕਿ ਇਹ ਟਿਕਟਾਂ ਨਕਲੀ ਹਨ।ਤੁਰੰਤ ਇਸ ਸੰਬੰਧੀ ਸਾਰੀ ਜਾਣਕਾਰੀ ਪੁਲਸ ਅਤੇ ਏਅਰਪੋਰਟ ਪ੍ਰਸ਼ਾਸਨ ਨੂੰ ਦਿੱਤੀ ਗਈ।ਇਸ ਮੌਕੇ ਸਫ਼ਰ ਕਰਨ ਵਾਲੀਆਂ ਔਰਤਾਂ ਨੇ ਦੱਸਿਆ ਕਿ ਇਹ ਟਿਕਟਾਂ ਕਿਸੇ ਏਜੰਟ ਦੇ ਰਾਹੀਂ ਖ਼ਰੀਦੀਆਂ ਸਨ।ਇਸ ਸੰਬੰਧੀ ਅਗੇਰੀ ਜਾਂਚ ਲਈ ਇਹ ਮਾਮਲਾ ਪੰਜਾਬ ਪੁਲਸ ਨੂੰ ਸੌਂਪ ਦਿੱਤਾ ਗਿਆ ਹੈ।ਇਸ ਸੰਬੰਧੀ ਏਅਰਪੋਰਟ ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਤਰ੍ਹਾਂ ਦੀਆਂ ਨਕਲੀ ਹਵਾਈ ਟਿਕਟਾਂ ਤੋਂ ਸਾਵਧਾਨ ਰਹਿਣ ਤੇ ਹਵਾਈ ਅੱਡੇ ਆਉਣ ਤੋਂ ਪਹਿਲਾ ਆਪਣੀ ਹਵਾਈ ਟਿਕਟ ਦੀ ਜਾਂਚ ਕਰ ਲੈਣ।

# ਡੀ.ਸੀ. ਹੁਸ਼ਿਆਰਪੁਰ ਵੱਲੋਂ ਵੈਦ ਕਰਾਸਫਿੱਟ ਕਲੱਬ ਦੇ ਜੇਤੂ ਖਿਡਾਰੀਆਂ ਦਾ ਸਨਮਾਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਡੀ.ਸੀ. ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਕੌਮੀ ਵੂਸ਼ੂ ਮੁਕਾਬਲਿਆਂ ਵਿਚ ਮੈਡਲ ਜਿੱਤਣ ਵਾਲੇ ਵੈਦ ਕਰਾਸਫਿੱਟ ਕਲੱਬ ਅਹੀਆਪੁਰ ਦੇ ਜੇਤੂ ਖਿਡਾਰੀਆਂ ਦਾ ਸਨਮਾਨ ਕੀਤਾ ਹੈ। ਛਤੀਸਗੜ੍ਹ ਵਿਚ ਹੋਈ ਨੌਵੀਂ ਫੈਡਰੇਸ਼ਨ ਕੱਪ ਨੈਸ਼ਨਲ ਵੂਸ਼ੂ ਚੈਂਪੀਅਨਸ਼ਿਪ ਵਿਚ 60 ਕਿੱਲੋ ਭਾਰ ਵਰਗ ਵਿਚ



ਮੁਸਕਾਨ ਸ਼ਰਮਾ ਅਤੇ 26 ਕਿੱਲੋ ਭਾਰ ਵਰਗ ਵਿਚ ਮਾਨਵੀ ਸੈਣੀ ਨੇ ਸਿਲਵਰ ਅਤੇ 90 ਕਿੱਲੋ ਭਾਰ ਵਰਗ ਵਿਚ ਚੰਦਰੇਸ਼ ਸ਼ਰਮਾ ਨੇ ਕਾਂਸੇ ਦਾ ਮੈਡਲ ਜਿੱਤਿਆ ਹੈ। ਕਲੱਬ ਪ੍ਰਬੰਧਕ ਨੇਹਾ ਵੈਦ, ਲਿਟਲ ਕਿੰਗਡਮ ਇੰਟਰਨੈਸ਼ਨਲ ਸਕੂਲ ਟਾਂਡਾ ਦੀ ਪ੍ਰਿੰਸੀਪਲ ਮੀਤਾ ਆਨੰਦ ਅਤੇ ਕੋਚ ਰੋਹਿਤ ਕੁਮਾਰ ਨੇ ਡੀ. ਸੀ. ਜੈਨ ਨੂੰ ਕਲੱਬ ਦੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਦੇ ਨਾਲ ਵੀ ਸਰਪ੍ਰਸਤ ਗਗਨ ਵੈਦ ਦੀ ਅਗਵਾਈ ਵਿਚ ਇਲਾਕੇ ਵਿਚ ਖੇਡ ਅਤੇ ਖਿਡਾਰੀਆਂ ਨੂੰ ਪ੍ਰਫੁੱਲਿਤ ਕਰਨ ਲਈ ਕੀਤੇ ਜਾ ਰਹੇ ਉੱਦਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਏ.ਡੀ.ਸੀ ਨਿਕਾਸ ਕੁਮਾਰ, ਵਰਿੰਦਰ ਕਮਲਜੀਤ ਮਨਕਾਨਾ ਓਲਿੰਪੀ ਐਸੋ. ਮੰਡਲ, ਪੀ.ਸੀ.ਐਸ, ਗੁਰਸਿਮਰਨਜੀਤ ਕੌਰ, ਸੂਰਜ ਸਹੋਤਾ, ਹਰਪ੍ਰੀਤ ਸਿੰਘ ਕਮਾਂਡਰ, ਅਰਪਣ, ਸੁਰਭੀ ਮੌਜੂਦ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਲਈ ਮੀਟਿੰਗ 11 ਨੂੰ

**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਪਠਾਨਕੋਟ ਜੀ ਟੀ ਰੋਡ 'ਤੇ ਸਥਿਤ ਡੇਰਾਂ ਸੱਚ ਖੰਡ ਬੱਲਾਂ ਤੋਂ ਗੱਦੀ ਨਸ਼ੀਨ ਸੰਤ ਨਿਰੰਜਣ ਦਾਸ ਅਗਵਾਈ ਵਿੱਚ ਇਸ ਵਾਰ ਪਹਿਲੀ ਫਰਵਰੀ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਦਿਹਾੜਾ ਸ਼੍ਰੀ ਗੁਰੂ ਰਵਿਦਾਸ ਦੇ ਜਨਮ ਅਸਥਾਨ ਸੀਰ ਹਰਗੋਵਧਨਪੁਰ ਜਾ ਕੇ ਮਨਾਉਣ ਲਈ ਉਥੇ ਪੁਹੰਚ ਕੇ ਸੰਗਤ ਦੇ ਲਈ ਪ੍ਰਬੰਧ ਕਰਨ ਵਾਲੇ ਸੇਵਾਦਾਰਾਂ ਦੀ ਬੈਠਕ 11 ਜਨਵਰੀ ਨੂੰ ਡੇਰਾਂ ਸੱਚ ਖੰਡ ਬੱਲਾ ਵਿਖੇ ਬੁਲਾਈ ਗਈ ਹੈ।



# ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਮਾਹਿਲਪੁਰ (ਸ਼ਫ਼ਰੀ)**- ਐਸ ਐਸ ਪੀ ਹੁਸ਼ਿਆਰਪੁਰ ਅਤੇ ਡੀ ਐਸ ਪੀ ਗੜ੍ਹਸ਼ੰਕਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਥਾਣਾ ਮਾਹਿਲਪੁਰ ਅਧੀਨ ਪੈਂਦੀ ਚੌਂਕੀ ਸੈਲਾ ਖੁਰਦ ਦੇ ਇੰਚਾਰਜ ਏ ਐਸ ਆਈ ਸਤਨਾਮ ਸਿੰਘ ਸਮੇਤ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਇਕ ਵਿਅਕਤੀ ਤੋਂ 60 ਨਸ਼ੀਲੀਆਂ ਗੋਲੀਆਂ ਫੜਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ।ਚੌਂਕੀ ਇੰਚਾਰਜ ਸੈਲਾ ਖੁਰਦ ਏ ਐਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ 2 ਜਨਵਰੀ 2026 ਦੁਪਹਿਰ ਕੋਈ ਢਾਈ ਵਜੇ ਪੱਦੀ ਸੂਰਾ ਸਿੰਘ ਸ਼ਮਸ਼ਾਨਘਾਟ ਨਜ਼ਦੀਕ ਇਕ ਸ਼ੱਕੀ ਵਿਅਕਤੀ ਦੀ ਤਲਾਸ਼ੀ ਦੌਰਾਨ ਉਸ ਕੋਲੋਂ 60 ਨਸ਼ੀਲੀਆਂ ਪ੍ਰਾਪਤ ਹੋਈਆਂ ਇਸ ਵਿਅਕਤੀ ਨੇ ਆਪਣਾ ਨਾਂਅ ਰਾਜੂ ਪੁੱਤਰ ਮਾਸ਼ੋ ਵਾਸੀ ਸੈਲਾ ਖੁਰਦ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੱਸਿਆ ਜੋ ਛੱਜ ਬਣਾਉਣ ਦਾ ਕੰਮ ਕਰਦਾ ਹੈ।ਚੌਂਕੀ ਇੰਚਾਰਜ ਸਤਨਾਮ ਸਿੰਘ ਨੇ ਉਪਰੋਕਤ ਵਿਅਕਤੀ ਨੂੰ ਗਿਰਫ਼ਤਾਰ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸੰਤ ਬਾਬਾ ਜੋਗਾ ਸਿੰਘ ਯਾਦਗਾਰੀ ਸਮਾਗਮ ਕਰਵਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸੱਚਖੰਡ ਵਾਸੀ ਸੰਤ ਬਾਬਾ ਜੋਗਾ ਸਿੰਘ ਦੀ ਯਾਦ ਨੂੰ ਸਮਰਪਿਤ ਸਾਲਾਨਾ ਧਾਰਮਿਕ ਸਮਾਗਮ ਗੁਰਦੁਆਰਾ ਤਪ ਅਸਥਾਨ ਦਸਮੇਸ਼ ਨਗਰ ਟਾਂਡਾ ਵਿਖੇ ਕਰਵਾਇਆ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਮੁੱਖ ਸੇਵਾਦਾਰ



ਸੰਤ ਬਾਬਾ ਜਸਪ੍ਰੀਤ ਸਿੰਘ ਦੀ ਦੇਖ-ਰੇਖ ਹੇਠ ਹੋਏ ਸਮਾਗਮ ਵਿੱਚ ਵੱਡੀ ਗਿਣਤੀ ਦੌਰਾਨ ਸੰਗਤ ਨੇ ਹਾਜ਼ਰੀ ਲਗਵਾਈ। ਪਹਿਲਾਂ 19 ਦਸੰਬਰ ਤੋਂ ਆਰੰਭ ਕੀਤੀ ਗਈ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ ਤੇ ਹੈਡ ਗ੍ਰੰਥੀ ਗਿਆਨੀ ਪੁਰਸ਼ੋਤਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਕੀਰਤਨ ਦਰਬਾਰ ਵਿੱਚ ਭਾਈ ਪ੍ਰਿਤਪਾਲ ਸਿੰਘ ਦਸੂਹਾ, ਭਾਈ ਮਨਵੀਰ ਸਿੰਘ ਭੁੱਚੋ ਸਾਹਿਬ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਿਆ। ਮੁੱਖ ਸੇਵਾਦਾਰ ਸੰਤ ਬਾਬਾ ਜਸਪ੍ਰੀਤ ਸਿੰਘ ਨੇ ਦੂਰੋਂ ਨੇੜਿਓਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਨਿਭਾ ਰਹੇ ਭਾਈ ਮਨਜੀਤ ਸਿੰਘ ਦਸ਼ਮੇਸ਼ ਨਗਰ ਟਾਂਡਾ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਸੰਤ ਬਾਬਾ ਜੋਗਾ ਸਿੰਘ ਜੀ ਫਰੀ ਡਿਸਪੈਂਸਰੀ ਵੱਲੋਂ ਤਪ ਸਥਾਨ ਤੇ ਪਹੁੰਚੇ ਸ਼ਰਧਾਲੂਆਂ ਸੇਵਾ ਲਈ ਸਿਹਤ ਜਾਂਚ ਕੈਂਪ ਵੀ ਲਗਾਇਆ ਗਿਆ।ਡਾ. ਜਸਵਿੰਦਰ ਸਿੰਘ, ਗੁਰਵਿੰਦਰ ਸਿੰਘ, ਜਸਕਰਨ ਸਿੰਘ ਤੇ ਅਰਮਾਨ ਦੀ ਟੀਮ ਨੇ ਕਰੀਬ 120 ਮਰੀਜ਼ਾਂ ਦੀ ਸਿਹਤ ਸੀ ਜਾਂਚ ਕਰਦੇ ਹੋਏ ਲੋੜਵੰਦ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ।ਇਸ ਮੌਕੇ ਮੇਵਲਜੀਤ ਸਿੰਘ, ਬੀਬੀ ਸਤਿੰਦਰ ਕੌਰ, ਹੈਡ ਗ੍ਰੰਥੀ ਪੁਰਸ਼ੋਤਮ ਸਿੰਘ, ਜਗਮੋਹਨ ਸਿੰਘ, ਸ਼ਰਧਾ ਸਿੰਘ, ਗੁਰਜੰਟ ਸਿੰਘ ਹਰਿਆਣਾ, ਬਲਜੀਤ ਸਿੰਘ ਸੰਦੀਪ, ਸਿੰਘ, ਹਰਪ੍ਰੀਤ ਸਿੰਘ, ਮਨਜੀਤ ਸਿੰਘ, ਏਕਮਕਾਰ ਸਿੰਘ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਜਗਮੋਹਨ ਸਿੰਘ, ਪਰਮਜੀਤ ਸਿੰਘ, ਡਾ. ਰਾਮ ਲਾਲ ਬਾਵਾਮਾਸਟਰ ਜਸਵੀਰ ਸਿੰਘ, ਸਰਧਾ ਸਿੰਘ ਦਸ਼ਮੇਸ਼ ਨਗਰ ਟਾਂਡਾ, ਗਿਆਨੀ ਕੇਵਲ ਸਿੰਘ,ਬੀਬੀ ਜਸਵੀਰ ਕੌਰ ਵੀ ਹਾਜ਼ਰ ਸਨ।

# ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸਮਾਗਮ ਕਰਵਾਏ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਬੱਡੋਂ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਕਰਮ ਸਿੰਘ (ਸ਼ਹੀਦਾਂ) ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ



ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਬੰਸ ਦਾਨੀ, ਹੇਮਕੁੰਟ ਵਾਸੀ, ਅੰਮ੍ਰਿਤ ਦੇ ਦਾਤੇ, ਕਲਗੀਧਰ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਦੇ 359ਵੇਂ ਪ੍ਰਕਾਸ਼ ਪੁਰਬ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ।ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਦਰਸ਼ਨ ਸਿੰਘ ਬੱਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਉਪਰੰਤ ਦੀਵਾਨ ਹਾਲ ਵਿੱਚ ਭਾਈ ਪਰਮਜੀਤ ਸਿੰਘ ਮੁੱਖ ਗ੍ਰੰਥੀ ਬੱਡੋ, ਭਾਈ ਮੰਗਲ ਸਿੰਘ ਕੀਰਤਨੀਏ ਜੱਥਾ, ਭਾਈ ਗਰਜਾ ਸਿੰਘ ਇੰਟਰਨੈਸ਼ਨਲ ਢਾਡੀ ਜੱਥਾ ਆਦਿ ਗੁਰਬਾਣੀ, ਗੁਰਇਤਿਹਾਸ, ਕਥਾ ਕੀਰਤਨ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ, ਮੱਖਣ ਸਿੰਘ ਮੀਤ ਪ੍ਰਧਾਨ, ਸੁਰਿੰਦਰ ਸਿੰਘ ਜਰਨਲ ਸਕੱਤਰ, ਹਰਦੀਪ ਸਿੰਘ ਖਾਲਸਾ ਖਜਾਨਚੀ, ਸਰਬਪ੍ਰੀਤ ਸਿੰਘ ਸੋਨੂ ਸਟੇਜ ਸਕੱਤਰ, ਤਰਲੋਚਨ ਸਿੰਘ, ਵਿਜੈ ਸਿੰਘ, ਹਰਵੇਲ ਸਿੰਘ, ਭਾਈ ਪਰਮਜੀਤ ਸਿੰਘ ਹੈਡ ਗ੍ਰੰਥੀ, ਅਵਤਾਰ ਸਿੰਘ, ਸੋਢੀ ਸਿੰਘ, ਕਰਨਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਚ ਸੰਗਤਾਂ ਹਾਜ਼ਰ ਸਨ।

# ਨਵੇਂ ਸਾਲ ਦੀ ਆਮਦ 'ਤੇ ਡੇਰਾ ਗੁਲਾਬ ਸ਼ਾਹ ਵਿਖੇ ਧਾਰਮਿਕ ਸਮਾਗਮ ਕਰਵਾਇਆ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਡੇਰਾ ਸਾਈਂ ਗੁਲਾਬ ਸ਼ਾਹ ਪਿੰਡ ਮੈਲੀ ਵਿਖੇ ਨਵੇਂ ਸਾਲ ਦੀ ਆਮਦ ਨੂੰ ਮੁੱਖ ਰੱਖਦਿਆਂ ਸਮੂਹ ਸਾਧ ਸੰਗਤ ਦੇ ਭਲੇ ਲਈ ਗੱਦੀ ਨਸ਼ੀਨ 108 ਸੰਤ ਗੰਗਾ ਦੇਵੀ ਮਹਾਰਾਜ ਦੀ ਰਹਿਨੁਮਾਈ ਹੇਠ ਸਤਸੰਗ ਤੇ ਕੀਰਤਨ ਕਰਵਾਇਆ ਗਿਆ, ਜਿਸ ਦੌਰਾਨ ਵੱਖ ਵੱਖ ਡੇਰਿਆਂ ਤੋਂ ਮਹਾਂਪੁਰਸ਼ਾਂ ਦੁਆਰਾ ਸ਼ਬਦ ਕੀਰਤਨ ਅਤੇ ਸਤਸੰਗ ਕੀਤਾ ਗਿਆ।ਇਸ ਮੌਕੇ 108 ਸੰਤ ਰਮੇਸ਼ ਦਾਸ ਜੀ ਮਹਾਰਾਜ ਸ਼ੇਰਪੁਰ ਢੱਕੋ, 108 ਸੰਤ ਰਾਜਿੰਦਰ ਦਾਸ ਮਹਾਰਾਜ, 108 ਸੰਤ ਸਰਿਤਾ ਮਹਾਰਾਜ, 108 ਸੰਤ ਰਮਾ ਮਹਾਰਾਜ, 108 ਸੰਤ ਜਗਦੀਸ਼ ਮਹਾਰਾਜ, 108 ਸੰਤ ਸਰਸਵਤੀ ਮਹਾਰਾਜ, 108 ਇੰਦੂ ਮਹਾਰਾਜ, 108 ਸੰਤ ਰਾਣੀ ਮਹਾਰਾਜ, ਜਰਨੈਲ, ਮਨੀ ਭਾਜੀ ਤੇ ਸਾਗਰ ਸਮੇਤ ਲਾਗਲੇ ਪਿੰਡਾਂ ਤੋਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।ਇਸ ਮੌਕੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾ. ਜਸਵੰਤ ਸਿੰਘ ਥਿੰਦ ਐਸ.ਐਮ.ਓ ਸਿਵਲ ਹਸਪਤਾਲ ਮਾਹਿਲਪੁਰ ਦੇ ਭਰਪੂਰ ਸਹਿਯੋਗ ਸਦਕਾ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ।ਜਿਸ ਵਿੱਚ ਮਰੀਜ਼ਾਂ ਦਾ ਚੈੱਕ ਅਪ ਕਰਕੇ ਉਹਨਾਂ ਨੂੰ ਮੁਫਤ ਦਵਾਈ ਦਿੱਤੀ ਗਈ।ਇਸ ਮੌਕੇ ਮਰੀਜ਼ਾਂ ਦਾ ਮੁਫਤ ਸ਼ੂਗਰ ਟੈਸਟ ਵੀ ਕੀਤਾ ਗਿਆ।ਡਾਕਟਰੀ ਟੀਮ ਵਿੱਚ ਡਾ: ਪ੍ਰਭ ਹੀਰ, ਹਰਜਿੰਦਰ ਕੁਮਾਰੀ, ਨਵਜੋਤ ਕੌਰ, ਹਰਜੋਤ ਕੌਰ ਤੇ ਕਿਸ਼ਨ ਚੰਦ ਵੱਲੋਂ ਸੇਵਾਵਾਂ ਨਿਭਾਈਆਂ ਗਈਆਂ।

# ਚਿੱਟੀ 'ਚ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਨਕੋਦਰ (ਮਨਜੀਤ ਮਾਨ)** ਜ਼ਿਲ੍ਹਾ ਜਲੰਧਰ ਦੇ ਪਿੰਡ ਚਿੱਟੀ ਵਿਖੇ ਭਗਵਾਨ ਵਾਲਮੀਕਿ ਸੇਵਾ ਕਮੇਟੀ ਦੇ ਪ੍ਰਧਾਨ ਮਾਸਟਰ ਨਿਰਮਲ ਸਿੰਘ ਚਿੱਟੀ, ਚੇਅਰਮੈਨ ਤੀਰਥ ਰਾਮ ਮੰਗਾ, ਕੈਸ਼ੀਅਰ ਸਟੀਫਨ ਗਿੱਲ, ਕੰਵਲਜੀਤ ਠੇਕੇਦਾਰ, ਅਜੇ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕਿ ਮੰਦਰ ਵਿੱਚ ਸ਼੍ਰੋਮਣੀ ਜਰਨੈਲ ਸ਼ਹੀਦ ਬਾਬਾ ਜੀਵਨ



ਸਿੰਘ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਪਾਠ ਦੇ ਭੋਗ ਪਾਏ ਗਏ ਇਸ ਮੌਕੇ ਸ਼੍ਰੋਮਣੀ ਪੰਥਕ ਢਾਡੀ ਭਾਈ ਬੀਬੀ ਕੁਲਵਿੰਦਰ ਕੌਰ ਜੰਡਿਆਲਾ ਵਾਲੇ ਤੇ ਢਾਡੀ ਦਵਿੰਦਰ ਸਿੰਘ ਵੱਲੋਂ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਨਿਹਾਲ ਕੀਤਾ। ਇਸ ਮੌਕੇ ਇਸ ਮੌਕੇ ਮਾਸਟਰ ਨਿਰਮਲ ਸਿੰਘ ਚਿੱਟੀ ਤੇ ਤੀਰਥ ਰਾਮ ਮੰਗਾ ਸਾਬਕਾ ਸਰਪੰਚ ਨੇ ਕਿਹਾ ਕਿ ਸਾਨੂੰ ਆਪਣੇ ਸ਼ਹੀਦਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਅਜੇ ਗਿੱਲ, ਮਲਕੀਤ ਚੰਦ, ਮੋਨਾ ਗਿੱਲ, ਪ੍ਰਧਾਨ ਸਾਬੀ ਰਸੂਲਪੁਰੀ, ਗਿਆਨੀ ਸਹੋਤਾ, ਪਰਮਜੀਤ ਗਿੱਲ ਪਰਮਜੀਤ ਠੇਕੇਦਾਰ , ਸੁਖਦੇਵ ਮਾਸਟਰ ਗੋਗੀ ਤੋਂ ਇਲਾਵਾ ਪਿੰਡ ਤੇ ਇਲਾਕੇ ਦੀਆਂ ਨਾਮਵਰ ਸਖਸ਼ੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਮਹਾਨ ਸ਼ਖਸੀਅਤਾਂ ਸੰਬੰਧੀ ਕੀਤੀ ਸ਼ੋਕ ਸਭਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਮਰਹੂਮ ਮਹਿੰਦਰ ਸਿੰਘ ਦੀਵਾਨਾ ਬੁਧੀਜੀਵੀ ਚਿੰਤਕ/ ਪੈਨਸ਼ਨਰ ਆਗੂ ਤੇ ਸਾਹਿਤਕਾਰ ਅਤੇ ਸੇਵਾ ਸਿੰਘ ਰੀਹਾਲ ਸਾਬਕਾ ਟ੍ਰੇਡ ਯੂਨੀਅਨ ਤੇ ਪੈਨਸ਼ਨਰ ਆਗੂ ਕ੍ਰਮਵਾਰ 24 ਦਸੰਬਰ ਅਤੇ 25 ਦਸੰਬਰ 2025 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਦੋਵਾਂ ਹੀ ਸ਼ਖਸ਼ੀਅਤਾਂ ਨੂੰ ਸ਼ਰਧਾਂਜਲੀ ਦੇਣ ਲਈ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਤਹਿਸੀਲ ਪ੍ਰਧਾਨ ਸ਼ਮਸ਼ੇਰ ਸਿੰਘ ਧਾਮੀ ਦੀ ਪ੍ਰਧਾਨਗੀ ਵਿੱਚ ਸ਼ੋਕ ਸਭਾ ਕੀਤੀ ਗਈ। ਇਸ ਸ਼ੋਕ ਸਭਾ ਵਿੱਚ ਮੁਲਾਜ਼ਮ, ਪੈਨਸ਼ਨਰ ਅਤੇ ਰਾਜਨੀਤਿਕ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਸ਼ੋਕ ਸਭਾ ਦੇ ਸ਼ੁਰੂ ਵਿੱਚ ਦੋਵਾਂ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਸ਼ੋਕ ਸਭਾ ਦੀ ਸ਼ੁਰੂਆਤ ਸਰਬਜੀਤ ਸਿੰਘ ਕੱਕੋਂ ਦੀ ਵੈਰਾਗ ਮਈ ਕਵਿਤਾ ਸੁਣਾਉਣ ਸਮੇਂ ਗਮਗੀਨ ਮਾਹੌਲ ਨਾਲ ਸ਼ੁਰੂ ਹੋਈ। ਇਸ ਮੌਕੇ ਰਾਜਨੀਤਿਕ ਅਤੇ ਟਰੇਡ ਯੂਨੀਅਨ ਆਗੂ ਮਾਸਟਰ ਹਰਕੰਵਲ ਸਿੰਘ, ਸਤੀਸ਼ ਰਾਣਾ ਸੂਬਾ ਪ੍ਰਧਾਨ ਪਸਸਫ ਤੇ ਕਨਵੀਨਰ ਪੰਜਾਬ ਮੁਲਾਜ਼ਮ/ਪੈਨਸ਼ਨਰਜ਼ ਸਾਂਝਾ ਫਰੰਟ, ਕੁਲਵਰਨ ਸਿੰਘ ਜਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ, ਪੰਜਾਬ ਸਟੇਟ ਪੈਨਸ਼ਨਰਜ ਕਨਫੈਡਰੇਸ਼ਨ, ਸ਼੍ਰੀਮਤੀ ਕੁਲਵੰਤ ਕੌਰ, ਸੂਰਜ ਪ੍ਰਕਾਸ਼ ਆਨੰਦ ਪ੍ਰਧਾਨਗੀ ਮੰਡਲ ਵਿੱਚ





ਸ਼ਾਮਲ ਸਨ। ਇਸ ਮੌਕੇ ਸੁਖਦੇਵ ਸਿੰਘ ਢਿੱਲੋ, ਕਰਮਜੀਤ ਸਿੰਘ, ਮਦਨ ਲਾਲ ਸੈਣੀ, ਕਾਮਰੇਡ ਗੰਗਾ ਪ੍ਰਸਾਦ, ਬਲਵੀਰ ਸਿੰਘ ਸੈਣੀ, ਮਨਜੀਤ ਸਿੰਘ ਸੈਣੀ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਅਮਨਦੀਪ ਸ਼ਰਮਾ, ਇੰਦਰਜੀਤ ਵਿਰਦੀ, ਰਕੇਸ਼ ਕੁਮਾਰ, ਪਵਨ ਕੁਮਾਰ, ਮਨਜੀਤ ਸਿੰਘ ਬਾਜਵਾ, ਓਮ ਸਿੰਘ ਸਟਿਆਣਾ, ਗੁਰਚਰਨ ਸਿੰਘ, ਮਨਜਿੰਦਰ ਸਿੰਘ ਬੈਂਸ, ਪਰਦੁਮਣ ਸਿੰਘ ਖਰਾਲ ਆਦਿ ਨੇ ਵੀ ਆਪਣੇ ਸੰਬੋਧਨ ਦੌਰਾਨ ਦੋਵਾਂ ਹੀ ਸਾਥੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਅੰਤ ਵਿੱਚ ਤਹਿਸੀਲ ਪ੍ਰਧਾਨ ਸ਼ਮਸ਼ੇਰ ਸਿੰਘ ਧਾਮੀ ਨੇ ਦੋਵਾਂ ਹੀ ਮਰਹੂਮ ਸਾਥੀਆਂ ਨਾਲ ਸਰਕਾਰੀ ਨੌਕਰੀ ਦਾ ਦੌਰਾਨ ਵਿਚਰਦਿਆਂ ਉਹਨਾਂ ਦੀਆਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਪੰਜਾਬੀਅਤ ਪ੍ਰਤੀ ਨਿਭਾਈਆਂ ਜਿੰਮੇਵਾਰੀਆਂ ਪ੍ਰਤੀ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

# ਮਨਰੇਗਾ ਕਾਨੂੰਨ ਖਤਮ ਕਰਨ ਖਿਲਾਫ ਜਾਗਰੂਕਤਾ ਮੁਹਿੰਮ ਜਾਰੀ

**ਨੰਗਲ (ਸੁਰਜੀਤ ਸਿੰਘ)** ਕੇਂਦਰ ਸਰਕਾਰ ਵੱਲੋਂ ਮਗਨਰੇਗਾ ਨੂੰ ਖਤਮ ਕਰਨ, ਬਿਜਲੀ ਸੋਧ ਬਿੱਲ 2025, ਬੀਜ ਬਿੱਲ 2025 ਅਤੇ ਚਾਰ ਲੇਬਰ ਕੋਡਾਂ ਖਿਲਾਫ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ 28 ਦਸੰਬਰ ਤੋਂ 4 ਜਨਵਰੀ ਤੱਕ ਪਿੰਡਾਂ ਵਿੱਚ ਮੁਹਿੰਮ ਚਲਾਉਣ ਦੇ ਸੱਦੇ 'ਤੇ ਪਿੰਡ ਦੁਬੇਟਾ, ਹੰਬੇਵਾਲ, ਡੁਕਲੀ, ਮੇਘਪੁਰ, ਮਾਣਕਪੁਰ, ਪੱਟੀ, ਰਾਏਪੁਰ, ਬ੍ਰਹਮਪੁਰ ਵਿਖੇ ਮਜ਼ਦੂਰਾਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ।ਮਨਰੇਗਾ ਕਾਨੂੰਨ ਖਤਮ ਕਰਨ ਖਿਲਾਫ਼ ਇਸ ਮੌਕੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ



ਬੋਲਦਿਆਂ ਸੁਰਜੀਤ ਸਿੰਘ ਢੇਰ, ਦਵਿੰਦਰ ਨੰਗਲੀ, ਗੁਲਜ਼ਾਰ ਸਿੰਘ, ਸਤਨਾਮ ਸਿੰਘ ਨੇ ਕਿਹਾ ਕਿ ਅੱਜ ਮਨਰੇਗਾ ਨੂੰ ਖਤਮ ਕਰਕੇ ਮਜਦੂਰਾਂ ਉਪਰ ਕੇਂਦਰ ਦੀ ਮੋਦੀ ਸਰਕਾਰ ਨੇ ਵੱਡਾ ਹਮਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਮਨਰੇਗਾ ਕਾਨੂੰਨ 2005 'ਚ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਖੱਬੀਆਂ ਪਾਰਟੀਆਂ ਦੇ ਦਬਾਅ ਸਦਕਾ ਬਣਿਆ ਸੀ।ਇਹ ਕਾਨੂੰਨ ਮਜਦੂਰਾਂ ਨੂੰ ਪਿੰਡ ਵਿੱਚ ਜਾਂ ਪਿੰਡ ਦੇ ਨੇੜੇ ਹੀ ਸਾਲ ਵਿੱਚ 100 ਦਿਨ ਰੁਜ਼ਗਾਰ ਦੇਣ ਦੀ ਗਰੰਟੀ ਦਿੰਦਾ ਸੀ ਤੇ ਕੰਮ ਦੀ ਮੰਗ ਕਰਨ 'ਤੇ 15 ਦਿਨਾਂ ਦੇ ਅੰਦਰ ਸਰਕਾਰ ਨੂੰ ਕੰਮ ਦੇਣ ਲਈ ਪਾਬੰਦ ਕਰਦਾ ਸੀ, ਪਰ ਹੁਣ ਮੋਦੀ ਸਰਕਾਰ ਨੇ ਇਸ ਮਜ਼ਦੂਰ ਹਿਤੈਸ਼ੀ ਕਾਨੂੰਨ ਦਾ ਭੋਗ ਪਾ ਦਿੱਤਾ ਹੈ ਤੇ ਜਲਦਬਾਜ਼ੀ ਵਿਚ ਇਸ ਦੀ ਥਾਂ ਕੋਈ ਨਵੀਂ ਸਕੀਮ ਵੀ ਬੀ ਜੀਰਾਮਜੀ ਬਣਾ ਦਿੱਤੀ ਹੈ, ਜਿਸ ਵਿੱਚ ਕਾਫੀ ਕੁੱਝ ਬਦਲ ਦਿੱਤਾ ਹੈ।ਇਸ ਨਵੀਂ ਸਕੀਮ 'ਚ ਮਜਦੂਰਾਂ ਵਲੋਂ ਕੰਮ ਮੰਗਣ 'ਤੇ ਕੰਮ ਦੇਣ ਦੀ ਕੋਈ ਗਰੰਟੀ ਨਹੀਂ ਹੈ।ਉਨ੍ਹਾਂ ਕਿਹਾ ਕਿ 12 ਫਰਵਰੀ ਨੂੰ ਦੇਸ਼ ਦੀ ਦੀਆਂ ਵੱਡੀਆਂ ਟਰੇਡ ਯੂਨੀਅਨਾਂ ਨੇ ਹੜਤਾਲ ਦਾ ਸੱਦਾ ਦਿੱਤਾ ਹੈ। ਦੇਸ਼ ਭਰ ਦੇ ਮਜ਼ਦੂਰ-ਕਿਸਾਨ 16 ਜਨਵਰੀ ਨੂੰ ਡਿਪਟੀ ਕਮਿਸ਼ਨਰਾਂ ਦਫ਼ਤਰਾਂ ਮੂਹਰੇ ਜ਼ਬਰਦਸਤ ਧਰਨੇ ਲਗਾਉਣਗੇ। ਜਿਸ ਵਿੱਚ ਮਜ਼ਦੂਰਾਂ ਨੂੰ ਵੱਡੀ ਗਿਣਤੀ ਵਿੱਚ ਪੁੱਜਣ ਦਾ ਸੱਦਾ ਦਿੱਤਾ ਗਿਆ।ਇਸ ਮੌਕੇ ਪੁਸ਼ਵਾ ਦੇਵੀ, ਰੀਨਾ ਦੇਵੀ, ਤਾਰੋ ਦੇਵੀ, ਜਿਦਰਾ, ਸਵਿੱਤਰੀ ਦੇਵੀ, ਚਾਂਦ ਰਾਣੀ, ਕ੍ਰਿਸ਼ਨਾ, ਧੰਨਰਾਜ ਰਾਣਾ,ਕੇਵਲ ਕ੍ਰਿਸ਼ਨ, ਪ੍ਰੇਮ ਪ੍ਰਕਾਸ਼, ਬਲਾਕ ਸੰਮਤੀ ਮੈਂਬਰ ਪੁਸਵਾ ਦੇਵੀ, ਰੈਨੂ ਬਾਲਾ, ਸ਼ੰਕੁਤਲਾ, ਕਮਲਾ ਦੇਵੀ, ਦਰਸ਼ਨ ਸਿੰਘ, ਅਸ਼ਵਨੀ, ਸੀਮਾ ਰਾਣੀ, ਕੁਸਮ, ਰਜਿੰਦਰ ਕੌਰ,ਕੇਵਲ ਡੁਕਲੀ, ਪ੍ਰੇਮ ਚੰਦ, ਜਾਗਰ ਸਿੰਘ, ਪਾਰੋ ਦੇਵੀ,ਦਿਆਲ ਕੌਰ, ਮੀਨਾ ਕੁਮਾਰੀ, ਸਵਰਨੋ, ਮੇਹਰ ਕੌਰ ਤੇ ਹੋਰ ਵੱਡੀ ਗਿਣਤੀ ਵਿੱਚ ਮਨਰੇਗਾ ਵਰਕਰ ਹਾਜ਼ਰ ਸਨ।

# ਰਾਤ ਦੋ ਕਾਰਾਂ ਦੀ ਟੱਕਰ 'ਚ ਤਿੰਨ ਵਿਅਕਤੀ ਜ਼ਖਮੀ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਹਾਦਸੇ ਸਬੰਧੀ ਜਾਣਕਾਰੀ ਦਿੰਦੇ ਹੋਏ ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਏ ਐਸ ਆਈ ਰਣਜੀਤ ਸਿੰਘ ਨੇ ਦੱਸਿਆ ਕਿ ਦੇਰ ਰਾਤ ਕੰਟਰੋਲ ਰੂਮ ਤੋਂ ਸੂਚਨਾ ਮਿਲਣ ਉਪਰੰਤ ਐਸ ਐਸ ਐਫ ਟੀਮ ਮੌਕੇ 'ਤੇ ਪਹੁੰਚੀ ਤਾਂ ਦੇਖਿਆ ਇੱਕ ਔਰਾ ਮਾਰਕਾ ਗੱਡੀ ਨੰਬਰ ਜਿਸ ਨੂੰ ਸਾਹਿਲ ਮਹਾਜਨ ਪੁੱਤਰ ਪ੍ਰਵੀਨ ਮਹਾਜਨ ਵਾਸੀ ਰਾਮਲੀਲਾ ਗਰਾਊਂਡ ਗੀਤਾ ਭਵਨ ਰੋਡ ਗੁਰਦਾਸਪੁਰ ਚਲਾ ਰਿਹਾ ਸੀ। ਜਦੋਂ ਔਰਾ ਕਾਰ ਕਿਸ਼ਨਗੜ੍ਹ ਚੌਂਕ 'ਚ ਪਹੁੰਚੀ ਤਾਂ ਉਸ ਦਾ ਵਰਨਾ ਕਾਰ ਜਿਸ ਨੂੰ ਮੋਹਿਤ ਕੁਮਾਰ ਪੁੱਤਰ ਸੂਰਤ ਸਿੰਘ ਵਾਸੀ ਦਿੱਲੀ ਚਲਾ ਰਿਹਾ ਸੀ ਜੋ ਕਿ ਕਰਤਾਰਪੁਰ ਤੋਂ ਕਿਸ਼ਨਗੜ੍ਹ ਵਾਲੀ ਸਾਈਡ ਨੂੰ ਆ ਰਹੀ ਸੀ ਨਾਲ ਟੱਕਰ ਹੋ ਗਈ।ਜਿਸ ਕਾਰਨ ਇਸ ਹਾਦਸੇ ਦੌਰਾਨ ਦੋਵੇਂ ਕਾਰਾਂ ਵਿੱਚ ਸਵਾਰ ਤਿੰਨ ਜਣੇ ਜ਼ਖਮੀ ਹੋ ਗਏ।ਹਾਦਸੇ ਦੌਰਾਨ ਜਖਮੀ ਹੋਏ ਵਿਅਕਤੀਆਂ ਨੂੰ ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋਂ ਮੌਕੇ 'ਤੇ ਫਰਸਟ ਏਡ ਦਿੱਤੀ ਗਈ।ਹਸਪਤਾਲ ਭੇਜ ਦਿੱਤਾ ਗਿਆ ਐਸ ਐਸ ਐਫ ਟੀਮ ਵੱਲੋਂ ਇਸ ਹਾਦਸੇ ਸਬੰਧੀ ਪੁਲਸ ਚੌਂਕੀ ਅਲਾਵਲਪੁਰ ਦੇ ਇੰਚਾਰਜ ਏ ਐਸ ਆਈ ਪਰਮਜੀਤ ਸਿੰਘ ਨੂੰ ਸੂਚਿਤ ਕੀਤਾ ਗਿਆ ਅਤੇ ਸਾਰਾ ਮਾਮਲਾ ਪੁਲਸ ਚੌਂਕੀ ਅਲਾਵਲਪੁਰ ਦੇ ਹਵਾਲੇ ਕੀਤਾ ਗਿਆ।ਜ਼ਖਮੀ ਹੋਏ ਵਿਅਕਤੀਆਂ ਦੀ ਪਹਿਚਾਣ ਸੁਨੀਲ ਕੁਮਾਰ ਪੁੱਤਰ ਸ੍ਰੀਪਾਲ, ਅਤੇ ਪਵਨ ਪੁੱਤਰ ਪਾਲ ਦੋਵੇਂ ਵਾਸੀ ਦਿੱਲੀ ਅਤੇ ਨਿਰਮਲ ਪਤਨੀ ਪ੍ਰਵੀਨ ਕੁਮਾਰ ਵਾਸੀ ਗੀਤਾ ਭਵਨ ਰੋਡ ਗੁਰਦਾਸਪੁਰ ਵਜੋਂ ਹੋਈ ਹੈ।

# ਪ੍ਰੋ. (ਡਾ.) ਰਸ਼ਪਾਲ ਸਿੰਘ ਸੰਧੂ ਨੇ ਕਾਰਜਕਾਰੀ ਪ੍ਰਿੰਸੀਪਲ ਦਾ ਸੰਭਾਲਿਆ ਅਹੁਦਾ



**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਡਾ. ਰਸ਼ਪਾਲ ਸਿੰਘ ਸੰਧੂ ਮੁਖੀ ਕਾਮਰਸ ਵਿਭਾਗ ਨੇ ਕਾਰਜਕਾਰੀ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ। ਸਿੱਖਿਆ ਦੇ ਖੇਤਰ ਵਿਚ ਅਤੇ ਖਾਸ ਤੌਰ 'ਤੇ ਉੱਤਰੀ ਭਾਰਤ ਦੀਆਂ ਵਿਦਿਅਕ ਸੰਸਥਾਵਾਂ ਵਿਚ ਡਾ. ਰਸ਼ਪਾਲ ਸਿੰਘ ਸੰਧੂ ਦਾ ਇਕ ਜਾਣਿਆ ਪਹਿਚਾਣਿਆ ਨਾਂਅ ਹੈ।ਉਨ੍ਹਾਂ ਨੇ ਅਧਿਆਪਨ ਦੇ ਨਾਲ-ਨਾਲ ਹੋਰ ਵੀ ਮਹੱਤਵਪੂਰਨ ਐਡਮਨਿਸਟਰੇਸ਼ਨ ਅਹੁਦਿਆਂ ਉਪਰ ਆਪਣੀ ਜ਼ਿੰਮੇਵਾਰੀਆਂ ਨਿਭਾਈਆਂ ਹਨ।ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਅਤੇ ਜਸਪਾਲ ਸਿੰਘ ਵੜੈਚ ਸਕੱਤਰ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਡਾ. ਰਸ਼ਪਾਲ ਸਿੰਘ ਸੰਧੂ ਨੂੰ ਪ੍ਰਿੰਸੀਪਲ ਬਣਨ ਤੇ ਵਧਾਈ ਦਿੱਤੀ। ਇਸ ਮੌਕੇ ਡਾ. ਰਸ਼ਪਾਲ ਸਿੰਘ ਸੰਧੂ ਨੇ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਦਾ ਉਨ੍ਹਾਂ ਉਪਰ ਵਿਸ਼ਵਾਸ ਜਤਾਉਣ ਲਈ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਰਵਾਇਤੀ ਕੋਰਸਾਂ ਦੇ ਨਾਲ-ਨਾਲ ਨਵੇਂ ਕੋਰਸ ਵੀ ਲਿਆਂਦੇ ਜਾਣਗੇ ਅਤੇ ਵਿਦਿਆਰਥੀਆਂ ਨੂੰ ਸਮੇਂ ਦੀਆਂ ਜ਼ਰੂਰਤਾਂ ਅਨੁਸਾਰ ਵਿਦਿਆ ਮੁਹੱਈਆ ਕਰਵਾਈ ਜਾਵੇਗੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਸਮੂਹ ਮੁੱਖੀ ਸਾਹਿਬਾਨ, ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੇ ਡਾ. ਰਸ਼ਪਾਲ ਸਿੰਘ ਸੰਧੂ ਨੂੰ ਕਾਰਜਕਾਰੀ ਪ੍ਰਿੰਸੀਪਲ ਬਣਨ 'ਤੇ ਵਧਾਈਆਂ ਦਿੱਤੀਆਂ।

# ਅਮਰੀਕ ਸਿੰਘ ਮਾਨ ਦੇ ਦੇਹਾਂਤ 'ਤੇ ਮਾਨ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ

**ਕਪੂਰਥਲਾ (ਪ੍ਰੀਤ ਸੰਗੋਜਲਾ)** ਪਿਛਲੇ ਦਿਨੀਂ ਅਮਰੀਕ ਸਿੰਘ ਮਾਨ ਦਾ ਦੇਹਾਂਤ ਹੋ ਗਿਆ ਸੀ। ਅਮਰੀਕ ਸਿੰਘ ਮਾਨ ਦੇ ਗ੍ਰਹਿ ਪਿੰਡ ਕਾਲਾ ਸੰਘਿਆਂ ਵਿਖੇ ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ, ਰੇਸ਼ਮ ਸਿੰਘ ਮਾਨ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ, ਜੀਵਨ ਮਾਨ ਵਰਡ ਫੇਮਸ ਗਾਇਕ ਅਤੇ ਪੈਵੀ ਮਾਨ ਵਰਡ ਫੇਮਸ ਗਾਇਕ ਨਾਲ ਜਰਨਲਿਸਟ ਪ੍ਰੈਸ ਕਲੱਬ ਅਤੇ ਧਾਰਮਿਕ ਤੇ ਰਾਜਨੀਤਕ ਆਗੂਆਂ ਵੱਲੋਂ



ਦੁੱਖ ਸਾਂਝਾ ਕੀਤਾ।ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਐਡਵੋਕੇਟ ਹਰਜੀਤ ਸਿੰਘ ਫਜਲਾਬਾਦ ਸਟੇਟ ਚੈਅਰਮੈਨ, ਸੁਖਵਿੰਦਰ ਸੋਹੀ ਜ਼ਿਲ੍ਹਾ ਜਰਨਲ ਸਕੱਤਰ, ਜੋਗਿੰਦਰ ਸਿੰਘ ਜਾਤੀਕੇ ਜ਼ਿਲ੍ਹਾ ਚੈਅਰਮੈਨ, ਬਰਿੰਦਰ ਚਾਨਾ ਸੀਨੀਅਰ ਆਗੂ ਜਰਨਲਿਸਟ ਪ੍ਰੈਸ ਕਲੱਬ, ਸੁਖਵਿੰਦਰ ਸਿੱਧੂ ਸੀਨੀਅਰ ਆਗੂ ਜਰਨਲਿਸਟ ਪ੍ਰੈਸ ਕਲੱਬ, ਐਡਵੋਕੇਟ ਸੁਖਬੀਰ ਸਿੰਘ ਸੰਧੂ ਪੀ ਏ ਰਾਣਾ ਗੁਰਜੀਤ ਸਿੰਘ ਐਮ ਐਲ ਏ, ਪੱਤਰਕਾਰ ਰਜੇਸ਼ ਕਾਲੀਆਂ, ਪ੍ਰੋਮੋਦ ਚੋਟਾਲਾ ਪ੍ਰਧਾਨ ਜ਼ਿਲ੍ਹਾ ਲੁਧਿਆਣਾ ਆਦਿ ਨੇ ਮਾਨ ਪਰਵਾਰ ਨਾਲ ਦੁਖ ਸਾਂਝਾ ਕੀਤਾ। ਸਾਰੇ ਆਗੂਆਂ ਨੇ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਕਿ ਅਮਰੀਕ ਸਿੰਘ ਮਾਨ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਨੇ ਦੱਸਿਆ ਚਾਚਾ ਅਮਰੀਕ ਸਿੰਘ ਮਾਨ ਦੀ ਅੰਤਿਮ ਅਰਦਾਸ ਉਨ੍ਹਾਂ ਦੇ ਨਿਜੀ ਪਿੰਡ ਕਾਲਾ ਸੰਘਿਆਂ ਬਾਬਾ ਹੈਦਰ ਸ਼ਾਹ ਦੇ ਦਰਬਾਰ ਤੇ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਂਗੀ।

# ਨਵ-ਜਨਮੀਆਂ ਦੀਆਂ ਲੋਹੜੀਆਂ ਪਾਉਣ ਲਈ ਉਪਕਾਰ ਸੁਸਾਇਟੀ ਨੇ ਪ੍ਰੋਗਰਾਮ ਉਲੀਕਿਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਹਰ ਸਾਲ ਦੀ ਤਰ੍ਹਾਂ ਨਵ-ਜਨਮੀਆਂ ਬੱਚੀਆਂ ਦੀਆਂ ਲੋਹੜੀਆਂ ਪਾਉਣ ਲਈ ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਨੇ ਪ੍ਰੋਗਰਾਮ ਉਲੀਕਿਆ ਲਿਆ ਹੈ। ਇਸ ਸੰਬੰਧੀ ਸਥਾਨਕ ਗੁਰੂ



ਨਾਨਕ ਨਗਰ ਵਿਖੇ ਗਿਰਨ ਭਵਨ ਵਿਖੇ ਸੋਸਾਇਟੀ ਦਫਤਰ ਵਿੱਚ ਪ੍ਰਧਾਨ ਜੇ ਐਸ ਗਿੱਦਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ।ਲੋਹੜੀਆਂ ਸਬੰਧੀ ਜਨਰਲ ਸਕੱਤਰ ਪ੍ਰਿੰਸੀਪਲ ਪਰਵਿੰਦਰ ਸਿੰਘ ਜੱਸੋਮਜਾਰਾ ਦੁਆਰਾ ਪੇਸ਼ ਤਜ਼ਵੀਜ ਸਰਵਸੰਮਤੀ ਨਾਲ੍ਹ ਪ੍ਰਵਾਨ ਕੀਤੀ ਗਈ।ਖਜਾਨਚੀ ਬੀਰਬਲ ਤੱਖੀ ਵਲੋਂ ਜਿਲ੍ਹੇ ਵਿੱਚ ਧੀਆਂ ਦੀ ਲੋਹੜੀ ਪਾਉਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਦੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਦੇ ਵਿਚਾਰ ਨੂੰ ਪ੍ਰਵਾਨ ਕੀਤਾ ਗਿਆ।ਇਸ ਅਨੁਸਾਰ ਏਕ ਨੂਰ ਸਮਾਜ ਭਲਾਈ ਸਵੈ ਸੇਵੀ ਸੰਸਥਾ ਪਠਲਾਵਾ, ਪਿਆਰਾ ਸਿੰਘ ਤਰਲੋਕ ਸਿੰਘ ਗਿੱਦਾ ਵੈਲਫੇਅਰ ਸੋਸਾਇਟੀ ਸੁੱਜੋਂ ਤੇ ਸਮਾਜ ਭਲਾਈ ਸਵੈ-ਸੇਵੀ ਸੰਸਥਾ ਸੁੱਜੋਂ ਦੁਆਰਾ ਕੀਤੇ ਜਾਣ ਵਾਲੇ ਲੋਹੜੀ ਸਮਾਗਮਾਂ ਵਿੱਚ ਸ਼ਿਰਕਤ ਕੀਤੀ ਜਾਵੇਗੀ।6 ਜਨਵਰੀ ਨੂੰ ਸੂਰਾਂਪੁਰ ਤੇ ਐਮਾਂ ਜੱਟਾਂ , 8 ਜਨਵਰੀ ਨੂੰ ਸੁੱਜੋਂ, 10 ਜਨਵਰੀ ਨੂੰ ਪੱਦੀ ਪੋਸੀ ਤੇ 12 ਜਨਵਰੀ ਨੂੰ ਪਠਲਾਵਾ ਵਿਖੇ ਨਵ ਜਨਮੀਆਂ ਨੂੰ ਲੋਹੜੀਆਂ ਪਾਈਆਂ ਜਾਣਗੀਆਂ। ਮੀਟਿੰਗ ਵਿੱਚ ਜੇ.ਐਸ.ਗਿੱਦਾ, ਪ੍ਰਿੰਸੀਪਲ ਪਰਵਿੰਦਰ ਸਿੰਘ ਜੱਸੋਮਜਾਰਾ, ਬੀਰਬਲ ਤੱਖੀ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਰਾਜਿੰਦਰ ਕੌਰ ਗਿੱਦਾ, ਪਲਵਿੰਦਰ ਕੌਰ ਬਡਵਾਲ੍ਹ, ਸੁੱਖਵਿੰਦਰ ਕੌਰ ਸੁੱਖੀ, ਪਰਮਜੀਤ ਸਿੰਘ ਤੇ ਨੀਲਮ ਮੌਰੀਆ ਹਾਜਰ ਸਨ ਜਦਕਿ ਆਨਲਾਈਨ ਭਾਗ ਬਣਨ ਵਾਲ੍ਹੇ ਮੈਂਬਰਾਂ ਵਿੱਚ ਮਾ.ਨਰਿੰਦਰ ਸਿੰਘ ਭਾਰਟਾ, ਦੇਸ ਰਾਜ ਬਾਲੀ, ਜਯੋਤੀ ਬੱਗਾ ਤੇ ਹਰਬੰਸ ਕੌਰ ਹਾਜਰ ਸਨ।

# ਮਨਰੇਗਾ ਬਚਾਓ ਸੰਗਰਾਮ ਤਹਿਤ 9 ਨੂੰ ਰੈਲੀ



**ਬਲਾਚੌਰ (ਜਸਵਿੰਦਰ ਬੈਂਸ)** ਕੇਂਦਰ ਸਰਕਾਰ ਵੱਲੋਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਗਰੰਟੀ ਐਕਟ ਮਗਨਰੇਗਾ ਨੂੰ ਕਮਜ਼ੋਰ ਕਰਨ ਦੇ ਦੋਸ਼ਾਂ ਦੇ ਮੱਦੇਨਜ਼ਰ ਕਾਂਗਰਸ ਪਾਰਟੀ ਨੇ ਦੇਸ਼ ਵਿਆਪੀ ਸੰਘਰਸ਼ ਦਾ ਐਲਾਨ ਕਰਦਿਆਂ 9 ਜਨਵਰੀ ਤੋਂ 'ਮਨਰੇਗਾ ਬਚਾਓ ਅੰਦੋਲਨ' ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।ਇਸ ਸਬੰਧੀ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਨਵੇਂ ਸਾਲ ਦੀ ਸ਼ੁਰੂਆਤ ਨਾਲ ਹੀ ਇਹ ਮੁੱਦਾ ਪੂਰੇ ਜੋਬਨ 'ਤੇ ਹੋਵੇਗਾ ਅਤੇ ਠੰਢ ਦੇ ਮੌਸਮ 'ਚ ਵੀ ਸੰਘਰਸ਼ ਠੰਢਾ ਨਹੀਂ ਪੈਣ ਦਿੱਤਾ ਜਾਵੇਗਾ।ਉਨ੍ਹਾਂ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮਨਰੇਗਾ ਗਰੀਬਾਂ ਦੀ ਆਖਰੀ ਆਸ ਸੀ ਜਿਸ ਨੂੰ ਇਕਤਰਫਾ ਤੌਰ 'ਤੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਨੀਤੀ ਸਾਫ ਤੌਰ 'ਤੇ ਗਰੀਬ ਵਿਰੋਧੀ ਹੈ ਅਤੇ ਇਸ ਦੇ ਖਿਲਾਫ 9 ਜਨਵਰੀ ਦਿਨ ਸ਼ੁੱਕਰਵਾਰ ਨੂੰ ਦਾਣਾ ਮੰਡੀ ਬਲਾਚੌਰ ਵਿਖੇ ਵਿਸ਼ਾਲ ਰੈਲੀ ਅੰਦੋਲਨ ਕੀਤਾ ਜਾਵੇਗਾ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਲੰਧਰ ਪ੍ਰੀਮੀਅਰ ਲੀਗ ਕ੍ਰਿਕਟ ਦੇ ਕਰਵਾਏ ਗਏ ਮੈਚ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਦੇ ਮਕਸਦ ਨਾਲ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਿੱਚ ਜਲੰਧਰ ਪ੍ਰੀਮੀਅਰ ਲੀਗ ਤਹਿਤ ਕਰਵਾਏ ਜਾ ਰਹੇ ਮੈਚਾਂ ਦੀ ਲੜੀ ਵਜੋਂ ਸੀ ਟੀ ਸ਼ਾਹਪੁਰ ਕੈਂਪਸ ਵਿਖੇ ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਤੇ ਪੁਲਸ ਡੀ.ਏ.ਵੀ. ਪਬਲਿਕ ਸਕੂਲ ਦਰਮਿਆਨ ਕ੍ਰਿਕਟ ਦੇ ਮੈਚ ਕਰਵਾਏ ਗਏ। ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਰੋਹਿਤ ਜਿੰਦਲ ਅਤੇ ਮੁੱਖ ਮੰਤਰੀ ਫੀਲਡ ਅਫ਼ਸਰ ਨਵਦੀਪ ਸਿੰਘ ਵੱਲੋਂ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕਰਦਿਆਂ ਉਨ੍ਹਾਂ ਨੂੰ ਖੇਡਾਂ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਵਲੋਂ ਸ਼ੁਰੂ ਕੀਤੀ ਗਈ ਜਲੰਧਰ ਪ੍ਰੀਮੀਅਰ ਲੀਗ (ਕ੍ਰਿਕਟ) ਦੀ ਨਿਵੇਕਲੀ ਪਹਿਲ ਨੂੰ ਖਿਡਾਰੀਆਂ, ਵਿਦਿਆਰਥੀਆਂ ਤੇ ਮਾਪਿਆਂ ਵਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਰੈਡ ਕਰਾਸ ਸਕੱਤਰ ਸੁਰਜੀਤ ਲਾਲ ਅਤੇ ਸਪੋਰਟਸ ਡਾਇਰੈਕਟਰ ਸੀ.ਟੀ.ਗਰੁੱਪ ਸੱਤਪਾਲ ਵੀ ਮੌਜੂਦ ਸਨ। ਪੁਲਸ ਡੀਏਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਦਰਮਿਆਨ ਕਰਵਾਏ ਗਏ ਕ੍ਰਿਕਟ ਮੈਚ ਦੌਰਾਨ ਪੁਲਿਸ ਡੀਏਵੀ ਪਬਲਿਕ ਸਕੂਲ ਦੀ ਟੀਮ 7 ਦੌੜਾਂ ਨਾਲ ਜੇਤੂ ਰਹੀ। ਮੈਚ ਦੌਰਾਨ ਰਿਧੀਮਨ ਸ਼ਰਮਾ ਵੱਲੋਂ 38 ਦੌੜਾਂ ਦਾ ਯੋਗਦਾਨ ਪਾਇਆ ਗਿਆ। ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਦੀ ਟੀਮ 6 ਵਿਕਟਾਂ ਗਵਾ ਕੇ 131 ਦੌੜਾ ਬਣਾ ਸਕੀ। ਆਹਾਨ ਨੂੰ ਮੈਨ ਆਫ਼ ਦਾ ਮੈਚ ਘੋਸ਼ਿਤ ਕੀਤਾ ਗਿਆ।

# ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਵਾਉਣ ਤੋਂ ਕਿਉਂ ਭੱਜ ਰਹੀ ਸਰਕਾਰ : ਸ਼ਰਮਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐਨ ਕੇ ਸ਼ਰਮਾ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਪਿਛਲੇ ਲਗਭਗ ਚਾਰ ਸਾਲਾਂ ਵਿੱਚ, 'ਆਪ' ਸਰਕਾਰ ਲੱਖਾਂ ਕਮਜ਼ੋਰ, ਵਾਂਝੇ ਵਰਗਾਂ, ਮਜ਼ਦੂਰਾਂ ਅਤੇ ਦਲਿਤ ਪਰਵਾਰਾਂ ਨੂੰ ਮਨਰੇਗਾ ਤਹਿਤ ਕਾਨੂੰਨੀ ਤੌਰ 'ਤੇ 100 ਦਿਨਾਂ ਦਾ



ਰੁਜ਼ਗਾਰ ਪ੍ਰਦਾਨ ਕਰਵਾਉਣ ਵਿੱਚ ਅਸਫਲ ਰਹੀ ਹੈ।ਐਨ ਕੇ ਸ਼ਰਮਾ ਨੇ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਹੀ ਕਾਂਗਰਸ ਅਤੇ ਆਪ ਸਰਕਾਰ ਦੇ ਕਾਰਜਕਾਲ ਦੌਰਾਨ ਮਨਰੇਗਾ ਵਿੱਚ ਹੋਏ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ ਦਾ ਕੰਮ ਕੀਤਾ ਹੈ।ਸ਼ਰਮਾ ਨੇ ਕਿਹਾ ਕਿ ਜਦੋਂ ਕੇਂਦਰ ਸਰਕਾਰ ਪੰਜਾਬ ਵਿੱਚ ਹਰੇਕ ਮਜ਼ਦੂਰ ਨੂੰ 100 ਦਿਨਾਂ ਦੇ ਰੁਜ਼ਗਾਰ ਲਈ ਫੰਡ ਪ੍ਰਦਾਨ ਕਰਦੀ ਹੈ, ਤਾਂ ਸੂਬਾ ਸਰਕਾਰ ਮਜ਼ਦੂਰਾਂ ਨੂੰ ਪੂਰਾ ਰੁਜ਼ਗਾਰ ਕਿਉਂ ਨਹੀਂ ਦਿੰਦੀ? ਉਨ੍ਹਾਂ ਅੱਗੇ ਸਵਾਲ ਕੀਤਾ ਕਿ 2024-25 ਵਿੱਚ 6,095 ਗ੍ਰਾਮ ਪੰਚਾਇਤਾਂ ਅਤੇ 2025-26 ਵਿੱਚ 7,389 ਗ੍ਰਾਮ ਪੰਚਾਇਤਾਂ ਵਿੱਚ ਮਨਰੇਗਾ ਅਧੀਨ ਲਾਜ਼ਮੀ ਸੋਸ਼ਲ ਆਡਿਟ ਕਿਉਂ ਨਹੀਂ ਕਰਵਾਏ ਗਏ।ਕਿਸਦਾ ਭ੍ਰਿਸ਼ਟਾਚਾਰ ਛੁਪਾਇਆ ਜਾ ਰਿਹਾ ਹੈ? ਸਪੈਸ਼ਲ ਆਡਿਟ ਯੂਨਿਟ ਦੁਆਰਾ ਲੱਭੇ ਗਏ 10,653 ਭ੍ਰਿਸ਼ਟਾਚਾਰ ਮਾਮਲਿਆਂ ਵਿੱਚ ਅਜੇ ਤੱਕ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ ਅਤੇ ਦੋਸ਼ੀਆਂ ਨੂੰ ਕਿਉਂ ਬਚਾਇਆ ਜਾ ਰਿਹਾ ਹੈ? ਪੰਜਾਬ ਸਰਕਾਰ ਆਪਣਾ 10 ਪ੍ਰਤੀਸ਼ਤ ਹਿੱਸਾ ਦੇਣ ਵਿੱਚ ਅਸਮਰੱਥ ਰਹੀ ਹੈ।ਸਾਬਕਾ ਵਿਧਾਇਕ ਨੇ ਕਿਹਾ ਕਿ ਮਨਰੇਗਾ ਵਰਕਰ ਅਤੇ ਉਨ੍ਹਾਂ ਦੇ ਸੰਗਠਨ ਆਮ ਆਦਮੀ ਪਾਰਟੀ ਦੇ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਸਥਾਨਕ ਆਗੂਆਂ 'ਤੇ ਭ੍ਰਿਸ਼ਟਾਚਾਰ ਦੇ ਲਗਾਤਾਰ ਦੋਸ਼ ਲਗਾ ਰਹੇ ਹਨ। ਇਸ ਦੇ ਬਾਵਜੂਦ, ਸਰਕਾਰ ਅਤੇ ਮੁੱਖ ਮੰਤਰੀ ਵੱਲੋਂ ਕਾਰਵਾਈ ਨਹੀਂ ਕਰਨਾ ਇਹ ਸਪੱਸ਼ਟ ਕਰਦਾ ਹੈ ਕਿ ਮਨਰੇਗਾ ਵਿੱਚ ਭ੍ਰਿਸ਼ਟਾਚਾਰ ਕਰਕੇ 'ਆਪ' ਆਗੂਆਂ ਅਤੇ ਵਿਧਾਇਕਾਂ ਨੇ ਗਰੀਬਾਂ ਦੀ ਰੋਜ਼ੀ-ਰੋਟੀ ਖੋਹੀ ਹੈ। ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪਿਛਲੇ ਚਾਰ ਸਾਲਾਂ ਵਿੱਚ ਪੂਰੇ ਹੋਏ ਮਨਰੇਗਾ ਕੰਮਾਂ ਦਾ ਸੋਸ਼ਲ ਆਡਿਟ ਕਰਵਾ ਕੇ ਰਿਪੋਰਟ ਜਨਤਕ ਕਰਨੀ ਚਾਹੀਦੀ ਹੈ।

# ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਬੰਗਾ ਹਲਕੇ 'ਚ ਮੋਟਰਸਾਈਕਲ ਮਾਰਚ

**ਬੰਗਾ (ਅਵਤਾਰ ਕਲੇਰ)** ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ ਜਥੇਬੰਦੀਆਂ ਅਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਬਿਜਲੀ ਸੋਧ ਬਿੱਲ 2025, ਖੇਤੀ ਬੀਜ ਸੋਧ ਬਿੱਲ 2025,ਚਾਰ ਲੇਬਰ ਕੋਡਜ਼, ਜੀ ਰਾਮ ਜੀ ਅਤੇ ਨਿੱਜੀਕਰਨ ਦੇ ਵਿਰੁੱਧ ਬੰਗਾ ਇਲਾਕੇ ਵਿਚ ਟਰੈਕਟਰ-ਮੋਟਰ ਸਾਇਕਲ ਮਾਰਚ ਕੀਤਾ ਗਿਆ।ਇਹ ਮਾਰਚ ਸ਼ਹੀਦ ਭਗਤ ਸਿੰਘ ਦੇ ਬੁੱਤ ਖਟਕੜ



ਕਲਾਂ ਤੋਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਬੰਗਾ, ਕਰਨਾਣਾ, ਗੁਣਾਚੌਰ ਤੋਂ ਮੁਕੰਦਪੁਰ ਵਿਖੇ ਸਮਾਪਤ ਹੋਇਆ।ਅਗਾਂਹਵਧੂ, ਇਨਕਲਾਬੀ ਕਲਾਕਾਰ ਧਰਮਿੰਦਰ ਮਸਾਣੀ ਵਲੋਂ ਇਨਕਲਾਬੀ ਕਵਿਤਾ ਪੇਸ਼ ਕੀਤੀ ਗਈ। ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਭੰਗਲ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਨਰੰਜਣ ਦਾਸ ਮੇਹਲੀ, ਗੁਰਮੁੱਖ ਸਿੰਘ ਫਰਾਲਾ, ਜੁਝਾਰ ਸਿੰਘ ਕੁੱਕੜ ਮਜਾਰਾ ਗੁਰਮੇਲ ਚੰਦ, ਨਰਿੰਦਰ ਕਾਲੀਆ, ਜਮਹੂਰੀ ਫਰੰਟ ਵਲੋਂ ਬੂਟਾ ਸਿੰਘ ਮਹਿਮੂਦਪੁਰ, ਸ਼ਾਮ ਲਾਲ, ਪਾਵਰਕਾਮ ਐਂਡ ਟਰਾਸਕੋ ਪੈਨਸ਼ਨ ਯੂਨੀਅਨ ਪੰਜਾਬ ਏਟਕ ਸਰਕਲ ਨਵਾਂ ਸ਼ਹਿਰ ਵੱਲੋਂ ਸਰਕਲ ਪ੍ਰਧਾਨ ਹਸ਼ਮਤ ਅਲੀ ਅਤੇ ਸੂਬਾ ਆਗੂ ਇੰਜ ਰਾਮ ਆਸਰਾ ਮੰਡਲ ਪ੍ਰਧਾਨ ਨਵਾਂ ਸ਼ਹਿਰ ਤੋਂ ਗੁਰਦੀਪ ਸਿੰਘ ਅਤੇ ਮੰਡਲ ਪ੍ਰਧਾਨ ਬੰਗਾ ਤੋਂ ਕਰਨੈਲ ਸਿੰਘ ਮੰਡਲ ਆਗੂ ਇੰਜ ਵਿਜੇ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਜਲੀ ਸੋਧ ਬਿੱਲ ਅਤੇ ਖੇਤੀਬਾੜੀ ਬੀਜ ਸੋਧ ਬਿੱਲ ਦੋਵੇਂ ਬਿੱਲ ਕੇਂਦਰ ਸਰਕਾਰ ਤੁਰੰਤ ਰੱਦ ਕਰੇ। ਕੇਂਦਰ ਸਰਕਾਰ ਨੇ ਜੇਕਰ ਦੋਵੇਂ ਬਿੱਲ ਵਾਪਸ ਨਾ ਲਏ ਤਾਂ ਪੂਰੇ ਦੇਸ਼ 'ਚ ਸਰਕਾਰ ਖਿਲਾਫ਼ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਮੋਦੀ ਸਰਕਾਰ ਵਲੋਂ ਲਾਗੂ ਕੀਤੇ ਗਏ ਚਾਰ ਲੇਬਰ ਕੋਡ ਮਜ਼ਦੂਰ ਵਰਗ ਉੱਤੇ ਬਹੁਤ ਵੱਡਾ ਹਮਲਾ ਹਨ।ਇਸ ਨਾਲ ਯੂਨੀਅਨ ਬਣਾਉਣ ਅਤੇ ਹੜਤਾਲ ਕਰਨ ਦਾ ਅਧਿਕਾਰ ਖ਼ਤਮ ਹੋ ਜਾਵੇਗਾ, ਪੱਕੀਆਂ ਨੌਕਰੀਆਂ ਖ਼ਤਮ ਹੋ ਜਾਣਗੀਆਂ। ਇਸ ਮੌਕੇ ਦੇਸ ਰਾਜ ਬੀਕਾ, ਰਾਮ ਲਖਣ ,ਸੁੱਚਾ ਸਿੰਘ, ਮਨੀ ਰਾਮ ਜੋਗਾ ਰਾਮ, ਹਰਬੰਸ ਸਿੰਘ, ਜਗਦੀਸ਼ ਸਿੰਘ, ਸੁਖਵਿੰਦਰ ਸਿੰਘ, ਲਛਮਣ ਦਾਸ, ਹਰਬੰਸ ਸਿੰਘ ,ਕੁਲਵੰਤ ਸਿੰਘ, ਸੁਰਿੰਦਰ ਸਿੰਘ, ਦਵਿੰਦਰ ਸਿੰਘ ਭੱਟੀ, ਕੁਲਵੰਤ ਸਿੰਘ ਕਟਾਰੀਆਂ, ਬਲਵੀਰ ਬਹਿਰਾਮ ਆਦਿ ਸਾਥੀ ਹਾਜ਼ਰ ਸਨ

# ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 5 ਤੋਂ



ਗੁਰਦਾਸਪੁਰ, (ਜਨਕ ਮਹਾਜਨ)- ਵਧੀਕ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਅਰੀ ਫਾਰਮਾਂ ਲਈ 2 ਹਫ਼ਤੇ ਦਾ ਡੇਅਰੀ ਸਿਖਲਾਈ ਕੋਰਸ ਮਿਤੀ 5 ਜਨਵਰੀ ਤੋਂ 16 ਜਨਵਰੀ (2 ਹਫ਼ਤੇ) ਡੇਅਰੀ ਸਿਖਲਾਈ ਕੇਂਦਰ ਵੇਰਕਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਪੜ੍ਹੇ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜ਼ਿਲ, ਕਮਰਾ ਨੰ 508 ਵਿਖੇ 5 ਜਨਵਰੀ ਤੱਕ ਅਰਜ਼ੀਆਂ ਦੇ ਸਕਦੇ ਹਨ। ਉਨ੍ਹਾਂ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਕੇਂਦਰ, ਵੇਰਕਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਕਰਵਾਈ ਜਾਂਦੀ ਹੈ। ਇਸ ਸਿਖਲਾਈ ਲਈ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ ਜੋ ਘੱਟੋ-ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਿਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਪ੍ਰਤੀਸ਼ਤ ਜਨਰਲ ਅਤੇ 33 ਪ੍ਰਤੀਸ਼ਤ ਅ.ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ। ਚਾਹਵਾਨ ਲੜਕੇ ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।

# ਕੰਗ ਤੇ ਕੁਲਵੰਤ ਸਿੰਘ ਨੇ ਕੀਤਾ 11 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ

"...ਆਰੰਭ ਵਿੱਚ ਮੈਂ ਕੌਮੀ ਜਜ਼ਬੇ ਤੋਂ ਸਰਸ਼ਾਰ ਹੋ ਕੇ ਦੇਸ਼ ਦੀ ਅਜ਼ਾਦੀ ਲਈ ਜੁਟਿਆ ਸਾਂ, ਇਸ ਦੇ ਲਈ ਮੈਨੂੰ ਨਾਮਧਾਰੀ ਤਹਿਰੀਕ ਤੇ ਕਾਂਗਰਸ ਤੋਂ ਬੜੀ ਪ੍ਰੇਰਨਾ ਮਿਲੀ ਸੀ, ਉਮਰ ਕੈਦ ਹੋਣ ਤੇ ਮੈਂ ਜੇਲ੍ਹ ਦੇ ਅੰਦਰ ਹੀ ਰੂਸੀ ਇਨਕਲਾਬ ਬਾਰੇ ਜਾਣਕਾਰੀ ਹਾਸਲ ਕੀਤੀ, ਸੋਵੀਅਤ ਇਨਕਲਾਬ ਨੇ ਮੇਰੇ 'ਤੇ ਡੂੰਘਾ ਪ੍ਰਭਾਵ ਪਾਇਆ ਤੇ ਮੇਰੇ ਖਿਆਲਾਂ ਵਿੱਚ ਅਹਿਮ ਤਬਦੀਲੀ ਲਿਆਂਦੀ, ਰੂਸੀ ਇਨਕਲਾਬ ਦੇ ਪ੍ਰਭਾਵ ਹੇਠ ਮੈਂ ਪੂਰਨ ਤੌਰ 'ਤੇ ਕੌਮਾਂਤਰੀ ਵਿਚਾਰਧਾਰਾ ਅਪਣਾ ਲਈ...

ਇਸ ਸਾਰੇ ਕੰਮ ਵਿੱਚ ਮੈਨੂੰ ਕਮਿਊਨਿਸਟ ਪਾਰਟੀ ਤੋਂ ਬੜੀ ਮਦਦ ਮਿਲੀ ਤੇ ਮੈਂ ਹਮੇਸ਼ਾਂ ਇਸ ਨੂੰ ਇੱਜ਼ਤ ਦੀ ਨਿਗਾਹ ਨਾਲ ਵੇਖਿਆ ਹੈ।

-0-

ਬਦੇਸ਼ੀ ਲੁਟੇਰਾ ਤਾਂ ਚਲਿਆ ਗਿਆ...ਦੇਸੀ ਲੁਟੇਰਾ ਵੀ ਕੋਈ ਘੱਟ ਮਕਾਰ ਨਹੀਂ ਨਿਕਲਿਆ, ਉਹ ਖੱਦਰ ਦੀ ਟੋਪੀ ਪਾ ਕੇ, ਕਾਂਗਰਸ ਦੇ ਜਲਸਿਆਂ ਵਿੱਚ ਦੇਸ਼ ਭਗਤੀ ਦੇ ਨਾਹਰੇ ਲਾ ਕੇ ਦੇਸ਼ ਭਗਤੀ ਦੀ ਮੋਹਰ ਲਵਾਣ ਵਿੱਚ ਕਾਮਯਾਬ ਹੋ ਚੁੱਕਿਆ ਹੈ...ਅਤੇ ਉਸ ਨੇ ਵੱਡੇ ਵੱਡੇ ਅਹੁਦੇ ਆਪਣੇ ਹੱਥ ਵਿੱਚ ਕਰ ਲਏ ਹਨ।

-0-

ਸੱਚੀ ਦੇਸ਼ਭਗਤੀ ਵਿੱਚ ਬਰਬਾਦੀ ਤਾਂ ਹੋ ਸਕਦੀ ਹੈ, ਪਰ ਕੋਠੀਆਂ ਤੇ ਫਾਰਮ ਨਹੀਂ ਬਣ ਸਕਦੇ, ਨਾ ਹੀ ਕਮੇਟੀਆਂ ਵਿੱਚ ਹਿੱਸੇਦਾਰ ਤੇ ਡਾਇਰੈਕਟਰ ਬਣਿਆ ਜਾ ਸਕਦਾ ਹੈ, ਜਿਨ੍ਹਾਂ ਲੋਕਾਂ ਨੇ ਦੇਸ਼ਭਗਤੀ ਦਾ ਚੋਲਾ ਪਹਿਨ ਕੇ ਰੁਪਿਆ ਕਮਾਇਆ ਹੈ, ਉਹ ਕਿਸੇ ਵੀ ਪਾਰਟੀ ਦੇ ਮੈਂਬਰ ਬਨਣ ਦੇ ਯੋਗ ਨਹੀਂ ਹਨ, ਨਾਹੀ ਉਹ ਚੋਣਾਂ ਵਿੱਚ ਖੜੇ ਹੋਣ ਦੇ ਹੱਕਦਾਰ ਹਨ।

-0-

ਗ਼ਦਰ ਪਾਰਟੀ ਦੇ ਦੋ ਨੁਮਾਇੰਦੇ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਕਮਿਊਨਿਸਟ ਇੰਟਰਨੈਸ਼ਨਲ ਦੀ ਕਾਂਗਰਸ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਉਥੋਂ ਸਿੱਖਿਆ ਕਿ ਹਰ ਇਕ ਗੁਲਾਮ ਦੇਸ਼ ਦੀ ਆਜ਼ਾਦੀ ਦੀ ਲੜਾਈ ਕਮਿਊਨਿਸਟ ਕੌਮਾਂਤਰੀ ਦੀ ਆਪਣੀ ਲੜਾਈ ਹੈ।

-0-

ਬਾਬਾ ਜੀ ਦਾ ਜੀਵਨ ਨਾ ਤਾਂ ਗਦਰ ਪਾਰਟੀ ਨਾਲੋਂ ਵੱਖਰਾ ਕਰਕੇ ਵੇਖਿਆ ਜਾ ਸਕਦਾ ਹੈ, ਨਾ ਹੀ ਬਾਹਰ ਦੀਆਂ ਰਾਜਸੀ ਆਰਥਕ ਤੇ ਸਭਿਆਚਾਰਕ ਤਹਿਰੀਕਾਂ ਤੋਂ ਅੱਡ ਕਰਕੇ, ਉਹ ਅਮਰੀਕਾ ਵਿੱਚ ਇਕ ਸੰਸਥਾ ਸਨ, ਜੇਲ੍ਹਾਂ ਵਿੱਚ ਵੀ ਸੰਸਥਾ ਰਹੇ ਅਤੇ ਰਿਹਾ ਹੋ ਕੇ ਵੀ ਸੰਸਥਾ ਬਣ ਗਏ।

ਉਨ੍ਹਾਂ ਨੂੰ ਇਕ ਜਾਇਜ਼ ਸ਼ਿਕਾਇਤ ਰਹੀ ਹੈ ਕਿ "ਕਾਂਗਰਸੀ ਇਤਿਹਾਸਕਾਰਾਂ...ਨੇ ਜਾਣ-ਬੁਝ ਕੇ ਇਤਿਹਾਸ ਦੇ ਇਕ ਉਸ ਸੁਨਹਿਰੀ ਪੱਖ ਉਤੇ ਪੜਦਾ ਪਾ ਛਡਿਆ ਹੈ, ਜਿਹੜਾ ਇਨਕਲਾਬੀ ਦੇਸ਼ ਭਗਤਾਂ ਨੇ ਆਪਣੇ ਖ਼ੂਨ ਨਾਲ ਲਿਖਿਆ ਹੈ-ਜਿਵੇਂ 1914-15 ਦੇ ਸ਼ਹੀਦਾਂ ਨੂੰ ਬਿਲਕੁਲ ਓਹਲੇ ਕੀਤਾ ਗਿਆ ਹੈ-ਜਦ ਕਿ 250 ਦੇਸ਼ ਭਗਤ ਫਾਂਸੀਆਂ 'ਤੇ ਚੜ੍ਹੇ ਤੇ ਕਈ ਫੌਜੀ ਦੇਸ਼ ਭਗਤ ਗੋਲੀਆਂ ਨਾਲ ਉਡਾਏ ਗਏ। ਸੈਂਕੜਿਆਂ ਨੂੰ ਉਮਰ ਕੈਦ ਤੇ ਅੰਡੇਮਾਨ ਦੇ ਕੁੰਭੀ ਨਰਕ ਵਿੱਚ ਦਿਨ ਕੱਟਣੇ ਪਏ। ਸੈਂਕੜਿਆਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ। ਅਸਲ ਵਿੱਚ ਗ਼ਦਰ ਪਾਰਟੀ ਦਾ ਜੋ ਟਾਕਰਾ ਤੇ ਸੰਘਰਸ਼ ਅੰਗਰੇਜ਼ (ਰਾਜ) ਨਾਲ ਹੋਇਆ- ਕਾਂਗਰਸ ਦਾ ਕੰਮ ਉਸ ਦੇ ਮੁਕਾਬਲੇ ਤੇ ਤੁੱਲ ਨਹੀਂ ਸਕਦਾ।"

ਅਤੇ ਪੈਂਫਲਿਟ "ਦੁੱਖ" ਦੇ ਆਰੰਭ ਵਿੱਚ ਉਨ੍ਹਾਂ ਲਿਖਿਆ ਹੈ: ਸਹੀ ਇਤਿਹਾਸ ਨੂੰ ਛੁਪਾਉਣਾ ਇਕ ਅਪਰਾਧ ਅਤੇ ਕਾਇਰਤਾ ਹੈ, ਜੋ ਕੁਝ ਲਿਖਿਆ ਜਾ ਰਿਹਾ ਹੈ ਇਹ ਅੱਜ ਦੀਆਂ ਤੇ ਆਉਣ ਵਾਲੀਆਂ ਨਸਲਾਂ ਦਾ ਇਤਿਹਾਸਕ ਖ਼ਜ਼ਾਨਾ ਹੈ, ਜੋ ਮੇਰੇ ਦਿਮਾਗ਼ ਵਿੱਚ ਇਕੱਠਾ ਹੋਇਆ ਪਿਆ ਹੈ ਅਤੇ ਇਹ ਇਨ੍ਹਾਂ ਦੀ ਵੀ ਅਮਾਨਤ ਹੈ। ਇਹ ਅਮਾਨਤ ਅੱਜ ਮੈਂ ਦੇਸ਼ ਅਤੇ ਕੌਮ ਦੇ ਹਵਾਲੇ ਕਰ ਰਿਹਾ ਹਾਂ।

ਇਹ ਸੱਚ ਹੈ ਕਿ ਗ਼ਦਰ ਪਾਰਟੀ ਦੀਆਂ ਕੌਮੀ ਅਜ਼ਾਦੀ ਲਈ ਕੀਤੀਆਂ ਘਾਲਣਾਂ, ਲੜਾਈਆਂ ਤੇ ਕੁਰਬਾਨੀਆਂ ਦਾ ਅਜੇ ਤੱਕ ਸਹੀ ਇਤਿਹਾਸਕ ਮੁਲਅੰਕਣ ਨਹੀਂ ਹੋਇਆ, ਬਾਬਾ ਜੀ ਦਾ ਇਹ ਗਿਲਾ ਵੀ ਦਰੁਸਤ ਹੈ ਕਿ ਹਕੂਮਤ ਦੇ ਤੇ ਕਈ ਹੋਰ ਇਤਿਹਾਸਕਾਰ ਗਦਰ ਪਾਰਟੀ ਦੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੇ ਹਨ ਅਤੇ ਅਜ਼ਾਦੀ ਦੀਆਂ ਉਨ੍ਹਾਂ ਭਾਵਨਾਵਾਂ ਮੰਗਾਂ ਉਮੰਗਾਂ ਅਤੇ ਗੁਲਾਮੀ ਵਿਰੁੱਧ ਡੂੰਘੇ ਜਜ਼ਬਿਆਂ ਦੀ ਸਹੀ ਵਿਆਖਿਆ ਨਹੀਂ ਕਰ ਰਹੇ ਜਿਹੜੀਆਂ ਉਹ ਦਿਲਾਂ ਵਿੱਚ ਲੈ ਕੇ, ਸਿਰਾਂ ਉਤੇ ਖੱਫਣ ਬੰਨ੍ਹ ਕੇ, ਅਮਰੀਕਾ ਤੋਂ ਆਏ ਸਨ, ਗ਼ਦਰ ਪਾਰਟੀ ਦੇ ਸਿਰਲੱਥ ਦੇਸ਼ ਭਗਤਾਂ ਦਾ ਇਤਿਹਾਸ ਤਸ਼ੱਦਦ ਦੇ ਤਰੀਕੇ ਦੇ ਖ਼ਿਲਾਫ਼ ਦਿਲ ਵਿੱਚ ਤੁਅੱਸਬ ਰੱਖ ਕੇ ਨਹੀਂ ਲਿਖਿਆ ਜਾ ਸਕਦਾ, ਉਨ੍ਹਾਂ ਨੇ ਸੋਚ ਸਮਝ ਕੇ 'ਤਸ਼ੱਦਦ' ਦਾ ਤਰੀਕਾ ਅਖਤਿਆਰ ਕੀਤਾ ਸੀ ਅਤੇ ਇਸ ਪਰਕਰਣ ਨੂੰ ਸਮਝ ਕੇ ਹੀ ਗ਼ਦਰ ਪਾਰਟੀ ਦੇ ਇਤਿਹਾਸ ਨਾਲ ਇਨਸਾਫ਼ ਕੀਤਾ ਜਾ ਸਕਦਾ ਹੈ-ਸ਼ਾਂਤਮਈ ਸਤਿਆਗ੍ਰਹਿ ਨੂੰ ਪਰਖਗਜ ਬਣਾ ਕੇ ਨਹੀਂ।

ਹੁਣ ਤਕ ਗ਼ਦਰ ਇਤਿਹਾਸ ਉਤੇ ਪੰਜਾਬੀ ਵਿੱਚ ਦੋ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ-ਇਕ 1956 ਵਿੱਚ ਸ੍ਰੀ ਜਗਜੀਤ ਸਿੰਘ ਜੀ ਤਰਨਤਾਰਨ ਨੇ 'ਗ਼ਦਰ ਪਾਰਟੀ ਲਹਿਰ' ਲਿਖੀ ਅਤੇ ਦੂਜੀ ਕਾਮਰੇਡ ਗੁਰਚਰਨ ਸਿੰਘ ਸਹਿੰਸਰਾ ਨੇ 1960 ਵਿੱਚ ਲਿਖੀ, ਦੋਵੇਂ ਪੁਸਤਕਾਂ ਬੜੀ ਮਿਹਨਤ ਨਾਲ ਖੋਜ ਕਰ ਕੇ ਲਿਖੀਆਂ ਗਈਆਂ ਹਨ, ਪਹਿਲੇ ਯਤਨਾਂ ਵਿੱਚ ਖਾਮੀਆਂ ਰਹਿ ਜਾਣਾ ਸੁਭਾਵਕ ਗੱਲ ਹੈ ਪਰ ਯਤਨ ਦੋਵੇਂ ਸ਼ਲਾਘਾਯੋਗ ਹਨ।



> ਐ ਮਾਤ ਭੂਮੀ, ਅਸੀਂ ਤੇਰੇ ਗ਼ੁਲਾਮੀ ਦੇ ਬੰਧਨਾਂ ਨੂੰ ਤੋੜ ਨਹੀਂ ਸਕੇ, ਇਸ ਦਾ ਸਾਨੂੰ ਦੁੱਖ ਹੈ। ਸਾਨੂੰ ਭਰੋਸਾ ਹੈ ਕਿ ਸਾਡੇ ਪਿੱਛੇ ਰਹੇ ਸਾਥੀ ਇਸ ਕੰਮ ਨੂੰ ਪੂਰਾ ਕਰਨਗੇ, ਜਦ ਤਾਈਂ ਉਨ੍ਹਾਂ ਵਿੱਚੋਂ ਇੱਕ ਵੀ ਜਿਉਂਦਾ ਰਿਹਾ, ਆਪਣੇ ਕੀਤੇ ਹੋਏ ਪ੍ਰਣ ਤੋਂ ਮੁੱਖ ਨਹੀਂ ਮੋੜੇਗਾ।
> ... ਦੇਸ਼ ਦੇ ਨੌਜਵਾਨੋਂ, ਬੁੱਢਿਓ ਤੇ ਬੱਚਿਓ! ਦੇਸ਼ ਦੀਓ ਮਾਤਾਓ, ਭੈਣੋਂ ਤੇ ਬੀਬੀਓ, ਐਸੇ ਖ਼ੂੰਖਾਰ ਨਿਜ਼ਾਮ ਨੂੰ ਚਲਾਉਣ ਵਾਲੀ ਚਾਹੇ ਕੋਈ ਵੀ ਹਕੂਮਤ ਹੋਵੇ, ਦੇਸੀ ਚਾਹੇ ਬਦੇਸ਼ੀ, ਇਸ ਦਾ ਜੂਲਾ ਉਤਾਰਨਾ ਧਰਮ ਹੈ। ਜੋ ਐਸੀ, ਗੁਲਾਮੀ ਨੂੰ ਬਰਦਾਸ਼ਤ ਕਰਦਾ ਹੈ, ਉਹ ਕਾਇਰ ਤੇ ਬੁਜ਼ਦਿਲ ਹੈ।
> ਸੰਗਰਾਮ ਚਲਦਾ
> ਜੈ ਜਨਤਾ!
> -ਸੋਹਣ ਸਿੰਘ ਭਕਨਾ

*ਬਾਬਾ ਜੀ ਦ੍ਰਿੜ੍ਹ ਇਨਕਲਾਬੀ ਸਨ, ਬਾਬਾ ਜੀ ਫਿਰਕਾਪ੍ਰਸਤੀ ਦੇ ਕੱਟੜ ਦੁਸ਼ਮਣ ਸਨ, ਉਨ੍ਹਾ ਦਾ ਵਿਸ਼ਵਾਸ਼ ਸੀ ਕਿ ਨਵੇਂ ਅਤੇ ਪੁਰਾਣੇ ਯੁੱਗ ਦੇ ਸਿਧਾਂਤਾਂ ਦੀ ਟੱਕਰ ਵਿੱਚ ਨਵੇਂ ਯੁੱਗ ਦੀ ਜਿੱਤ ਯਕੀਨੀ ਹੈ।*

*ਅਮਰੀਕੀ ਅਤੇ ਬਰਤਾਨਵੀ ਸਾਮਰਾਜ ਸਾਡੇ ਇਨਕਲਾਬੀ ਇਤਿਹਾਸ ਨੂੰ ਤਰੋੜ ਮਰੋੜ ਕੇ ਲਿਖਣ ਵਿੱਚ ਬੜੀ ਦਿਲਚਸਪੀ ਲੈ ਰਹੇ ਹਨ ਅਤੇ ਉਹ ਇਸ ਸੰਬਧ ਵਿੱਚ ਲੱਖਾਂ ਰੁਪਏ ਪਾਣੀ ਵਾਂਗ ਬਹਾਅ ਰਹੇ ਹਨ।*

*ਉਹ ਅੰਤਲੇ ਦਮ ਤੱਕ ਕਮਿਊਨਿਸਟ ਸਫ਼ਾਂ ਵਿੱਚ ਏਕੇ ਦੇ ਚਾਹਵਾਨ ਰਹੇ, ਉਹ ਅਸੀਮ ਦ੍ਰਿੜ੍ਹਤਾ ਦੀ ਮਿਸਾਲ ਸਨ।*
*- ਤੇਜਾ ਸਿੰਘ ਸੁੰਤਤਰ*

### (ਸ੍ਰ. ਸੋਹਣ ਸਿੰਘ ਜੀ ਕੈਦੀ ਕਾਲੇ ਪਾਣੀ, 'ਭਕਨਾ' ਜ਼ਿਲ੍ਹਾ ਅੰਮ੍ਰਿਤਸਰ ਵਾਸੀ ਦੀ ਚਿੱਠੀ ਆਪਣੀ ਸੁਪਤਨੀ ਵੱਲ)

ਮੇਰੀ ਪ੍ਰਿਯ ਜੀ, ਸਤਿ ਸ੍ਰੀ ਅਕਾਲ! ਅਸੀਂ ਹੁਣ ਜਲਦੀ ਆਪਨੇ ਮੁਲਕ ਦੀ ਕਿਸੇ ਜੇਹਲ ਵਿਚ ਕਾਲੇ ਪਾਨੀਉਂ ਆ ਜਾਵਾਂਗੇ। ਤੂੰ ਮੇਰੀ ਰਿਹਾਈ ਬਾਬਤ ਕੋਈ ਭੀ ਸਰਕਾਰ ਵੱਲ ਅਰਜੀ ਨਾ ਭੇਜੀ। ਮੇਰੇ ਖਿਆਲ ਵਿਚ ਤੂੰ ਇਕ ਜਾਂ ਦੋ ਸਾਲ ਵਿਚ ਪੰਜਾਬੀ ਪੜ੍ਹਣ-ਲਿਖਣ ਸਿਖ ਕੇ ਆਪਨੀਆਂ ਲਿਖੀਆਂ-ਪੜ੍ਹੀਆਂ ਭੈਣਾਂ ਨਾਲ ਮਿਲ ਕੇ ਇਸਤ੍ਰੀ ਜਾਤੀ ਦੀ ਸੇਵਾ ਕਰਨ ਲਈ ਅਪਨੇ ਦਿਲ ਵਿਚ ਪਕਾ ਨਿਸ਼ਚਾ ਕਰ ਲੈ। ਇਸ ਵੇਲੇ ਇਸਤ੍ਰੀ ਜਾਤੀ ਦੀ ਬੜੀ ਦੁਰਦਿਸ਼ਾ ਹੋ ਰਹੀ ਹੈ ਅਤੇ ਹਮੇਸ਼ਾਂ ਇਸਤ੍ਰੀਆਂ ਮਰਦਾਂ ਦੀਆਂ ਜੁਤੀਆਂ ਹੀ ਖਾਂਦੀਆਂ ਰਹਿੰਦੀਆਂ ਹਨ ਅਤੇ ਆਪਨੀ ਲਿਆਕਤ ਅਤੇ ਸ਼ੁਭ ਗੁਣਾਂ ਨਾਲ ਆਦਮੀਆਂ ਤੇ ਕਾਬੂ ਪਾ ਸਕਦੀਆਂ। ਜੇਕਰ ਤੂੰ ਮੈਦਾਨ ਵਿਚ ਆ ਜਾਵੇਂ ਤਾਂ ਮੈਂ ਇਸਤ੍ਰੀ ਸੁਧਾਰ ਵਿਚ ਤੇਰੀ ਅਛੀ ਤਰਾਂ ਮਦਦ ਕਰਾਂਗਾ, ਤੁਹਾਡੇ ਨਾਲ ਹੋ ਕੇ ਤੁਹਾਡੇ ਹਕਾਂ ਲਈ ਆਪਨੀ ਜਾਤੀ (ਮਨੁਸ਼ਾਂ) ਨਾਲ ਮੈਂ ਜਰੂਰ ਲੜਾਂਗਾ, ਕਿਉਂਕਿ ਮੈਨੂੰ ਇਨਸਾਫ ਨਾਲ ਪਿਆਰ ਹੈ। ਤੂੰ ਲੋਕ ਲਾਜ ਨੂੰ ਪਰੇ ਸਿਟ ਕੇ ਮੈਦਾਨ ਵਿਚ ਆ ਜਾ। ਲੋਕ ਲਾਜ ਬੁਰੇ ਕੰਮਾਂ ਲਈ ਹੋਣੀ ਚਾਹੀਦੀ ਹੈ ਨਾ ਕੇ ਭਲੇ ਕੰਮਾਂ ਲਈ। ਇਸਤਰੀ ਅਤੇ ਪਤੀ ਵਿਚਕਾਰ ਪ੍ਰੇਮ ਅਤੇ ਧਰਮ ਦਾ ਹੀ ਨਾਤਾ ਹੁੰਦਾ ਹੈ, ਇਸ ਲਈ ਮੇਰਾ ਹੱਕ ਹੈ ਕਿ ਮੈਂ ਧਰਮ ਦੇ ਕੰਮਾਂ ਲਈ ਤੈਨੂੰ ਪ੍ਰੇਰਾਂ। ਨਾਲ ਹੀ ਮੈਂ ਇਹ ਭੀ ਕਹਿ ਦੇਣਾ ਚਾਹੁੰਦਾ ਹਾਂ ਕਿ ਤੇਰਾ ਭੀ ਹੱਕ ਹੈ ਕਿ ਤੂੰ ਮੈਨੂੰ ਸੁਭ ਕੰਮਾਂ ਲਈ ਹੁਕਮ ਕਰੇਂ, ਮੈਂ ਹਰ ਵੇਲੇ ਧਰਮ ਪ੍ਰਤੀ ਤੇਰੇ ਹੁਕਮਾਂ ਨੂੰ ਮੰਨਣ ਲਈ ਤਿਆਰ ਹਾਂ। ਮੈਂ ਹੁਣ ਤੈਨੂੰ ਅਪਨੀ ਭੈਣਾਂ ਦੀ ਸੇਵਾ ਕਰਨ ਦੀ ਜਾਂਚ ਦਸਦਾ ਹਾਂ ਕਿ ਤੂੰ ਕਿਸੇ ਪਾਠਸ਼ਾਲਾ ਵਿਚ ਜਾ ਕੇ ਬੇਨਤੀ ਕਰ ਕਿ 'ਮੇਰਾ ਪਤੀ ਦੇਸ਼ ਦੀ ਸੇਵਾ ਦੇ ਜੁਰਮ ਵਿੱਚ ਉਮਰਕੈਦ ਹੈ, ਹੁਣ ਮੈਂ ਵੀ ਅਪਨੇ ਪਤੀ ਦੀ ਤਰ੍ਹਾਂ ਬਾਕੀ ਉਮਰ ਕੌਮ ਦੀ ਸੇਵਾ ਵਿਚ ਬਤੀਤ ਕਰਨੀ ਚਾਹੁੰਦੀ ਹਾਂ। ਮੈਨੂੰ ਝਾੜੂ ਅਤੇ ਲੰਗਰ ਦੀ ਸੇਵਾ ਬਖਸ਼ ਦੇਵੋ ਅਤੇ ਨਾਲ ਹੀ ਵਿਦਯਾ ਦਾ ਦਾਨ ਭੀ ਦੇਵੋ।' ਨਹੀਂ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵਿੱਚ ਇਸ ਸਬੰਧੀ ਬੇਨਤੀ ਕਰ ਦੇਨੀ, ਮੈਨੂੰ ਪਕੀ ਉਮੈਦ ਹੈ ਕਿ ਉਹ ਕੋਈ ਨਾ ਕੋਈ ਪ੍ਰਬੰਧ ਕਰ ਦੇਵੇਗੀ।

**ਸੋਹਣ ਸਿੰਘ ਕੈਦੀ ਕਾਲਾ ਪਾਨੀ 38367**
**ਮਿਤੀ 14 ਜੁਲਾਈ 1921**
**'ਅਕਾਲੀ ਤੇ ਪ੍ਰਦੇਸੀ', ਅੰਮ੍ਰਿਤਸਰ, 15 ਨਵੰਬਰ 1921**

ਗੁਰਚਰਨ ਸਿੰਘ ਦੀ ਪੁਸਤਕ ਵਧੇਰੇ ਪ੍ਰਭਾਵਤ ਤੇ ਪ੍ਰਮਾਣਤ ਹੋਣ ਦੇ ਕਾਰਨ ਇਸ ਉਤੇ ਗ਼ਦਰੀ ਬਾਬਿਆਂ ਦੀ ਮਨਜ਼ੂਰੀ ਦੀ ਮੋਹਰ ਲਗਣਾ ਹੈ ਜਿਹੜੀ ਕਿ ਸ੍ਰੀ ਜਗਜੀਤ ਸਿੰਘ ਜੀ ਨੂੰ ਹਾਸਲ ਨਹੀਂ ਸੀ, ਨਾ ਹੀ ਉਨ੍ਹਾਂ ਪਾਸ ਬਾਬਿਆਂ ਦੇ ਬਿਆਨ ਸਨ ਜਿਹੜੇ ਕਿ ਗੁਰਚਰਨ ਸਿੰਘ ਨੇ ਇਤਿਹਾਸ ਲਿਖਣ ਤੋਂ ਪਹਿਲਾਂ ਖੁਦ ਬਾਬਿਆਂ ਨਾਲ ਬੈਠ ਕੇ ਲਿਖ ਲਏ ਸਨ। ਗੁਰਚਰਨ ਸਿੰਘ ਨੂੰ ਰਾਜਸੀ ਤਹਿਰੀਕ ਦੇ ਤਜਰਬੇ ਨੇ ਵੀ ਬੜੀ ਮਦਦ ਕੀਤੀ ਅਤੇ ਉਸ ਨੇ ਦਿੱਲੀ ਦੇ ਸਰਕਾਰੀ ਮਿਸਲ-ਘਰ ਵਿੱਚੋਂ ਮਿਸਾਲਾਂ ਦੀ ਖੋਜ ਵੀ ਬੜੇ ਧੀਰਜ ਨਾਲ ਕੀਤੀ, ਪਰ ਉਹ ਦੇਸ਼ ਭਗਤਾਂ ਦੀ ਮਦਦ ਬੰਦ ਹੋ ਜਾਣ ਕਰਕੇ ਦੂਜਾ ਭਾਗ ਲਿਖ ਕੇ ਗ਼ਦਰੀ ਪਾਰਟੀ ਦਾ ਇਤਿਹਾਸ ਮੁਕੰਮਲ ਨਾ ਕਰ ਸਕਿਆ।

ਦੋਵਾਂ ਪੁਸਤਕਾਂ ਦੀ ਸਾਂਝੀ ਖਾਮੀ ਇਹ ਹੈ ਕਿ ਇਨ੍ਹਾਂ ਨੇ ਬ੍ਰਿਟਿਸ਼ ਸਾਮਰਾਜ ਦੀ ਪਾਲਿਸੀ ਨੂੰ ਸਾਫ਼ ਤੌਰ 'ਤੇ ਪੇਸ਼ ਕਰ ਕੇ ਨਤੀਜੇ ਨਹੀਂ ਕੱਢੇ, ਮਾਈਕਲ ਓਡਵਾਇਰ ਦੀ ਪੁਸਤਕ 'ÒIndia as I knew it ਵਿੱਚ ਇਹ ਪਾਲਿਸੀ ਬੜੀ ਖੋਹਲ ਕੇ ਦਿੱਤੀ ਹੋਈ ਹੈ, ਦੋਹਾਂ ਵਿਦਵਾਨਾਂ ਨੇ ਇਹ ਪੁਸਤਕ ਪੜ੍ਹੀ ਹੈ ਅਤੇ ਇਸ ਵਿੱਚੋਂ ਹਵਾਲੇ ਦਿੱਤੇ ਹਨ-ਪਰ ਗੌਰਮਿੰਟ ਦੀ ਪਾਲਿਸੀ ਨੂੰ ਸਪੱਸ਼ਟ ਨਹੀਂ ਕੀਤਾ-ਇਸ ਤੋਂ ਵਗੈਰ ਉਸ ਜ਼ੁਲਮ, ਉੱਪੱਦਰ ਤੇ ਅਨਿਆਂ ਦੀ ਸਹੀ ਸਮਝ ਨਹੀਂ ਆ ਸਕਦੀ ਜਿਹੜਾ ਕਿ ਅੰਗਰੇਜ਼ ਹਕੂਮਤ ਨੇ ਉਸ ਵੇਲੇ ਗ਼ਦਰੀ ਸੂਰਬੀਰ ਨੌਜਵਾਨਾਂ ਉਤੇ ਕੀਤਾ ਤੇ ਢਾਹਿਆ।

ਜਗਜੀਤ ਸਿੰਘ ਨੇ 'ਮੁਕੱਦਮਿਆਂ ਦੇ ਫੈਸਲੇ' ਪ੍ਰਮਾਣਿਕ ਮੰਨ ਕੇ (ਸਫ਼ਾ 148) ਪੁਸਤਕ ਲਿਖੀ ਹੈ, ਮੋਟੇ ਤੌਰ ਤੇ ਮੁਕੱਦਮਿਆਂ ਵਿੱਚ ਦਿੱਤੇ ਤੱਥਾਂ ਨੂੰ ਇਤਿਹਾਸ ਵਿੱਚ ਲੈ ਲਿਆ ਜਾਵੇ ਤਾਂ ਸਮਝ ਪੈ ਸਕਦੀ ਹੈ ਪਰ ਇਹ ਤੱਥ ਲੈਣ ਲਈ ਪੜਚੋਲ ਸੂਝ ਦੀ ਲੋੜ ਹੈ, ਭੁੱਲਣਾ ਨਹੀਂ ਚਾਹੀਦਾ ਕਿ ਜੱਜ ਮੁਲਜ਼ਮਾਂ ਨੂੰ ਇਨਸਾਫ਼ ਦੇਣ ਲਈ ਨਹੀਂ ਸਨ ਬੈਠੇ, ਗੌਰਮਿੰਟ ਦੀ ਪਾਲਿਸੀ ਦੇ ਮੁਤਾਬਕ ਬ੍ਰਿਟਿਸ਼ ਰਾਜ ਦੇ ਦੁਸ਼ਮਣਾਂ ਨੂੰ ਫਾਂਸੀ ਤੇ ਉਮਰ ਕੈਦ ਦੀਆਂ ਸਜ਼ਾਵਾਂ ਦੇਣ ਲਈ ਬੈਠੇ ਸਨ, ਇਸ ਲਈ ਸਰਕਾਰੀ ਗੁਆਹਾਂ ਦੇ ਬਿਆਨਾਂ ਵਿੱਚ ਬੜੀ ਅੱਤ-ਕਥਨੀ ਤੇ ਵਧੋੜ ਤੋਂ ਕੰਮ ਲਿਆ ਗਿਆ ਸੀ ਅਤੇ ਇਹ ਫੈਸਲੇ ਇਨ੍ਹਾਂ ਬਿਆਨਾਂ ਉਤੇ ਹੀ ਅਧਾਰਤ ਹਨ, ਪੜਚੋਲਕ ਸੂਝ ਨੂੰ ਨਾ ਵਰਤਣ ਦੇ ਕਾਰਨ ਇਕ ਥਾਂ ਉਹ ਖੁਦ ਬ੍ਰਿਟਿਸ਼ ਅਫ਼ਸਰਾਂ ਦੇ ਪ੍ਰਾਪੇਗੰਡੇ ਦਾ ਸ਼ਿਕਾਰ ਹੋ ਗਏ ਹਨ, ਸਿੱਖਾਂ ਦੇ ਖਿਲਾਫ਼ ਅੰਗਰੇਜ਼ ਅਫ਼ਸਰਾਂ ਦਾ ਇਕਸਾਰ ਤੇ ਅਟੁਟ ਇਹ ਪ੍ਰਾਪੇਗੰਡਾ ਰਿਹਾ ਹੈ ਕਿ ਸਿੱਖ ਅਨਪੜ੍ਹ ਤੇ ਜਾਹਲ ਹਨ, ਇਹ ਛੇਤੀ ਭੜਕਾਏ ਜਾ ਸਕਦੇ ਹਨ, 'ਇਨ੍ਹਾਂ ਦੇ ਫੁਰਨੇ ਤੇ ਕਰਨੀ ਵਿੱਚ ਵਕਫ਼ਾ ਨਹੀਂ ਹੁੰਦਾ।' (ਸਫ਼ਾ 45) ਇਸ ਲਈ ਇਨ੍ਹਾਂ ਨੂੰ ਭੜਕਾਉਣ ਵਾਲਿਆਂ ਤੋਂ ਬਚਾਓ।

ਅੰਗਰੇਜ਼ ਅਫ਼ਸਰਾਂ ਦਾ ਸਿੱਖਾਂ ਦੇ ਖ਼ਿਲਾਫ਼ ਇਹ ਪ੍ਰਾਪੇਗੰਡਾਂ ਸਿੱਖਾਂ ਨੂੰ ਬਦਨਾਮ ਕਰਨ, ਕਿਸੇ ਵੀ ਲਹਿਰ ਵਿੱਚ ਹਿਸਾ ਲੈਣੋਂ ਵਰਜਣ ਅਤੇ ਹਿੱਸਾ ਲੈਣ ਵੇਲੇ ਸਖ਼ਤ ਸਜ਼ਾਵਾਂ ਦੇਣ ਦਾ ਹਥਿਆਰ ਸੀ, ਇਹ ਪ੍ਰਾਪੇਗੰਡਾ ਉਨ੍ਹਾਂ ਨੇ ਗ਼ਦਰ ਤਹਿਰੀਕ ਵਿੱਚ ਵਰਤਿਆ, ਪੰਜਾਬ ਉੱਤੇ ਰੌਲਟ ਐਕਟ ਠੋਸਣ ਵਰਤਿਆ ਅਤੇ ਅਕਾਲੀ ਤਹਿਰੀਕ ਵਿੱਚ ਵਰਤਿਆ। ਭਾਈ ਜੋਧ ਸਿੰਘ ਨੇ ਅਕਾਲੀ ਤਹਿਰੀਕ ਵਿੱਚ ਏਸ ਅੰਗਰੇਜ਼ ਅਫ਼ਸਰਾਂ ਦੇ ਪ੍ਰਾਪੇਗੰਡੇ ਦੀ ਪ੍ਰੋੜਤਾ ਵਿੱਚ 'ਸਿੱਖ ਸੁੱਕਾ ਬਾਰੂਦ' ਹਨ, ਆਖ ਕੇ ਅੰਗਰੇਜ਼ ਰਾਜ ਦੀ ਸੇਵਾ ਕੀਤੀ ਸੀ, ਇਸ ਝੂਠੇ ਪ੍ਰਾਪੇਗੰਡਾ ਦਾ ਪਾਜ ਗੁਰੂ ਕੇ ਬਾਗ਼ ਦੇ ਸ਼ਾਂਤਮਈ ਸਤਿਆਗ੍ਰਹਿ ਤੇ ਜੈਤੋ ਮੋਰਚੇ ਵਗੈਰਾ ਨੇ ਚੰਗੀ ਤਰ੍ਹਾਂ ਖੋਲ੍ਹ ਦਿੱਤਾ ਸੀ।

ਇਹੋ ਹੀ ਨਹੀਂ, ਮਾਇਕਲ ਓਡਵਾਇਰ ਨੇ ਆਪਣੀ ਪੁਸਤਕ ਵਿੱਚ ਇਹ ਲਿਖਿਆ ਸੀ ਕਿ ਅਮਰੀਕਾ ਅਤੇ ਕੈਨੇਡਾ ਵਿੱਚ ਗ਼ਦਰੀ ਸਿੱਖ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬਾਬਾ ਸੋਹਣ ਸਿੰਘ ਭਕਨਾ ਦਾ ਸੁਨੇਹਾ

ਅੱਜ ਤੋਂ ਕਰੀਬ 7 ਦਹਾਕੇ ਪਹਿਲਾਂ ਦੇਸ਼ ਦੇ ਹਾਲਾਤਾਂ ਸੰਬੰਧੀ ਫ਼ਿਕਰਮੰਦੀ ਜ਼ਾਹਿਰ ਕਰਦਿਆਂ ਬਾਬਾ ਜੀ ਨੇ ਭਰੇ ਮਨ ਨਾਲ ਕਿਹਾ ਸੀ :

"ਅੱਜ ਦੀ ਰਾਜਨੀਤੀ ਵੱਲ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਹ ਨਿੱਜੀ ਮਾਲਕੀ ਅਤੇ ਦੌਲਤ ਦੇ ਸਿਰ 'ਤੇ ਚਲਦੀ ਹੈ। ਜਗੀਰਦਾਰੀ ਕਾਲ ਵਿੱਚ ਰਾਜੇ ਤੇ ਜਗੀਰਦਾਰ ਡੰਡੇ ਦੇ ਜ਼ੋਰ ਨਾਲ ਸਿੱਧੀ ਲੁੱਟ ਕਰਦੇ ਸਨ, ਜਿਹੜੀ ਕਿ ਲੋਕਾਂ ਨੂੰ ਦਿਸ ਸਕਦੀ ਸੀ, ਪਰ ਪੂੰਜੀਵਾਦੀ ਦੌਰ ਵਿੱਚ ਪੈਸਾ ਡੰਡੇ ਦਾ ਕੰਮ ਕਰਦਾ ਹੈ। ਉਹ ਇਸ ਤਰ੍ਹਾਂ ਕਿ ਪੈਦਾਵਾਰ ਦੇ ਸਾਧਨ. ਜਿਵੇਂ ਜ਼ਮੀਨ, ਕਾਰਖਾਨੇ, ਖਾਨਾਂ, ਆਵਾਜਾਈ ਦੇ ਸਾਧਨ ਜ਼ਿਆਦਾਤਰ ਪੂੰਜੀਪਤੀਆਂ ਦੇ ਹੱਥਾਂ ਵਿੱਚ ਹਨ। ਇਹਨਾਂ ਦੇ ਸਿਰ 'ਤੇ ਹੀ ਲੋਕਾਂ ਦਾ ਖ਼ੂਨ ਚੂਸਿਆ ਜਾਂਦਾ ਹੈ। ਕਾਮੇ-ਮਜ਼ਦੂਰ, ਜਿਨ੍ਹਾਂ ਦਾ ਪੈਦਾਵਾਰ ਦੇ ਸਾਧਨਾਂ 'ਤੇ ਕੋਈ ਹੱਕ ਨਹੀਂ, ਪੂੰਜੀਪਤੀਆਂ ਦੇ ਰਹਿਮ 'ਤੇ ਹਨ। ਪੂੰਜੀਵਾਦ ਦਾ ਇਹ ਖਾਸਾ ਹੈ ਕਿ 'ਘੱਟ ਮਜ਼ੂਰੀ ਤੇ ਚੋਖਾ ਕੰਮ।' ਇਸੇ ਤਰ੍ਹਾਂ ਛੋਟੇ ਕਿਸਾਨ ਤੇ ਮੁਜ਼ਾਰੇ ਵੀ ਧਨਾਢ ਜ਼ਿਮੀਦਾਰਾਂ, ਸ਼ਾਹੂਕਾਰਾਂ ਦੇ ਰਹਿਮ 'ਤੇ ਹਨ। ਦਿਨ-ਰਾਤ ਮਿਹਨਤ ਕਰਕੇ ਨਾ ਢਿੱਡ ਭਰ ਕੇ ਰੋਟੀ ਮਿਲਦੀ ਹੈ ਤੇ ਨਾ ਹੀ ਪਹਿਨਣ ਨੂੰ ਕੱਪੜਾ। ਉਹ ਅਤੇ ਉਨ੍ਹਾਂ ਦੇ ਬਾਲ-ਬੱਚੇ ਮੂਲੋਂ ਨੰਗੇ ਤੇ ਭੁੱਖੇ ਪੇਟ ਸੌਂਦੇ ਹਨ। ਇਸੇ ਤਰ੍ਹਾਂ ਛੋਟਾ ਦੁਕਾਨਦਾਰ, ਦਰਮਿਆਨੇ ਤਬਕੇ ਦਾ ਵੀ ਪਲੋ-ਪਲ ਵਧਦੀ ਮਹਿੰਗਾਈ ਨੇ ਕਚੂਮਰ ਕੱਢ ਦਿੱਤਾ ਹੈ ਅਤੇ ਉਹ ਵੀ ਹੁਣ ਡਾਵਾਂਡੋਲ ਹੈ?

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦ ਦੇਸ਼ ਵਿੱਚ ਕੌਮੀ ਰਾਜ ਹੈ ਅਤੇ ਦੇਸ਼ ਆਜ਼ਾਦ ਹੈ ਤਾਂ ਫ਼ਿਰ ਸਾਡੀ ਕਮਾਈ ਕੌਣ ਖੋਹ ਕੇ ਲੈ ਜਾਂਦਾ ਹੈ? ਬਦੇਸ਼ੀ ਲੁਟੇਰਾ ਤਾਂ ਚਲਾ ਗਿਆ ਹੈ। ਹਾਂ! ਠੀਕ ਹੈ ਗੋਰਾ ਧਾੜਵੀ ਤਾਂ ਚਲਾ ਗਿਆ, ਪਰ ਉਸ ਦੀ ਥਾਂ ਦੇਸੀ ਜੋਕਾਂ ਅਤੇ ਲੁਟੇਰਿਆਂ ਨੇ ਲੈ ਲਈ ਹੈ।"

ਦੇਸ਼ ਅੰਦਰ ਜਮਹੂਰੀਅਤ ਦੇ ਨਾਂਅ ਹੇਠ ਚੱਲ ਰਹੇ ਪ੍ਰਬੰਧ ਬਾਰੇ ਬਾਬਾ ਜੀ ਨੇ ਕਿਹਾ ਸੀ:

"ਜਮਹੂਰੀਅਤ ਦਾ ਭਾਵ ਹੈ ਕਿ ਲੋਕਾਂ ਦਾ ਰਾਜ। ਇਸ ਵਿੱਚ ਜਨਤਾ ਮਾਲਕ ਹੈ। ਸਰਕਾਰ ਲੋਕਾਂ ਦੀ ਸੇਵਕ ਹੈ, ਪਰ ਹਿੰਦੁਸਤਾਨੀ ਜਮਹੂਰੀਅਤ ਏਨੀ ਕਮਜ਼ੋਰ ਹੈ, ਜਿਸ ਵਿੱਚ ਜਨਤਾ ਦੀ ਕੋਈ ਆਵਾਜ਼ ਨਹੀਂ, ਹਕੂਮਤ ਦੇ ਹੱਥ ਵਿੱਚ ਸਾਰੀ ਤਾਕਤ ਹੈ। ਅਗਰ ਜਮਹੂਰੀਅਤ ਹੁੰਦੀ ਤਾਂ ਹਰ ਰੋਜ਼ 'ਉਚੇਚੇ ਕਾਨੂੰਨ' ਪਾਸ ਨਾ ਹੁੰਦੇ ਅਤੇ ਭਾਰਤੀ ਰੱਖਿਆ ਨਿਯਮ ਦੀ ਕੋਈ ਜ਼ਰੂਰਤ ਨਹੀਂ ਪੈਣੀ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਜਮਹੂਰੀਅਤ ਕਹਿਣ ਨੂੰ ਤਾਂ ਹੈ, ਪਰ ਅਮਲ ਵਿੱਚ ਥੋਥੀ ਹੈ।"

ਅੱਜ ਦੇਸ਼ ਦੇ ਅੰਦਰ ਹਰ ਮਿਹਨਤਕਸ਼ ਤਬਕਾ, ਕਿਸਾਨ, ਮਜ਼ਦੂਰ, ਮੁਲਾਜ਼ਮ, ਨੌਜਵਾਨ, ਛੋਟਾ ਵਪਾਰੀ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਅਤੇ ਹਕੂਮਤ ਜਬਰ-ਜ਼ੁਲਮ ਨਾਲ ਉਨ੍ਹਾਂ ਨੂੰ ਕੁਚਲਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਗਰੀਬ ਦਲਿਤਾਂ, ਔਰਤਾਂ, ਘੱਟ ਗਿਣਤੀਆਂ 'ਤੇ ਵਹਿਸ਼ੀ ਅੱਤਿਆਚਾਰ ਹੋ ਰਿਹਾ ਹੈ, ਉਸ ਵੇਲੇ ਬਾਬਾ ਜੀ ਦਾ ਇਹ ਸੁਨੇਹਾ ਸਮੇਂ ਦੀ ਵੰਗਾਰ ਹੈ:

"ਐ ਦੁਨੀਆ ਦੇ ਗਰੀਬੋ, ਜਾਗੋ ਤੇ ਜਥੇਬੰਦ ਹੋ ਜਾਵੋ। ਤੁਸੀਂ ਇਨਸਾਨ ਹੋ ਅਤੇ ਕਿਰਤੀ ਕਿਸਾਨ। ਦੁਨੀਆ ਨੂੰ ਨਰਕੋਂ ਸਵਰਗ ਬਣਾਉਣ ਵਾਲੇ ਤੁਸੀਂ ਹੀ ਹੋ। ਆਪਣਾ ਆਪ ਪਹਿਚਾਣੋ। ਅਮੀਰਾਂ ਦੇ ਲੰਗਰਾਂ ਤੋਂ ਜੂਠੇ ਟੁਕੜੇ ਨਾ ਖਾਓ। ਦਾਤੇ ਤਾਂ ਤੁਸੀਂ ਹੋ, ਜੋ ਦੁਨੀਆ ਦੇ ਜੀਵਾਂ ਨੂੰ ਅਨਾਜ, ਕੱਪੜੇ ਅਤੇ ਰਹਿਣ ਲਈ ਮਕਾਨ ਬਣਾ ਕੇ ਦਿੰਦੇ ਹੋ। ਇਹ ਕਿਹੜੇ ਹਨ, ਜਿਹੜੇ ਅਮੀਰ ਕਹਾਉਂਦੇ ਹਨ, ਪਰ ਤੁਹਾਡੀ ਜਹਾਲਤ ਤੇ ਅਣਗਿਹਲੀ ਕਰਕੇ ਤੁਹਾਡੇ ਅੰਨ ਦਾਤੇ ਬਣ ਬੈਠੇ ਹਨ। ਤੁਹਾਡੀ ਗਰੀਬੀ ਨੂੰ ਕੋਈ ਖ਼ੁਦਾ ਜਾਂ ਇਹ ਲੋਕ ਦੂਰ ਨਹੀਂ ਕਰਨਗੇ। ਇਸ ਗ਼ਰੀਬੀ ਦੇ ਜਾਲ ਨੂੰ ਤਾਂ ਤੁਸੀਂ ਆਪ ਹੀ ਤੋੜ ਸਕਦੇ ਹੋ। ਹਾਂ, ਇਹ ਜਾਲ ਟੁੱਟੇਗਾ ਤਾਂ ਜੇ ਤੁਸੀਂ ਉਹਨਾਂ ਕਬੂਤਰਾਂ ਵਾਂਗ ਜਿਹੜੇ ਸ਼ਿਕਾਰੀ ਦੇ ਜਾਲ ਵਿੱਚ ਇਕੱਠੇ ਡਾਰ ਦੀ ਡਾਰ ਫਸ ਗਏ ਸਨ ਅਤੇ ਬਚਣ ਦੀ ਉਮੀਦ ਛੱਡ ਚੁੱਕੇ ਸਨ, ਪਰ ਆਪਸ ਵਿੱਚ ਸੋਚ ਕੇ ਉਹਨਾਂ ਨੇ ਇਕੱਠੇ ਇੱਕਦਮ ਜ਼ੋਰ ਲਾ ਕੇ ਉੱਡ ਜਾਣ ਦਾ ਫੈਸਲਾ ਕੀਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਇਕੱਠੀ ਤਾਕਤ ਦੇ ਜ਼ੋਰ ਨਾਲ ਜਾਲ ਦੀਆਂ ਕਿੱਲੀਆਂ ਉਖੜ ਗਈਆਂ ਅਤੇ ਉਹ ਜਾਲ ਸਮੇਤ ਬਚ ਕੇ ਉੱਡ ਗਏ।

ਐ ਗ਼ਰੀਬਾਂ ਨੂੰ ਗੁਲਾਮ ਰੱਖਣ ਵਾਲਿਓ! ਇਹ ਚੰਗੀ ਤਰ੍ਹਾਂ ਸਮਝ ਲਵੋ ਕਿ ਇਹ ਕਾਫ਼ਲਾ ਉਸ ਵਕਤ ਤੱਕ ਨਹੀਂ ਰੁਕੇਗਾ, ਜਦ ਤੱਕ ਕਿ ਦੁਨੀਆ ਵਿੱਚ ਗ਼ਰੀਬੀ ਖ਼ਤਮ ਨਹੀਂ ਕਰ ਲਵੇਗਾ। ਹੁਣ ਦੁਨੀਆ ਦੀ ਦੁਖੀ ਜਨਤਾ ਜਾਗ ਪਈ ਹੈ ਅਤੇ ਏਕਤਾ ਦੇ ਬਲ ਨਾਲ ਗ਼ੁਲਾਮੀ ਤੇ ਗ਼ਰੀਬੀ ਦੀਆਂ ਜ਼ੰਜੀਰਾਂ ਤੋੜਿਆਂ ਬਗ਼ੈਰ ਨਹੀਂ ਠਹਿਰ ਸਕਦੀ।

ਜੈ ਜਨਤਾ।"

# ਭਵਿੱਖ ਨੂੰ ਬੜਾ ਗਲਤ ਮੋੜਾ ਦੇ ਸਕਦੇ ਹਨ ਇਤਿਹਾਸ ਨੂੰ ਵਰਤਣ ਵਾਲੇ ਇਹ ਯਤਨ

ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਅਸੀਂ ਹਾਲੇ ਬਚਪਨ ਦੇ ਸਕੂਲੀ ਦਿਨਾਂ ਵਿੱਚ ਸਾਂ, ਜਦੋਂ ਇਹ ਸੁਣਨ ਨੂੰ ਮਿਲਣ ਲੱਗ ਪਿਆ ਕਿ ਸਾਡੇ ਧਰਮ ਨੂੰ ਖਤਰਾ ਹੈ। ਜਿਉਂ-ਜਿਉਂ ਬਚਪਨ ਲੰਘ ਕੇ ਜਵਾਨੀ ਦੀ ਦਹਿਲੀਜ਼ ਉੱਤੇ ਪੈਰ ਰੱਖਣ ਲੱਗੇ ਤਾਂ ਧਰਮ ਬਾਰੇ ਇਹ ਭਰਮ ਹੋਰ ਵਧਦਾ ਜਾਪਣ ਲੱਗ ਪਿਆ ਕਿ ਧਰਮ, ਸਾਡੇ ਪੰਜਾਬ ਦੀ ਆਮ ਧਾਰਨਾ ਮੁਤਾਬਕ 'ਪੰਥ' ਨੂੰ ਬੜਾ ਖਤਰਾ ਹੈ, ਪਰ ਖਤਰਾ ਕਿਸ ਤੋਂ ਹੈ, ਇਸ ਬਾਰੇ ਸਪੱਸ਼ਟਤਾ ਨਹੀਂ ਸੀ ਹੁੰਦੀ। ਕਦੇ ਸੁਣਨ ਨੂੰ ਮਿਲਦਾ ਸੀ ਕਿ ਸਿੱਖ ਧਰਮ ਨੂੰ ਹਿੰਦੂਆਂ ਤੋਂ ਖਤਰਾ ਹੈ, ਕਦੀ ਪਾਕਿਸਤਾਨ ਨਾਲ ਤਣਾਅ ਪੈਦਾ ਹੁੰਦਾ, ਜਿਸ ਤਰ੍ਹਾਂ ਉਨ੍ਹੀਂ ਦਿਨੀਂ ਹੋਈਆਂ ਦੋ ਜੰਗਾਂ ਮੌਕੇ ਹੋਇਆ ਸੀ, ਤਾਂ ਕਿਹਾ ਜਾਣ ਲੱਗਦਾ ਕਿ 'ਪੰਥ' ਨੂੰ ਮੁਸਲਮਾਨਾਂ ਤੋਂ ਖਤਰਾ ਹੈ। ਇਹੋ ਜਿਹੇ ਕਿੱਸੇ ਘੜ ਕੇ ਪੇਸ਼ ਕੀਤੇ ਜਾਣ ਲੱਗ ਪੈਂਦੇ ਕਿ ਸਾਡੇ ਬਾਲ-ਮਨਾਂ ਉੱਤੇ ਇਹ ਅਸਰ ਪੈਣ ਲੱਗਦਾ ਸੀ ਕਿ ਮੁਗਲਾਂ ਅਤੇ ਤੁਰਕਾਂ ਤੋਂ ਬਚ ਕੇ ਨਾ ਰਹੇ ਤਾਂ ਕਾਸੇ ਜੋਗੇ ਨਹੀਂ ਰਹਿ ਜਾਵਾਂਗੇ। ਕਦੇ ਅਕਾਲੀ-ਜਨ ਸੰਘ ਤਣਾਅ ਪੈਦਾ ਹੁੰਦਾ ਤਾਂ ਇਹੋ ਭਰਮ ਹਿੰਦੂਆਂ ਬਾਰੇ ਪੈਦਾ ਹੋਣ ਲੱਗ ਜਾਂਦਾ ਸੀ। ਸਾਡੀ ਪੀੜ੍ਹੀ ਦੇ ਲੋਕ ਇਸ ਕਿਸਮ ਦੇ ਤਣਾਅ ਵਿੱਚ ਬਚਪਨ ਨੂੰ ਮਾਨਣ ਤੋਂ ਵੀ ਵੱਧ ਸੰਸਿਆਂ ਵਿੱਚ ਫਸਿਆ ਬਚਪਨ ਭੁਗਤਦੇ ਰਹੇ, ਪਰ ਧਰਮ ਨੂੰ ਖਤਰਾ ਹਾਲੇ ਤੱਕ ਖਤਮ ਨਹੀਂ ਹੋਇਆ। ਹੋਰ ਹੈਰਾਨੀ ਦੀ ਗੱਲ ਇਹ ਕਿ ਜਿੱਦਾਂ ਓਦੋਂ ਧਰਮ ਨੂੰ ਖਤਰਾ ਕਦੇ ਇਸਲਾਮ ਤੋਂ ਹੁੰਦਾ ਸੀ ਤੇ ਕਦੇ ਹਿੰਦੂ ਧਰਮ ਤੋਂ ਦੱਸਿਆ ਜਾਂਦਾ ਸੀ, ਅੱਜ ਵੀ ਉਹੋ ਕੁਝ, ਸਗੋਂ ਉਸ ਤੋਂ ਵੀ ਵੱਧ ਦੱਸਿਆ ਜਾਂਦਾ ਹੈ ਤੇ ਇਸ ਦੇ ਨਾਲ ਈਸਾਈਆਂ ਤੋਂ ਖਤਰਾ ਇੱਕ ਨਵਾਂ ਜੁੜ ਗਿਆ ਹੈ।

ਮੇਰੇ ਲਈ ਸੱਤਰ ਸਾਲ ਉਮਰ ਟੱਪਣ ਪਿੱਛੋਂ ਵੀ ਇਹ ਗੁੰਝਲ ਅਣਸੁਲਝੀ ਹੈ ਕਿ ਸਾਨੂੰ 'ਤੂੰ ਮੇਰਾ ਰਾਖਾ ਸਭਨੀਂ ਥਾਂਈਂ' ਵਿੱਚ ਦੱਸਿਆ ਗਿਆ ਹੈ ਕਿ ਈਸ਼ਵਰ ਸਭ ਥਾਂਈਂ ਸਾਡਾ ਰਾਖਾ ਹੈ, ਪਰ ਅਮਲ ਵਿੱਚ ਲੋਕਾਂ ਨੂੰ ਆਪਣੇ ਤੋਂ ਵੱਧ ਆਪਣੇ ਈਸ਼ਵਰ ਜਾਂ ਇਸ਼ਟ ਨੂੰ ਖਤਰੇ ਵਿਰੁੱਧ ਮੈਦਾਨ ਮੱਲਣ ਲਈ ਆਖਿਆ ਜਾਂਦਾ ਹੈ। ਜਿੱਥੇ ਹਿੰਦੂ ਆਬਾਦੀ ਬਹੁਤੀ ਹੋਵੇ, ਓਥੇ ਦੂਸਰੇ ਧਰਮਾਂ ਤੋਂ ਹਿੰਦੂਤਵ ਨੂੰ ਖਤਰਾ ਦੱਸ ਕੇ ਇਸ ਬਹੁ-ਗਿਣਤੀ ਨੂੰ ਦੂਜਿਆਂ ਦਾ ਮੁਕਾਬਲਾ ਕਰਨ ਲਈ ਤਿਆਰ ਹੋਣ ਨੂੰ ਕਿਹਾ ਜਾਂਦਾ ਹੈ, ਜਿੱਥੇ ਮੁਸਲਮਾਨ ਵੱਧ ਹੋਣ, ਓਥੇ ਉਨ੍ਹਾਂ ਦੇ ਧਾਰਮਿਕ ਤੇ ਸਿਆਸੀ ਆਗੂ ਇਹ ਕਹੀ ਜਾਂਦੇ ਹਨ ਕਿ ਇਸਲਾਮ ਦੀ ਰਾਖੀ ਵਾਸਤੇ ਕੁਰਬਾਨੀਆਂ ਦੇਣ ਲਈ ਤਿਆਰ ਰਹਿਣ ਦੀ ਲੋੜ ਹੈ। ਸਾਡੇ ਲੋਕ ਇਸ ਗੱਲ ਨਾਲ ਉਕਸਾਏ ਜਾ ਸਕਦੇ ਹਨ ਕਿ ਏਥੇ ਬੰਗਲਾਦੇਸ਼ੀ ਘੁਸਪੈਠੀਏ ਆ ਰਹੇ ਹਨ ਅਤੇ ਉਸ ਦੇਸ਼ ਦੀ ਰਾਜਨੀਤਕ ਅਤੇ ਧਾਰਮਿਕ ਲੀਡਰਸ਼ਿਪ ਆਪਣੇ ਲੋਕਾਂ ਨੂੰ 'ਕਾਫਰ' ਸੋਚ ਵਾਲਿਆਂ ਦਾ ਰਾਹ ਰੋਕਣ ਵਾਸਤੇ ਕਮਰ ਕੱਸਣ ਲਈ ਕਹਿੰਦੀ ਰਹਿੰਦੀ ਹੈ। ਪਾਕਿਸਤਾਨ ਵਿੱਚ ਹਿੰਦੂ ਵੀ ਇਸਲਾਮ ਲਈ ਖਤਰਾ ਹੈ, ਈਸਾਈ ਵੀ ਅਤੇ ਸਿੱਖਾਂ ਵਿਰੁੱਧ ਵੀ ਕਈ ਵਾਰੀ ਇਹੋ ਜਿਹਾ ਹਮਲਾਵਰ ਰੁਖ ਧਾਰਨ ਕਰਦੇ ਸਮੇਂ ਇਤਿਹਾਸਕ ਹਵਾਲੇ ਤੋੜ-ਭੰਨ ਕੇ ਪੇਸ਼ ਕੀਤੇ ਜਾਂਦੇ ਹਨ।

ਇਹ ਸਵਾਲ ਵੱਡਾ ਮੰਨਣ ਦੀ ਥਾਂ ਕਿ ਖਤਰਾ ਕਿਨ੍ਹਾਂ ਤੋਂ ਹੈ, ਇਹ ਸਵਾਲ ਸੋਚਣ ਵਾਲਾ ਹੈ ਕਿ ਖਤਰਾ ਕਿਨ੍ਹਾਂ ਨੂੰ ਹੈ? ਆਮ ਲੋਕ ਤਾਂ ਆਮ ਹਾਲਾਤ ਵਿੱਚ ਮਿਲ ਕੇ ਰਹਿੰਦੇ ਹਨ ਅਤੇ ਇੱਕ-ਦੂਜੇ ਦੀ ਲੋੜ ਵੇਲੇ ਆਪੋ ਵਿੱਚ ਬਾਂਹ ਫੜਨ ਨੂੰ ਓਦੋਂ ਤੱਕ ਤਿਆਰ ਹੁੰਦੇ ਹਨ, ਜਦੋਂ ਤੱਕ ਇਹ ਗੱਲ ਨਹੀਂ ਉੱਠਦੀ ਕਿ ਇਸ ਬੰਦੇ ਤੋਂ ਉਨ੍ਹਾਂ ਦੇ ਧਰਮ ਨੂੰ ਖਤਰਾ ਹੈ। ਇਸ ਇੱਕ-ਸਾਰ ਜਿਹੇ ਜੀਵਨ ਵਿੱਚ ਹਲਚਲ ਓਦੋਂ ਮਚਦੀ ਹੈ, ਜਦੋਂ ਰਾਜਸੀ ਲੋੜ ਜਾਂ ਧਰਮ ਖੇਤਰ ਦੀ ਚੌਧਰ ਵਾਸਤੇ ਕੋਈ ਧਿਰ ਇਹ ਮੁੱਦਾ ਉਭਾਰਦੀ ਹੈ। ਇਹੋ ਜਿਹੇ ਮੁੱਦੇ ਕਿਸੇ ਦਿਨ ਅਚਾਨਕ ਉੱਠਦੇ ਤੇ ਸਮੁੱਚੇ ਸਮਾਜ ਦੀ ਸੁੱਖ-ਸ਼ਾਂਤੀ ਨੂੰ ਚਿੰਗਾੜੀ ਲਾਉਣ ਵਾਲੇ ਬਣ ਜਾਂਦੇ ਹਨ ਅਤੇ ਏਹੋ ਜਿਹੇ ਹਾਲਾਤ ਸੰਭਾਲਣ ਲਈ ਜ਼ਿੰਮੇਵਾਰ ਕਾਨੂੰਨੀ ਮਸ਼ੀਨਰੀ ਕੁਝ ਕਰਨ ਦੀ ਥਾਂ ਓਦੋਂ ਤੱਕ ਕੁਝ ਨਹੀਂ ਕਰਦੀ, ਜਦੋਂ ਤੱਕ ਉੱਤੋਂ ਇੱਕ ਜਾਂ ਦੂਜੀ ਧਿਰ ਦੀ ਹਮਾਇਤ ਜਾਂ ਉਸ ਨੂੰ ਦਬਾਉਣ ਦੇ ਸੰਕੇਤ ਨਹੀਂ ਆ ਜਾਂਦੇ। ਇਸ ਪਿੱਛੋਂ ਬਹੁਤਾ ਕਰ ਕੇ ਇੱਕ ਧਿਰ ਦੇ ਪੱਖ ਦਾ ਮਾਹੌਲ ਬਣਨ ਲੱਗ ਜਾਂਦਾ ਤੇ ਦੂਸਰੀ ਧਿਰ ਨੂੰ ਸ਼ਾਂਤ ਰਹਿਣ ਦੀ ਸਲਾਹ ਦੇ ਨਾਲ ਇਹ ਕਿਹਾ ਜਾਣ ਲੱਗਦਾ ਹੈ ਕਿ ਕੁਝ ਬੋਲਿਆ ਤਾਂ ਫਿਰ ਨੁਕਸਾਨ ਤੁਹਾਡਾ ਹੀ ਹੋਵੇਗਾ। ਜੇ ਨੁਕਸਾਨ ਕਮਜ਼ੋਰ ਧਿਰ ਦਾ ਹੀ ਹੋਣਾ ਹੈ ਤਾਂ ਕਾਨੂੰਨੀ ਮਸ਼ੀਨਰੀ ਕਾਹਦੇ ਲਈ ਹੈ?

ਜਿੱਦਾਂ ਅਸੀਂ ਪਹਿਲਾਂ ਕਿਹਾ ਹੈ ਕਿ ਜਿੱਥੇ ਜਿਹੜੇ ਧਰਮ ਦੀ ਬਹੁ-ਗਿਣਤੀ ਹੈ, ਓਥੇ ਉਸ ਧਰਮ ਦੇ ਆਗੂ ਇਹ ਪ੍ਰਚਾਰ ਵੱਧ ਕਰਦੇ ਹਨ ਕਿ ਜੇ ਦੂਸਰਿਆਂ ਖਿਲਾਫ ਮੋਰਚਾਬੰਦੀ ਨਾ ਕੀਤੀ ਤਾਂ ਸਾਡੇ ਧਰਮ ਤੇ ਸਾਡੀ ਪਛਾਣ ਨੂੰ ਖਤਰਾ ਹੋ ਸਕਦਾ ਹੈ, ਇਹ ਇਸ ਵਕਤ ਭਾਰਤ ਵਿੱਚ ਇੱਕ ਵਾਰ ਫਿਰ ਜ਼ੋਰ ਨਾਲ ਹੁੰਦਾ ਸੁਣਦਾ ਹੈ। ਭਾਰਤ ਦੇ ਬਹੁ-ਗਿਣਤੀ ਧਰਮ ਦੇ ਵਿਸ਼ਵਾਸ ਵਾਲੇ ਲੋਕਾਂ ਨੂੰ ਦੂਸਰਿਆਂ ਵਿਰੁੱਧ ਉਕਸਾਉਣ ਦੇ ਨਾਲ ਇਹ ਪ੍ਰਚਾਰ ਬੜੇ ਜੋਸ਼ ਦੇ ਨਾਲ ਕੀਤਾ ਜਾ ਰਿਹਾ ਹੈ ਕਿ ਸਾਡੇ ਧਰਮ ਦੀ ਸਿਰਫ ਉੱਚਤਾ ਨਹੀਂ, ਸੁੱਚਤਾ ਲਈ ਵੀ ਜ਼ਰੂਰੀ ਹੈ ਕਿ ਦੂਸਰੇ ਧਰਮਾਂ ਦੇ ਅੱਗੇ ਏਦਾਂ ਦੀ ਅਣਦਿੱਸਦੀ ਕੰਧ ਉਸਾਰ ਦਿੱਤੀ ਜਾਵੇ ਕਿ ਉਹ ਟੱਪਣ ਜੋਗੀ ਹਿੰਮਤ ਨਾ ਕਰਨ। ਜਿਸ ਪੱਖ ਦੀ ਘੱਟ ਗਿਣਤੀ ਹੁੰਦੀ ਹੈ, ਉਨ੍ਹਾਂ ਨੇ ਕਿਸੇ ਲਈ ਖਤਰਾ ਕੀ ਬਣਨਾ ਹੈ, ਉਹ ਤਾਂ ਆਪਣੀ ਹੋਂਦ ਕਾਇਮ ਰੱਖਣ ਦੀ ਲੜਾਈ ਹੀ ਮਸਾਂ ਲੜਦੇ ਹਨ ਤੇ ਹੋਂਦ ਕਾਇਮ ਰੱਖਣ ਦੀ ਇਹ ਚਿੰਤਾ ਇਸ ਹੱਦ ਤੱਕ ਵਧ ਜਾਂਦੀ ਹੈ ਕਿ ਹਮਲਾਵਰੀ ਲਈ ਓਦੋਂ ਤੱਕ ਨਹੀਂ ਸੋਚ ਸਕਦੇ, ਜਦੋਂ ਤੱਕ ਆਪਣੀ ਪਿੱਠ ਪਿੱਛੇ ਕਿਸੇ ਕੰਧ ਨਾਲ ਲੱਗਦੀ ਮਹਿਸੂਸ ਨਹੀਂ ਹੋ ਜਾਂਦੀ। ਉਨ੍ਹਾਂ ਦੀ ਇਸ ਮਜਬੂਰੀ ਤੇ ਬੇਵੱਸੀ ਨੂੰ ਮਹਿਸੂਸ ਕਰ ਕੇ ਬਹੁ-ਗਿਣਤੀ ਪੱਖ ਦੇ ਜਨੂੰਨੀ ਅਨਸਰ ਹੋਰ ਵੱਧ ਚਾਂਭਲ ਜਾਂਦੇ ਹਨ।

ਸੰਸਾਰ ਵਿੱਚ ਭਾਰਤੀ ਲੋਕਾਂ ਦੀ ਪਛਾਣ ਅਕਸਰ ਏਥੋਂ ਦੀ ਗੰਗਾ-ਜਮਨੀ ਤਹਿਜ਼ੀਬ ਦੇ ਜ਼ਿਕਰ ਨਾਲ ਜੁੜੀ ਮੰਨੀ ਜਾਂਦੀ ਹੈ, ਪਰ ਅੱਜਕੱਲ੍ਹ ਇਸ ਦੀ ਥਾਂ ਇਹ ਕਿਹਾ ਜਾਣ ਲੱਗਾ ਹੈ ਕਿ 'ਹਿੰਦੁਸਤਾਨ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਕੀ ਕਰਨੀ, ਹਿੰਦੂ ਰਾਸ਼ਟਰ ਇਹ ਪਹਿਲਾਂ ਹੀ ਹੈ।' ਇਹ ਗੱਲ ਇੱਕ ਸਦੀ ਪੁਰਾਣੀ ਹਿੰਦੂਤਵੀ ਜਥੇਬੰਦੀ ਦੀ ਅਗਵਾਈ ਕਰਦੇ ਆਗੂ ਨੇ ਕਈ ਵਾਰ ਆਖੀ ਹੋਈ ਹੈ ਤੇ ਅੱਗੋਂ ਇਹੋ ਗੱਲ ਉਸ ਦੇ ਪੈਰੋਕਾਰ ਹਰ ਥਾਂ ਹਿੱਕ ਠੋਕ ਕੇ ਕਹਿੰਦੇ ਹਨ। ਤੀਹ ਕੁ ਸਾਲ ਪਹਿਲਾਂ ਇੱਕ ਵੱਖਵਾਦੀ ਜਥੇਬੰਦੀ ਦੇ ਦੋ ਕਾਰਕੁਨਾਂ ਖਿਲਾਫ ਕੇਸ ਜਦੋਂ ਭਾਰਤ ਦੀ ਸੁਪਰੀਮ ਕੋਰਟ ਵਿੱਚ ਗਿਆ ਤਾਂ ਅਦਾਲਤ ਨੇ ਕਿਹਾ ਸੀ ਕਿ ਕਹਿਣ ਨੂੰ ਕਿਸੇ ਨੂੰ ਕੁਝ ਵੀ ਕਹਿਣ ਦੀ ਪੂਰੀ ਖੁੱਲ੍ਹ ਹੈ, ਪਰ ਜੇ ਉਹ ਹਥਿਆਰ ਚੁੱਕਦਾ ਜਾਂ ਹਥਿਆਰ ਚੁੱਕਣ ਲਈ ਸੱਦਾ ਦਿੰਦਾ ਹੋਵੇ ਤਾਂ ਕੇਸ ਬਣਦਾ ਹੈ, ਇਸ ਦੇ ਨਾਲ ਉਨ੍ਹਾਂ ਨੂੰ ਅਦਾਲਤ ਨੇ ਉਸ ਕੇਸ ਵਿੱਚੋਂ ਬਰੀ ਕਰ ਦਿੱਤਾ ਸੀ। ਅੱਜਕੱਲ੍ਹ ਗੱਲ ਓਦੋਂ ਬਹੁਤ ਅੱਗੇ ਵਧਦੀ ਵੇਖੀ ਜਾਂਦੀ ਹੈ। ਹਿੰਦੂਤਵ ਨਾਲ ਜੁੜੇ ਹੋਏ ਇੱਕ ਸਾਧੂ ਨੇ ਲੋਕਾਂ ਨੂੰ ਇਹ ਵੀ ਕਹਿ ਦਿੱਤਾ ਹੈ ਕਿ ਆਹ ਲਾਠੀ, ਤੀਰ ਅਤੇ ਇਸ ਤਰ੍ਹਾਂ ਦੇ ਹੋਰ ਸੰਦਾਂ ਦੀ ਸਿਖਲਾਈ ਦੇਣ ਦੀ ਲੋੜ ਪਿੱਛੇ ਰਹਿ ਗਈ ਹੈ, ਅੱਜਕੱਲ੍ਹ ਇਨ੍ਹਾਂ ਲੋਕਾਂ ਨੂੰ ਹਰ ਕਿਸਮ ਦੇ ਆਧੁਨਿਕ ਹਥਿਆਰ ਵਰਤ ਸਕਣ ਦੀ ਸਿਖਲਾਈ ਦੀ ਲੋੜ ਹੈ। ਬੀਤੇ ਸਾਲਾਂ ਵਿੱਚ 'ਹਿੰਦੂ ਹਾਈ ਕੋਰਟ' ਨਾਂਅ ਦੀ ਇੱਕ ਸੰਸਥਾ ਬਣਨ ਦੀਆਂ ਖਬਰਾਂ ਆਈਆਂ ਤਾਂ ਲੋਕਾਂ ਨੇ ਖਾਸ ਧਿਆਨ ਹੀ ਨਹੀਂ ਸੀ ਦਿੱਤਾ, ਪਰ ਬਾਅਦ ਵਿੱਚ ਉਸ ਸੰਸਥਾ ਦੀ ਮੁਖੀ ਨੇ ਇੱਕ ਦਿਨ ਇੱਕ ਖਾਸ ਹਸਤੀ, ਜਿਸ ਨੂੰ ਭਾਰਤ ਵਿੱਚ ਕਰੀਬ ਪੌਣੀ ਸਦੀ ਪਹਿਲਾਂ ਗੋਲੀ ਮਾਰ ਦਿੱਤੀ ਗਈ ਸੀ, ਦੀ ਤਸਵੀਰ ਲਾ ਕੇ ਉਸ ਉੱਤੇ ਗੋਲੀਆਂ ਦਾਗੀਆਂ ਤਾਂ ਇਸ ਦੀ ਖਬਰ ਚਰਚਾ ਵਿੱਚ ਆ ਗਈ ਸੀ। ਏਦਾਂ ਦੀਆਂ ਮਿਸਾਲਾਂ ਕਈ ਹਨ।

ਸਾਨੂੰ ਇਹ ਦੱਸਿਆ ਜਾਂਦਾ ਸੀ ਕਿ ਇਤਿਹਾਸ ਬੜਾ ਬੇਰਹਿਮ ਹੁੰਦਾ ਹੈ, ਇਹ ਕਿਸੇ ਦੇ ਸਮਾਜ ਪੱਖੀ ਜਾਂ ਸਮਾਜ ਵਿਰੋਧੀ ਕਿਰਦਾਰ ਨੂੰ ਲੋਕਾਂ ਤੋਂ ਲੁਕਿਆ ਨਹੀਂ ਰਹਿਣ ਦੇਂਦਾ, ਪਰ ਅੱਜਕੱਲ੍ਹ ਇਤਿਹਾਸ ਵੀ ਆਪੋ-ਆਪਣਾ ਬਣਾਉਣ ਦੇ ਰੁਝਾਨ ਭਾਰੂ ਹੁੰਦੇ ਜਾਂਦੇ ਹਨ। ਡੇਢ ਸਦੀ ਪਹਿਲਾਂ ਅੰਗਰੇਜ਼ੀ ਰਾਜ ਦੌਰਾਨ ਇੱਕ ਮੁਹੰਮਦਨ ਲੇਖਕ ਨੇ 'ਹਿਸਟਰੀ ਆਫ ਪੰਜਾਬ' ਨਾਂਅ ਦੀ ਕਿਤਾਬ ਲਿਖੀ ਸੀ, ਜਿਸ ਉੱਤੇ ਭਾਰਤੀ ਪੰਜਾਬ ਵਿੱਚ ਅੱਜਕੱਲ੍ਹ ਪਾਬੰਦੀ ਹੈ। ਉਸ ਕਿਤਾਬ ਦੇ ਇੱਕ ਫੁੱਟ-ਨੋਟ ਵਿੱਚ ਉਸ ਨੇ ਇਹ ਵੀ ਲਿਖ ਛੱਡਿਆ ਹੈ ਕਿ ਕੋਈ ਭੁਲੇਖਾ ਪੈਂਦਾ ਹੋਵੇ ਤਾਂ ਮੁਹੰਮਦਨ ਲੇਖਕਾਂ ਨੂੰ ਆਪੋ ਵਿੱਚ ਰਾਏ ਕਰਨੀ ਚਾਹੀਦੀ ਹੈ, ਹਿੰਦੂ ਜਾਂ ਸਿੱਖ ਲੇਖਕਾਂ ਉੱਤੇ ਯਕੀਨ ਨਹੀਂ ਕਰਨਾ ਚਾਹੀਦਾ। ਇਹੋ ਗੱਲ ਅੱਜਕੱਲ੍ਹ ਕੁਝ ਲੋਕ ਹਿੰਦੂਤਵ ਦੇ ਪਲੇਟਫਾਰਮ ਤੋਂ ਕਰਦੇ ਤੇ ਕੁਝ ਵੀ ਕਹੇ ਬਗੈਰ ਹਰ ਪੈਂਤੜੇ ਬਾਰੇ ਆਪੋ ਵਿੱਚ ਅੱਖ ਮਿਲਾ ਕੇ ਆਪਣੀਆਂ ਧਾਰਨਾਵਾਂ ਪੇਸ਼ ਕਰਦੇ ਅਤੇ ਇੱਕ-ਦੂਸਰੇ ਦੀ ਪ੍ਰੋੜ੍ਹਤਾ ਕਰਦੇ ਹਨ। ਜਦੋਂ ਇਤਿਹਾਸ ਸਿਰਫ ਇਤਿਹਾਸ ਨਾ ਰਹਿ ਕੇ ਇਸ ਜਾਂ ਉਸ ਧਾਰਮਿਕ ਧਿਰ ਦਾ ਇਤਿਹਾਸ ਬਣ ਜਾਵੇ ਤਾਂ ਆਮ ਲੋਕਾਂ ਲਈ ਇਹ ਗੱਲ ਹੋਰ ਵੀ ਉਲਝਣ ਵਾਲੀ ਹੋਵੇਗੀ ਕਿ ਉਹ ਮੰਨਣ ਕਿਸ ਨੂੰ ਤੇ ਰੱਦ ਕਿਹੜਾ ਪੱਖ ਕਰਨ! ਖਾਸ ਕਰ ਕੇ ਉੱਭਰਦੀ ਉਮਰ ਦੇ ਬੱਚਿਆਂ ਦੀ ਇਹ ਉਲਝਣ ਹੋਰ ਜ਼ਿਆਦਾ ਹੁੰਦੀ ਹੈ ਅਤੇ ਉਹ ਆਪਣੀ ਦੁਬਿਧਾ ਦੇ ਨਿਪਟਾਰੇ ਲਈ ਇੰਟਰਨੈੱਟ ਉੱਤੇ ਸਰਚ ਕਰਨ ਦੇ ਚੱਕਰ ਵਿੱਚ ਹੋਰ ਜ਼ਿਆਦਾ ਉਲਝਣ ਦਾ ਸ਼ਿਕਾਰ ਹੋ ਕੇ ਗੁੰਮਰਾਹ ਹੋਣ ਲੱਗਦੇ ਹਨ। ਫਿਰ ਉਹ ਪਿੱਛੇ ਨਹੀਂ ਮੁੜਦੇ।

ਸਮਾਂ ਬਹੁਤ ਨਾਜ਼ਕ ਹੈ। ਸੰਸਾਰ ਪੱਧਰ ਉੱਤੇ ਧਰਮ ਦਾ ਨਾਂਅ ਵਰਤ ਕੇ ਜਿੱਦਾਂ ਦੇ ਹਾਲਾਤ ਬਣਾਏ ਜਾਣ ਦੀਆਂ ਖਬਰਾਂ ਅਤੇ ਕਨਸੋਆਂ ਮਿਲ ਰਹੀਆਂ ਹਨ, ਉਨ੍ਹਾਂ ਦੇ ਰੂ-ਬ-ਰੂ ਚੜ੍ਹਦੀ ਜਵਾਨੀ ਦੀ ਸੋਚ ਨੂੰ ਸੇਧ ਦੇਣ ਦੀ ਲੋੜ ਪਹਿਲੇ ਕਿਸੇ ਵੀ ਸਮੇਂ ਤੋਂ ਵੱਧ ਜਾਪਦੀ ਹੈ, ਪਰ ਸੇਧ ਦੇਣ ਵਾਲਾ ਕੋਈ ਨਹੀਂ। ਜਿਹੜੇ ਲੋਕ ਪਹਿਲੀਆਂ ਪੰਜ-ਸੱਤ ਜਮਾਤਾਂ ਵੀ ਨਹੀਂ ਸਨ ਪੜ੍ਹ ਸਕੇ ਤੇ ਸਕੂਲੀ ਪੜ੍ਹਾਈ ਛੱਡ ਕੇ ਸਾਧਾਂ ਦੇ ਸਿਰਫ ਭੇਸ ਧਾਰਨ ਕਰਨ ਨੂੰ ਧਾਰਮਿਕਤਾ ਮੰਨ ਕੇ ਇਸ ਦੇ ਪ੍ਰਚਾਰ ਵੱਲ ਲੱਗ ਗਏ ਸਨ, ਉਹ ਇੱਕ ਜਾਂ ਦੂਸਰੇ ਲਗਭਗ ਹਰ ਧਰਮ ਵਿੱਚ ਦੂਸਰਿਆਂ ਨਾਲੋਂ ਵੱਧ ਆਪਣੇ ਧਰਮ ਦੀ ਅਗਲੀ ਪੀੜ੍ਹੀ ਨੂੰ ਕੁਰਾਹੇ ਪਾਉਣ ਦਾ ਕੰਮ ਕਰ ਰਹੇ ਹਨ। ਹਰ ਧਰਮ ਦਾ ਮੰਤਵ ਮੁੱਢਲੇ ਦੌਰ ਵਿੱਚ ਸਿਰਫ ਈਸ਼ਵਰ, ਅੱਲ੍ਹਾ ਜਾਂ ਗੌਡ ਵੱਲ ਧਿਆਨ ਲਾਉਣ ਤੱਕ ਸੀਮਤ ਨਹੀਂ ਸੀ, ਸਮਾਜ ਨੂੰ ਖਾਸ ਮਰਿਆਦਾ ਅਧੀਨ ਰੱਖ ਕੇ ਚਲਾਉਣ ਦਾ ਸਬਕ ਦੇਣਾ ਵੀ ਹੁੰਦਾ ਸੀ। ਅੱਜਕੱਲ੍ਹ ਸਮਾਜੀ ਫਰਜ਼ਾਂ ਬਾਰੇ ਲੋਕਾਂ ਨੂੰ ਸੁਚੇਤ ਕਰਨ ਦੀ ਲੋੜ ਇਸ ਵਿੱਚੋਂ ਕੱਢੀ ਗਈ ਤੇ ਸਿਰਫ ਦੋ ਗੱਲਾਂ ਦਾ ਪ੍ਰਚਾਰ ਹੁੰਦਾ ਹੈ, ਇੱਕ ਈਸ਼ਵਰ ਨੂੰ ਖੁਸ਼ ਕਰਨ ਦਾ ਪ੍ਰਚਾਰ ਅਤੇ ਦੂਸਰਾ ਸਿਰਫ ਆਪਣੇ ਧਰਮ ਵਿੱਚ ਯਕੀਨ ਤੱਕ ਸੀਮਤ ਨਾ ਰਹਿ ਕੇ ਆਪਣੇ ਤੋਂ ਵੱਖਰੀ ਵੰਨਗੀ ਵਾਲੇ ਧਰਮ ਦੇ ਵਿਰੋਧ ਲਈ ਉਕਸਾਇਆ ਜਾਣ ਲੱਗਦਾ ਹੈ। ਇਹ ਉਕਸਾਹਟਾਂ ਫਿਰ ਸੰਸਾਰ ਦੇ ਕਈ ਪੁਆੜਿਆਂ ਦੀ ਜੜ੍ਹ ਬਣਨ ਲੱਗ ਜਾਂਦੀਆਂ ਹਨ। ਭਾਰਤ ਵੀ ਇਸ ਕੁਚੱਕਰ ਵਿੱਚ ਫਸਿਆ ਪਿਆ ਹੈ ਅਤੇ ਇਸ ਤੋਂ ਨਿਕਲਣ ਵਾਲਾ ਹੱਲ ਲੱਭਣਾ ਔਖਾ ਜਾਪਦਾ ਹੈ।

ਇਹੋ ਕਾਰਨ ਹੈ ਕਿ ਸਿਰਫ ਭਾਰਤ ਨਹੀਂ, ਸਮੁੱਚਾ ਸੰਸਾਰ ਇਸ ਵਕਤ ਧਰਮ ਦੇ ਨਾਂਅ ਉੱਤੇ ਜਨੂੰਨੀਪੁਣੇ ਵਾਲੀ ਉਸ ਲੀਹ ਉੱਤੇ ਪੈਂਦਾ ਜਾਂਦਾ ਹੈ, ਜਿੱਥੋਂ ਇਸ ਨੂੰ ਮੋੜਾ ਨਾ ਪਿਆ ਤਾਂ ਇਹ ਸੋਚ ਕਹਿਰ ਵਰਤਾਉਣ ਤੱਕ ਪਹੁੰਚ ਸਕਦੀ ਹੈ। ਇਤਿਹਾਸ ਵਿੱਚ ਓਨਾ ਨੁਕਸਾਨ ਕਿਸੇ ਵੀ ਹੋਰ ਸੋਚ ਵਾਲੀ ਜੰਗ ਨਾਲ ਨਹੀਂ ਹੋਇਆ ਹੋਣਾ, ਜਿੰਨਾ ਧਰਮ ਦੇ ਨਾਂਅ ਉੱਤੇ ਹੁੰਦੀਆਂ ਜੰਗਾਂ ਵਿੱਚ ਹੁੰਦਾ ਰਿਹਾ ਹੈ। ਕਾਰਨ ਸਾਫ ਹੈ ਕਿ ਇਸ ਪਾਸੇ ਜਾਣ ਵਾਲੇ ਲੋਕ ਇਸ ਸੋਚ ਨਾਲ ਲੜਨ ਤੇ ਮਾਰਨ-ਮਰਨ ਲਈ ਤਿਆਰ ਹੁੰਦੇ ਹਨ ਕਿ ਇੰਜ ਕਰਨ ਨਾਲ ਸਾਡਾ ਪ੍ਰਮਾਤਮਾ ਖੁਸ਼ ਹੋ ਸਕਦਾ ਹੈ। ਉੱਭਰਦੀ ਉਮਰ ਲਈ ਇਹ ਸੋਚ ਬੜੀ ਮਾਰੂ ਸਾਬਤ ਹੋ ਰਹੀ ਹੈ, ਪਰ ਇਸ ਸੋਚਣੀ ਅੱਗੇ ਬੰਨ੍ਹ ਲੱਗਦਾ ਹਾਲੇ ਨਹੀਂ ਦਿੱਸਦਾ।

# ਪਰਵਾਸ ਅਤੇ ਧੜਵੈਲ ਸੜਕਾਂ ਨੇ ਪਿੰਡਾਂ ਨੂੰ ਲੈ ਬੈਠਣਾ

ਪਿੰਡ ਫਸਿਆ-59

**ਵਿਜੇ ਬੰਬੇਲੀ**

ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪ੍ਰਵਾਸ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਸ ਦੋ ਤਰਫੇ ਪਰਵਾਸ ਨੇ ਪੰਜਾਬ ਨੂੰ ਸਦਾ ਹੀ ਅਨੇਕਾਂ ਪੱਖਾਂ ਤੋਂ ਪ੍ਰਭਾਵਿਤ ਤੇ ਪੀੜਤ ਕੀਤਾ ਹੈ। ਸਿੱਟਾ; ਇਸ ਦਾ ਮੂੰਹ-ਮੁਹਾਂਦਰਾ ਤੱਕ ਬਦਲ ਦਿੱਤਾ ਸੀ/ਦੇਵੇਗਾ। ਹੁਣ ਕਈ ਜ਼ਾਹਰਾ ਅਤੇ ਲੁਕਵੇਂ ਕਾਰਨਾਂ ਕਰਕੇ ਪ੍ਰਵਾਸ ਦੀ ਆਮਦ ਅਤੇ ਜਾਮਦ ਦੀ ਗਤੀ ਤਿੱਖੀ ਹੋ ਗਈ ਹੈ। ਭਾਵੇਂ ਨਵੀਂ ਵਿਸ਼ਵੀ ਵਿਵਸਥਾ ਨੇ ਗਲੋਬਲ ਵਿਲੇਜ਼ ਦਾ 'ਨਾਮਕਰਨ' ਕੀਤਾ ਹੈ, ਪਰ ਅਸਲ ਵਿਚ ਇਹ ਏਨੀ ਭਰਮਾਊ ਅਤੇ ਭੁਲੇਖਾ-ਪਾਊ ਹੈ ਕਿ ਇਸ ਵਿਵਸਥਾ ਨੇ ਪੇਂਡੂ ਜੀਵਨ ਨੂੰ ਸਹਿਜ ਨਹੀਂ ਰਹਿਣ ਦਿੱਤਾ। ਮਜਬੂਰੀਵੱਸ ਹੀ ਸਹੀ, ਕੌਮਾਂਤਰੀ ਪਰਵਾਸ ਤਹਿਤ ਆਪਣੀਆਂ ਜੜ੍ਹਾਂ ਨੂੰ ਖੁਦ ਪੁੱਟਣ ਦੇ ਸਿੱਟੇ ਬੜੇ ਹੀ ਮਾਰੂ ਨਿਕਲਣਗੇ। ਦਰ-ਹਕੀਕਤ, ਸਦੀਵੀ ਪ੍ਰਵਾਸ ਪੰਜਾਬੀਆਂ ਦੇ ਸੁਭਾਅ ਵਿਚ ਸੀ/ਹੈ। ਪਰ ਪਹਿਲਾਂ ਘਰ ਦਾ ਇੱਕ-ਅੱਧ ਜੀਅ ਹੀ ਸਮੁੰਦਰੋਂ ਪਾਰ ਜਾਂਦਾ ਸੀ ਅਤੇ ਖੱਟੀ-ਕਮਾਈ ਘਰ ਭੇਜਦਾ ਜਾਂ ਲੈ ਕੇ ਵਾਪਸ ਆ ਮੁੜਦਾ ਸੀ। ਪੰਜਾਬ ਦੀ ਤਰੱਕੀ ਅਤੇ ਇਸ ਦੀ ਉਮਦਾ ਰਹਿਤਲ-ਵਹਿਤਲ ਵਿੱਚ ਪ੍ਰਵਾਸੀ ਪੰਜਾਬੀਆਂ ਦਾ ਅਣਮਿਣਵਾਂ ਯੋਗਦਾਨ ਸੀ, ਪ੍ਰੰਤੂ ਹੁਣ ਕਮਾਈ ਸਮੇਤ ਬੜਾ ਕੁੱਝ ਹੋਰ ਵੀ ਪ੍ਰਵਾਸ ਕਰ ਰਿਹਾ ਹੈ। ਲੱਗਦਾ; ਬਹੁਤੇ, ਬਹੁ-ਪਰਤੀ ਕਾਰਨਾਂ ਕਰਕੇ, "ਖੱਟੀ" ਨਹੀਂ ਭੇਜਣਗੇ, ਸਗੋਂ ਬਚੀ-ਖੁਚੀ ਪਿਤਾ-ਪੁਰਖੀ ਜਾਇਦਾਦ ਵੀ ਵੇਚ-ਵੱਟ ਉੱਧਰ ਲੈ ਖੜਨਗੇ।

ਪਰਵਾਸ ਕਾਰਨ ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਇੱਕ ਕਨਸੋਅ ਮੁਤਾਬਿਕ ਬੀਤੇ ਦਹਾਕੇ ਵਿੱਚ ਬਾਹਰਲੇ ਮੁਲਕੀਂ ਗਏ ਸਾਡੇ "ਪਾੜ੍ਹੇ" 27000 ਕਰੋੜ ਦੇ ਅਸਾਸੇ (ਪੇਂਡੂ ਜਾਇਦਾਦ) ਆਪਣੇ ਨਾਲ ਲੈ ਗਏ ਹਨ। ਕੌਮਾਂਤਰੀ ਪਰਵਾਸ, ਪੰਜਾਬ ਵਿੱਚੋਂ ਜਵਾਨ ਬੌਧਿਕਤਾ ਅਤੇ ਸਰਮਾਏ ਸਮੇਤ ਕਈ ਤਰ੍ਹਾਂ ਦੇ ਕੌਮੀ-ਅੰਸ਼ ਹੂੰਝ ਕੇ ਲਿਜਾ ਰਿਹਾ ਹੈ। ਇਹ ਹੂੰਝੇ ਕਈ ਤਰ੍ਹਾਂ ਦੇ ਖ਼ਤਰਨਾਕ ਪੂੰਝੇ ਸੰਚਿਲਤ ਕਰਨਗੇ। ਇਹਨਾਂ ਪੂੰਝਿਆਂ ਨਾਲ ਸਿਰਫ ਪੰਜਾਬ ਦੀ ਸਾਹ-ਰਗ ਜ਼ਮੀਨ ਹੀ ਨਹੀਂ ਵਿਕਦੀ, ਅਰਥਾਤ ਖੇਤੀ ਵੱਡੇ ਹੱਥਾਂ ਜਾਂ ਕੁੱਝ ਟੱਬਰਾਂ ਵਿਚ ਹੀ ਨਹੀਂ ਜਾਂਦੀ, ਸਗੋਂ ਖੂਹਾਂ ਉੱਤਲੇ ਤੌੜ, ਢੇਰਾਂ ਦੇ ਕੁਰੇ ਤੇ ਪਹੀਆਂ-ਰਸਤੇ ਤੱਕ ਵਿਕ ਜਾਂਦੇ ਹਨ। ਅਖੀਰ ਬੰਦਾ (ਪੇਂਡੂ) ਆਪਣੀਆਂ ਜੜ੍ਹਾਂ ਨਾਲੋਂ ਹੀ ਕੱਟਿਆ ਜਾਂਦਾ ਹੈ। ਅਫਸੋਸ! ਪਰਾਈਆਂ ਧਰਤੀਆਂ 'ਤੇ ਪਹੁੰਚੀ ਮੰਡੀਰ ਦੀ ਦੂਜੀ, ਹੱਦ ਤੀਜੀ ਪੋਦ, ਆਪਣੇ ਪਿਤਾ-ਪੁਰਖੀ ਘਰ-ਜਾਇਦਾਦ ਨੂੰ ਖੋਲਾ ਬਣਾਉਣ ਜਾਂ ਸੇਲ 'ਤੇ ਲਾ ਕੇ ਦੂਜੇ ਰਾਜਾਂ ਤੋਂ ਆਏ ਬਾਸ਼ਿੰਦਿਆਂ ਦਾ ਰਾਹ ਮੋਕਲਾ ਕਰ ਦੇਵੇਗੀ, ਜਿਸ ਨਾਲ ਪੰਜਾਬੀ ਰਹੁ-ਰੀਤਾਂ ਡਗਮਗਾਉਣਗੀਆਂ। ਆਪਣਿਆਂ ਦੀਆਂ ਅਗਲੇਰੀਆਂ ਪੀੜ੍ਹੀਆਂ ਦੀ ਆਮਦ ਨੂੰ ਖੇਤ-ਖਲਿਆਣ ਉਡੀਕਦੇ ਰਹਿ ਜਾਣਗੇ।

ਨਿਜ਼ਾਮ ਵੱਲੋਂ ਲੋਕਾਂ ਨੂੰ ਜਿਸ ਤਰਜੀਹ 'ਤੇ ਤੋਰਿਆ ਜਾਂਦਾ ਹੈ, ਉਹ ਉਧਰ ਤੁਰ ਪੈਂਦੇ ਹਨ। ਪਿੰਡਾਂ ਨੂੰ ਵੀ ਬਜ਼ਾਰ ਮਗਰ ਨਠਾ ਲਿਆ ਗਿਆ ਹੈ। ਕੀ ਖਾਣਾ ਹੈ, ਕੀ ਪਹਿਨਣਾ ਹੈ, ਖੇਤਾਂ 'ਚ ਕੀ ਵਰਤਣਾ, ਕੀ ਬੀਜਣਾ ਅਤੇ "ਕਿੱਥੇ ਵੇਚਣਾ ਹੈ" ਇਹ ਹੁਣ "ਮੀਡੀਆ", "ਸਰਕਾਰ" ਅਤੇ "ਧੰਨ-ਕੁਬੇਰ" ਤੈਅ ਕਰਦੇ ਹਨ। ਜੇ ਅਸੀਂ ਨਾ ਸੰਭਲੇ, ਤਦ ਨਾ ਸਿਰਫ ਖੇਤਾਂ ਦੀ ਹੀ ਧੜਵੈਲ-ਉਸਾਰੀਆਂ ਅਤੇ 'ਵੱਡੇ ਫਾਰਮਾਂ' ਵੱਲ ਹਿਜਰਤ ਹੋਵੇਗੀ, ਸਗੋਂ 'ਪਿੰਡ' ਵੀ "ਸ਼ਹਿਰਾਂ" ਨੂੰ ਹਿਜਰਤ ਕਰਨ ਲਈ ਮਜਬੂਰ ਹੋ ਜਾਣਗੇ। ਇਹੀ ਤਾਂ ਧੰਨ-ਕੁਬੇਰ ਚਾਹੁੰਦੇ ਹਨ। ਮਲਬ; ਕਿਰਸਾਨੀ ਮਾਲਕੀ ਨਾ ਕਰੇ, ਕਾਮਾ-ਗਿਰੀ ਕਰੇ। ਜੇ ਡਗਰ ਇਹੀ ਰਹੀ, ਜੇ ਅਸੀਂ ਨਾ ਸੰਭਲੇ ਤਾਂ ਵਾੜ ਲੱਗੇ ਵੱਡੇ-ਵੱਡੇ ਫਾਰਮ-ਹਾਊਸਾਂ ਅਤੇ "ਕਾਰਖਾਨਿਆਂ" ਵਿਚ ਤਾਅ ਕਿਸਮ ਦੇ ਪੇਂਡੂ, ਦੇਰ-ਸਵੇਰ, "ਰੋਟੀ-ਡੱਬੇ" ਲੈ ਕੇ "ਉਜਰਤ" (ਗੋਲਾਪਨ) ਕਰਨ ਜਾਇਆ ਕਰਨਗੇ। ਉਹਨਾਂ ਦੀ ਇਹ ਮਨਸ਼ਾ ਤਦ ਹੀ ਪੂਰੀ ਹੋ ਸਕਦੀ ਹੈ, ਜੇ ਛੋਟੇ ਖੇਤ, ਜਾਣੀ ਪਿੰਡ ਮਰਨ।

"ਬੰਪਰ ਉਪਜ" ਲਈ ਠੋਸੀ ਗਈ ਰਸਾਇਣਕ ਖੇਤੀ, ਹਾਈਬਰੈਂਡ ਅਤੇ ਮਸ਼ੀਨਰੀ ਕਲਚਰ ਅਰਥਾਤ; ਅਚੇਤ-ਸੁਚੇਤ ਠੋਸੇ ਗਏ "ਹਰੇ ਇਨਕਲਾਬ" ਨੇ ਵੀ ਪੰਜਾਬ ਦੀ ਫਿਜ਼ਾ, ਹੱਥ ਕਿਰਤ ਅਤੇ ਸਿਹਤਵੰਦ ਪਰੰਪਰਾਵਾਂ ਦੇ ਬੁਰੀ ਤਰ੍ਹਾਂ ਜੜ੍ਹੀਂ ਅੱਕ ਦਿੱਤਾ ਸੀ/ਹੈ। ਜਦੋਂ ਤੱਕ ਖੇਤੀ ਕਿਰਤੀ-ਕਿਸਾਨ ਦੀ ਸੰਯੁਕਤ ਮਿਹਨਤ 'ਤੇ ਅਧਾਰਤ ਸੀ ਅਤੇ ਉਸ ਪ੍ਰਤੀ ਸਾਰੇ ਸਾਧਨ ਪਿੰਡ ਵਿੱਚੋਂ ਹੀ ਉਪਲੱਬਧ ਸਨ, ਉਦੋਂ ਤੱਕ ਪਿੰਡ (ਖੇਤੀ) ਸੁਰੱਖਿਅਤ ਅਤੇ ਕਰਜ਼ੇ ਤੇ ਵਿਹਲੇ ਹੱਥਾਂ ਦੀ ਮਾਰ ਹੇਠ ਨਹੀਂ ਸੀ। ਪਿੰਡ ਨੂੰ ਇਕ ਆਰਥਿਕ ਇਕਾਈ ਮੰਨ ਕੇ ਹੀ ਇਸ ਦੀ ਆਰਥਿਕਤਾ ਵਿਚ ਸੁਧਾਰ ਲਿਆਂਦਾ ਜਾ ਸਕਦਾ ਹੈ, ਕਿਉਂਕਿ ਪਿੰਡ ਦੀ ਆਰਥਿਕਤਾ ਦੀ ਨੀਂਹ ਖੇਤੀ ਵਿਚ ਖੜ੍ਹੀ ਹੈ। ਬੀਤੀ ਅੱਧੀ ਸਦੀ ਵਿਚ 'ਕੱਲੇ ਪੰਜਾਬ ਦੇ ਹੀ ਕੋਈ ਸਵਾ ਚਾਰ ਲੱਖ ਪਰਵਾਰ ਸਿੱਧੇ-ਅਸਿੱਧੇ ਤੌਰ 'ਤੇ ਖੇਤੀ (ਪਿੰਡ) ਤੋਂ ਮੁਕੰਮਲ ਬਾਹਰ ਹੋਣ ਜਾਂ ਪ੍ਰਵਾਸ ਲਈ ਮਜਬੂਰ ਹੋ ਗਏ ਸਨ/ਹਨ।

ਇਹੀ ਨਹੀਂ, ਭਰਮ-ਭੁਲੇਖੇ ਸਿਰਜ ਕੇ ਧੰਨ-ਕੁਬੇਰਾਂ ਨੇ ਸਾਡੀ ਭੋਇੰ "ਐਕਸਪ੍ਰੈੱਸ ਹਾਈਵੇਜ਼ਾਂ ਅਤੇ ਰੀਅਲ ਅਸਟੇਟਾਂ" ਅਤੇ "ਫਾਰਮ ਹੱਬਾਂ" ਦੇ ਸਬਜ਼ਬਾਗਾਂ ਅਤੇ "ਚੋਖਾ ਮੁੱਲ" ਹੇਠ ਨੱਪਣ ਲਈ ਜਾਲ ਵਿਛਾ ਦਿੱਤੇ ਹਨ। ਇੰਜ ਮਿਲਿਆ "ਬੇਸ਼ੁਮਾਰ ਪੈਸਾ" ਬਹੁਤਿਆਂ ਦੀਆਂ ਔਲਾਦਾਂ ਨੇ ਖਰਮਸਤੀਆਂ ਦੇ ਲੇਖੇ ਲਾ ਬੈਠਣਾ ਹੈ। ਇਸ ਚਲਨ ਹੇਠ "ਵੱਟੀ" ਗਈ ਇਹ ਰਕਮ "ਭੌਤਿਕ ਸਹੂਲਤਾਂ" ਦੀ ਖਰੀਦੋ-ਫਰੋਖਤ ਤਹਿਤ ਮੁੜ ਧੰਨ-ਕੁਬੇਰਾਂ ਨੇ ਹੀ ਬਟੋਰ ਲੈਣੀ ਹੈ ਅਤੇ ਅਸੀਂ ਸਦੀਵੀ ਆਮਦਨ, ਪੇਂਡੂ ਅਰਥਚਾਰੇ ਤੋਂ ਸਦੀਵੀ ਹੱਥ ਧੋ ਬੈਠਣਾ ਹੈ। ਫਿਰ ਜਿਵੇਂ 'ਕਰਜ਼ਾ' ਕਲਚਰ ਅਤੇ "ਉਸਾਰੀਆਂ" ਨੇ ਪੰਜਾਬ ਦੀ ਜ਼ਮੀਨ ਨੂੰ ਹਥਿਆਉਣਾ ਸ਼ੁਰੂ ਕਰ ਦਿੱਤਾ ਹੈ, ਇਹ ਬੇਹੱਦ ਫਿਕਰਮੰਦੀ ਦਾ ਵਿਸ਼ਾ ਹੈ। ਇਹ ਕਰਜ਼ੇ ਸਾਡੀ ਆਮਦਨ ਜਾਂ ਫਸਲ ਅਨੁਸਾਰ ਨਹੀਂ, ਅਖੌਤੀ ਲੋੜ ਅਨੁਸਾਰ ਹਨ। ਅਸੀਂ ਕਰਜ਼ਿਆਂ ਨੂੰ ਆਮਦਨ ਵਧਾਉਣ ਲਈ ਨਹੀਂ, "ਟੌਹਰ-ਟੱਪਾ" ਵਧਾਉਣ ਅਤੇ ਲਾਈ-ਲੱਗਤਾ ਲਈ ਵਰਤਿਆ। ਰਹਿੰਦੀ ਕਸਰ "ਆਈ-ਲੈਟ'ਸ" ਨੇ ਪੂਰੀ ਕਰ ਦਿੱਤੀ। ਦੇਰ-ਸਵੇਰ ਜ਼ਮੀਨ ਅਤੇ ਪੰਜਾਬੀ ਅਸਾਸੇ ਬੈਂਕਾਂ, ਸ਼ਾਹੂਕਾਰਾਂ, ਸਰਕਾਰ ਜਾਂ ਕਾਰਪੋਰੇਟ'ਸ ਦੇ ਹੋ ਜਾਣਗੇ। ਮੌਜੂਦਾ ਸਥਿਤੀ ਅਨੁਸਾਰ ਉਥੇ ਕੰਮ ਬਾਹਰਲੇ ਕਾਮੇ ਕਰਨਗੇ, ਸਾਡੇ ਨਹੀਂ। ਸਾਡੇ ਤਾਂ "ਮੁੱਠ-ਮੁੱਠ ਦਾਲ ਅਤੇ ਦੋ-ਦੋ ਸੇਰ ਕਣਕ" ਉਡੀਕਣ ਦੇ ਆਹਰੇ ਲਾ ਦਿੱਤੇ ਗਏ ਹਨ।

'ਸੰਸਾਰ ਵਪਾਰ ਸੰਸਥਾ' ਅਤੇ ਕਾਰਪੋਰੇਟ'ਸ ਪੱਖੀ ਹਾਕਮ ਧਿਰਾਂ ਤਾਂ ਬੜੀ ਦੇਰ ਤੋਂ ਇਸ ਹਰਕਤ ਵਿਚ ਹਨ ਕਿ ਕਿਵੇਂ ਨਾ ਕਿਵੇਂ ਉਹ 'ਗਰੀਨ ਬੈਲਟਾਂ' ਨੱਪ ਲੈਣ। ਜਿੱਥੇ ਹੱਥਾਂ ਦੀ ਬਜਾਏ ਭਾਰੀ-ਭਰਕਮ ਮਸ਼ੀਨਾਂ ਕੰਮ ਕਰਨ ਅਤੇ "ਹਾਈਵੇਜ਼ਾਂ" ਉੱਤੇ "ਹਾਈ ਸਪੀਡ ਵਪਾਰ" ਨਿਰਵਿਘਨ ਦੌੜੇ। ਸਿਰਜੇ ਜਾ ਰਹੇ ਹਾਲਾਤ ਤਹਿਤ ਤੁਹਾਡੇ ਪਾਸ ਇਹਨਾਂ ਸੜਕਾਂ ਦੇ ਮੇਚੇ ਦੀਆਂ ਗੱਡੀਆਂ ਕਦੇ ਵੀ ਨਹੀਂ ਹੋਣਗੀਆਂ। ਤੁਸੀਂ ਇਹਨਾਂ "ਅੰਬਰੀ ਦੌੜ ਵਾਲੇ ਸ਼ਾਹ ਰਾਵ੍ਹਾਂ" ਉੱਤੇ ਭੁੱਲ ਕੇ ਵੀ ਨਹੀਂ ਚੜ੍ਹ ਸਕੋਗੇ, ਚੜ੍ਹੋਂਗੇ ਤਾਂ ਮਿੱਧੇ ਜਾਵੋਗੇ। ਦਰ-ਅਸਲ ਪੰਜਾਬ 'ਚ ਮੱਧਵਰਗੀਆਂ ਦੀ ਭਰਮਾਰ ਹੈ, ਜਿਹੜਾ ਕਈ ਕਾਰਨਾਂ ਕਰਕੇ ਭਟਕਣਾ ਦਾ ਸ਼ਿਕਾਰ ਹੈ। ਇਹ ਮੱਧਵਰਗ ਪੰਜਾਬ ਦੀਆਂ ਦੁਸ਼ਵਾਰੀਆਂ ਦੇ ਅਸਲ ਕਾਰਨ ਬੁੱਝਣ ਅਤੇ ਲੋਕ-ਹਿੱਤੂ ਨਿਜ਼ਾਮ ਸਿਰਜਣ ਲਈ ਅਹੁਲਣ ਦੀ ਬਜਾਏ ਅਖੌਤੀ ਭੌਤਿਕ ਸਹੂਲਤਾਂ ਦੀ ਲਿਲ ਦਾ ਸ਼ਿਕਾਰ ਹੋ ਗਿਆ ਹੈ ਅਤੇ ਕੁਦਰਤ ਨੂੰ ਉਲੰਘ ਕੇ ਸਿਰਜੇ ਜਾ ਰਹੇ "ਵਿਕਾਸ" ਦੇ ਮੇਚੇ ਦਾ ਬਣਨ ਦੀ ਮ੍ਰਿਗ-ਤ੍ਰਿਸ਼ਨਾ (ਪਰਵਾਸ) ਦਾ ਪਾਂਧੀ ਬਣ ਬੈਠਾ ਹੈ।

ਮੁੱਕਦੀ ਗੱਲ; ਭਾਵੇਂ ਕਿਰਤ-ਵਿਰਤ/ਕੰਮ-ਧੰਦਿਆਂ ਅਤੇ ਜੀਵਨ-ਜਾਚ ਦਾ ਰੁਖ ਬਦਲ ਗਿਆ ਹੈ, ਸੰਭਲਿਆ ਹੁਣ ਵੀ ਜਾ ਸਕਦਾ ਹੈ, ਪਰ ਇਸ ਲਈ ਸਰਬੱਤ ਦੇ ਭਲੇ ਵਾਲੇ ਨਿਜ਼ਾਮ ਲਈ ਲੋਕ-ਸੰਘਰਸ਼ ਦੀ ਲੋੜ ਹੈ। ਜੇ ਕਿਰਸਾਨੀ (ਕਿਰਤ+ਇਨਸਾਨ: ਕਿਰਤੀ ਇਨਸਾਨ: ਕਿਰਸਾਨ) ਮਰ ਗਈ ਤਦ ਪਿੰਡ ਮਰ ਜਾਵੇਗਾ। ਅਰਥਾਤ; ਭਾਰਤ ਦੀ ਸਲਾਮਤੀ ਖੇਤੀ (ਕਿਰਸਾਨੀ) ਬਨਾਮ ਪਿੰਡ ਦੀ ਹੋਣੀ ਨਾਲ ਬੱਝੀ ਹੋਈ ਹੈ। ਸੋ; "ਜੇ ਰੁਜ਼ਗਾਰ ਅਤੇ ਕੁਦਰਤ-ਪੱਖੀ 'ਖੇਤੀ' (ਕਿਰਸਾਨੀ) ਮਰ ਗਈ ਤਾਂ ਪਿੰਡ ਮਰ ਜਾਣਗੇ। ਜੇ 'ਪਿੰਡ' ਮਰ ਗਏ ਤਦ ਭਾਰਤ ਮਰ ਜਾਵੇਗਾ, 'ਭਾਰਤ' ਜੋ ਪਿੰਡਾਂ ਦਾ ਦੇਸ਼ ਹੈ। ਇਹੀ; ਉਹ ਗੱਲ ਹੈ ਜਿਹੜੀ ਹਾਕਮ-ਜਮਾਤਾਂ ਦੇ ਖੋਪੜ ਵਿਚ ਨਹੀਂ ਪੈਂਦੀ।"

**ਮੋਬਾ. 94634-39075**

# ਪਯਾਰੇ ਸਰੋਂ ਪੇ ਨੰਨ੍ਹੀ ਸੀ ਕਲ.ਗੀ ਸਜਾ ਤੋ ਲੂੰ

ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-47

**ਸੁਰਜੀਤ ਸੁਮਨ**

ਨਤਮਸਤਕ ਹੋਣ ਜਾ ਰਹੀ ਸੰਗਤ ਦਾ ਠਾਠਾਂ ਮਾਰਦਾ ਇਕੱਠ ਜੂੰ ਦੀ ਤੋਰ ਤੁਰ ਰਿਹਾ ਸੀ। ਇਸ ਸਾਰੀ ਸੰਗਤ ਨੇ ਗੁਰਦੁਆਰਾ ਸ੍ਰੀ ਕਤਲਗੜ੍ਹ ਤੇ ਸ੍ਰੀ ਗੜ੍ਹੀ ਸਾਹਿਬ ਵਿਖੇ, ਗੁਰੂ ਦੇ ਪਿਆਰੇ ਸ਼ਹੀਦ-ਸਿੰਘਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਨੇ ਸਨ। ਰਸਤੇ ਦੇ ਦੋਵੇਂ ਪਾਸੇ ਬਣਿਆ ਗਲਿਆਰਾ ਅਲੌਕਿਕ ਮੰਜ਼ਰ ਸਿਰਜ ਰਿਹਾ ਸੀ। ਸਾਈਨ ਬੋਰਡਾਂ 'ਤੇ ਗੁਰਮੁਖੀ ਤੇ ਰੋਮਨ, ਦੋਵੇਂ ਲਿੱਪੀਆਂ ਦੇ ਪੰਜਾਬੀ ਵਿੱਚ ਗੁੰਨ੍ਹ ਕੇ ਲਿਖੇ ਸ਼ਬਦ ਵੱਖਰਾ ਨਜ਼ਾਰਾ ਪੇਸ਼ ਕਰ ਰਹੇ ਸਨ। ਇਲਾਕੇ ਦੇ ਉਤਸ਼ਾਹੀ ਨੌਜਵਾਨਾਂ ਵੱਲੋਂ ਸੰਗਤਾਂ ਲਈ ਥਾਂ-ਥਾਂ ਲੰਗਰ ਹਾਲ ਸਜਾਏ ਹੋਏ ਸਨ। ਫਿਰ ਪਤਾ ਨਹੀਂ ਕਿਹੜੇ ਵੇਲ਼ੇ ਮੈਨੂੰ ਸੰਗਤਾਂ ਦੀ ਬਜਾਇ ਪਹਾੜੀ ਤੇ ਮੁਗਲ ਫੌਜਾਂ, ਕੱਚੀ ਗੜ੍ਹੀ ਵੱਲ ਨੂੰ ਵਧਦੀਆਂ ਦਿਖਾਈ ਦੇਣ ਲਗਦੀਆਂ ਹਨ। ਚੁਫੇਰੇ ਕਿਸੇ ਅਦਿੱਖ ਖੌਫ ਦਾ ਪਹਿਰਾ ਹੋ ਜਾਂਦਾ ਹਾਂ। 'ਬੋਲੇ ਸੋ ਨਿਹਾਲ' ਦੀ ਬਜਾਇ ਅਚਾਨਕ 'ਅੱਲ੍ਹਾ ਹੂ ਅਕਬਰ' ਦੇ ਨਾਅਰੇ ਸੁਣਾਈ ਦਿੰਦੇ ਹਨ। ਮੈਂ ਆਪਣਾ ਸਿਰ ਝੰਡਕਦਾ ਹੋਇਆ ਆਪੇ ਵਿੱਚ ਪਰਤਦਾ ਹਾਂ। ਵਾਹਿਗੁਰੂ ਦਾ ਜਾਪ ਕਰ ਰਹੀ ਸੰਗਤ ਅੱਗੇ ਵਧ ਰਹੀ ਹੈ। ਪਤਾ ਨਹੀਂ ਕਿਉਂ, ਐਨੀ ਭੀੜ ਵਿੱਚ ਮੇਰਾ ਮਨ ਘਬਰਾਉਣ ਲਗਦਾ ਹੈ।

ਫਿਰ ਮੇਰੇ ਮਨ ਵਿੱਚ ਪਿੰਡ ਜਾਣ ਦੀ ਤੀਬਰ ਇੱਛਾ ਜਾਗੀ, ਤਾਂ ਗੱਡੀ ਓਧਰ ਮੋੜ ਲੈਂਦਾ ਹਾਂ। ਇਸ ਵਾਰ ਪਿੰਡ ਨਹੀਂ, ਸਿੱਧਾ ਖੇਤਾਂ ਵੱਲ ਚਲਾ ਜਾਂਦਾ ਹਾਂ। ਚਾਚਾ ਕੈਰੋਂ ਉਰਫ ਚੰਨਣ ਸਿੰਘ, ਚਚੇਰਾ ਭਰਾ ਬਿੱਲੂ ਤੇ ਪਿੰਡ ਦੇ ਹੋਰ ਬਹੁਤੇ ਲੋਕ ਇਸ ਦੁਨੀਆ ਵਿੱਚ ਹੁਣ ਨਹੀਂ ਰਹੇ। ਮੌਤ ਉਪਰੰਤ ਬੰਦਾ ਕਿੱਥੇ ਚਲਾ ਜਾਂਦਾ ਹੈ, ਸੋਚਦਾ ਹਾਂ? ਪਿੰਡ ਤੋਂ ਸ਼ਮਸ਼ਾਨਘਾਟ ਨੂੰ ਤੇ ਅੱਗਿਉਂ ਡੱਲੇ ਨੂੰ ਜਾ ਰਹੀ ਸੜਕ ਨਾਲ਼ ਮਿਲ਼ਦੀ ਪਹੀ, ਹੁਣ ਪੱਕੀ ਸੜਕ ਵਿੱਚ ਬਦਲ ਚੁੱਕੀ ਹੈ। ਸਕੱਤਰੇਤ ਪੱਧਰ 'ਤੇ ਇਸ ਸੜਕ ਨੂੰ ਬਣਾਉਣ ਲਈ ਵੱਖ-ਵੱਖ ਸਮੇਂ ਅਸੀਂ ਦੋ ਵਾਰ ਹੁਕਮ ਜਾਰੀ ਕੀਤੇ ਸਨ। ਦੋਵੇਂ ਵਾਰ ਰਲੀਜ਼ ਫੰਡਜ਼ ਸਥਾਨਕ ਪੱਧਰੀ ਸਿਆਸਤਦਾਨਾਂ ਦੀ ਕਲਾਹ ਦੀ ਭੇਟ ਚੜ੍ਹ ਗਏ ਸਨ। ਇੱਥੇ ਖੜ੍ਹ ਮੈਨੂੰ ਆਪਣੇ ਪਿੰਡ ਮੋਹਣ ਮਾਜਰੇ ਦੇ ਗੁਰਦੁਆਰੇ ਦਾ ਝੂਲਦਾ ਨਿਸ਼ਾਨ ਸਾਹਿਬ ਦਿਖਾਈ ਦਿੰਦਾ ਹੈ। ਨਰਿੰਦਰ ਬੀਬਾ ਦੀ ਆਵਾਜ਼ ਉੱਚੀ ਹੋਣ ਲਗਦੀ ਹੈ। ਉਹ ਗਾ ਰਹੀ ਹੈ, 'ਉੱਸਰ ਰਹੀ ਖ਼ੂਨੀ ਦੀਵਾਰ, ਲਾਲ ਖੜ੍ਹੇ ਦੋ ਨੀਂਹ ਵਿਚਕਾਰ।' ਗੱਡੀ ਪਾਸੇ ਲਾ, ਮੈਂ ਚੇਤੇ ਦੀ ਚੰਗੇਰ 'ਚੋਂ ਇੱਕ ਭੁੱਲੀ-ਵਿਸਰੀ ਯਾਦ ਚੁੱਕਦਾ ਹਾਂ। ਹੌਲ਼ੀ-ਹੌਲ਼ੀ ਮੇਰੀ ਸੋਚ ਪਿਛਾਂਹ ਵੱਲ ਟਰੈਵਲ ਕਰਨ ਲੱਗਦੀ ਹੈ। ਸਭ ਤੋਂ ਪਹਿਲਾਂ ਮੇਰੇ ਪੈਰਾਂ ਹੇਠਲੀ ਪੱਕੀ ਸੜਕ, ਮੁੜ ਕੱਚੀ ਪਹੀ ਵਿੱਚ ਤਬਦੀਲ ਹੋ ਰਹੀ ਹੈ ਤੇ ਸਿਖਰ ਦੁਪਹਿਰ, ਰਹਿਰਾਸ ਵੇਲ਼ੇ ਵਿੱਚ। ਮੇਰਾ ਆਪਾ ਬਾਲਪਨ ਵਿੱਚ ਪ੍ਰਵੇਸ਼ ਕਰ ਗਿਆ ਹੈ। ਕੀ ਦੇਖਦਾ ਹਾਂ?

ਬੇਮਨੇ ਜਿਹੇ ਹੋ, ਅਸਾਂ ਪੱਠੇ ਵੱਢੇ, ਰੇਹੜੀ 'ਤੇ ਲੱਦੇ ਹਨ। ਫਿਰ ਬਿਨ-ਬੋਲਿਆਂ ਬਿੱਲੂ ਨੇ ਸਿਰਫ ਬਲ਼ਦਾਂ ਨੂੰ ਪੁਚਕਾਰਦਿਆਂ ਰੇਹੜੀ ਪਿੰਡ ਵੱਲ ਤੋਰ ਲਈ। ਬਰਸੀਣ ਦੇ ਵੱਢ ਵਿੱਚ ਹੀ ਚਾਚਾ ਕੈਰੋਂ ਵੱਲੋਂ ਅਨੰਦਗੜ੍ਹ ਤੋਂ ਤੁਰੇ ਖਾਲਸਿਆਂ ਸਮੇਤ ਗੁਰੂ ਸਾਹਿਬਾਨ ਦੇ, ਸਰਸਾ 'ਤੇ ਪਰਵਾਰ ਵਿਛੋੜੇ ਤੋਂ ਅਗਾਂਹ ਦੇ ਸੁਣਾਏ ਹੌਲਨਾਕ ਬਿਰਤਾਂਤ ਨੇ ਸਾਡੇ ਆਪੇ ਨੂੰ ਸੁੰਨ ਕਰ ਛੱਡਿਆ ਸੀ। ਇਸ ਵੇਲ਼ੇ ਚਾਚਾ ਕੈਰੋਂ ਨੇ ਚੁੱਪ-ਚਾਪ ਅੰਬਰ 'ਤੇ ਛਾਏ ਚੰਦ ਵੱਲ ਇੱਕ ਭਰਵੀਂ ਨਜ਼ਰ ਸੁੱਟੀ। ਉਸ ਦਿਨ ਪੂਰਨਮਾਸ਼ੀ ਦੇ ਚੰਦ ਨੇ ਚਮਕਦੇ ਤਾਰਿਆਂ ਨੂੰ ਆਪਣੀ ਬੁੱਕਲ ਵਿੱਚ ਲੁਕੋ ਲਿਆ ਸੀ। ਫਿਰ ਉਸ ਹੇਠਾਂ ਵੱਲ ਮੂੰਹ ਕਰਕੇ ਇੱਕ ਲੰਮਾ ਜਿਹਾ ਸਾਹ ਭਰਿਆ। ਮੈਂ ਚਾਚਾ ਕੈਰੋਂ ਦੇ ਧੁਰ ਅੰਦਰ ਤੱਕ ਘਰ ਕਰ ਗਈ ਡੂੰਘੀ ਉਦਾਸੀ ਮਹਿਸੂਸ ਕੀਤੀ, ਜੋ ਮੇਰੇ ਅੰਦਰ ਵੀ ਸੀ। ਮੈਂ ਮਨੋਂ-ਮਨ ਇਹ ਠਾਣ ਲਿਆ ਸੀ, ਸਾਰੇ ਕੰਮਾਂ ਤੋਂ ਵਿਹਲੇ ਹੋ ਕੇ ਅੱਜ ਚਾਚੇ ਤੋਂ ਇਸ ਅਸਾਵੀਂ ਜੰਗ ਦਾ ਪੂਰਾ ਬਿਰਤਾਂਤ ਸੁਣਾਂਗੇ। ਪਿੰਡ ਨੂੰ ਜਾਂਦੀ ਕੱਚੀ ਪਹੀ, ਸਵੇਰੇ ਪਈਆਂ ਹਲਕੀਆਂ ਜਿਹੀਆਂ ਕਣੀਆਂ ਪੈਣ ਕਰਕੇ ਕਿਤੋਂ-ਕਿਤੋਂ ਚਿੱਕੜ-ਗਾਰੇ ਨਾਲ਼ ਭਰ ਗਈ ਸੀ। ਇਸੇ ਕਰਕੇ ਰੇਹੜੀ ਖਿੱਚਣ ਵੇਲ਼ੇ ਬਲ਼ਦਾਂ ਦਾ ਜ਼ੋਰ ਕੁਝ ਜ਼ਿਆਦਾ ਹੀ ਲੱਗ ਰਿਹਾ ਸੀ।

ਜਿਸ ਵੇਲ਼ੇ ਮੈਂ ਉਨ੍ਹਾਂ ਦੇ ਵਿਹੜੇ 'ਚ ਪੈਰ ਧਰਿਆ, ਚਾਚਾ ਕੈਰੋਂ ਨੇ ਕੱਚੇ ਫਰਸ਼ 'ਤੇ ਹੀ ਆਪਣਾ ਆਸਣ ਲਗਾਇਆ ਹੋਇਆ ਸੀ। ਉਸ ਦੇ ਸਿਰਹਾਣੇ ਦੋ ਪੁਸਤਕਾਂ ਪਈਆਂ ਸਨ। ਇੱਕ 'ਤੇ 'ਗੰਜ-ਏ-ਸ਼ਹੀਦਾਂ' ਅਤੇ ਦੂਜੀ 'ਤੇ 'ਸ਼ਹੀਦਾਨ-ਏ-ਵਫ਼ਾ' 'ਤੇ ਨਾਲ਼ ਹੀ ਦੋਵਾਂ 'ਤੇ 'ਅੱਲ੍ਹਾ ਯਾਰ ਖਾਂ ਜੋਗੀ' ਲਿਖਿਆ ਹੋਇਆ ਸੀ। ਬੀਬੀ ਤੇ ਨਾਨੀ ਨੇ ਵੀ ਆਪਣੇ ਬਿਸਤਰੇ ਕੱਚੇ ਫਰਸ਼ ਉੱਤੇ ਹੀ ਲਗਾਏ ਹੋਏ ਸਨ। ਨਾਨੀ ਦੱਸ ਰਹੀ ਸੀ, 'ਸਭਾ ਦੇ ਇਨ੍ਹੀਂ ਦਿਨੀਂ ਸਾਡੇ ਬੜੇ-ਵਡੇਰੇ ਵੀ ਮੰਜੇ 'ਤੇ ਨੀਂ ਪੈਂਦੇ ਤੇ ਪੁੱਤ, ਭੁੰਜੇ ਈ ਬਿਸਤਰਾ ਕਰਕੇ ਪੈਂਦੇ ਤੇ।' ਗੁੱਡੀ ਤੋਂ ਦੁੱਧ ਦਾ ਗਲਾਸ ਫੜਦਿਆਂ ਚਾਚੇ ਨੇ ਸਾਡੇ ਸਾਰਿਆਂ ਦੇ ਚਿਹਰਿਆਂ ਵੱਲ ਇੱਕ ਭਰਵੀਂ ਨਜ਼ਰ ਸੁੱਟੀ। 'ਬਾਬਾ ਮੋਤੀ ਰਾਮ ਮਹਿਰਾ ਨੇ ਠੰਢੇ ਬੁਰਜ ਵਿੱਚ ਇਵੇਂ ਈ ਛੋਟੇ ਬਾਲਾਂ ਤੇ ਮਾਤਾ ਗੁਜਰੀ ਨੂੰ ਦੁੱਧ ਪਿਲਾਉਣ ਦੀ ਸੇਵਾ ਕੀਤੀ ਹੋਊ ਪੁੱਤ ਗੁੱਡੀ, ਲੱਖ ਮੁਸੀਬਤਾਂ ਝੱਲ ਕੇ।' ਰਸੋਈ ਦੇ ਕੰਮ ਨਿਬੇੜ ਭੈਣ ਗੁੱਡੀ ਵੀ ਸਾਡੇ ਕੋਲ਼ ਆ ਬੈਠੀ ਸੀ ਤੇ ਬਾਹਰੋਂ ਡੰਗਰਾਂ ਦੇ ਪੱਠਿਆਂ ਤੋਂ ਵਿਹਲਾ ਹੋ ਬਿੱਲੂ ਨੇ ਵੀ ਚਾਚੇ ਦੀ ਰਜਾਈ ਵਿੱਚ ਵੜ ਆਪਣੇ ਪੈਰ ਢਕ ਲਏ। ਗੁੱਡੀ ਨੇ ਇੱਕ ਰਜਾਈ ਹੋਰ ਲਿਆ ਰੱਖੀ।

ਚਾਚਾ ਕੈਰੋਂ ਨੇ 'ਗੰਜ-ਏ-ਸ਼ਹੀਦਾਂ' ਚੁੱਕਦਿਆਂ ਬੋਲਣਾ ਸ਼ੁਰੂ ਕੀਤਾ 'ਪਹਾੜੀ ਰਾਜਿਆਂ ਤੇ ਮੁਗਲ ਫੌਜਾਂ ਦਾ ਟਿੱਡੀ ਦਲ ਚਮਕੌਰ ਦੀ ਗੜ੍ਹੀ ਵਿੱਚ ਠਹਿਰੇ ਗੁਰੂ ਸਾਹਿਬ ਤੇ ਮੁੱਠੀ ਭਰ ਖਾਲਸਿਆਂ ਨੂੰ ਘੇਰੀ ਬੈਠਾ ਤਾ। ਸਵੇਰ ਹੁੰਦਿਆਂ ਹੀ ਯੁੱਧ ਨੀਤੀ ਅਨੁਸਾਰ ਖਾਲਸੇ ਤਿਆਰ-ਬਰ-ਤਿਆਰ ਹੋਗੇ। 'ਖ਼ੰਜਰ ਉਠਾਯਾ, ਤੇਗ ਸੰਭਾਲੀ, ਨਿਕਲ ਪੜੇ/ ਲੇ ਕਰ ਤੁਫ਼ੰਗ ਬਾਜ਼ ਦੁਨਾਲੀ ਨਿਕਲ ਪੜੇ' ਗਾਉਂਦਿਆਂ ਚਾਚੇ ਦੀ ਦਰਦੀਲੀ ਤੇ ਜੋਸ਼ੀਲੀ ਆਵਾਜ਼ ਨੇ ਤਾਰਿਆਂ ਭਰੀ ਟਿਕੀ ਰਾਤ ਚੀਰ ਸੁੱਟੀ। ਆਵਾਜ਼ ਸੁਣ ਕੇ ਗੁਆਂਢੋਂ ਕ੍ਰਿਸ਼ਨ, ਫੌਜੀ ਡਾ. ਕਰਤਾਰ ਸਿੰਘ ਤੇ ਮਾਸਟਰ ਪ੍ਰੀਤਮ ਵੀ ਸਾਡੇ ਕੋਲ਼ ਆ ਬੈਠੇ। 'ਲਾਖੋਂ ਕੋ ਕਤਲ ਕਰਕੇ ਪਯਾਰੇ ਗੁਜ਼ਰ ਗਏ/ ਏਕ ਏਕ ਕਰਕੇ ਖ਼ਾਲਸੇ ਸਾਰੇ ਗੁਜ਼ਰ ਗਏ' ਇਹ ਸਤਰਾਂ ਪੜ੍ਹਦਿਆਂ ਚਾਚੇ ਨੇ ਉੱਚੀ ਜਿਹੀ ਧਾਅ ਮਾਰੀ। ਉਸ ਦੀਆਂ ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਵਹਿ ਰਹੇ ਸਨ। ਅਸੀਂ ਸਾਰਿਆਂ ਵੀ ਅੱਖਾਂ ਪੂੰਝੀਆਂ। ਮੈਨੂੰ ਇੰਝ ਲੱਗਣ ਲੱਗਾ ਜਿਵੇਂ ਮੈਂ ਵੀ ਉਨ੍ਹਾਂ ਖਾਲਸਿਆਂ ਵਿੱਚ ਸ਼ਾਮਲ ਹੋਵਾਂ, ਜੋ ਹੁਣੇ-ਹੁਣੇ ਮੈਦਾਨ-ਏ-ਜੰਗ ਵਿੱਚ ਜੂਝ ਰਹੇ ਸਨ। 'ਜਿਸ ਵੇਲ਼ੇ ਕਲਗੀਧਰ ਨੇ ਅਜੀਤ ਨੂੰ, ਪਿੱਠ 'ਤੇ ਜ਼ਾਲਮ ਦੀ ਬਰਛੀ ਖਾ ਕੇ ਡਿੱਗਦਿਆਂ ਦੇਖਿਆ ਤਾਂ ਭਰੇ ਮਨ ਨਾਲ਼ ਬੋਲੇ, ਵਾਹ! ਬੇਟੇ ਨੇ ਸ਼ਹਾਦਤ ਪਾਈ ਹੈ।'

ਐਨ ਉਸੇ ਵੇਲ਼ੇ ਝੱਟ ਜੁਝਾਰ ਸਿੰਘ ਉਨ੍ਹਾਂ ਕੋਲ਼ ਆ ਕੇ ਮੈਦਾਨ-ਏ-ਜੰਗ ਵਿੱਚ ਜਾਣ ਦੀ ਜ਼ਿੱਦ ਕਰਦਿਆਂ ਕਹਿਣ ਲੱਗਾ, 'ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਹੈ ਆਤਾ ਹੈ/ ਖ਼ੁਦ ਬੜ੍ਹ ਕੇ ਗਲਾ ਤੇਗ ਪਿ ਧਰਨਾ ਤੋ ਹੈ ਆਤਾ ਹੈ' ਤੇ ਫਿਰ ਹਟਕੋਰਾ ਭਰਦਿਆਂ ਚਾਚੇ ਨੇ ਇਹ ਸਤਰ ਗਾਈ, 'ਪਾਲਾ ਹੈ ਤੁਝੇ ਨਾਜ਼ ਸੇ ਬੋਲੇ ਗੁਰੂ ਗੋਬਿੰਦ/ ਉਸ ਨੰਨ੍ਹੇ ਸੇ ਜਾਂ-ਬਾਜ਼ ਸੇ ਬੋਲੇ ਗੁਰੂ ਗੋਬਿੰਦ/ ਲੋ ਆਓ ਤਨ-ਏ-ਪਾਕ ਪਿ ਹਥਿਯਾਰ ਸਜਾ ਦੇਂ/ ਛੋਟੀ ਸੀ ਕਮਾਂ ਨੰਨ੍ਹੀ ਸੀ ਤਲਵਾਰ ਸਜਾ ਦੇਂ।' ਇਸ ਤਰ੍ਹਾਂ ਛੋਟਾ ਸਾਹਿਬਜ਼ਾਦਾ ਜੁਝਾਰ ਵੀ ਸ਼ਹਾਦਤ ਦਾ ਜਾਮ ਪੀ ਗਿਆ। ਗੁਰੂ ਸਾਹਿਬ ਮੈਦਾਨ-ਏ-ਜੰਗ ਵਿੱਚ ਜਾਣ ਲਈ ਬਜ਼ਿੱਦ ਸਨ, ਪਰੰਤੂ ਪੰਜਾਂ ਪਿਆਰਿਆਂ ਨੇ ਉਨ੍ਹਾਂ ਨੂੰ ਗੜ੍ਹੀ ਛੱਡ ਕੇ ਜਾਣ ਦਾ ਹੁਕਮ ਸੁਣਾ ਦਿੱਤਾ। 'ਆਪੇ ਗੁਰ ਚੇਲਾ' ਦੇ ਸੰਕਲਪ ਅੱਗੇ ਸੀਸ ਝੁਕਾ ਗੁਰੂ ਸਾਹਿਬ ਭਾਈ ਸੰਗਤ ਸਿੰਘ ਦੇ ਸਿਰ ਕਲਗੀ ਸਜਾ ਗੜ੍ਹੀ ਛੱਡਣ ਲਈ ਮਜਬੂਰ ਹੋ ਗਏ। ਉਧਰ ਪਾਪੀ ਗੰਗੂ ਨੇ ਚੰਦ ਮੋਹਰਾਂ ਦੇ ਲਾਲਚ ਵਿੱਚ ਆ ਕੇ ਮਾਤਾ ਗੁਜਰੀ ਤੇ ਛੋਟੇ ਲਾਲਾਂ ਨੂੰ ਮੋਰਿੰਡੇ ਦੇ ਕੋਤਵਾਲ ਜਾਨੀ ਖਾਂ ਤੇ ਮਾਨੀ ਖਾਂ ਕੋਲ਼ ਫੜਾ ਦਿੱਤਾ। ਇਹ ਮੋਰਿੰਡੇ ਦੇ ਦੋਵੇਂ ਕੋਤਵਾਲ ਚਮਕੌਰ ਦੀ ਜੰਗ ਵਿੱਚ ਵੀ ਹਾਜ਼ਰ ਦੱਸੇ ਜਾਂਦੇ ਹਨ। ਇਹ ਛੋਟੇ ਲਾਲਾਂ ਨੂੰ ਬੋਰੀਆਂ ਵਿੱਚ ਬੰਨ੍ਹ ਕੇ ਸਰਹੰਦ ਲੈ ਗਏ, ਜਿੱਥੇ ਇਨ੍ਹਾਂ ਨੂੰ ਠੰਢੇ ਬੁਰਜ ਵਿੱਚ ਕੈਦ ਕਰ ਲਿਆ ਗਿਆ। ਸੂਬੇ ਦੀ ਕਚਹਿਰੀ ਵਿੱਚ ਨਵਾਬ ਮਲੇਰਕੋਟਲਾ ਦੇ ਵਿਰੋਧ ਦੇ ਬਾਵਜੂਦ ਸੂਬਾ ਸਰਹੰਦ ਨੇ ਬੱਚਿਆਂ ਨੂੰ ਜ਼ਿੰਦਾ ਕੰਧ ਵਿੱਚ ਚਿਣਵਾ ਦੇਣ ਦਾ ਜ਼ਾਲਮਾਨਾ ਹੁਕਮ ਸੁਣਾ ਦਿੱਤਾ। ਸੂਬੇ ਦੀ ਕਚਹਿਰੀ ਵਿੱਚ ਭੇਜਣ ਤੋਂ ਪਹਿਲਾਂ ਮਾਤਾ ਗੁਜਰੀ ਨੇ ਬੱਚਿਆਂ ਨੂੰ ਅਡੋਲ ਰਹਿਣ ਲਈ ਪ੍ਰੇਰਿਆ, 'ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ/ ਕੇਸੋਂ ਕੋ ਕੰਘਾ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ/ ਪਯਾਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ/ ਮਰਨੇ ਸੇ ਪਹਲੇ ਤੁਮ ਕੋ ਮੈਂ ਦੂਲ੍ਹਾ ਬਨਾ ਤੋ ਲੂੰ/ ਰੋ ਰੋ ਕੇ ਮਾਤ ਗੁਜਰੀ ਨੇ ਆਰਾਸਤਾ ਕੀਯਾ/ ਤੀਰ-ਓ-ਕਮਾਂ ਸੇ, ਤੇਗ਼ ਸੇ ਪੈਰਾਸਤਾ ਕੀਯਾ।'

'ਇਸ ਵੇਲ਼ੇ ਜਦੋਂ ਆਪਾਂ ਗੁਰੂ ਦੀ ਇਬਾਦਤ ਵਿੱਚ ਜੁੜੇ ਬੈਠੇ ਹਾਂ, ਐਨ ਉਸੇ ਵੇਲ਼ੇ ਗੁਰੂ ਜੀ ਜ਼ਾਲਮ ਦੇ ਟਿੱਡੀ ਦਲ ਵਿੱਚੋਂ ਤਾੜੀ ਮਾਰ ਮਾਛੀਵਾੜੇ ਵੱਲ ਨਿਕਲ਼ ਗਏ ਸਨ।' ਠੰਢ ਆਪਣੇ ਪੂਰੇ ਜੋਬਨ 'ਤੇ ਸੀ।

***ਮੋਬਾ. 98144-30874***

# ਸਾਹਿਤ, ਮਾਨਸਿਕ ਸਿਹਤ ਅਤੇ ਸੁਚੇਤ ਜੀਵਨ

**ਡਾ. ਪਰਦੀਪ ਨਾਂਗਲੂ**

ਅੱਜ ਦੇ ਯੁੱਗ ਵਿਚ ਜਿੱਥੇ ਜੀਵਨ ਦੀ ਗਤੀ ਤੇਜ਼ ਹੈ, ਸਕਰੀਨਾਂ ਨੇ ਮਨੁੱਖੀ ਧਿਆਨ 'ਤੇ ਕਬਜ਼ਾ ਕਰ ਲਿਆ ਹੈ ਅਤੇ ਜਾਣਕਾਰੀ ਲਗਾਤਾਰ ਵਹਿ ਰਹੀ ਹੈ, ਉਥੇ ਸਾਹਿਤ ਨੂੰ ਅਕਸਰ ਵਿਲਾਸਤਾ ਸਮਝਿਆ ਜਾਂਦਾ ਹੈ। ਪੜ੍ਹਨ ਨੂੰ ਮਨੋਰੰਜਨ, ਪਾਠਕ੍ਰਮ ਜਾਂ ਖਾਲੀ ਸਮੇਂ ਦੀ ਸਰਗਰਮੀ ਮੰਨ ਲਿਆ ਗਿਆ ਹੈ, ਪਰ ਬਹੁਤ ਘੱਟ ਧਿਆਨ ਇਸ ਗੱਲ ਵੱਲ ਦਿੱਤਾ ਜਾਂਦਾ ਹੈ ਕਿ ਸਾਹਿਤ ਮਾਨਸਿਕ ਸਿਹਤ ਅਤੇ ਸਮੁੱਚੀ ਖੁਸ਼ਹਾਲੀ ਵਿੱਚ ਕਿੰਨੀ ਅਹਿਮ ਭੂਮਿਕਾ ਨਿਭਾਂਦਾ ਹੈ। ਆਧੁਨਿਕ ਨਿਊਰੋਸਾਇੰਸ ਅਤੇ ਮਨੋਵਿਗਿਆਨ ਦੀ ਖੋਜ ਸਪੱਸ਼ਟ ਕਰ ਰਹੀ ਹੈ ਕਿ ਅਸੀਂ ਕੀ ਪੜ੍ਹਦੇ ਹਾਂ ਅਤੇ ਕਿਵੇਂ ਪੜ੍ਹਦੇ ਹਾਂ-ਇਹ ਸਾਡੇ ਦਿਮਾਗ, ਭਾਵਨਾਵਾਂ ਅਤੇ ਜੀਵਨ ਨੂੰ ਸੁਚੇਤ ਤਰੀਕੇ ਨਾਲ ਜੀਊਣ ਦੀ ਸਮਰੱਥਾ 'ਤੇ ਡੂੰਘਾ ਅਸਰ ਪਾਉਂਦਾ ਹੈ। ਜਿਵੇਂ ਖੁਰਾਕ ਸਰੀਰ ਦੀ ਸਿਹਤ ਨੂੰ ਬਣਾਉਂਦੀ ਜਾਂ ਵਿਗਾੜਦੀ ਹੈ, ਉਸੇ ਤਰ੍ਹਾਂ ਸਾਹਿਤ ਮਨ ਨੂੰ ਪਾਲਦਾ ਜਾਂ ਅਤਿ-ਉਤੇਜਿਤ ਕਰਦਾ ਹੈ। ਅਸੀਂ ਜੋ ਮਾਨਸਿਕ ਸਮੱਗਰੀ ਲਗਾਤਾਰ ਗ੍ਰਹਿਣ ਕਰਦੇ ਹਾਂ, ਉਹ ਸਾਡੇ ਸੋਚਣ ਦੇ ਢੰਗ, ਭਾਵਨਾਤਮਕ ਪ੍ਰਤੀਕਿਰਿਆਵਾਂ, ਧਿਆਨ ਸਮਰੱਥਾ ਅਤੇ ਸਮੇਂ ਨਾਲ ਸਾਡੇ ਰਿਸ਼ਤੇ ਨੂੰ ਨਿਖ਼ਾਰਦੀ ਹੈ।

ਵਿਗਿਆਨਕ ਅਧਿਐਨਾਂ ਅਨੁਸਾਰ ਪੜ੍ਹਨ ਸਮੇਂ ਦਿਮਾਗ ਦੇ ਕਈ ਹਿੱਸੇ ਇਕੱਠੇ ਸਰਗਰਮ ਹੁੰਦੇ ਹਨ – ਭਾਸ਼ਾ, ਯਾਦਦਾਸ਼ਤ, ਭਾਵਨਾ ਅਤੇ ਕਲਪਨਾ ਨਾਲ ਸੰਬੰਧਤ ਕੇਂਦਰ। ਛੋਟੀ ਅਤੇ ਤੇਜ਼ ਡਿਜ਼ੀਟਲ ਸਮੱਗਰੀ ਜਿੱਥੇ ਧਿਆਨ ਨੂੰ ਟੁਕੜਿਆਂ ਵਿੱਚ ਵੰਡ ਦਿੰਦੀ ਹੈ, ਉਥੇ ਗੰਭੀਰ ਪੜ੍ਹਨ ਨਾਲ ਨਿਊਰਲ ਸੰਬੰਧ ਮਜ਼ਬੂਤ ਹੁੰਦੇ ਹਨ ਅਤੇ ਬੌਧਿਕ ਲਚੀਲਾਪਣ ਵਧਦਾ ਹੈ। ਖ਼ਾਸ ਕਰਕੇ ਸਾਹਿਤਕ ਕਹਾਣੀਆਂ ਮਨੁੱਖੀ ਹਮਦਰਦੀ ਨੂੰ ਵਿਕਸਿਤ ਕਰਦੀਆਂ ਹਨ-ਦੂਜਿਆਂ ਦੀ ਸੋਚ ਅਤੇ ਭਾਵਨਾਵਾਂ ਨੂੰ ਸਮਝਣ ਦੀ ਸਮਰੱਥਾ ਪੈਦਾ ਕਰਦੀਆਂ ਹਨ।

ਇਹ ਗੁਣ ਮਾਨਸਿਕ ਸਿਹਤ ਲਈ ਬੁਨਿਆਦੀ ਹਨ। ਦਇਆ, ਭਾਵਨਾਤਮਕ ਸਮਝ ਅਤੇ ਸਮਾਜਿਕ ਸੰਵੇਦਨਸ਼ੀਲਤਾ ਜਨਮਜਾਤ ਨਹੀਂ ਹੁੰਦੀਆਂ-ਇਹ ਅਨੁਭਵ ਅਤੇ ਸੰਪਰਕ ਰਾਹੀਂ ਵਿਕਸਤ ਹੁੰਦੀਆਂ ਹਨ। ਸਾਹਿਤ ਮਨੁੱਖ ਨੂੰ ਇੱਕ ਅਜਿਹਾ ਮਨੋਵਿਗਿਆਨਕ ਮੈਦਾਨ ਦਿੰਦਾ ਹੈ, ਜਿੱਥੇ ਉਹ ਜਟਿਲ ਭਾਵਨਾਵਾਂ ਨਾਲ ਸੁਰੱਖਿਅਤ ਢੰਗ ਨਾਲ ਰੂਬਰੂ ਹੋ ਸਕਦਾ ਹੈ, ਨੈਤਿਕ ਪ੍ਰਸ਼ਨਾਂ 'ਤੇ ਵਿਚਾਰ ਕਰ ਸਕਦਾ ਹੈ ਅਤੇ ਆਪਣੇ ਅੰਦਰੂਨੀ ਜੀਵਨ ਨੂੰ ਸਮਝ ਸਕਦਾ ਹੈ।



ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵੀ ਸਾਹਿਤ ਭਾਵਨਾਵਾਂ ਨੂੰ ਸੰਤੁਲਿਤ ਕਰਨ ਵਿੱਚ ਸਹਾਇਕ ਹੈ। ਕਹਾਣੀਆਂ ਅਤੇ ਕਵਿਤਾਵਾਂ ਰਾਹੀਂ ਮਨੁੱਖ ਦੁੱਖ, ਡਰ, ਪਿਆਰ, ਵਿਛੋੜੇ ਅਤੇ ਆਸ ਵਰਗੀਆਂ ਭਾਵਨਾਵਾਂ ਨਾਲ ਪ੍ਰਤੀਕਾਤਮਕ ਤੌਰ 'ਤੇ ਸੰਵਾਦ ਕਰਦਾ ਹੈ। ਇਸ ਨਾਲ ਭਾਵਨਾਵਾਂ ਦੱਬਣ ਦੀ ਥਾਂ ਸੰਭਾਲੀਆਂ ਜਾਂਦੀਆਂ ਹਨ। ਇਸੇ ਕਾਰਨ ਅੱਜ ਮਨੋਚਿਕਿਤਸਾ ਵਿੱਚ "ਬਿਬਲਿਓਥੈਰੇਪੀ" ਵਰਗੀਆਂ ਵਿਧੀਆਂ ਦੀ ਵਰਤੋਂ ਵੀ ਹੋ ਰਹੀ ਹੈ, ਪਰ ਸਾਹਿਤ ਦਾ ਪ੍ਰਭਾਵ ਚੋਣ ਅਤੇ ਸਮਝ 'ਤੇ ਨਿਰਭਰ ਕਰਦਾ ਹੈ। ਹਰ ਪੜ੍ਹਨ ਮਨੁੱਖੀ ਭਲਾਈ ਲਈ ਲਾਭਕਾਰੀ ਨਹੀਂ ਹੁੰਦਾ। ਸੰਵੇਦਨਸ਼ੀਲਤਾ ਤੋਂ ਰਹਿਤ, ਡਰ ਜਾਂ ਨਿਰਾਸ਼ਾਵਾਦ ਨਾਲ ਭਰੀ ਸਮੱਗਰੀ ਦੀ ਲਗਾਤਾਰ ਖਪਤ-ਖ਼ਾਸ ਕਰਕੇ ਨੌਜਵਾਨ ਮਨਾਂ ਲਈ- ਚਿੰਤਾ ਅਤੇ ਅਸੰਤੁਲਨ ਵਧਾ ਸਕਦੀ ਹੈ। ਮਾਨਸਿਕ ਸਿਹਤ ਸਿਰਫ਼ ਪੜ੍ਹਨ ਦੀ ਮਾਤਰਾ ਨਹੀਂ, ਸਗੋਂ ਪੜ੍ਹਨ ਦੀ ਪ੍ਰਕਿਰਤੀ ਨਾਲ ਜੁੜੀ ਹੋਈ ਹੈ। ਸਾਹਿਤ ਦਾ ਇੱਕ ਹੋਰ ਮਹੱਤਵਪੂਰਨ ਪੱਖ ਦਾਰਸ਼ਨਿਕ ਹੈ। ਵੱਖ-ਵੱਖ ਸੱਭਿਆਚਾਰਾਂ ਵਿਚ ਸਾਹਿਤ ਮਨੁੱਖ ਲਈ ਆਪ-ਚਿੰਤਨ ਦਾ ਸਾਧਨ ਬਣਿਆ ਹੈ। ਵਿਚਾਰਸ਼ੀਲ ਲਿਖਤ ਮਨੁੱਖ ਨੂੰ ਇਹ ਪੁੱਛਣ ਲਈ ਮਜਬੂਰ ਕਰਦੀ ਹੈ ਕਿ ਜੀਵਨ ਦਾ ਅਰਥ ਕੀ ਹੈ, ਦੁੱਖ ਨਾਲ ਕਿਵੇਂ ਨਿਭਣਾ ਚਾਹੀਦਾ ਹੈ ਅਤੇ ਸਮੇਂ ਨੂੰ ਕਿਵੇਂ ਸਮਝਦਾਰੀ ਨਾਲ ਵਰਤਿਆ ਜਾ ਸਕਦਾ ਹੈ। ਇਹੀ ਪ੍ਰਕਿਰਿਆ ਸੁਚੇਤਤਾ ਨੂੰ ਜਨਮ ਦਿੰਦੀ ਹੈ, ਜੋ ਮਾਨਸਿਕ ਸੰਤੁਲਨ ਲਈ ਅਤਿ ਅਹਿਮ ਹੈ। ਜਿੱਥੇ ਆਧੁਨਿਕ ਸਮਾਜ ਵਿੱਚ ਧਿਆਨ ਹਮੇਸ਼ਾ ਬਾਹਰ ਵੱਲ ਖਿੱਚਿਆ ਜਾਂਦਾ ਹੈ, ਉਥੇ ਸਾਹਿਤ ਮਨ ਨੂੰ ਠਹਿਰਾਉਂਦਾ ਹੈ। ਪੜ੍ਹਨ ਲਈ ਧੀਰਜ, ਲਗਾਤਾਰਤਾ ਅਤੇ ਕੇਂਦ੍ਰਿਤ ਧਿਆਨ ਦੀ ਲੋੜ ਹੁੰਦੀ ਹੈ – ਇਹ ਗੁਣ ਨਰਵਸ ਸਿਸਟਮ ਨੂੰ ਸ਼ਾਂਤ ਕਰਦੇ ਹਨ ਅਤੇ ਲਗਾਤਾਰ ਤਣਾਅ ਨੂੰ ਘਟਾਉਂਦੇ ਹਨ। ਇਸ ਅਰਥ ਵਿੱਚ ਸਾਹਿਤ ਮਨ ਲਈ ਸਵੱਛਤਾ ਦਾ ਕੰਮ ਕਰਦਾ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਸਾਹਿਤ ਮਨੁੱਖ ਦੇ ਸਮੇਂ ਨਾਲ ਰਿਸ਼ਤੇ ਨੂੰ ਨਵਾਂ ਰੂਪ ਦਿੰਦਾ ਹੈ। ਇਹ ਜਲਦਬਾਜ਼ੀ ਦੀ ਥਾਂ ਵਿਚਾਰ, ਉੱਪਰੀਪਨ ਦੀ ਥਾਂ ਡੂੰਘਾਈ ਅਤੇ ਤੁਰੰਤਪਨ ਦੀ ਥਾਂ ਅਰਥਪੂਰਨਤਾ ਨੂੰ ਤਰਜੀਹ ਦਿੰਦਾ ਹੈ। ਇਹ ਮਨੁੱਖ ਨੂੰ ਸੋਚ-ਵਿਚਾਰ ਨਾਲ ਜੀਵਨ ਜੀਊਣ ਵੱਲ ਪ੍ਰੇਰਿਤ ਕਰਦਾ ਹੈ। ਜਦੋਂ ਭਾਰਤ ਮਾਨਸਿਕ ਸਿਹਤ ਸੰਬੰਧੀ ਵਧ ਰਹੀਆਂ ਸਮੱਸਿਆਵਾਂ 'ਨਸ਼ਾ, ਬਰਨਆਉਟ ਅਤੇ ਭਾਵਨਾਤਮਕ ਵਿਛੋੜਾ' ਦਾ ਸਾਹਮਣਾ ਕਰ ਰਿਹਾ ਹੈ, ਉਥੇ ਸਾਹਿਤ ਨੂੰ ਸਿਰਫ਼ ਸੱਭਿਆਚਾਰਕ ਵਿਰਾਸਤ ਨਹੀਂ, ਸਗੋਂ ਜਨ ਸਿਹਤ ਦੇ ਸਹਾਇਕ ਸਾਧਨ ਵਜੋਂ ਵੀ ਦੇਖਿਆ ਜਾਣਾ ਚਾਹੀਦਾ ਹੈ। ਸਿੱਖਿਆ ਅਤੇ ਸਮੁਦਾਇਕ ਜੀਵਨ ਵਿੱਚ ਵਿਚਾਰਸ਼ੀਲ ਪੜ੍ਹਨ ਨੂੰ ਵਧਾਵਾ ਦੇਣਾ ਸਮਾਜਿਕ ਅਤੇ ਮਾਨਸਿਕ ਲਚੀਲਾਪਣ ਨੂੰ ਮਜ਼ਬੂਤ ਕਰ ਸਕਦਾ ਹੈ।

ਸਾਹਿਤ ਥੈਰੇਪੀ ਜਾਂ ਦਵਾਈਆਂ ਦੀ ਥਾਂ ਨਹੀਂ ਲੈਂਦਾ, ਪਰ ਇਹ ਉਨ੍ਹਾਂ ਦੀ ਪੂਰਕ ਭੂਮਿਕਾ ਨਿਭਾਉਂਦਾ ਹੈ। ਇਹ ਮਨੁੱਖੀ ਸਮਝ, ਹਮਦਰਦੀ ਅਤੇ ਅਰਥਬੋਧ ਨੂੰ ਡੂੰਘਾ ਕਰਦਾ ਹੈ। ਇਸ ਤਰ੍ਹਾਂ ਸਾਹਿਤ ਮਾਨਸਿਕ ਸਿਹਤ ਨੂੰ ਠੀਕ ਕਰਨ ਦੀ ਥਾਂ ਉਸ ਨੂੰ ਸੰਤੁਲਿਤ ਅਤੇ ਸਚੇਤ ਬਣਾਉਂਦਾ ਹੈ। ਸ਼ੋਰ ਅਤੇ ਤੇਜ਼ੀ ਨਾਲ ਭਰੇ ਸਮੇਂ ਵਿੱਚ ਸਾਹਿਤ ਮਨੁੱਖ ਨੂੰ ਇੱਕ ਸ਼ਾਂਤ ਪਰ ਗਹਿਰੀ ਦਿਸ਼ਾ ਦਿੰਦਾ ਹੈ-ਅੰਦਰੂਨੀ ਸਪੱਸ਼ਟਤਾ ਵੱਲ।

**ਸੰਪਰਕ : +1-279-245-3149**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਆਧੁਨਿਕ ਸਮਾਜਿਕ ਯਥਾਰਥ ਦੀਆਂ ਪੇਚੀਦਗੀਆਂ ਦਾ ਬਿਰਤਾਂਤ

**ਗੁਲਾਮ**
(ਨਾਵਲ)
ਇਕਬਾਲ ਜਹਾਜ਼ੀ (ਛੋਵੀਂ ਫੇਲ੍ਹ)
ਪੰਨੇ-288, ਮੁੱਲ-400 ਰੁਪਏ
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ





**ਫੋਕਸ**

**ਚਰਚਾ ਇਕ ਪੁਸਤਕ ਦੀ**

**ਨਿਰੰਜਣ ਬੋਹਾ**

ਇਕਬਾਲ ਜਹਾਜ਼ੀ (ਛੋਵੀਂ ਫੇਲ੍ਹ) ਪੰਜਾਬੀ ਨਾਵਲ ਦੇ ਖੇਤਰ ਵਿੱਚ ਪ੍ਰਵੇਸ਼ ਕਰਨ ਵਾਲਾ ਨਵਾਂ, ਪਰ ਬਹੁਤ ਹੀ ਸੰਭਾਵਨਾਵਾਂ ਭਰਪੂਰ ਨਾਂਅ ਹੈ। ਭਾਵੇਂ 'ਗੁਲਾਮ' ਉਸ ਦਾ ਪਹਿਲਾ ਨਾਵਲ ਹੈ ਪਰ 'ਫੁੱਟ ਫੈਟਿਸ਼' ਵਰਗੇ ਅਸਲੋਂ ਹੀ ਨਵੇਂ ਵਿਸ਼ੇ 'ਤੇ ਕਲਮ ਅਜ਼ਮਾਈ ਕਰਕੇ ਉਹ ਲੇਖਕਾਂ ਤੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿੱਚ ਪੂਰਾ ਸਫਲ ਰਿਹਾ ਹੈ। ਨਾਵਲ ਵਿਚਲਾ ਸਮਾਜਿਕ ਯਥਾਰਥ ਵੀ ਬਹੁਤ ਪੇਚੀਦਾ, ਪੇਚੀਦਾ ਤੇ ਅਤਿਅੰਤ ਗੁੰਝਲਦਾਰ ਹੈ, ਪਾਠਕ ਇਸ ਯਥਾਰਥ ਦੀਆਂ ਗੁੰਝਲਾਂ ਨੂੰ ਸੁਲਝਿਆ ਵੇਖਣ ਲਈ ਇਸ ਦੇ ਪਾਠ ਦੇ ਆਦਿ ਤੋਂ ਲੈ ਕੇ ਅੰਤ ਤੱਕ ਇਸ ਨਾਲ ਜੁੜਿਆ ਰਹਿੰਦਾ ਹੈ। ਮਨੁੱਖੀ ਮਨੋਵਿਗਿਆਨ ਬਾਰੇ ਨਾਵਲਕਾਰ ਦੀ ਗਹਿਰੀ ਸਮਝ ਵੀ ਨਾਵਲ ਪਾਠ ਦੀ ਦਿਲਚਸਪੀ ਨੂੰ ਬਣਾਈ ਰੱਖਦੀ ਹੈ। ਭਾਵੇਂ 'ਫੁੱਟ ਫੈਟਿਸ਼' ਵਰਗੇ ਮਨੋ ਵਿਕਾਰ ਅਜੇ ਪੰਜਾਬ ਖੇਤਰ ਵਿਚ ਵਿਕਸਿਤ ਨਹੀਂ ਹੋਏ, ਪਰ ਗੁਲਾਮ 'ਤੇ ਖੋਜ ਕੀਤਿਆਂ ਪੱਛਮੀ ਮੁਲਕਾਂ ਵਿਚਲੇ ਅਜਿਹੇ ਵਿਕਾਰਾਂ ਵਿਚ ਗ੍ਰਸਤ ਲੋਕਾਂ ਬਾਰੇ ਭਰਵੀਂ ਜਾਣਕਾਰੀ ਮਿਲ ਜਾਂਦੀ ਹੈ। ਇਸ ਨਾਵਲ ਵਿੱਚ ਵਾਪਰਦੇ ਵਰਤਾਰੇ ਚਾਹੇ ਪੰਜਾਬ ਦੇ ਵਰਤਮਾਨ ਦਾ ਸੱਚ ਨਹੀਂ ਹਨ ਪਰ ਜਿਸ ਤਰ੍ਹਾਂ ਵਿਸ਼ਵੀਕਰਨ ਦੇ ਇਸ ਦੌਰ ਵਿਚ ਪੂਰਬ ਤੇ ਪੱਛਮ ਦੀ ਦੂਰੀ ਮਿਟਦੀ ਜਾ ਰਹੀ ਹੈ, ਉਸ ਹਿਸਾਬ ਨਾਲ ਇਹ ਕਿਸੇ ਵੇਲੇ ਪੰਜਾਬ ਦਾ ਭਵਿੱਖਤ ਸੱਚ ਜ਼ਰੂਰ ਬਣ ਸਕਦੇ ਹਨ।

ਨਾਵਲ ਵੱਲੋਂ ਕੀਤੀ ਵਿਆਖਿਆ ਅਨੁਸਾਰ 'ਫੁੱਟ ਫੈਟਿਸ਼' ਇੱਕ ਵਿਸ਼ੇਸ਼ ਪ੍ਰਕਾਰ ਦੀ ਮਨੁੱਖੀ ਮਾਨਸਿਕਤਾ ਹੈ, ਜਿਸ ਨੂੰ ਭਾਰਤੀ ਸੰਸਕ੍ਰਿਤੀ ਵਿਚ ਮਨੋ ਵਿਕਾਰ ਜਾਂ ਮਨੋ ਰੋਗ ਸਮਝਿਆ ਜਾਂਦਾ ਹੈ। ਜਿਵੇਂ ਸਮਲਿੰਗੀ ਲੋਕਾਂ ਦੀ ਮਾਨਸਿਕ ਬਣਤਰ ਆਮ ਲੋਕਾਂ ਨਾਲੋਂ ਵੱਖਰੀ ਹੁੰਦੀ ਹੈ, ਉਸੇ ਤਰ੍ਹਾਂ ਫੁੱਟ ਫੈਟਿਸ਼ ਮਨੋ ਵਿਕਾਰ ਦੇ ਸ਼ਿਕਾਰ ਲੋਕਾਂ ਦੀ ਮਾਨਸਿਕ ਸੰਰਚਨਾ ਅੰਦਰ ਔਰਤ ਦੇ ਸੁੰਦਰ ਪੈਰ ਖਾਸ ਥਾਂ ਰੱਖਦੇ ਹਨ। ਔਰਤ ਦੇ ਪੈਰਾਂ ਦੀ ਛੁਹ ਉਨ੍ਹਾਂ ਨੂੰ ਕਾਮੁਕ ਤੌਰ 'ਤੇ ਵੀ ਉਤੇਜਿਤ ਕਰਦੀ ਹੈ ਤੇ ਉਨ੍ਹਾਂ ਨੂੰ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕ ਰਾਹਤ ਵੀ ਦਿੰਦੀ ਹੈ। ਮਨੁੱਖੀ ਸਰੀਰ ਵਿਚ ਆਉਣ ਦੇ ਬਾਵਜੂਦ ਇਹਨਾਂ ਦੀਆਂ ਮਾਨਸਿਕ ਬਿਰਤੀਆਂ ਵਿਚ ਕੁੱਤਿਆਂ ਵਰਗੇ ਅਜਿਹੇ ਲੱਛਣ ਪਾਏ ਜਾਂਦੇ ਹਨ ਜੋ ਆਪਣੇ ਮਾਲਕ ਨਾਲ ਵਫ਼ਾ ਪੁਗਾਉਣ ਲਈ ਜਾਨ ਦੀ ਬਾਜ਼ੀ ਲਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਸ ਤਰ੍ਹਾਂ ਇਹ ਇੱਕੋ ਸਮੇਂ ਮਨੁੱਖ ਤੇ ਕੁੱਤੇ ਵਾਲੀ ਦੂਹਰੀ ਜੂਨੀ ਭੋਗਦੇ ਹਨ। ਕੁੱਤੇ ਵਾਂਗ ਪੈਰਾਂ ਵਿੱਚ ਲਿਟਣਾ, ਪੈਰਾਂ ਦੇ ਤਲਵੇ ਚੱਟਣਾ ਤੇ ਆਪਣੇ ਆਪ ਨੂੰ ਪੈਰਾਂ ਦਾ ਗੁਲਾਮ ਸਮਝ ਕੇ ਅਪਮਾਨ ਤੇ ਕੁੱਟ ਦਾ ਅਨੰਦ ਲੈਣਾ ਆਦਿ ਲੱਛਣ ਇਸ ਰੋਗ ਦੇ ਮੁੱਢਲੇ ਪਛਾਣ ਚਿੰਨ੍ਹ ਹਨ। ਅਜਿਹੇ ਲੋਕ ਔਰਤ ਨੂੰ ਪੈਰ ਦੀ ਜੁੱਤੀ ਨਹੀਂ ਸਮਝਦੇ, ਸਗੋਂ ਆਪ ਉਸ ਦੀ ਪੈਰਾਂ ਦੀ ਜੁੱਤੀ ਬਣ ਕੇ ਰਹਿਣ ਵਿਚ ਮਾਣ ਮਹਿਸੂਸ ਕਰਦੇ ਹਨ।

ਨਾਵਲ ਇਸ ਮਨੋਵਿਗਿਆਨਕ ਧਾਰਨਾ ਦੀ ਵਿਸ਼ੇਸ਼ ਤੌਰ 'ਤੇ ਪੁਸ਼ਟੀ ਤੇ ਪ੍ਰੋੜ੍ਹਤਾ ਕਰਦਾ ਹੈ ਕਿ ਮਨੁੱਖ ਦੀ ਜਵਾਨੀ ਉਸ ਦੇ ਬਚਪਨ ਨੂੰ ਹਾਸਲ ਰਹੀਆਂ ਅਨੁਕੂਲ ਜਾਂ ਪ੍ਰਤੀਕੂਲ ਸਮਾਜਿਕ ਸਥਿਤੀਆਂ-ਪ੍ਰਸਥਿਤੀਆਂ ਨੂੰ ਹੀ ਪ੍ਰਤੀਬਿੰਬਤ ਕਰਦੀ ਹੈ। ਜੋ ਇਸ ਨਾਵਲ ਦਾ ਮੁੱਖ ਪਾਤਰ ਸ਼ੇਰੂ ਬਚਪਨ ਵਿਚ ਆਪਣੇ ਅੰਦਰ ਪੈਦਾ ਹੋਏ ਵਿਸ਼ੇਸ਼ ਪ੍ਰਕਾਰ ਦੇ ਹਾਰਮੋਨਜ਼ ਕਾਰਨ ਫੁੱਟ ਫੈਟਿਸ਼ ਵਰਗੇ ਮਨੋ ਵਿਕਾਰ ਦਾ ਸ਼ਿਕਾਰ ਹੁੰਦਾ ਹੈ ਤਾਂ ਨਾਵਲ ਦੀ ਦੂਜੀ ਮੁੱਖ ਪਾਤਰ ਮਨਵੀਰ ਨੂੰ ਬਚਪਨ ਵਿਚ ਹਾਸਲ ਰਹੇ ਡਰ-ਭੈਅ ਯੁਕਤ ਵਿਸ਼ੇਸ਼ ਪ੍ਰਕਾਰ ਦੇ ਹਾਲਾਤ ਵੀ ਉਸ ਅੰਦਰ ਮਰਦ ਜਾਤ ਪ੍ਰਤੀ ਸਦੀਵੀ ਨਫ਼ਰਤ ਪੈਦਾ ਕਰ ਦਿੰਦੇ ਹਨ। ਉਹ ਆਪਣੇ ਬਚਪਨ ਤੋਂ ਹੀ ਆਪਣੇ ਮਾਂ ਦੇ ਸਿਰ ਆਈ ਚਿੱਟੀ ਚੁੰਨੀ ਲਈ ਆਪਣੇ ਤਾਏ ਅਰਜਣ ਸਿੰਘ ਨੂੰ ਜ਼ਿੰਮੇਵਾਰ ਸਮਝਦੀ ਰਹੀ ਹੈ। ਭਾਵੇਂ ਉਸ ਦੇ ਸਾਧੂ ਸੁਭਾਅ ਦੇ ਪਿਉ ਜੈਲਾ ਸਿੰਘ ਦੀ ਮੌਤ ਵੱਧ ਸ਼ਰਾਬ ਪੀਣ ਕਾਰਨ ਹੋਈ ਹੈ, ਪਰ ਉਸ ਦੇ ਮਨ ਵਿਚ ਇਹ ਧਾਰਨਾ ਪੂਰੀ ਤਰ੍ਹਾਂ ਪੱਕ ਜਾਂਦੀ ਹੈ ਕਿ ਉਸ ਦੇ ਪਿਉ ਦੇ ਨਾਂਅ ਬੋਲਦੀ ਤਿੰਨ ਏਕੜ ਜ਼ਮੀਨ 'ਤੇ ਕਬਜ਼ਾ ਕਰਨ ਲਈ ਹੀ ਉਸ ਦੇ ਤਾਏ ਨੇ ਉਸ ਦੇ ਭੋਲੇ-ਭਾਲੇ ਪਿਤਾ ਨੂੰ ਸ਼ਰਾਬ ਪਿਆ ਕੇ ਮਾਰਿਆ ਹੈ।

ਦਿਲ-ਦਿਮਾਗ ਵਿੱਚ ਘਰ ਕਰ ਚੁੱਕੀ ਇਹ ਧਾਰਨਾ ਪਹਿਲਾਂ ਉਸ ਅੰਦਰ ਆਪਣੇ ਤਾਏ ਦਾ ਡਰ ਪੈਦਾ ਕਰਦੀ ਹੈ ਤੇ ਫਿਰ ਇਹ ਡਰ ਹੌਲੀ-ਹੌਲੀ ਨਫ਼ਰਤ ਤੇ ਬਦਲੇਖੋਰੀ ਦੀ ਭਾਵਨਾ ਵਿੱਚ ਬਦਲ ਜਾਂਦਾ ਹੈ। ਪਹਿਲੇ ਪੜਾਅ 'ਤੇ ਇਹ ਭਾਵਨਾ ਉਸ ਦਾ ਸਮਾਜਿਕ ਅਕਸ ਆਪਣੇ ਹੱਕਾਂ ਪ੍ਰਤੀ ਸੁਚੇਤ ਤੇ ਦਲੇਰ ਕੁੜੀ ਵਜੋਂ ਸਥਾਪਤ ਕਰਦੀ ਹੈ, ਪਰ ਦੂਜੇ ਪੜਾਅ 'ਤੇ ਉਸ ਅੰਦਰ ਪੈਦਾ ਹੋਇਆ ਆਪਣੇ ਅਜੇਤੂ ਹੋਣ ਦਾ ਭਰਮ ਉਸ ਦੇ ਸਮਾਜਿਕ ਅਕਸ ਨੂੰ ਹੰਕਾਰੀ ਤੇ ਸਵਾਰਥੀ ਹੋਣ ਦੇ ਅਕਸ ਵਿਚ ਤਬਦੀਲ ਕਰ ਦਿੰਦਾ ਹੈ। ਜੀਵਨ ਦੇ ਇੱਕ ਅਣਕਿਆਸੇ ਮੋੜ 'ਤੇ ਵਿਕਲੋਤਰੀ ਮਾਨਸਿਕਤਾ ਵਾਲੇ ਇਨ੍ਹਾਂ ਪਾਤਰਾਂ (ਸ਼ੇਰੂ ਤੇ ਮਨਵੀਰ) ਦੇ ਪਤੀ-ਪਤਨੀ ਵਜੋਂ ਇਕੱਠੇ ਹੋਣ ਦਾ ਸਬੱਬ ਬਣਦਾ ਹੈ ਤਾਂ ਉਨ੍ਹਾਂ ਦੀ ਰੋਗੀ ਹੋਈ ਮਾਨਸਿਕਤਾ ਸਿਰਫ਼ ਇਨ੍ਹਾਂ ਦੇ ਰਿਸ਼ਤੇ ਨੂੰ ਹੀ ਗੁੰਝਲਦਾਰ ਤੇ ਪੇਚੀਦਾ ਨਹੀਂ ਬਣਾਉਂਦੀ, ਸਗੋਂ ਉਹਨਾਂ ਨਾਲ ਜੁੜੇ ਹੋਰ ਪਰਵਾਰਕ ਰਿਸ਼ਤਿਆਂ ਨੂੰ ਵੀ ਸੰਕਟ ਗ੍ਰਸਤ ਬਣਾ ਦਿੰਦੀ ਹੈ।

ਨਾਵਲ ਦੀ ਕਹਾਣੀ ਅਨੁਸਾਰ ਮਨਵੀਰ ਵੱਲੋਂ ਆਪਣੇ ਤਾਏ ਨਾਲੋਂ ਜ਼ਮੀਨ ਵੰਡਾ ਕੇ ਆਪ ਖੇਤੀ ਕਰਨ, ਟਰੈਕਟਰ ਚਲਾਉਣ ਤੇ ਆਪਣੇ ਹੱਕਾਂ ਲਈ ਲੜਨ ਦੀ ਦਲੇਰਾਨਾ ਕਾਰਗੁਜ਼ਾਰੀ ਉਸ ਦੇ ਕਾਲਜ ਦੇ ਸਹਿਪਾਠੀ ਵਿਕਰਮ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਉਹ ਕਾਲਜ ਸਮੇਂ ਦੇ ਦੋਸਤ ਤੋਂ ਪਤੀ-ਪਤਨੀ ਬਣ ਜਾਂਦੇ ਹਨ। ਪਤੀ-ਪਤਨੀ ਤੋਂ ਮਾਤਾ-ਪਿਤਾ ਬਣਨ 'ਤੇ ਮਨਵੀਰ ਅੰਦਰਲੀ ਨਫ਼ਰਤੀ ਅੱਗ ਵੀ ਮੱਠੀ ਪੈਣ ਲੱਗਦੀ ਹੈ ਤੇ ਉਸ ਅੰਦਰਲਾ ਮਾਨਸਿਕ ਖਲਾਅ ਵੀ ਆਪਣੇ ਪਤੀ ਤੇ ਪੁੱਤਰ ਦੇ ਪਿਆਰ ਨਾਲ ਭਰਨ ਲੱਗਦਾ ਹੈ। ਇਸ ਮੋੜ 'ਤੇ ਪਹੁੰਚ ਕੇ ਨਾਵਲ ਦੀ ਕਹਾਣੀ ਇਕਦਮ ਅਣਕਿਆਸਿਆ ਮੋੜ ਕੱਟਦੀ ਹੈ। ਜਿਸ ਅਨੁਸਾਰ ਵਿਕਰਮ ਦੇ ਚਾਚੇ ਦਾ ਮੁੰਡਾ ਸ਼ੇਰੂ ਆਪਣੀ ਫੁੱਟ ਫੈਟਿਸ਼ ਦੀ ਲਾਲਸਾ ਕਾਰਨ ਅਮੀਰ ਘਰ ਦੀ ਕੁੜੀ ਜਸ਼ਨ ਦਾ ਗੁਲਾਮ ਬਣਿਆ ਹੋਇਆ ਹੈ। ਜਸ਼ਨ ਅੰਦਰਲੀ ਹੁਕਮਰਾਨਾ ਬਿਰਤੀ ਵੀ ਇਕ ਮਨੋ ਵਿਕਾਰ ਵਾਂਗ ਹੀ ਸ਼ੇਰੂ ਨੂੰ ਆਪਣੇ ਅਧੀਨ ਰੱਖਣ ਵਿਚ ਵਿਸ਼ੇਸ਼ ਸੰਤੁਸ਼ਟੀ ਹਾਸਲ ਕਰਦੀ ਹੈ। ਦੋਹਾਂ ਦੇ ਅਜੀਬ ਤਰ੍ਹਾਂ ਦੇ ਰਿਸ਼ਤ ਦਾ ਭੇਦ ਖੁੱਲ੍ਹ ਜਾਣ 'ਤੇ ਜਦੋਂ ਜਸ਼ਨ ਦਾ ਪਿਉ ਉਸ ਦਾ ਵਿਆਹ ਕਿਸੇ ਹੋਰ ਮੁੰਡੇ ਨਾਲ ਨਿਸ਼ਚਿਤ ਕਰ ਦਿੰਦਾ ਹੈ ਤਾਂ ਉਸ ਦਾ ਇਹ ਫ਼ੈਸਲਾ ਦੋ ਪਰਵਾਰਾਂ ਦੀ ਬਰਬਾਦੀ ਦੀ ਨਵੀਂ ਗਾਥਾ ਲਿਖ ਦਿੰਦਾ ਹੈ। ਫੁੱਟ ਫੈਟਿਸ਼ ਦੇ ਬੇਕਾਬੂ ਜਨੂੰਨ ਅਧੀਨ ਸ਼ੇਰਾ ਆਪਣੇ ਭਰਾ ਵਿਕਰਮ ਦਾ ਮੋਟਰ ਸਾਈਕਲ ਖੋਹ ਕੇ ਬਿਨਾਂ ਕੁਝ ਸੋਚੇ-ਵਿਚਾਰੇ ਆਪਣੀ ਪ੍ਰੇਮਿਕਾ ਨੂੰ ਉਧਾਲਣ ਲਈ ਉਸ ਦੇ ਪਿੰਡ ਵੱਲ ਰਵਾਨਾ ਹੁੰਦਾ ਹੈ ਤਾਂ ਵਿਕਰਮ ਵੀ ਉਸ ਦੀ ਰਾਖੀ ਲਈ ਉਸ ਦੇ ਨਾਲ ਚਲਿਆ ਜਾਂਦਾ ਹੈ। ਜਸ਼ਨ ਦੇ ਪਿਉ ਵੱਲੋਂ ਸ਼ੇਰੇ 'ਤੇ ਚਲਾਈ ਗੋਲੀ ਨਿਸ਼ਾਨਾ ਖੁੰਝ ਜਾਣ 'ਤੇ ਵਿਕਰਮ ਦੀ ਛਾਤੀ ਨੂੰ ਚਿੱਥ ਦਿੰਦੀ ਹੈ ਤਾਂ ਕਹਾਣੀ ਇਹ ਹੋਰ ਵੱਡਾ ਮੋੜ ਕੱਟਦੀ ਹੈ, ਜਿਹੜਾ ਪਾਠਕਾਂ ਵੱਲੋਂ ਲਾਏ ਜਾਣ ਵਾਲੇ ਅਨੁਮਾਨ ਨਾਲੋਂ ਬਿਲਕੁਲ ਵੱਖਰਾ ਹੈ।

ਮਨਵੀਰ ਦਾ ਸਹੁਰਾ ਪਰਵਾਰ ਉਸ ਤੇ ਆਪਣੇ ਪੋਤੇ ਨੂੰ ਆਪਣੇ ਘਰ ਵਿਚ ਰੱਖਣ ਦਾ ਰਵਾਇਤੀ ਹੱਲ ਉਸ ਦਾ ਆਪਣੇ ਦਿਉਰ ਸ਼ੇਰੇ ਨਾਲ ਗੱਠਜੋੜ ਕੀਤੇ ਜਾਣ ਵਿਚ ਤਲਾਸ਼ਦਾ ਹੈ, ਪਰ ਜਿਵੇਂ ਉਹ ਆਪਣੇ ਚਾਚੇ ਨੂੰ ਆਪਣੇ ਬਾਪੂ ਦਾ ਕਾਤਲ ਮੰਨ ਕੇ ਨਫ਼ਰਤ ਕਰਦੀ ਹੈ, ਉਸੇ ਤਰ੍ਹਾਂ ਉਹ ਸ਼ੇਰੇ ਨੂੰ ਵੀ ਆਪਣੇ ਪਤੀ ਦੇ ਕਤਲ ਲਈ ਜ਼ਿੰਮੇਵਾਰ ਮੰਨ ਕੇ ਉਸ ਨਾਲ ਸਿਰੇ ਦੇ ਨਫ਼ਰਤੀ ਸੰਬੰਧ ਰੱਖਦੀ ਹੈ। ਉਹ ਸ਼ੇਰੇ ਨਾਲ ਵਿਆਹੁਤਾ ਜ਼ਿੰਦਗੀ ਸ਼ੁਰੂਆਤ ਕਰਨ ਦਾ ਫ਼ੈਸਲਾ ਆਪਣੀਆਂ ਜਿਨਸੀ ਜਾਂ ਸਮਾਜਿਕ ਲੋੜਾਂ ਦੀ ਪੂਰਤੀ ਕਰਨ ਲਈ ਨਹੀਂ ਲੈਂਦੀ, ਸਗੋਂ ਉਸ ਨੂੰ ਮਾਨਸਿਕ ਤੌਰ 'ਤੇ ਜ਼ਲੀਲ ਕਰਕੇ ਬਦਲਾ ਲੈਣ ਦੀ ਭਾਵਨਾ ਅਧੀਨ ਹੀ ਅਜਿਹਾ ਕਰਦੀ ਹੈ। ਸ਼ੇਰੇ ਦੇ ਹਿੱਸੇ ਆਉਂਦੀ ਜ਼ਮੀਨ ਦਾ ਮਾਲਕ ਆਪਣੇ ਪੁੱਤਰ ਨੂੰ ਬਣਾਉਣ ਦੀ ਸੋਚ ਵੀ ਉਸ ਦੀ ਇਸ ਸਾਜ਼ਿਸ਼ ਦਾ ਹਿੱਸਾ ਹੈ। ਉਹ ਸ਼ੇਰੇ ਨਾਲ ਵਿਆਹ ਕਰਵਾ ਕੇ ਉਸ ਨਾਲ ਜਿਨਸੀ ਸੰਬੰਧ ਨਹੀਂ ਬਣਾਉਂਦੀ, ਸਗੋਂ ਉਸ ਦੀ ਤਰਫੋਂਕਸ਼ਤਾ ਮਾਨਸਿਕਤਾ ਦਾ ਵੀ ਪੂਰਾ ਫਾਇਦਾ ਚੁੱਕਦੀ ਹੈ। ਜਸ਼ਨ ਨਾਲ ਪਏ ਵਿਛੋੜੇ ਕਾਰਨ ਪੈਦਾ ਹੋਏ ਤਣਾਓ ਨੂੰ ਘੱਟ ਕਰਨ ਲਈ ਸ਼ੇਰਾ ਚਿੱਟੇ ਵਰਗੇ ਜਾਨਲੇਵਾ ਨਸ਼ੇ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਮਨਵੀਰ ਉਸ ਦੇ ਨਸ਼ੇ ਦੀ ਮਾਤਰਾ ਵਧਾ ਕੇ ਉਸ ਨੂੰ ਮਾਰਨ ਦੀ ਸਾਜ਼ਿਸ਼ ਰਚਦੀ ਹੈ। ਮਨਵੀਰ ਰਾਹੀਂ ਨਸ਼ੇ ਦੀ ਪੂਰਤੀ ਹੋਣ 'ਤੇ ਸ਼ੇਰਾ ਜਸ਼ਨ ਵਾਂਗ ਉਸ ਦੇ ਪੈਰਾਂ ਦਾ ਵੀ ਗੁਲਾਮ ਬਣ ਜਾਂਦਾ ਹੈ ਤਾਂ ਉਸ ਦੇ ਫੁੱਟ ਫੈਟਿਸ਼ ਵਰਗੇ ਮਨੋ ਵਿਕਾਰ ਦੇ ਸ਼ਿਕਾਰ ਹੋਣ ਦੇ ਰਾਜ਼ ਤੋਂ ਵੀ ਜਾਣੂ ਹੋ ਜਾਂਦੀ ਹੈ ਤੇ ਇਹ ਰਾਜ਼ ਉਸ ਲਈ ਬਲੈਕਮੇਲਿੰਗ ਦਾ ਨਵਾਂ ਹਥਿਆਰ ਬਣ ਜਾਂਦਾ ਹੈ। ਆਪਣੇ ਭਰਾ ਵਿਕਰਮ ਦੇ ਕਾਤਲ ਦਾ ਕਤਲ ਕਰਕੇ ਸ਼ੇਰਾ ਜੇਲ੍ਹ ਪਹੁੰਚ ਜਾਂਦਾ ਹੈ ਤਾਂ ਮਨਵੀਰ ਆਪਣਾ ਰਾਹ ਸਾਫ ਹੋਇਆ ਸਮਝ ਕੇ ਖੁਸ਼ ਵੀ ਹੁੰਦੀ ਹੈ ਤੇ ਇਹ ਕਾਮਨਾ ਵੀ ਕਰਦੀ ਹੈ ਕਿ ਉਮਰ ਕੈਦ ਹੋ ਜਾਣ 'ਤੇ ਸ਼ੇਰਾਂ ਜੇਲ੍ਹ ਵਿਚ ਹੀ ਸੜਦਾ ਰਹੇ। ਰਵਾਇਤੀ ਨਾਵਲਾਂ ਵਾਂਗ ਇੱਥੇ ਕਹਾਣੀ ਖਤਮ ਨਹੀਂ ਹੁੰਦੀ, ਸਗੋਂ ਫਿਰ ਤੋਂ ਅਜਿਹਾ ਨਾਟਕੀ ਮੋੜ ਕੱਟਦੀ ਹੈ, ਜੋ ਉਸ ਦੀ ਜਿੱਤ ਨੂੰ ਹਾਰ ਵਿਚ ਬਦਲ ਕੇ ਰੱਖ ਦਿੰਦਾ ਹੈ। ਜੀਵਨ ਦਾ ਇਹ ਮੋੜ ਉਸ ਨੂੰ ਉਸ ਦੀ ਗਲਤੀ ਦਾ ਅਹਿਸਾਸ ਕਰਵਾ ਕੇ ਉਸ ਦੇ ਜੀਵਨ ਦੀ ਦਿਸ਼ਾ ਨੂੰ ਬਦਲਣ ਦਾ ਜ਼ਰੀਆ ਵੀ ਬਣਦਾ ਹੈ।

ਉਸ ਦਾ ਚਾਚਾ ਸਹੁਰਾ ਜਿਸ ਨੂੰ ਉਹ ਆਪਣੇ ਪਿਤਾ ਸਮਾਨ ਹੀ ਸਮਝਦੀ ਹੈ, ਆਪਣੇ ਪੁੱਤਰ ਦਾ ਅਦਾਲਤੀ ਕੇਸ ਲੜਨ ਲਈ ਆਪਣੀ ਜ਼ਮੀਨ ਦੇ ਦੋ ਕਿੱਲੇ ਗਹਿਣੇ ਜ਼ਮੀਨ ਗਹਿਣੇ 'ਤੇ ਇੱਕ ਕਿੱਲਾ ਬੈਅ ਕਰ ਦਿੰਦਾ ਹੈ ਤਾਂ ਉਸ ਨੂੰ ਆਪਣਾ ਦਾਅ ਪੁੱਠਾ ਪੈਂਦਾ ਜਾਪਦਾ ਹੈ। ਜਦੋਂ ਅਦਾਲਤੀ ਲੜਾਈ ਲੜਦਿਆਂ ਉਸ ਦਾ ਕਰਜ਼ੇ ਵਿਚ ਡੁੱਬਿਆ ਉਸ ਦਾ ਚਾਚਾ ਸਹੁਰਾ ਆਪਣੇ ਜੀਵਨ ਦੀ ਬਾਜ਼ੀ ਵੀ ਹਾਰ ਜਾਂਦਾ ਹੈ ਤਾਂ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਣ ਲੱਗਦਾ ਹੈ। ਅਜਿਹੇ ਮੌਕੇ 'ਤੇ ਉਸ ਦੀ ਰਗ-ਰਗ ਪਛਾਣਦੀ ਉਸ ਦੀ ਭੂਆ ਦੀ ਧੀ ਰੂਪ ਵੀ ਵਾਰ-ਵਾਰ ਉਸ ਦੀ ਜ਼ਮੀਰ ਨੂੰ ਝੰਜੋੜਦੀ ਹੈ। ਇੱਕ-ਇੱਕ ਕਰਕੇ ਸਾਰੇ ਰਿਸ਼ਤਿਆਂ ਤੋਂ ਟੁੱਟਣ ਤੋਂ ਬਾਅਦ ਉਹ ਮਾਨਸਿਕ ਤੌਰ 'ਤੇ ਵੀ ਟੁੱਟ ਜਾਂਦੀ ਹੈ ਤਾਂ ਫਿਰ ਉਸ ਦੀ ਹਾਰ ਵਿੱਚੋਂ ਇਕ ਹੋਰ ਮਨਵੀਰ ਦਾ ਜਨਮ ਹੁੰਦਾ ਹੈ ਤੇ ਇਹ ਮਨਵੀਰ ਰਿਸ਼ਤਿਆਂ ਨੂੰ ਤੋੜਨ ਵਾਲੀ ਨਹੀਂ, ਸਗੋਂ ਟੁੱਟੇ ਰਿਸ਼ਤਿਆਂ ਨੂੰ ਫਿਰ ਤੋਂ ਜੋੜਨ ਵਾਲੀ ਹੈ। ਨਾਵਲ ਵਿਚ ਵਾਪਰਨ ਵਾਲੇ ਅਗਲੇ ਵਰਤਾਰੇ ਸ਼ੇਰੇ ਦੇ ਜੇਲ੍ਹ ਵਿੱਚ ਰਿਹਾਅ ਹੋਣ, ਮਨਵੀਰ ਨਾਲ ਉਸ ਦੇ ਟਕਰਾਅ ਦੀ ਸਥਿਤੀ ਵਿਚ ਆਉਣ, ਉਸ ਨੂੰ ਹੀਣ-ਭਾਵਨਾ ਤੋਂ ਮੁਕਤ ਕਰਕੇ ਸਵੈਮਾਣੀ ਜ਼ਿੰਦਗੀ ਜਿਊਣ ਦੇ ਕਾਬਲ ਬਣਾਉਣ ਤੇ ਦੋਵਾਂ ਨੂੰ ਹਕੀਕੀ ਰੂਪ ਵਿਚ ਪਤੀ ਪਤਨੀ ਬਣਾਉਣ ਦੀਆਂ ਕਲਾਤਮਿਕ ਜੁਗਤਾਂ ਦੇ ਧਾਰਨੀ ਹਨ। ਨਾਵਲ ਦੀਆਂ ਕਹਾਣੀਆਂ ਦੀਆਂ ਕਈ ਥਾਈਂ ਖਿੰਡੀਆਂ ਕੜੀਆਂ ਨੂੰ ਏਨੀ ਖੂਬਸੂਰਤੀ ਨਾਲ ਜੋੜਿਆ ਗਿਆ ਹੈ ਕਿ ਕਾਲਪਨਿਕ ਹੋਣ 'ਤੇ ਵੀ ਇਸ ਵਿਚਲਾ ਸਮਾਜਿਕ ਯਥਾਰਥ ਹਕੀਕੀ ਹੀ ਲੱਗਦਾ ਹੈ।

ਭਾਵੇਂ ਵਿਛੜੇ ਪ੍ਰੇਮੀ-ਪ੍ਰੇਮਿਕਾ ਦੇ ਰੂਪ ਵਿਚ ਮਨਵੀਰ ਦੀ ਭੈਣ ਰੂਪ ਤੇ ਜਸ਼ਨ ਦੇ ਭਰਾ ਸੁਰਜੀਤ ਦਾ ਅਚਾਨਕ ਹੀ ਦੁਬਾਰਾ ਮੇਲ ਹੋਣ 'ਤੇ ਰੂਪ ਵੱਲੋਂ ਜਸ਼ਨ ਰਾਹੀਂ ਸੁਰਜੀਤ 'ਤੇ ਦਬਾਅ ਪਾ ਕੇ ਸ਼ੇਰੇ 'ਤੇ ਚਲਦੇ ਆਪਣੇ ਪਿਤਾ ਦੇ ਕੇਸ ਨੂੰ ਵਾਪਸ ਲੈਣ ਦੀ ਗੱਲ ਸਹਿਜ ਯਥਾਰਥ ਵਜੋਂ ਪ੍ਰਵਾਨ ਨਹੀਂ ਕੀਤੀ ਜਾ ਸਕਦੀ, ਪਰ ਨਾਵਲ ਵਿਚਲਾ ਕਥਾਰਸ ਇਸ ਗੱਲ ਨੂੰ ਬਹੁਤੀ ਅੱਖਰਣ ਨਹੀਂ ਦਿੰਦਾ। ਨਾਵਲ ਦੀ ਵਾਰਤਾਲਾਪੀ ਭਾਸ਼ਾ ਬਹੁਤ ਸੁਚੱਜੀ ਹੈ। ਖਾਸ ਤੌਰ 'ਤੇ ਸ਼ੇਰੇ ਤੇ ਮਨਵੀਰ ਦੇ ਆਪਸੀ ਵਾਰਤਾਲਾਪ ਵਿਚਲੀਆਂ ਵਿਅੰਗੀ ਚੋਭਾਂ ਬਹੁਤ ਕਾਟਵੀਆਂ ਤੇ ਅਸਰਦਾਰ ਹਨ। ਨਾਵਲ ਦੇ ਇਹ ਦੋਵੇਂ ਪਾਤਰ ਪਾਠਕੀ ਚਿੰਤਨ ਵਿਚ ਆਪਣੇ ਲਈ ਚਿਰ ਸਥਾਈ ਥਾਂ ਬਣਾਉਣ ਵਿਚ ਸਫਲ ਰਹਿੰਦੇ ਹਨ।ਔਰਤ ਦੀ ਸਮਾਜਿਕ ਹੋਂਦ ਦੇ ਮਾਨਵੀ ਅਰਥ ਕੀ ਹਨ? ਕੀ ਸਮਾਜਿਕ ਵਿਵਸਥਾ ਵਿਚ ਆਏ ਨਿਘਾਰ ਲਈ ਸਿਰਫ਼ ਮਰਦ ਪ੍ਰਧਾਨਤਾ ਹੀ ਜ਼ਿੰਮੇਵਾਰ ਹੈ ਜਾਂ ਔਰਤ ਕੋਲੋਂ ਵੀ ਜਾਣੇ-ਅਣਜਾਣੇ ਕੁਝ ਗਲਤੀਆਂ ਹੁੰਦੀਆਂ ਹਨ? ਆਦਿ ਸਵਾਲਾਂ ਦੇ ਜਵਾਬ ਬੜੀ ਬੇਬਾਕੀ ਨਾਲ ਦਿੰਦਾ ਹੈ ਇਹ ਨਾਵਲ। ਚਾਹੇ ਇਸ ਨਾਵਲ ਵਿਚ ਵਿਚਾਰਧਾਰਕ ਧਰਾਤਲ ਤੇ ਬਹੁਤ ਸਾਰੇ ਖੱਪੇ ਵੀ ਹਨ, ਪਰ ਮੈਨੂੰ ਯਕੀਨ ਹੈ ਕਿ ਪੰਜਾਬੀ ਸਾਹਿਤ ਦੇ ਸਮੀਖਿਅਕ ਤੇ ਆਲੋਚਕ ਇਸ ਨਾਵਲ ਨੂੰ ਉਸ ਤਰ੍ਹਾਂ ਵੇਖ ਕੇ ਅਣ ਦੇਖਿਆਂ ਨਹੀਂ ਕਰ ਸਕਣਗੇ, ਜਿਸ ਤਰ੍ਹਾਂ ਆਮ ਕਰਕੇ ਨਵੇਂ ਲੇਖਕਾਂ ਦੇ ਨਾਵਲਾਂ ਨੂੰ ਅਣਦੇਖਿਆ ਕਰ ਦਿੱਤਾ ਜਾਂਦਾ ਹੈ। ਮੈਨੂੰ ਇਹ ਵੀ ਪੂਰੀ ਉਮੀਦ ਹੈ ਕਿ ਇਹ ਨਾਵਲ ਸਨ 2025 ਦੇ ਚਰਚਿਤ ਨਾਵਲਾਂ ਵਿਚ ਆਪਣੀ ਥਾਂ ਜ਼ਰੂਰ ਬਣਾਵੇਗਾ।

ਮੋਬਾ. 89682 -82700

# ਮਾਨਵੀ ਰਿਸ਼ਤਿਆਂ ਦੇ ਨਵੇਂ ਸਮੀਕਰਨਾਂ ਨੂੰ ਸੰਬੋਧਤ ਰਹੀ 2025 ਦੀ ਪੰਜਾਬੀ ਕਹਾਣੀ

**ਐੱਚ ਐੱਸ ਡਿੰਪਲ**

ਸਾਲ 2025 ਦੌਰਾਨ ਵੱਖ-ਵੱਖ ਸਾਹਿਤਕ ਪੱਤ੍ਰਿਕਾਵਾਂ ਵਿੱਚ ਪ੍ਰਕਾਸ਼ਿਤ ਪੰਜਾਬੀ ਕਹਾਣੀਆਂ ਜਿੱਥੇ ਕਥਾ-ਪਰੰਪਰਾ ਦਾ ਵਿਸਤਾਰ ਕਰਦੀਆਂ ਨਜ਼ਰ ਆਉਂਦੀਆਂ ਹਨ, ਉੱਥੇ ਕਥਾ-ਮੰਚ 'ਤੇ ਨਵੇਂ ਵਿਸ਼ੇ ਤੇ ਨਵੇਂ ਕਥਾਕਾਰ ਵੀ ਸਾਹਮਣੇ ਆਏ। ਮੰਤਵ, ਸ਼ਬਦ, ਸੁਰਤਿ, ਰਾਗ, ਹੁਣ, ਤਾਸਮਨ, ਕਹਾਣੀ ਧਾਰਾ, ਸਮਕਾਲੀ ਸਾਹਿਤ, ਕਹਾਣੀ ਪੰਜਾਬ, ਸਿਰਜਣਾ ਅਤੇ ਨਜ਼ਰੀਆ ਵਿੱਚ ਇਸ ਸਾਲ 250 ਦੇ ਕਰੀਬ ਕਹਾਣੀਆਂ ਛਪੀਆਂ, ਜਿਨ੍ਹਾਂ ਵਿੱਚ ਮਰਦ-ਔਰਤ ਦੇ ਰਿਸ਼ਤੇ (ਜਿੰਦਰ), ਵਿਗਿਆਨਕ ਗਲਪ (ਅਲਫਾਜ਼), ਮਸਨੂਈ ਬੁੱਧੀ (ਅਜਮੇਰ ਸਿੱਧੂ), ਕਾਰਪੋਰੇਟ ਜਗਤ ਦਾ ਅਸਰ (ਸੰਦੀਪ ਸਮਰਾਲਾ), ਪਰਿਵਾਰਕ ਸਮੱਸਿਆਵਾਂ, ਪ੍ਰਵਾਸ ਦੇ ਮਸਲੇ, ਬਾਲ-ਮਨੋਵਿਗਿਆਨ (ਰਾਜਪ੍ਰੀਤ ਕੌਰ ਬੈਨੀਵਾਲ, 'ਕਬਰਾਂ ਵਿੱਚ ਉੱਗੇ ਫੁੱਲ'_ਸਮਕਾਲੀ ਸਾਹਿਤ, 'ਸਰਗਮ ਵਿਹੂਣੇ ਸਾਜ਼'_ਸਿਰਜਣਾ), ਸਾਹਿਤਗੁਰਸਤ ਤੀਜੀ ਮਖ਼ਲੂਕ (ਨੇਲਪਾਲਿਸ਼, ਸਿਰਜਣਾ 217 ਅਤੇ ਮੋਕਸ਼, ਜਤਿੰਦਰ ਮਾਹਲ, ਹੁਣ - 50), ਗਾਜ਼ਾ ਤ੍ਰਾਸਦੀ (ਅਲ ਨਕਬਾ, ਪ੍ਰਵਚਨ ਅਤੇ 'ਕਬਰਾਂ ਵਿੱਚ ਉੱਗੇ ਫੁੱਲ'_ਸਮਕਾਲੀ ਸਾਹਿਤ),ਸਮਾਜ ਵਿੱਚ ਵਧ ਰਹੀ ਹਿੰਸਾ, ਬਲੈਕਮੇਲਿੰਗ (ਹਰਕੀਰਤ ਚਹਿਲ, 'ਬਲੈਕ ਵਿੱਡੋ', ਸੁਰਤਿ-4)ਤੇ ਅਪਰਾਧ (ਗੁਰਪ੍ਰੀਤ ਸਹਿਜੀ ਦੀ ਕਹਾਣੀ 'ਪੁੱਠੇ ਸਮਿਆਂ ਦਾ ਗੇੜ' ਹੁਣ - 51) ਨੂੰ ਵਿਸ਼ਾਗਤ ਤੌਰ ਤੇ ਨਿਭਾਉਣ ਦਾ ਯਤਨ ਕੀਤਾ ਗਿਆ। ਸਾਹਿਤਕ ਪੱਤ੍ਰਿਕਾਵਾਂ ਵਿੱਚ ਇਸ ਵਾਰ ਵੀ ਕੁਝ ਨਵੇਂ ਚਿਹਰਿਆਂ ਦੀ ਆਮਦ ਦਿਖਾਈ ਦਿੱਤੀ।

ਰਾਜਪ੍ਰੀਤ ਕੌਰ ਬੈਨੀਵਾਲ, ਜਤਿੰਦਰ ਮਾਹਲ, ਮਨਦੀਪ ਰਿੰਪੀ ਤੇ ਸੰਦੀਪ ਸਮਰਾਲਾ ਪਹਿਲੀ ਵਾਰ ਕਥਾ-ਮੰਚ 'ਤੇ ਦਿਖਾਈ ਦਿੱਤੇ, ਪਰ ਜਿੱਥੇ ਮਨਦੀਪ ਰਿੰਪੀ ਆਪਣੀ ਕਹਾਣੀ 'ਛਲੇਡਾ' (ਰਾਗ, 20-21), 'ਹਿਸਾਬ ਬਰਾਬਰ' ਅਤੇ 'ਸਾਹ ਮੈਂ ਤੇਨੂੰ ਛੱਡਿਆ' (ਕਹਾਣੀ ਧਾਰਾ - 77) ਵਿੱਚ ਇਨਸਾਨ ਤੇ ਸਮਾਜ ਦੇ ਟਕਰਾਉ ਨੂੰ ਬੜੀ ਬਾਰੀਕੀ ਨਾਲ ਪੇਸ਼ ਕਰਦਿਆਂ ਪਰਪੱਕਤਾ ਦਾ ਪੱਲਾ ਨਹੀਂ ਛੱਡਦੀ, ਉੱਥੇ ਸੰਦੀਪ ਸਮਰਾਲਾ 'ਸੁਪਨੇ ਦਾ ਕੋਈ ਗਵਾਹ ਨਹੀਂ ਹੁੰਦਾ' (ਹੁਣ-50) ਰਾਹੀਂ ਪੂੰਜੀਵਾਦੀ ਯੁਗ ਵਿੱਚ ਕਾਰਪੋਰੇਟ ਦੀ ਨੌਕਰ ਬਣੀ ਨੌਜਵਾਨੀ ਦੀ ਦੁਬਿਧਾ ਤੇ ਮਜਬੂਰੀ ਨੂੰ ਪੇਸ਼ ਕਰਦੇ ਹੈ। ਜਤਿੰਦਰ ਮਾਹਲ ਦੀ ਕਹਾਣੀ 'ਮੋਕਸ਼' (ਹੁਣ 50) ਦਾ ਵਿਸ਼ਾ ਤੀਜੀ ਮਖ਼ਲੂਕ ਤੇ ਆਧਾਰਿਤ ਹੈ, ਜਿਸ ਵਿੱਚ ਉਸਨੇ ਬੜੀ ਸੂਖਮਤਾ ਨਾਲ ਸਮਾਜ ਦੇ ਇਸ ਹਾਸ਼ੀਆਗ੍ਰਸਤ 'ਜੈਂਡਰ' ਦੀ ਸੰਵੇਦਨਾ ਨਾਲ ਸਾਂਝ ਪਵਾਉਣ ਦਾ ਯਤਨ ਕੀਤਾ ਹੈ। ਰਾਜਪ੍ਰੀਤ ਕੌਰ ਬੈਨੀਵਾਲ ਦਾ ਪਲੇਠਾ ਕਹਾਣੀ-ਸੰਗ੍ਰਹਿ 'ਖੰਮ ਵਾਲਾ ਪਿੱਪਲ 2007 ਵਿੱਚ ਆ ਚੁੱਕਾ ਹੈ। ਹੁਣ ਉਸਨੇ ਮੁੜ ਕਲਮ ਚੁੱਕੀ ਹੈ, ਤੇ ਉਸਦੀਆਂ ਬਾਲ-ਮਨੋਵਿਗਿਆਨ ਨੂੰ ਬਾਖ਼ੂਬੀ ਸਮਝਦੀਆਂ ਦੋ ਕਹਾਣੀਆਂ 'ਸਰਗਮ ਵਿਹੂਣੇ ਸਾਜ਼ ਅਤੇ 'ਕਬਰਾਂ ਵਿੱਚ ਉੱਗੇ ਫੁੱਲ ਸਿਰਜਣਾ-217 ਅਤੇ ਸਮਕਾਲੀ ਸਾਹਿਤ - 122 ਵਿੱਚ ਪ੍ਰਕਾਸ਼ਿਤ ਹੋਈਆਂ।ਇਸਦੇ ਇਲਾਵਾ ਇਸ ਸਾਲ ਉਸਦੀਆਂ ਤਿੰਨ ਹੋਰ ਕਹਾਣੀਆਂ 'ਸੱਚੀ ਫੁਲਕਾਰੀ' (ਏਕਮ, 52), ਬਿਖੜੇ ਪੈਂਡਿਆਂ ਦਾ ਨਾਚ (ਸ਼ਬਦ-109) ਅਤੇ ਫ਼ੁੱਟਪਾਥ ਦੇ ਬਾਸ਼ਿੰਦੇ (ਰਿਰਾਗ, 28) ਵੀ ਛਪੀਆਂ।'ਕਬਰਾਂ ਵਿੱਚ ਉੱਗੇ ਫੁੱਲ ਕਹਾਣੀ ਵਿੱਚ ਇਜ਼ਰਾਈਲ ਵਲੋਂ ਫਲਸਤੀਨ ਤੇ ਹੱਲਾ ਬੋਲੇ ਜਾਣ ਉਪਰੰਤ ਗਾਜ਼ਾ ਪੀੜਤਾਂ ਦੀ ਪੀੜਾ ਦਾ ਬਿਆਨ ਤੇ ਇਸ ਦੇ ਬਾਲ-ਮਨ ਤੇ ਪੈਣ ਵਾਲੇ ਅਸਰ ਨੂੰ ਰੇਖਾਂਕਿਤ ਕਰਦੀ ਇਹ ਕਹਾਣੀ ਉਸ ਤਰ੍ਹਾਂ ਯੁੱਧ-ਵਿਰੋਧੀ ਸੰਵੇਦਨਾ ਦੀ ਵਾਹਕ ਬਣਦੀ ਹੈ, ਜਿਵੇਂ ਪ੍ਰਵਚਨ-98 ਵਿੱਚ ਛਪੀ ਜਸਵਿੰਦਰ ਧਰਮਕੋਟ ਦੀ ਕਹਾਣੀ 'ਅਲ ਨਕਬਾ'। ਧਰਮਕੋਟ ਆਪਣੀ ਕਹਾਣੀ ਵਿੱਚ ਉਸ ਸਮਾਜ ਦੀ ਬਣਤਰ, ਬੋਲੀ ਤੇ ਮਾਹੌਲ ਨੂੰ ਪੇਸ਼ ਕਰਨ ਵਿੱਚ ਕਾਫ਼ੀ ਹੱਦ ਤੱਕ ਸਫ਼ਲ ਰਿਹਾ।

ਬਿਨਾਂ ਸ਼ੱਕ ਅੱਜ ਜੇਕਰ ਪੰਜਾਬੀ ਸਾਹਿਤ ਵਿੱਚ ਸਭ ਤੋਂ ਵੱਧ ਛਪਣ ਵਾਲੀ ਵਿਧਾ ਕਵਿਤਾ ਹੈ, ਤਾਂ ਵੱਧ ਪੜ੍ਹੀ ਜਾਣ ਵਾਲੀ ਵਿਧਾ ਕਹਾਣੀ ਹੈ। ਢਾਹਾਂ ਇਨਾਮ ਕਮੇਟੀ ਦੁਆਰਾ ਇਸ ਸਾਲ ਭਗਵੰਤ ਰਸੂਲਪੁਰੀ ਨੂੰ ਉਸਦੇ ਕਥਾ-ਕਿਤਾਬ 'ਡਲਿਵਰੀ ਮੈਨ ਕਰਕੇ ਸਨਮਾਨਿਤ ਕਰਨਾ, ਭਗਵੰਤ ਦੀ ਕਥਾ-ਦ੍ਰਿਸ਼ਟੀ ਦੇ ਨਾਲ-ਨਾਲ, ਕਹਾਣੀ ਦੀ ਲੋਕਪ੍ਰਿਅਤਾ ਦਾ ਵੀ ਸੰਕੇਤ ਹੈ। ਇਸ ਵੱਧ ਪੜ੍ਹੀਆਂ, ਸਲ੍ਹਾਹੀਆਂ ਅਤੇ ਚਰਚਿਤ ਰਹੀਆਂ ਕਹਾਣੀਆਂ ਵਿੱਚ ਭਗਵੰਤ ਰਸੂਲਪੁਰੀ ਦੀ ਕਹਾਣੀ 'ਨੇਲ ਪਾਲਿਸ਼' (ਜੋ ਤੀਜੇ ਜੈਂਡਰ ਨਾਲ ਸਬੰਧਤ ਇਨਸਾਨ ਨੂੰ ਇਨਸਾਨ ਦਾ ਦਰਜਾ ਦੁਆਉਣ ਲਈ ਜੱਦੋਜਹਿਦ ਹੈ), ਭੁਪਿੰਦਰ ਸਿੰਘ ਮਾਨ ਦੀ 'ਲਾਲ ਰੰਗਾ' (ਪ੍ਰਵਚਨ-ਕਸ਼ਮੀਰ ਦੀ ਰਹਿਤਲ ਤੇ ਸਮੇਂ-ਸਮੇਂ ਤੇ ਆਏ ਕਾਲੇ ਦਿਨਾਂ ਦੀ ਪੀੜਾ ਨੂੰ ਕਲਾਤਮਿਕਤਾ ਨਾਲ ਪੇਸ਼ ਕਰਦੀ), ਮਨਦੀਪ ਰਿੰਪੀ ਦੀ ਕਹਾਣੀ 'ਹਿਸਾਬ ਬਰਾਬਰ' (ਜੋ ਪਰਿਵਾਰਾਂ ਅੰਦਰਲੀ ਪਿਤਰੀ ਸੱਤਾ ਤੇ ਕਬੀਲਦਾਰੀ ਸੋਚ ਨੂੰ ਤਿੱਖੇ ਵਿਅੰਗ ਰਾਹੀਂ ਕਟਹਿਰੇ ਖੜ੍ਹਾ ਕਰਦੀ ਹੈ),ਜਤਿੰਦਰ ਮਾਹਲ ਦੀ 'ਮੋਕਸ਼', ਬੂਟਾ ਸਿੰਘ ਚੌਹਾਨ ਦੀ 'ਪਰਾਈ ਕਿੱਕਰਾਂ ਵਾਲਾ ਸੁਪਨਾ' (ਜਿਵੇਂ ਕੁਝ ਲੋਕ ਇਨਸਾਨੀ ਕਦਰਾਂ ਨੂੰ ਛਿੱਕੇ ਟੰਗ ਕੇ ਪ੍ਰਸਤੀ ਦੀ ਹੱਦ ਪਾਰ ਕਰਦਿਆਂ ਆਪਣੇ ਸਭ ਕਿੱਟ ਜਾਂ ਪਰਿਵਾਰ ਨੂੰ ਖਤਮ ਕਰਕੇ ਆਪਣੇ ਪੁੱਤ ਸਿੱਧਾ ਕਰਦੇ ਨੇ), ਹਰਕੀਰਤ ਚਹਿਲ ਦੀ 'ਬਲੈਕ ਵਿੱਡੋ, ਅਲਫਾਜ਼ ਦੀ ਕਹਾਣੀ 'ਭੁਭਾਰਤ (ਜੋ ਕਿ ਹੱਕ ਹਾਸਲ ਕਰਨ ਲਈ ਸੰਘਰਸ਼ਾਂ ਦੀ ਮਹੱਤਤਾ ਰੇਖਾਂਕਿਤ ਕਰਦੀ ਵਿਗਿਆਨਕ ਗਲਪ ਦੀ ਕਹਾਣੀ ਹੈ), ਰਾਜਪ੍ਰੀਤ ਬੈਨੀਵਾਲ ਦੀ ਕਹਾਣੀ 'ਕਬਰਾਂ ਵਿੱਚ ਉੱਗੇ ਫੁੱਲ',ਪ੍ਰਵੇਸ਼ ਸੰਧੂ ਦੀ 'ਪੈਰ ਦੀ ਜੁੱਤੀ', ਜਸਵਿੰਦਰ ਧਰਮਕੋਟ ਦੀ 'ਅਲ-ਨਕਬਾ', ਸੁਕੀਰਤ ਦੀ ਕਹਾਣੀ 'ਫੇ ਮੈ (ਜੋ ਇੱਕ ਲੇਖਕ ਦੇ 'ਵੀਸਾ ਅਰਥ ਮਿਸਿੰਗ ਆਉਟ ਭਾਵ 'ਨਾ ਛਪਣ ਤੇ ਗੁੰਮ ਜਾਣ ਦੇ ਡਰ ਨੂੰ ਉਭਾਰਦੀ ਐ, ਜਿਸ ਦੀ ਪ੍ਰਤੀਕ੍ਰਿਆ ਵਿੱਚ ਕਥਾਕਾਰ ਆਸ਼ਾਵਾਦੀ ਹੈ ਨੇ ਸੁਕੀਰਤ ਨੂੰ ਕੁਝ ਸਵਾਲ ਪੁੱਛੇ, ਜੋ ਸਿਰਜਣਾ-218 ਵਿੱਚ ਛਪੇ), ਜਗਵਿੰਦਰ ਜੋਧਾ ਦੀ 'ਪਰਖ ਕਾਲ', ਗੁਰਮੀਤ ਕੜਿਆਲਵੀ ਦੀ 'ਟਰੇਨ' (ਜਿਸ ਵਿੱਚ ਦੋ ਪਰਿਵਾਰ ਸਮਕਾਲੀ ਮੁੱਦਿਆਂ ਤੇ ਚਰਚਾ ਕਰਦੇ ਨੇ, ਪਰ ਸਫ਼ਰ ਦੇ ਅੰਤ ਵਿੱਚ ਪੁੱਜਦਿਆਂ ਉਨ੍ਹਾਂ ਅੰਦਰ ਵਸੀ ਸੰਕੀਰਨਤਾ ਸਪਸ਼ਟ ਰੂਪ ਵਿੱਚ ਸਾਹਮਣੇ ਆ ਜਾਂਦੀ), ਜਤਿੰਦਰ ਹਾਂਸ ਦੀ ਕਹਾਣੀ 'ਠੇਠਲੀ ਉੱਤੇ ਉਤਲਾ ਹੇਠ' (ਜਿਸ ਵਿੱਚ ਕਹਾਣੀ ਅੰਦਰ ਬੈਠੀ ਔਰਤ-ਵਿਰੋਧੀ ਜਗੀਰੂ ਸੋਚ ਨੂੰ ਖੂਬਸੂਰਤੀ ਨਾਲ ਪੇਸ਼ ਕੀਤਾ), ਜਸਵੀਰ ਸਿੰਘ ਰਾਣਾ ਦੀ ਕਹਾਣੀ 'ਕੁਚਜਨ ਕੇਸਰੀ ਅਤੇ ਦੀਪਤੀ ਬਬੂਟਾ ਦੀ 'ਤਿਤਲੀ ਦਾ ਵੀ ਦਿਲ ਹੁੰਦੈ (ਜੋ ਔਰਤ ਦੇ ਅੰਤਰ-ਮਨ ਦੀ ਵਿਥਿਆ ਬਿਆਨ ਕਰਦੀ ਐ) ਸ਼ਾਮਿਲ ਨੇ।

ਗੁਰਮੀਤ ਕੜਿਆਲਵੀ ਦੀ 'ਮੁਕਤੀ (ਸੁਰਤਿ, ਬਸੰਤ 2025) ਵੀ 'ਟਰੇਨ ਵਾਂਗ ਬੰਦੇ ਦੇ ਅੰਦਰ ਵਿੱਚ ਬੈਠੇ 'ਇੱਕ ਹੋਰ ਬੰਦੇ' ਨੂੰ ਫੜਨ ਲਈ ਰਣਵੀਰ ਨਾਂ ਦੇ ਕਹਾਣੀਕਾਰ ਪਾਤਰ ਦੀ ਪ੍ਰਸੰਸਕ ਔਰਤ (ਉਸਦੇ ਪਿਉ) ਦੁਆਲੇ ਬੜੀ ਕਲਾਤਮਿਕ ਕਹਾਣੀ ਹੈ। ਗੁਰਮੀਤ ਦੀਆਂ ਕਹਾਣੀਆਂ ਪੜ੍ਹਦਿਆਂ ਪਾਠਕ ਜਜ਼ਬਾਤ ਨਾਲ ਨਿਰੰਤਰ ਖਹਿੰਦਾ ਹੈ, ਤੇ ਇਹ ਵੱਡਾ ਸਮਾਜਿਕ ਸੁਨੇਹਾ ਦੇਣ ਵਿੱਚ ਕਾਮਯਾਬ ਰਹਿੰਦੀਆਂ। ਮੇਰੀ ਜਾਚੇ ਕਹਾਣੀ ਦੀ ਗੱਦ ਜਾਂ ਮੂਲ ਤਾਣਾ-ਬਾਣਾ ਕਿਸੇ 'ਸੁਨੇਹੇ' ਨੂੰ ਪਾਠਕ ਦੀ ਅੰਤਰ-ਆਤਮਾ ਅੰਦਰ ਘਰ ਕਰਨ ਦਾ ਸਾਧਨ ਹੁੰਦਾ। ਕਹਾਣੀ ਦੀ ਸਫਲਤਾ ਕਥਾ ਰਹੀ ਇਹ ਸੰਦੇਸ਼ ਪਾਠਕ ਨੂੰ ਦੱਸਣ ਜਾਂ ਸੁਣਾਉਣ ਤੱਕ ਸੀਮਤ ਨਾ ਰਹਿ ਕੇ, ਉਸ ਵਿੱਚ ਪਰਿਵਰਤਨ ਕਰਨ ਦੀ ਸੰਭਾਵਨਾ-ਸਮਰਥਾ ਦੇ ਅਨੁਪਾਤ ਵਿੱਚ ਸਮਝੀ ਜਾ ਸਕਦੀ ਹੈ। ਜਿੰਨਾ ਪਾਠਕ ਵੱਧ ਬਦਲੇਗਾ, ਕਹਾਣੀ ਉਨੀ ਕਾਮਯਾਬ। ਇਸ ਮਨੋਰਥ ਨੂੰ ਮੋਕਸ਼, ਵਿਰਸੇ ਜਾਂ ਆਸੇ-ਪਾਸੇ ਤੋਂ ਬਿਰਤਾਂਤ ਜਾਂ ਗੈਰ-ਮਾਨਵੀ (ਜੋ ਕਿਸੇ ਇੱਕ ਧਿਰ ਦਾ ਦਾਬਾ ਸਥਾਪਤ ਕਰਨ ਲਈ, ਦੂਜੇ ਪ੍ਰਤੀ ਹੀਣ-ਸੰਵੇਦਨਸ਼ੀਲ ਹੋਣ) ਰਵਾਇਤਾਂ ਦੇ ਰੂਪ ਵਿੱਚ ਹਾਸਲ ਵਰਤਾਰਿਆਂ ਨੂੰ ਚੁਣੌਤੀ ਦੇਣ ਦੇ ਰੂਪ ਵਿੱਚ ਵੇਖਦਾ ਹਾਂ। ਗੁਰਮੀਤ ਕੜਿਆਲਵੀ, ਭਗਵੰਤ ਰਸੂਲਪੁਰੀ, ਬੂਟਾ ਸਿੰਘ ਚੌਹਾਨ, ਅਲਫਾਜ਼, ਭੁਪਿੰਦਰ ਸਿੰਘ ਮਾਨ, ਜਗਵਿੰਦਰ ਜੋਧਾ, ਬੂਟਾ ਸਿੰਘ ਚੌਹਾਨ, ਮਨਦੀਪ ਰਿੰਪੀ, ਜਤਿੰਦਰ ਮਾਹਲ ਜਾਂ ਰਾਜਪ੍ਰੀਤ ਕੌਰ ਬੈਨੀਵਾਲ ਦੀਆਂ ਕਹਾਣੀਆਂ ਨੂੰ ਇਸ ਸੰਦਰਭ ਵਿੱਚ ਵੇਖਿਆ ਤੇ ਸਮਝਿਆ ਜਾ ਸਕਦਾ।

ਅਲਫਾਜ਼ ਇਸ ਸਾਲ ਸਭ ਤੋਂ ਵੱਧ ਛਪਣ ਵਾਲਾ ਕਥਾਕਾਰ ਰਿਹਾ। 2025 ਦੌਰਾਨ ਉਸਦੀਆਂ ਤੇਰ੍ਹਾਂ (13) ਕਹਾਣੀਆਂ ਸਾਹਿਤਕ ਪੱਤ੍ਰਿਕਾਵਾਂ ਵਿੱਚ ਛਾਇਆ ਹੋਈਆਂ। ਉਸਦੀਆਂ ਕਹਾਣੀਆਂ ਜੇਸਮੀਨ (ਸ਼ਬਦ - 111), ਦਲਦਲੀ (ਪ੍ਰਤੀਮਾਨ - 83), ਲੂਜ਼ਰ (ਰਾਗ, 18-19), ਭੁਭਾਰਤ (ਤਾਸਮਨ 17) 'ਅਕਿੱਰਾ' (ਰਿਰਾਗ 127), ਸਟੋਪ ਬੈਕ (ਰਿਰਾਗ - 128) ਜੇਲ੍ਹ ਦੀ ਰੋਟੀ (ਪ੍ਰਤੀਮਾਨ 85), ਆਊਟਸਾਈਡਰ (ਅੱਖਰ, 2025 ਦਾ ਚੌਥਾ ਅੰਕ), ਮੋਹ (ਕਹਾਣੀ ਧਾਰਾ 77), ਕੀੜਾ (ਸਿਰਜਣਾ 218), ਇੱਕਲੂਸੇਵਰ (ਹੁਣ - 50), ਰਿਸਮ (ਪ੍ਰਵਚਨ - 100+101) ਅਤੇ ਜੁਗਾੜ (ਸਮਕਾਲੀ ਸਾਹਿਤ - 122) ਵਿਗਿਆਨਕ ਗਲਪ ਦੀ ਪੁੱਠ ਕਰਕੇ ਨੌਜਵਾਨ ਵਰਗ ਵਿੱਚ ਵੱਧ ਪੜ੍ਹੀਆਂ ਗਈਆਂ ਬੂਟਾ ਸਿੰਘ ਚੌਹਾਨ ਆਪਣੀਆਂ ਕਹਾਣੀਆਂ ਰਾਹੀਂ ਪੇਂਡੂ ਰਹਿਤਲ ਵਿੱਚ ਸਮਾਜਿਕ ਰਿਸ਼ਤਿਆਂ ਦੀਆਂ ਗੁੰਝਲਾਂ ਨੂੰ ਬੜੀ ਰੋਚਿਕਤਾ ਨਾਲ ਰੇਖਾਂਕਿਤ ਕਰਦਾ ਹੈ। ਲੰਘੇ ਸਾਲ ਦੌਰਾਨ ਉਸਦੀਆਂ ਕਹਾਣੀਆਂ ਇੱਕ ਸੀ ਛੱਤ (ਸਮਕਾਲੀ ਸਾਹਿਤ - 122), ਮੇਰਾ ਕੀ ਕਸੂਰ (ਰਾਗ 20-21), ਪੱਕਾ ਪੱਲ (ਹੁਣ-51), ਜੰਮੀ ਹੋਈ ਝੀਲ (ਅੱਖਰ, ਜੁਲਾਈ-ਸਤੰਬਰ ਅੰਕ) ਅਤੇ ਪਰਾਈ ਕਿੱਕਰਾਂ ਵਾਲਾ ਸੁਪਨਾ (ਕਹਾਣੀ ਪੰਜਾਬ 105) ਸਾਹਮਣੇ ਆਈਆਂ, ਜੋ ਕਿ ਪਰਿਵਾਰਕ ਗੁੰਝਲਾਂ ਅਤੇ ਸਮਾਜਿਕ ਸਰੋਕਾਰਾਂ ਨੂੰ ਕਲੇਵਰ ਵਿੱਚ ਲੈਂਦੀਆਂ। ਚੌਹਾਨ ਨਿੱਕੇ-ਨਿੱਕੇ ਸਪਾਟ ਵਾਕਾਂ ਰਾਹੀਂ ਕਥਾ-ਤੰਦਾਂ ਨੂੰ ਕਥਾ-ਰਸ ਨਿਰੰਤਰ ਕਾਇਮ ਰੱਖਦਾ। ਦੇਸੀ-ਠੁੱਕਦਾਰ, ਮੁਹਾਵਰੇਦਾਰ ਭਾਸ਼ਾ ਉਸਦੀ ਕਥਾ ਨੂੰ ਰਸਦਾਇਕ ਬਣਾਉਂਦੀ ਹੈ। ਉਸਦੇ ਪਾਤਰ ਕਾਵਿਕ, ਗੈਰ-ਸ਼ਾਬਦਿਕ ਇਸ਼ਾਰਿਆਂ ਨਾਲ ਜਿਵੇਂ ਗੱਲਾਂ ਕਰਦੇ, ਸਮਝਦੇ ਤੇ ਸਮਝਾਉਂਦੇ ਹਨ, ਕਿਵੇਂ ਸਮਾਜ ਦੀਆਂ ਗੁੱਝੀਆਂ ਲੁਕੀਆਂ ਰਮਜ਼ਾਂ ਉਸਦੀ ਕਥਾ-ਦ੍ਰਿਸ਼ਟੀ ਵਿੱਚ ਸਾਕਾਰ ਹੁੰਦੀਆਂ, ਪਾਠਕ ਨੂੰ ਇੱਕ ਨਵੇਂ ਸੰਸਾਰ ਦੇ ਰੂਬਰੂ ਕਰਦੀਆਂ ਨੇ, ਇਹ ਗੱਲ ਉਸਦੀ ਕਹਾਣੀ 'ਪੱਕਾ ਪੱਲ' (ਹੁਣ-51) ਨੂੰ ਪੜ੍ਹ ਕੇ ਬਾਖ਼ੂਬੀ ਸਮਝੀ ਜਾ ਸਕਦੀ ਐ, "ਡੋਜੀ ਸਰੂਰਿਆ ਗਿਆ। ਉਹਦੀਆਂ ਚਾਹ ਦੀਆਂ ਡਰੀਆਂ ਜਾਣ ਵਾਲੀਆਂ ਘੁੱਟਾਂ ਛੋਟੀਆਂ ਹੋਣ ਲੱਗੀਆਂ। ਫੇਰ ਹੋਰ ਛੋਟੀਆਂ। ਫੇਰ ਬੁੱਲ੍ਹ ਹੀ ਗਿਲੇ ਕਰਨੇ ਸ਼ੁਰੂ ਕਰ ਦਿੱਤੇ। ਕੰਮ ਕੋਇਆਂ ਬਾਰੀ ਸਭ ਕੁਝ ਤਾੜ ਰਹੀ ਸੀ। ਉਹ ਕੰਮ ਤਾਂ ਕੋਈ ਕਰਦੀ ਨਹੀਂ ਸੀ। ਬੰਦੇ ਤਾੜ ਕੇ, ਬੰਦੇ ਝਾੜ ਕੇ ਘਰ ਤੋਰਦੀ ਸੀ।"

ਜੋਗੇ ਭੰਗਲ (ਕੋਈ ਨਵਾਂ ਦੇਸ ਪੰਜਾਬ, ਸਿਰਜਣਾ - 215), ਇੱਥੇ ਦਰੋਣਾਚਾਰੀਆ ਰਹਿੰਦਾ ਹੈ (ਤਾਸਮਨ 17), ਜੀਹਨੇ ਮੇਰਾ ਦਿਲ ਲੁੱਟਿਆ (ਕਹਾਣੀ ਧਾਰਾ - 77) ਨਿਰੰਤਰ ਕਹਾਣੀ ਨਾਲ ਜੁੜਿਆ ਹੈ, ਪਰ ਉਸਦੀ ਕਹਾਣੀ ਕੋਈ ਨਵੀਂ ਅੰਤਰ-ਦ੍ਰਿਸ਼ਟੀ ਦੇਣ ਵਿੱਚ ਅਸਫ਼ਲ ਰਹਿ ਕੇ ਪਾਠਕ ਨੂੰ ਟੁੰਬਣ ਵਿੱਚ ਅਸਫ਼ਲ ਹੈ। ਇਹੀ ਹਾਲ ਰੋਜ਼ੀ ਸਿੰਘ (ਇਮਤਿਹਾਨ, ਰਾਗ, ਅੰਕ 20+21) ਦਾ ਹੈ। ਜੁਗਾੜ, ਹਿਸਾਬ ਬਰਾਬਰ ਕਹਾਣੀਆਂ ਦੀ ਇਸ ਸਾਲ ਖ਼ੂਬ ਚਰਚਾ ਹੋਈ। ਗਜ਼ਲਗੋ ਤੇ ਚਿੰਤਕ ਜਗਵਿੰਦਰ ਜੋਧਾ ਨੇ 'ਪਰਖ ਕਾਲ' (ਰਾਗ 18/19) ਰਾਹੀਂ ਸਿੱਖਿਆ ਦੇ ਨਿੱਜੀਕਰਣ ਅਤੇ ਇਨਸਾਨੀ ਰਿਸ਼ਤਿਆਂ ਦੇ ਤਣਾਉ-ਟਕਰਾਉ ਨੂੰ ਬਾਖ਼ੂਬੀ ਪੇਸ਼ ਕੀਤਾ। ਦੀਪਤੀ ਬਬੂਟਾ ਦੀ ਕਹਾਣੀ 'ਤਿਤਲੀ ਦਾ ਵੀ ਦਿਲ ਹੁੰਦੈ' (ਰਾਗ, 20/21) ਇੱਕ ਮਾਰਮਿਕ ਕਹਾਣੀ ਹੈ, ਜਿਸਦੀ ਸੂਖਮ ਬੁਣਤੀ ਪਾਠਕ ਦਾ ਦਿਲ ਟੁੰਬਦੀ ਹੈ। ਨਿਰੰਜਣ ਬੋਹਾ (ਹੁਣ ਮੈਂ ਤਿਆਰ ਹਾਂ, ਰਾਗ 18/19) ਵਿੱਚ ਪਿਤਰੀ-ਸੱਤਾ ਵਿੱਚ ਪਿਸਦੀ ਔਰਤ ਦੀ ਤਰਾਸਦੀ ਨੂੰ ਬਿਆਨਦੇ। ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਟਰੇਨ (ਤਾਸਮਨ 16) ਤੇ 'ਮੁਕਤੀ (ਹੁਣ - 50) ਸਿਆਸਤ ਦੀਆਂ ਖ਼ਾਮੀਆਂ ਨੂੰ ਉਭਾਰਨ ਵਾਲੀਆਂ ਤਾਕਤਵਰ ਕਹਾਣੀਆਂ ਨੇ। ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ 'ਨੇਲਪਾਲਿਸ਼' (ਸਿਰਜਣਾ 217) ਅਤੇ ਦਾਬਾ (ਹੁਣ - 50) ਵਿੱਚ ਨਵੀਂ ਗੱਲ ਨਵੇਂ ਅੰਦਾਜ਼ ਵਿੱਚ ਕਹਿਣ ਦੇ ਹੁਨਰ ਦੀ ਪ੍ਰੋੜਤਾ ਕਰਦੀਆਂ। ਸਿਮਰਨ ਧਾਲੀਵਾਲ 'ਧੀਆਂ-ਪੁੱਤ (ਹੁਣ-51) ਰਾਹੀਂ ਪਰਿਵਾਰਕ ਤਣਾਉ ਦੀ ਪੇਸ਼ਕਾਰੀ ਕਰਦੀਆਂ ਇਸ਼ਾਰੇ ਵਿੱਚ ਗੱਲ ਮੁਕਾਉਂਦਾ, "ਦੋਨੋਂ ਜਾਣੀਆਂ ਰੋਂਦੀਆਂ ਰਹੀਆਂ। ਬਿਨਾਂ ਕੁਝ ਬੋਲੇ। ਬਿਨਾਂ ਕੁਝ ਦੱਸੇ। ਦੋਨੋਂ ਜਾਣਦੀਆਂ ਸਨ। ਕੌਣ ਕਿਸਨੂੰ ਰੋ ਰਿਹਾ ਹੈ?" ਇਹ ਰਮਜ਼ਾਂ ਹੀ/ਵੀ ਕਹਾਣੀ ਨੂੰ ਮੁਕਮੀ ਬਣਾਉਂਦੀਆਂ।ਅਜਿਹਾ ਭਗਵੰਤ ਰਸੂਲਪੁਰੀ ਦੀ ਕਹਾਣੀ 'ਮਿੱਟੀ' (ਰਾਗ 18/19) ਦਾ ਅੰਤ ਪੜ੍ਹਦਿਆਂ ਵੀ ਮਹਿਸੂਸ ਕਰਦੇ ਹਾਂ-

"ਅਵਤਾਰ ਦੇ ਚਿਹਰੇ 'ਤੇ ਪਿਲੱਤਣ ਫੈਲ ਜਾਂਦੀ ਏ।
ਮੈਂ ਤ੍ਰਬਕ ਕੇ ਬਾਪੂ ਜਰਨੈਲ ਵੱਲ ਵੇਖਦਾ ਹਾਂ।
ਮੇਰੇ ਪੈਰਾਂ ਹੇਠੋਂ ਮਿੱਟੀ ਖਿਸਕ ਜਾਂਦੀ ਏ।"

ਪਰਮਜੀਤ ਮਾਨ ਦੀ 'ਤੁੰਬਾਪੂ ਨਾਲ ਗੱਲ ਨਾ ਕਰੀਂ' (ਸਿਰਜਣਾ - 217) ਕਰੋਨਾਕਾਲ ਦੀ ਝਾਕ ਵਿੱਚ ਘਰੋਂ-ਬੇਘਰ ਹੋਏ ਬੰਦੇ ਦੇ ਪਰਿਵਾਰ ਵਿਚਲੀ ਉਥਲ-ਪੁੱਥਲ ਨੂੰ ਪੇਸ਼ ਕਰਦੀ ਲੰਮੀ ਕਹਾਣੀ ਹੈ, ਜਿਸ ਵਿੱਚ ਪਰਿਵਾਰਕ ਜੀਵਨ ਦੇ ਅਨੇਕ ਪਾਸਿਆਂ ਨੂੰ ਛੋਹਣ ਦਾ ਯਤਨ ਹੈ। ਮਾਨ ਆਪਣੇ ਕਥਾ-ਸੰਸਾਰ ਵਿੱਚ ਆਪਣੇ ਸਮੁੰਦਰੀ ਅਨੁਭਵ ਨੂੰ ਬਾਖ਼ੂਬੀ ਪੇਸ਼ ਕਰਦਾ। ਅਜਮੇਰ ਸਿੱਧੂ ਦੀ ਕਹਾਣੀ 'ਨਵੇਂ ਅਵਤਾਰ' (ਹੁਣ - 50) ਮਸਨੂਈ ਅਕਲ ਦੀ ਆਮਦ ਦੇ ਜਨ-ਸਾਧਾਰਣ ਤੇ ਪੈਣ ਵਾਲੇ ਅਸਰਾਂ ਦਾ ਮੁਤਾਲਿਆ ਕਰਨ ਦੇ ਨਾਲ-ਨਾਲ ਕਿਰਤ ਦੀ ਸਦੀਵੀ ਲੋੜ ਨੂੰ ਉਭਾਰਨ ਵਾਲੀ ਕਹਾਣੀ ਹੈ, ਜੋ ਪੂੰਜੀਵਾਦ ਤੇ ਮਸ਼ੀਨੀਕਰਨ ਦੇ ਵਧਦੇ ਪਸਾਰੇ ਵਿੱਚ ਕਿਰਤ ਤੇ ਕਾਮਿਆਂ ਦੀ ਮਹੱਤਤਾ ਰੇਖਾਂਕਿਤ ਕਰਕੇ ਇੱਕ ਵੱਡਾ ਸੁਨੇਹਾ ਦਿੰਦੀ ਹੈ। ਇਸੇ ਅੰਕ ਵਿੱਚ ਭਗਵੰਤ ਰਸੂਲਪੁਰੀ ਦੀ 'ਦਾਬਾ' ਉਨ੍ਹਾਂ ਮੁੱਠੀ ਭਰ ਕਹਾਣੀਆਂ ਵਿੱਚ ਸ਼ੁਮਾਰ ਕਰ ਸਕਦੇ ਹਾਂ, ਜਿਨ੍ਹਾਂ ਦਾ ਸਿਰਲੇਖ ਕਹਾਣੀ ਦਾ ਹਿੱਸਾ ਬਣਦੇ, ਕਥਾ ਨੂੰ ਸੰਪੂਰਨ ਕਰਦਾ। ਸਿਰਲੇਖ ਬਿਨਾਂ ਕਹਾਣੀ ਪ੍ਰਵਾਹ+ਬਿਰਤਾਂਤ ਨੂੰ ਸਮਝਿਆ ਨਹੀਂ ਜਾ ਸਕਦਾ। ਕਹਾਣੀ ਦੀ ਅੰਤਰੀਵ ਪਰਤ ਸਮਾਜ ਦੇ ਵਿਭਿੰਨ ਪਸਾਰਾਂ ਦੇ ਦਾਬੇ ਦਾ ਵਿਅਕਤੀਗਤ (ਹੀ ਨਹੀਂ ਸਮਾਜਿਕ ਧੱਧਰ ਤੇ ਵੀ) ਮਾੜਾ ਅਸਰ ਪੇਸ਼ ਕਰਕੇ ਕਹਾਣੀਕਾਰ ਵੱਡੇ ਸਰੋਕਾਰਾਂ ਨੂੰ ਸੰਬੋਧਿਤ ਹੋਇਆ। ਪਰਗਟ ਸਤੌਜ ਦੀ ਕਹਾਣੀ 'ਨਦੀ ਰਾਹ ਨਾ ਜਾਣਦੀ ਵਿਚਲਾ ਸਾਹਿਤ ਦੀ ਬਣਾਵਟੀ ਸੰਸਥਾ ਦੀ ਕਾਇਮੀ ਲਈ ਸਮਾਜਿਕ ਕਾਨਾ-ਫੂਸੀ ਤੋਂ ਬੇਪ੍ਰਵਾਹ ਹੋ ਕੇ ਜੀਵਨ ਦੇ ਵਿਭਿੰਨ ਵਰਤਾਰਿਆਂ ਨੂੰ ਸਵੀਕਾਰ ਕਰਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੀ ਹੈ। ਜਿੰਦਰ ਨੇ 'ਬੋਹ ਵਿੱਚ ਆਪਣਾ ਪੁਰਾਣਾ ਕਥਾ-ਪੈਟਰਨ ਜਾਰੀ ਰੱਖਿਆ।ਜਸਵਿੰਦਰ ਰੱਤੀਆਂ ਦੀ ਕਹਾਣੀ 'ਬਿੰਬ (ਕਹਾਣੀ ਧਾਰਾ 79) ਨਵਾਂ ਨਜ਼ਰੀਆ ਪੇਸ਼ ਕਰਦੀ ਹੈ।

ਗੁਰਪ੍ਰੀਤ ਸਹਿਜੀ ਦੀ ਕਹਾਣੀ 'ਪੁੱਠੇ ਸਮਿਆਂ ਦਾ ਗੇੜ' (ਹੁਣ - 51) ਵਿਦੇਸ਼ੀ ਪਰਿਵਾਰਾਂ ਦੇ ਭਾਰਤ ਰਹਿੰਦੇ ਬਜ਼ੁਰਗਾਂ ਦੀ ਮੌਤ ਤੇ ਉਨ੍ਹਾਂ ਦੀਆਂ ਅੰਤਿਮ ਰਸਮਾਂ ਕਰਨ ਦਾ ਧੰਦਾ ਕਰਨ ਵਾਲਿਆਂ ਦਾ ਪਾਜ ਉਘਾੜਦੀ ਹੈ। ਹਰਕੀਰਤ ਚਹਿਲ ਦੀ ਕਹਾਣੀ 'ਬਲੈਕ ਵਿੱਡੋ ਵਿਦੇਸ਼ ਵਿੱਚ ਰਹਿੰਦੀਆਂ ਮੁਟਿਆਰਾਂ ਰਾਹੀਂ, ਇੱਧਰੋਂ-ਉੱਧਰ ਨਵੇਂ-ਨਵੇਂ ਗਏ ਨੌਜਵਾਨਾਂ ਨਾਲ ਸ਼ੋਸ਼ਣ ਹੋਣ ਉਪਰੰਤ ਖੁਦਕਸ਼ੀ ਦੇ ਰਾਹ ਪੈਣ ਦੀ ਦਰਦਨਾਕ ਗਾਥਾ ਬਿਆਨ ਕਰਦੀ ਹੈ। ਪ੍ਰਵੇਸ਼ ਸੰਧੂ ਦੀ ਕਹਾਣੀ ਪੈਰ ਦੀ ਜੁੱਤੀ (ਰਿਰਾਗ, 127) ਰਵਾਇਤੀ ਸੋਚ ਨਾਲ ਟਕਰਾਉਣ ਤੇ ਇੱਕ ਮੁਟਿਆਰ ਦੇ ਜੀਵਨ ਵਿੱਚ ਆਉਣ ਵਾਲੀ ਉੱਥਲ-ਪੁਥਲ ਨੂੰ ਜ਼ੁਬਾਨ ਦਿੰਦਿਆਂ 'ਪੈਰ ਦੀ ਜੁੱਤੀ ਦੇ ਮੈਟਾਫਰ ਨੂੰ ਵੱਖਰੇ ਅਰਥਾਂ ਵਿੱਚ ਕਿਵੇਂ ਬਦਲਦੀ ਐ, ਇਹ ਕਹਾਣੀ ਪੜ੍ਹ ਕੇ ਹੀ ਸਮਝਿਆ / ਮਹਿਸੂਸਿਆ ਜਾ ਸਕਦੈ।ਉਸਦੀ ਸੁਰਤਿ-3 ਵਿੱਚ ਛਪੀ ਕਹਾਣੀ 'ਪਰਹੀਣ ਪਛਿੰਦੇ' ਵਿੱਚ ਕਸ਼ਮਕਸ਼ੀ 'ਗਦਗਾ - 79 ਵਿੱਚ ਛਪੀ 'ਛੱਤ ਪਰੂ ਅਸਮਾਨ ਜੀਵਨ ਜਿਊਣ ਦਾ ਨਵਾਂ ਨਜ਼ਰੀਆ ਦਿੰਦੀਆਂ ਨੇ। ਆਗਾਜ਼ਬੀਰ ਦੀ ਕਹਾਣੀ 'ਟਿਕਟ' (ਸੁਰਤਿ-4) ਵਿਆਹ-ਬਾਹਰੇ ਸਬੰਧਾਂ ਦੀ ਮਜਬੂਰੀ ਨੂੰ ਰੇਖਾਂਕਿਤ ਕਰਦੀ ਕਹਾਣੀ ਸ਼ਹਿਰੀ-ਪੇਂਡੂ ਦੀ ਸਮਾਜਿਕ ਲੋੜ ਨੂੰ ਕਾਟੇ ਹੇਠ ਲਿਆਉਂਦੀ ਹੈ ਗੁਰਮੀਤ ਕੜਿਆਲਵੀ ਦੀ ਕਹਾਣੀ 'ਕਿਤਾਬ ਵਰਗੀ ਕੁੜੀ-ਮੁੰਡੇ ਦੀ ਕਹਾਣੀ (ਤਾਸਮਨ - 16) ਪੂੰਜੀਵਾਦ ਦੇ ਪਸਾਰੇ ਤੇ ਦੌਲਤ ਦੇ ਕੁਝ ਹੱਥਾਂ ਵਿੱਚ ਸੀਮਤ ਹੋਣ ਤੇ ਆਮ ਬੰਦੇ ਦੀ ਹੋਣੀ ਨੂੰ ਇੱਕ ਪ੍ਰੇਮ-ਕਥਾ ਰਾਹੀਂ ਪੇਸ਼ ਕਰਦੀ ਕਹਾਣੀ ਸਮਾਜ ਤੇ ਸਿਆਸਤ ਦੇ ਬੰਦੇ ਗਠਜੋੜ ਨੂੰ ਸਮਝਣ ਦੇ ਨਾਲ-ਨਾਲ ਸਮਾਜਿਕ ਨਿਜ਼ਾਮ ਲਈ ਪ੍ਰਸ਼ਨਾ ਵੀ ਦਿੰਦੀ ਹੈ।ਅਜਿਹੀਆਂ ਕਹਾਣੀਆਂ ਹਮੇਸ਼ਾ ਸਮੇਂ ਦੀ ਲੋੜ ਹੁੰਦੀਆਂ।

ਸਵਾਮੀ ਸਰਬਜੀਤ ਦੀ ਕਹਾਣੀ ਵਿਚਲੀ ਨਾਟਕੀਅਤਾ ਪਾਠਕ ਨੂੰ ਅੰਤ ਤੱਕ ਨਾਲ ਜੋੜੀ ਰੱਖਦੀ ਹੈ। ਉਸਦੀਆਂ ਇਸ ਸਾਲ ਛਪੀਆਂ ਕਹਾਣੀਆਂ ਵਿੱਚ 'ਕਾਸ਼!!! (ਰਾਗ - 18/19) ਇਸ ਨਜ਼ਰ ਤੋਂ ਵੇਖੀ-ਸਮਝੀ ਜਾ ਸਕਦੀ ਹੈ।ਮੋਜ਼ਰ ਮਾਂਗਟ ਦੀ ਕਥਾ-ਦ੍ਰਿਸ਼ਟੀ ਪ੍ਰਵਾਸ ਦੇ ਜੀਵਨ ਤੇ ਪਾਰ ਜਾਂਦੀ ਹੈ, ਜੋ ਘੁੰਮਣਘੇਰ (ਸਿਰਜਣਾ -215) ਅਤੇ ਡਾਰਕ ਜ਼ੋਨ (ਤਾਸਮਨ 17) ਅਤੇ ਗਿੱਠਮੁਠੀਏ (ਰਾਗ 18/19) ਵਿੱਚ ਮਹਿਸੂਸ ਕੀਤੀ ਜਾ ਸਕਦੀ ਹੈ। ਕਰਮਜੀਤ ਸਿੰਘ ਨਡਾਲਾ ਦੀਆਂ ਇਸ ਸਾਲ ਛਪੀਆਂ ਕਹਾਣੀਆਂ ਵਿੱਚ ਅੰਦਰਾ ਕੋਲਾ (ਰਾਗ 18/19), 'ਚੈਰੀ ਦੇ ਫੁੱਲ (ਤਾਸਮਨ-17) ਅਤੇ ਇਨਕਲਾਬੀ ਭਾਫ਼ (ਏਕਮ 54) ਵਿੱਚ ਸਮਾਜ ਦੇ ਵਿਭਿੰਨ ਰੰਗਾਂ ਦੀ ਪੇਸ਼ਕਾਰੀ ਹੈ।ਅਨੇਮਨ ਸਿੰਘ '13 ਜੋ ਤੇਰਾ ਨਹੀਂ (ਤਾਸਮਨ 18) ਵਿੱਚ ਹਾਸ਼ੀਆਗ੍ਰਸਤ ਸਮਾਜ ਦੀ ਗਾਥਾ ਬਿਆਨ ਕਰਦਾ। ਵਿਦੇਸ਼-ਸਾਹਿਤ ਨੂੰ ਪੰਜਾਬੀ ਵਿੱਚ ਪੇਸ਼ ਕਰਨ ਵਾਲੇ ਪਰਮਜੀਤ ਢੀਂਗਰਾ ਦੀਆਂ ਦੋ ਕਹਾਣੀਆਂ 'ਲਵ ਸਿੰਡਰੋਮ (ਕਹਾਣੀ ਧਾਰਾ 79) ਅਤੇ 'ਬਡਲ 'ਚੋਂ ਉਡਦੀਆਂ ਤਿਤਲੀਆਂ (ਏਕਮ-54) ਮੁਹੱਬਤ ਦੀ ਨਵੀਂ ਪਰਿਭਾਸ਼ਾ ਘੜਦੀਆਂ। ਸਾਧੂ ਸਿੰਘ, (ਦੜਾ, ਸਿਰਜਣਾ -215), ਅਲੀ ਉਸਮਾਨ ਬਾਜਵਾ (ਗੁੱਡੀ ਸੱਟ, ਸਿਰਜਣਾ -215), ਜਸਵੰਤ ਰਾਏ (ਇੱਕ ਬੱਤੀ ਵਾਲਾ ਮੀਟਰ, ਸਿਰਜਣਾ - 215), ਮਹਿੰਦਰਪਾਲ ਸਿੰਘ ਧਾਲੀਵਾਲ (ਨਵਾਂ ਕਲਯੁਗ, ਸਿਰਜਣਾ - 218), ਸੁਰਿੰਦਰ ਗੀਤ (ਨੀਵਾਂ ਕੌਣ, ਸਮਕਾਲੀ ਸਾਹਿਤ-120), ਕੀ ਭਰਵਾਸਾ (ਜਸਪਾਲ ਮਾਨਖੇੜਾ, ਸਮਕਾਲੀ ਸਾਹਿਤ - 122), ਜਸਪਾਲ ਕੌਰ (ਬਾਕ, ਸਮਕਾਲੀ ਸਾਹਿਤ-122), ਵਿਪਨ ਗਿੱਲ (ਛਲੇਡਾ, ਤਾਸਮਨ - 16), ਅਮਨਪ੍ਰੀਤ ਸਿੰਘ ਮਾਨ (ਗਤੀ, ਤਾਸਮਨ 16) ਤੇ ਬਲਵਿੰਦਰ ਬੁੱਲਟ (ਕਿਸ਼ਨ ਕਨ੍ਹੱਈਆ, ਤਾਸਮਨ 18) ਇਸ ਸਾਲ ਪੜ੍ਹੀਆਂ ਗਈਆਂ ਕਹਾਣੀਆਂ ਨੇ।

ਚੌਧਰੀਆਂ ਦੀ ਕੁੜੀ (ਜਸਵੀਰ ਮਾਨ, ਰਾਗ 20/21), ਇਮਤਿਹਾਨ (ਰੋਜ਼ੀ ਸਿੰਘ, ਰਾਗ 20/21), ਫੈਸਲੇ ਤੋਂ ਪਹਿਲਾਂ (ਬਿੰਦਰ ਬਸਰਾ, ਰਾਗ 20/21), ਹੁਣ ਤਿਆਰ ਹਾਂ ਮੈਂ (ਨਿਰੰਜਣ ਬੋਹਾ, ਰਾਗ 18/19) ਅਤੇ ਚੂਹਾ (ਅੱਬਾਸ ਹੁਸੈਨੀ, ਕਹਾਣੀ ਧਾਰਾ 77) ਵੀ 2025 ਦੌਰਾਨ ਪਾਠਕਾਂ ਦੇ ਰੂਬਰੂ ਹੋਈਆਂ। ਡਾ: ਸੋਮਾ ਸਬਲੋਕ (ਜਨਮ ਸਫ਼ਲਾ ਹੋਇਆ ਮੈਂਢਾ - ਬਲੈਕ ਆਈਸ, ਕਹਾਣੀ ਧਾਰਾ 77 + 79), ਅੰਬਰ ਹੁਸੈਨੀ (ਕਮਰਾ, ਕਹਾਣੀ ਧਾਰਾ 79), ਸੁਰਿੰਦਰ ਗੀਤ (ਕੀ ਕਦੀ ਏਦਾਂ ਵੀ, ਕਹਾਣੀ ਧਾਰਾ 79), ਰਵਿੰਦਰ ਰੁਪਾਲ ਕੋਲਗੜ੍ਹ (ਦੀਪ, ਕਹਾਣੀ ਧਾਰਾ 77), ਨਿਰੰਜਣ ਬੋਹਾ (ਗੁੰਗਾ ਇਨਕਲਾਬ, ਕਹਾਣੀ ਧਾਰਾ 76), ਬਲਬੀਰ ਪਰਵਾਨਾ (ਨਰੋਏ ਦਾ ਪਿਉ, ਕਹਾਣੀ ਧਾਰਾ 76) ਅਤੇ ਸਰਬਜੀਤ ਸੋਹਲ (ਮੈਂ ਹਾਲੇ ਜਿਉਂਦਾ ਹਾਂ, ਕਹਾਣੀ ਧਾਰਾ 76)ਨੂੰ ਪਾਠਕਾਂ ਨੇ ਚੰਗਾ ਹੁੰਗਾਰਾ ਦਿੱਤਾ। ਅਮਰਜੀਤ ਮਾਨ (ਰਾਤ੍ਹ ਦਾ ਇੱਕ ਦਿਨ, ਰਾਗ 18/19) ਦੀ ਕਹਾਣੀ ਪੜ੍ਹ ਕੇ ਸਾਨੂੰ ਮਾਲਵਾ ਖ਼ਿੱਤੇ ਦਾ ਪੇਂਡੂ ਜੀਵਨ ਅਤੇ ਜ਼ਰਾਇਤ ਪ੍ਰਣਾਲੀ ਸਮਝ ਲੱਗਦੀ ਹੈ, ਜਦੋਂ ਕਿ ਹਰਵਿੰਦਰ ਫ਼ੂਕੇ (ਗੁੜਗੰਢਾਰਾ, ਰਾਗ 18/19) ਪਰਿਵਾਰਕ ਪੱਧਰ ਦੀਆਂ ਗੁੰਝਲਾਂ ਰਾਹੀਂ ਕਹਾਣੀ ਦੀ ਸੂਖਮਤਾ ਨੂੰ ਜ਼ਰਬ ਦਿੰਦਾ ਹੈ।

ਅਤਰਜੀਤ ਦੀ ਲੰਮੀ ਦੇਰ ਬਾਦ ਕਹਾਣੀ 'ਸਵੱਛ ਭਾਰਤ (ਏਕਮ 55) ਸਾਹਮਣੇ ਆਈ। ਸਰਘੀ (ਡੰਗ, ਰਾਗ 18-19), ਸਿਮਰਨਧਾਲੀਵਾਲ (ਪ੍ਰਤੀਤ ਹੁਣ ਪੇਸ਼ਾਨ ਨਹੀਂ ਕਰਦੀ, ਸੁਰਤਿ 3), ਮੁਖਤਾਰ ਗਿੱਲ (ਔਧਵਾਟੇ, ਸੁਰਤਿ-3),ਅਰਵਿੰਦਰ ਕੌਰ ਧਾਲੀਵਾਲ (ਤੇਰੇ ਬਿਨਾਂ ਮੈਂ ਨਾ ਬਚਦੀ, ਸੁਰਤਿ 4), ਸਰਬਜੀਤ ਕੌਰ ਸੋਹਲ (ਮੈਂ ਹਾਲੇ ਜਿਊਂਦਾ ਹਾਂ , ਕਹਾਣੀ ਧਾਰਾ-76, 'ਪੁੱਠੀ ਬਾਜ਼ੀ' (ਸ਼ਬਦ-109), ਅਜਮੇਰ ਰੋਡੇ (ਹਜ਼ਾਰਾਂ ਮੀਲ ਲੰਮੀ ਬਾਂਹ, ਹੁਣ - 50), ਅਜਮੇਰ ਸਿੱਧੂ (ਨਵੇਂ ਅਵਤਾਰ, ਹੁਣ - 50), ਗੁਰਮੀਤ ਪਨਾਗ (ਪੱਲੇ-ਪੱਲੇ, ਸੁਰਤਿ - 3), ਭੁਪਿੰਦਰ ਸਿੰਘ ਮਾਨ (ਦੂਜੀ ਦੇਹੀ, ਰਿਰਾਗ 126), ਮੁਕਤੀ (2025 ਦਾ ਤੀਜਾ ਅੰਕ), ਲਾਲ ਰੰਗਾ (ਹੁਣ - 50), ਸੋਮਾ ਸਬਲੋਕ ਦੀ ਬਲੈਕ ਆਈਸ (ਕਹਾਣੀ ਧਾਰਾ - 79), ਪਰਮਜੀਤ ਸਿੰਘ ਮਾਨ ਤੂੰ ਬਾਪੂ ਨਾਲ ਗੱਲ ਕਰੀਂ',(ਸਿਰਜਣਾ 217), ਸੁਕੀਰਤ 'ਫੇ ਮੋ, ਸਿਰਜਣਾ 217), ਦੀਪਤੀ ਬਬੂਟਾ (ਠੂਠਾ, ਅੱਖਰ, 2025 ਦਾ ਤੀਜਾ ਅੰਕ), ਬੂਟਾ ਸਿੰਘ ਚੌਹਾਨ (ਪਰਾਈ ਕਿੱਕਰਾਂ ਵਾਲਾ ਸੁਪਨਾ, ਕਹਾਣੀ ਪੰਜਾਬ, 105), ਜੰਮੀ ਹੋਈ ਝੀਲ (ਅੱਖਰ, 2025 ਦਾ ਤੀਜਾ ਅੰਕ), ਪੱਕਾ ਪੱਲ (ਹੁਣ 51) ਅਤੇ ਸਵਾਮੀ ਸਰਬਜੀਤ (ਮੰਦ-ਮੰਦ) ਦੀਆਂ ਕਹਾਣੀਆਂ ਖੂਬ ਚਰਚਾ ਵਿੱਚ ਰਹੀਆਂ। ਕਮਲ ਗਿੱਲ 'ਮਹਿਕ ਦਾ ਕੀ ਨਾਂ ਰੱਖਣਾ' (ਏਕਮ-55) ਰਾਹੀਂ ਜੀਵਨ ਦੀ ਰੰਗੀਨੀ ਨੂੰ ਫੜਣ ਦਾ ਯਤਨ ਕਰਦੀ ਐ।

ਜਸਵਿੰਦਰ ਰੱਤੀਆਂ, ਸੋਮਾ ਸਬਲੋਕ, ਸਰਘੀ, ਅਤਰਜੀਤ, ਜਤਿੰਦਰ ਹਾਂਸ, ਅਜਮੇਰ ਸਿੱਧੂ, ਜਸਵੀਰ ਰਾਣਾ, ਸੁਕੀਰਤ, ਗੁਰਮੀਤ ਪਨਾਗ਼ਾਂ ਅਰਵਿੰਦਰ ਕੌਰ ਧਾਲੀਵਾਲ ਦੀ ਇਸ ਸਾਲ ਇੱਕ-ਇੱਕ ਕਹਾਣੀ ਛਾਇਆ ਹੋਣ ਦੇ ਬਾਵਜੂਦ ਇਹ ਕਹਾਣੀਆਂ ਨਿਵੇਕਲੇ ਵਿਸ਼ਿਆਂ ਨੂੰ ਛੋਹਣ ਕਰਕੇ ਚਰਚਾ ਵਿੱਚ ਰਹੀਆਂ। ਨੌਜਵਾਨ ਕਹਾਣੀਕਾਰ ਭਗਵੰਤ ਰਸੂਲਪੁਰੀ ਦੀਆਂ ਦੋਵੇਂ ਕਹਾਣੀਆਂ 'ਮਿੱਟੀ ਤੇ 'ਨੇਲ-ਪਾਲਿਸ਼ ਸੰਜੀਦਾ ਵਿਸ਼ਿਆਂ ਤੇ ਸੂਖਮ ਅੰਤਰ-ਦ੍ਰਿਸ਼ਟੀ ਕਰਕੇ ਹਰ ਵਰਗ ਵਲੋਂ ਪਸੰਦ ਕੀਤੀਆਂ ਗਈਆਂ ਪੰਜਾਬੀ ਕਹਾਣੀ ਤੇ ਅਲਫਾਜ਼ ਵਲੋਂ ਕਰਵਾਇਆ ਸਮਾਗਮ ਯਾਦਗਾਰੀ ਰਿਹਾ, ਉੱਥੇ 'ਸ਼ਬਦ-111 ਵਿੱਚ ਵਿੱਚ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ ਦੌਰਾਨ ਪੜ੍ਹੀਆਂ ਕਹਾਣੀਆਂ ਤੇ ਨਿੱਠ ਕੇ ਚਰਚਾ ਕੀਤੀ ਗਈ, ਜਦਕਿ ਪ੍ਰਵਚਨ ਵਲੋਂ ਇਸ ਸਾਲ ਦੇ ਪਲੇਠੇ ਅੰਕ ਵਿੱਚ ਕਹਾਣੀਕਾਰਾਂ ਤੇ ਕਹਾਣੀ ਸੰਵਾਦ ਨੂੰ ਪ੍ਰਕਾਸ਼ਿਤ ਕੀਤਾ। ਇਸ ਤਰ੍ਹਾਂ ਪੰਜਾਬੀ ਕਹਾਣੀ ਲਈ ਇਹ ਸਾਲ ਭਰਵਾਂ ਰਿਹਾ।

ਸੰਪਰਕ : 98885-69669

## ਪੰਜਾਬੀ ਗੀਤਕਾਰੀ ਤੇ ਗਾਇਕੀ ਦੀਆਂ ਤਿੰਨ ਪੁਸਤਕਾਂ ਪੜ੍ਹਦਿਆਂ

ਪੰਜਾਬੀ ਦੇ ਸਾਹਿਤਕ ਖੇਤਰ ਵਿੱਚ ਕਵਿਤਾ ਦੀਆਂ ਕਿਤਾਬਾਂ ਦਾ ਬੋਲਬਾਲਾ ਹੈ। ਜਿੰਨੀ ਗਿਣਤੀ ਵਿੱਚ ਇਹ ਕਿਤਾਬਾਂ ਪ੍ਰਕਾਸ਼ਤ ਹੋ ਰਹੀਆਂ ਹਨ, ਓਨੀ ਗਿਣਤੀ ਦੇ ਪਾਠਕਾਂ ਦੀ ਤੋਟ ਉਭਰਦੀ ਹੈ ਚੁਭਦੀ ਹੈ। ਇਸ ਤੱਥ ਦੇ ਸਮਾਂਤਰ ਪੰਜਾਬੀ ਗੀਤਕਾਰੀ ਤੇ ਗਾਇਕੀ ਦੇ ਅਧਿਐਨ ਨਾਲ ਸੰਬੰਧਤ ਪ੍ਰਕਾਸ਼ਨਾਵਾਂ ਕਦੇ-ਕਦੇ ਨਜ਼ਰ ਪੈਂਦੀਆਂ ਹਨ, ਜਦੋਂ ਕਿ ਬਾਜ਼ਾਰ ਵਿੱਚ ਗਾਇਕੀ ਤੇ ਗੀਤਕਾਰੀ ਦੀ ਪ੍ਰਫੁੱਲਿਤ ਦੇ ਗਾਹਕਾਂ ਦੀ ਭਰਮਾਰ ਹੈ। ਸਾਹਿਤਕ ਗੀਤਕਾਰੀ/ ਗਾਇਕੀ ਦੀ ਪਰੰਪਰਾ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਕਵਿਤਾ ਦੇ ਬਰਾਬਰ ਕੁਰਸੀ 'ਤੇ ਬੈਠਦੀ ਰਹੀ ਹੈ। ਹੁਣ ਵਾਂਗ ਪਾਠਕਾਂ ਨਾਲੋਂ ਸਰੋਤੇ ਵੱਧ ਤਦਾਦ ਵਿੱਚ ਇੱਕੋ ਹੁੰਦੇ ਰਹੇ ਹਨ। ਕਵੀਆਂ ਦਾ ਇਹ ਕਰਜ਼ ਵੀ ਸਹੀ ਹੈ ਕਿ ਗੀਤਕਾਰੀ/ ਗਾਇਕੀ ਕੋਲ ਸੰਗੀਤ ਦਾ ਇੱਕ ਪੂਰਕ ਕਾਰਕ (supplimentary method) ਹੈ। ਕਵੀਆਂ ਕੋਲ ਮਹਿਜ਼ ਬੋਧਿਕ ਕਾਰਕ ਹੈ ਤੇ ਕਦੇ-ਕਦੇ ਸੁਹਜਾਤਮਕ ਸ਼ੈਲੀ ਦਾ ਕਾਰਕ। ਗ਼ਜ਼ਲਕਾਰਾਂ ਕੋਲ ਸੰਗੀਤਾਤਮਕਤਾ ਦਾ ਕਾਰਕ ਹੈ, ਪਰ ਜਿੰਨੇ ਸੁਹਜਾਤਮਕ ਸ਼ੈਲੀ ਸਰੋਤੇ ਨੂੰ ਬੋਧਿਕ ਸੁਰਜ ਤੋਂ ਵੱਖਰ ਰੱਖਦੀ ਹੈ।

ਦਰਅਸਲ ਉਤਰ-ਪ੍ਰਗਤੀਵਾਦੀ ਦੌਰ ਨੇ ਦੋਵੇਂ ਕਾਵਿ-ਵਿਧਾਵਾਂ ਵਿੱਚ ਇੱਕ ਲਕੀਰ ਖਿੱਚ ਦਿੱਤੀ, ਭਾਵੇਂ ਨਵ-ਪ੍ਰਗਤੀਵਾਦੀ ਅਰਥਾਤ ਨਕਸਲੀ ਕਵਿਤਾ ਨੇ ਇਸ ਪਾੜੇ ਨੂੰ ਮੇਟਣ ਦਾ ਭਰਪੂਰ ਯਤਨ ਕੀਤਾ। 1980 ਤੋਂ ਬਾਅਦ ਪੰਜਾਬੀ ਕਵੀਆਂ ਨੇ ਪ੍ਰਗੀਤ ਨੂੰ ਆਪਣੀ ਕਾਵਿ-ਸੰਵੇਦਨਾ ਤੇ ਸ਼ੈਲੀ ਵਿੱਚੋਂ ਮਨਫ਼ੀ ਕਰ ਦਿੱਤਾ। ਭਾਵੇਂ ਪੰਜਾਬੀ ਢਾਡੀ ਤੇ ਕਵੀਸ਼ਰੀ ਪਰੰਪਰਾ ਨੇ ਪ੍ਰਗੀਤਕ ਸ਼ੈਲੀ ਨੂੰ ਜਿਊਂਦੇ ਰੱਖਣ ਵਿੱਚ ਯੋਗਦਾਨ ਪਾਇਆ, ਪਰ ਇਨ੍ਹਾਂ ਢਾਡੀਆਂ/ ਕਵੀਸ਼ਰਾਂ ਦੀ ਗਾਇਨ ਸ਼ੈਲੀ ਦੀ ਕਾਵਿ-ਵਸਤੂ ਨਵੀਂ ਪੰਜਾਬੀ ਕਵਿਤਾ ਦੇ ਹਾਣ ਦੀ ਨਹੀਂ ਸੀ ਤੇ ਤਰਕਸ਼ੀਲ ਸਿਆਸੀ ਲਹਿਰ ਦੀ ਉਪਜ ਹੋਣ ਕਰਕੇ ਇਸ ਦੇ ਉਭਾਰ ਨਾਲ ਹੀ ਗਾਇਕੀ 'ਚੋਂ ਦੂਜੇਲੀ ਹੋ ਗਈ। ਪੰਜਾਬੀ ਗੀਤਕਾਰੀ ਤੇ ਗਾਇਕੀ ਦੀਆਂ ਹਥਲੀਆਂ ਤਿੰਨ ਕਿਤਾਬਾਂ ਪੜ੍ਹਦਿਆਂ ਧਰਵਾਸ ਹੋਇਆ ਕਿ ਇਨ੍ਹਾਂ ਵਿਧਾਵਾਂ ਨੂੰ ਵੀ ਅਕਾਦਮਿਕ ਤੌਰ 'ਤੇ ਵਿਚਾਰਿਆ ਤੇ ਜਾਂਚਿਆ ਜਾਣ ਲੱਗਿਆ ਹੈ। 'ਪੰਜਾਬੀ ਗੀਤ ਸ਼ਾਸਤਰ' (2020) 'ਪੰਜਾਬੀ ਗੀਤਕਾਰੀ : ਸੰਦਰਭ ਅਤੇ ਸਰੋਕਾਰ' (2023) ਅਤੇ 'ਪੰਜਾਬੀ ਲੋਕ ਸੰਗੀਤ: ਰਹੀ ਕ੍ਰਾਂਤੀ ਦੇ ਆਰ-ਪਾਰ'( 2024) ਸਿਰਲੇਖਾਂ ਦੀਆਂ ਇਹ ਤਿੰਨ ਕਿਤਾਬਾਂ ਪੰਜਾਬੀ ਗੀਤਕਾਰੀ ਤੇ ਪੰਜਾਬੀ ਗਾਇਕੀ ਦੀ ਅਕਾਦਮਿਕ ਤੇ ਬੋਧਿਕ ਪੱਧਰ ਨੂੰ ਰੇਖਾਂਕਿਤ ਕਰਦੀਆਂ ਹਨ। ਪਹਿਲੀ ਕਿਤਾਬ ਦਾ ਲੇਖਕ ਡਾ. ਕਮਲਜੀਤ ਸਿੰਘ ਟਿੱਬਾ ਗੀਤ ਨੂੰ ਇੱਕ ਸਾਹਿਤਕ ਵਿਧਾ ਵਜੋਂ ਵਿਸ਼ਲੇਸ਼ਿਤ ਕਰਨ ਹਿੱਤ ਆਪਣੇ ਵਿਚਾਰਾਂ ਪੇਸ਼ ਦਾ ਇਸ਼ਾਰਾ ਉਸਾਰਦਾ ਹੈ। ਉਹ ਪੰਜਾਬੀ ਗੀਤਕਾਰੀ ਬਾਰੇ ਸਿਧਾਂਤਕ ਤੇ ਰੂਪਾਤਮਿਕ ਨਿਰਣੇ ਸਥਾਪਤ ਕਰਦਾ ਹੈ। ਉਹ ਇਸ ਕਿਤਾਬ 'ਚ ਆਪਣਾ ਖੋਜ-ਕਾਰਜ ਛੇ ਅਧਿਆਇਆਂ ਵਿੱਚ ਸਮੇਟਦਾ ਗੀਤ ਦੀ ਪਰਿਭਾਸ਼ਾ, ਸਰੂਪ, ਹੋਂਦ-ਵਿਧੀ, ਗੈਰ-ਪੰਜਾਬੀ ਗੀਤ-ਰੂਪਾਂ ਅਤੇ ਗੀਤਕਾਰੀ ਦੀ ਇਤਿਹਾਸਕਾਰੀ ਉੱਤੇ ਵਿਸਤ੍ਰਿਤ ਚਾਨਣਾ ਪਾਉਂਦਾ ਹੈ। ਇਹ ਕਿਤਾਬ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪ੍ਰਕਾਸ਼ਨਾ ਹੈ ਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨਤ ਹੈ।

ਦੂਸਰੀ ਕਿਤਾਬ ਦਾ ਲੇਖਕ ਡਾ. ਜਸਪਾਲ ਸਿੰਘ ਜੱਸੀ ਹੈ, ਜੋ ਖ਼ੁਦ ਗਾਇਕ ਹੈ, ਜਿਸ ਕਰਕੇ ਉਸ ਨੇ ਆਪਣੀ ਇਸ ਕਿਤਾਬ ਵਿੱਚ ਪੰਜਾਬੀ ਗੀਤਕਾਰੀ ਦੇ ਨਾਲ-ਨਾਲ ਹੀ ਪੰਜਾਬੀ ਗਾਇਕੀ ਨੂੰ ਵੀ ਜ਼ੇਰੇ-ਬਹਿਸ ਲਿਆਂਦਾ ਹੈ। ਉਹ ਵੀ ਪੰਜਾਬੀ ਗੀਤਕਾਰੀ ਤੇ ਪੰਜਾਬੀ ਗਾਇਕੀ ਦੇ ਸਿਧਾਂਤਕ ਸੰਦਰਭ ਸਮਝਦਾ/ਸਮਝਾਉਂਦਾ ਹੈ। ਅਕਾਦਮਿਕ ਪੱਧਰ 'ਤੇ ਉਹ ਪ੍ਰਗੀਤ ਦੀਆਂ ਵਿਭਿੰਨ ਵਿਧਾਵਾਂ ਦੇ ਅੰਤਰ-ਸੰਬੰਧਾਂ ਤੇ ਦਵੰਦਾਂ ਦਾ ਸੰਗਤ ਤੇ ਸੁਰਤ ਪੱਖੋਂ ਸਪੱਸ਼ਟ ਨਿਖੇੜ ਕਰਦਾ ਹੈ। ਇਉਂ ਹੀ ਪੰਜਾਬੀ ਗਾਇਕੀ ਦੇ ਸੁਭਾਅ ਤੇ ਜੁੱਸੇ ਨੂੰ ਭਰੋਸੇਯੋਗ ਸਰੋਤਾਂ ਨਾਲ ਅੰਕਦਾ ਹੈ। ਇਹ ਲੇਖਕ ਇਤਿਹਾਸਕਾਰੀ ਪੱਖੋਂ ਪੰਜਾਬੀ ਗੀਤਕਾਰੀ ਤੇ ਗਾਇਕੀ ਨੂੰ ਮੱਧਕਾਲ ਤੇ ਵਰਤਮਾਨ ਭੰਡਿਆਂ ਵਿੱਚ ਵੰਡਦਾ ਹੈ ਤੇ ਪਰਖਦਾ ਹੈ। ਉਹ 1990 ਤੋਂ ਬਾਅਦ ਪੰਜਾਬੀ ਗੀਤਕਾਰੀ/ ਗਾਇਕੀ ਦੇ ਬਦਲੇ ਸਰੋਕਾਰਾਂ ਦਾ ਆਰਥਕ ਤੇ ਸੱਭਿਆਚਾਰਕ ਪਰਿਪੇਖਾਂ ਵਿੱਚ ਪ੍ਰਮਾਣ ਵਿਵੇਚਨ ਕਰਦਾ ਹੈ। ਚਾਰ ਅਧਿਆਇਆਂ ਦੀ ਇਹ ਮੁੱਲਵਾਨ ਪੁਸਤਕ ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ। ਤੀਸਰੀ ਕਿਤਾਬ ਦਾ ਲੇਖਕ ਚਰਚਿਤ ਮਾਰਕਸਵਾਦੀ ਚਿੰਤਕ ਤਸਕੀਨ ਹੈ। ਉਹ ਪੰਜਾਬੀ ਗੀਤਕਾਰੀ ਨਾਲੋਂ ਪੰਜਾਬੀ ਗਾਇਕੀ ਦੇ ਬਦਲੇ ਤੇਵਰਾਂ ਦਾ ਵਿਚਾਰਧਾਰਕ ਲੇਖਾ-ਜੋਖਾ ਕਰਦਾ ਹੈ। ਉਸ ਕੋਲ ਅਜਿਹੇ ਮਜ਼ਬੂਤ ਸਿਧਾਂਤਕ ਸੰਕਲਪ ਹਨ, ਜਿਨ੍ਹਾਂ ਬਲਬੂਤੇ ਉਹ ਪੰਜਾਬੀ ਗਾਇਕੀ ਨੂੰ ਲੋਕ ਸੰਗੀਤ ਕਹਿੰਦਿਆਂ ਇਸ ਨੂੰ ਸਨਅਤ ਦਾ ਲਕਬ ਦਿੰਦਾ ਹੈ, ਅਰਥਾਤ ਪੂੰਜੀ ਪੈਸਾ ਕਮਾਉਣ ਦਾ ਇੱਕ ਸੰਗਠਿਤ ਅਦਾਰਾ। ਉਹ ਹਾਈਬ੍ਰਿਡ ਪੰਜਾਬੀ ਗਾਇਕੀ/ ਗਾਇਕੀ, ਲੁਧਿਆਣਾ/ ਬਠਿੰਡਾ ਘਰਾਣਾ ਗਾਇਕੀ, ਹਰੀ ਕ੍ਰਾਂਤੀ, ਮੰਡੀ ਸੱਭਿਆਚਾਰ, ਐੱਨ ਆਰ ਆਈ ਪੂੰਜੀ ਆਦਿ ਸੰਕਲਪਾਂ ਰਾਹੀਂ ਪੰਜਾਬੀ ਗੀਤ-ਸੰਗੀਤ ਦੀ ਅਜੋਕੀ ਤੋਰ ਨੂੰ ਸਮਝਣ ਲਈ ਆਪਣਾ ਚਿੰਤਨ ਪ੍ਰਵਾਹਿਤ ਕਰਦਾ ਹੈ, ਪਰ ਉਸ ਦੇ ਚਿੰਤਨ ਬੋਧ ਵਿੱਚ ਵਿਚਾਰਧਾਰਕ ਜੜ੍ਹਤਾ ਹੈ, ਜਿਸ ਕਰਕੇ ਹਰੀ ਕ੍ਰਾਂਤੀ ਦੇ ਚਿਰ-ਸਥਾਈ ਸੱਭਿਆਚਾਰਕ ਪ੍ਰਭਾਵ ਦਾ ਬਦਲ ਸਾਬਕਾ ਦਿੱਲੀ ਕਿਸਾਨ ਅੰਦੋਲਨ ਦੀ ਇਕਹਿਰੀ ਸੱਭਿਆਚਾਰਕ ਕ੍ਰਾਂਤੀ ਬਣ ਜਾਣ ਦੇ ਭਰਮ ਵਿੱਚੋਂ ਉਹ ਇਸ ਕਿਤਾਬ ਦਾ ਨੌਵਾਂ ਕਾਂਡ ਲਿਖਦਾ ਹੈ। ਦਸ ਚੈਪਟਰਾਂ ਵਾਲੀ ਇਹ ਗਾਈ-ਗਰਚਮ ਪੁਸਤਕ ਚੇਤਨਾ ਪ੍ਰਕਾਸ਼ਨ ਲੁਧਿਆਣਾ ਦੀ ਉਪਜ ਹੈ।

- ਡਾ. ਲਾਭ ਸਿੰਘ ਖੀਵਾ

ਸੰਪਰਕ : 94171-78487

# ਪੀਪਲਜ਼ ਲਿਟਰੇਰੀ ਫੈਸਟੀਵਲ : ਸਾਲ ਦੇ ਆਖਰੀ ਹਫ਼ਤੇ ਸਾਹਿਤਕ, ਸਮਾਜਿਕ ਸਰੋਕਾਰਾਂ 'ਤੇ ਚਰਚਾ

**ਬਠਿੰਡਾ** : ਸਾਲ 2025 ਦੇ ਆਖਰੀ ਹਫ਼ਤੇ ਸੰਸਥਾ ਪੀਪਲਜ਼ ਫੋਰਮ, ਬਰਗਾੜੀ, ਪੰਜਾਬ ਵੱਲੋਂ ਆਯੋਜਤ ਅੱਠਵੇਂ ਚਾਰ ਰੋਜ਼ਾ ਪੀਪਲਜ਼ ਲਿਟਰੇਰੀ ਫ਼ੈਸਟੀਵਲ ਦੇ ਵੱਖ-ਵੱਖ ਸੈਸ਼ਨਾਂ ਵਿਚ ਸਾਹਿਤਕ, ਸਮਾਜਿਕ ਸਰੋਕਾਰਾਂ ਸੰਬੰਧੀ ਭਰਵੀਂ ਵਿਚਾਰ ਚਰਚਾ ਕੀਤੀ ਗਈ। ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਪਹਿਲੇ ਦਿਨ ਦੇ ਉਦਘਾਟਨੀ ਸੈਸ਼ਨ ਵਿੱਚ ਨਾਮਵਰ ਜਰਨਲਿਸਟ ਸੀਤਲ ਪੀ. ਸਿੰਘ, ਦਿੱਲੀ ਨੇ ਆਪਣੇ ਮੁੱਖਸੁਰ ਭਾਸ਼ਣ ਵਿੱਚ ਕਿਹਾ ਕਿ ਕਿਵੇਂ ਸੰਚਾਰ ਸਾਧਨਾਂ ਵਿੱਚ ਤਕਨੀਕੀ ਕ੍ਰਾਂਤੀ ਆਉਣ ਦੇ ਨਾਲ ਮੀਡੀਆ ਉੱਤੇ ਕਾਰਪੋਰੇਟੀ ਸੇਠਾਂ ਘਰਾਣਿਆਂ ਦਾ ਗਲਬਾ ਸਥਾਪਤ ਹੋ ਗਿਆ ਹੈ। ਪਹਿਲੇ ਦਿਨ ਦੀ ਸ਼ੁਰੂਆਤ ਰਸੂਲਪੁਰ ਇਨਕਲਾਬੀ ਜੱਥੇ ਦੀ ਕਵੀਸ਼ਰੀ ਨਾਲ ਹੋਈ। ਸੰਸਥਾ ਪੀਪਲਜ਼ ਫੋਰਮ ਦੇ ਪ੍ਰਧਾਨ ਖੁਸ਼ਵੰਤ ਬਰਗਾੜੀ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪੀਪਲਜ਼ ਲਿਟਰੇਰੀ ਫੈਸਟੀਵਲ ਵਿਚਾਰਕ ਵਿਭਿੰਨਤਾ ਦੇ ਸੰਵਾਦ ਦਾ ਮੰਚ ਹੈ। ਮੁੱਖ ਮਹਿਮਾਨ ਜਸਵੰਤ ਸਿੰਘ ਜ਼ਫ਼ਰ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਪੀਪਲਜ਼ ਲਿਟਰੇਰੀ ਫੈਸਟੀਵਲ ਵਰਗੇ ਮੰਚ ਸਮਾਜ ਦੇ ਬੌਧਿਕ ਵਿਕਾਸ ਵਿੱਚ ਆਪਣਾ ਵੱਡਾ ਰੋਲ ਨਿਭਾਅ ਰਹੇ ਹਨ। ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਸ਼ੁੱਭਪ੍ਰੇਮ ਬਰਾੜ ਨੇ ਕੀਤੀ। ਫੈਸਟੀਵਲ ਦੇ ਦੂਜੇ ਸੈਸ਼ਨ ਵਿੱਚ ਪੁਸਤਕ 'ਪੰਜਾਬ : ਫ਼ਸਲਾਂ ਹੇਠੋਂ ਖਿਸਕਦੀ ਜ਼ਮੀਨ' ਉੱਪਰ ਭਖਵੀਂ ਵਿਚਾਰ-ਚਰਚਾ ਵਿੱਚ ਇਹ ਤੱਥ ਉੱਭਰ ਕੇ ਸਾਹਮਣੇ ਆਇਆ ਕਿ




ਖੇਤੀ ਹੇਠੋਂ ਘਟਦੀ ਜ਼ਮੀਨ ਵੱਡੇ ਸੱਭਿਆਚਾਰਕ ਸੰਕਟ ਪੈਦਾ ਕਰ ਰਹੀ ਹੈ। ਚਰਚਾ 'ਚ ਸ਼ਿੰਗਾਰਾ ਸਿੰਘ ਮਾਨ, ਨਵਤੇਜ ਸਿੰਘ ਬੈਂਸ, ਲਖਵੀਰ ਸਿੰਘ ਲੌਂਗੋਵਾਲ, ਗੁਰਪ੍ਰੀਤ ਸਿੰਘ ਤੂਰ, ਸੁਖਦਰਸ਼ਨ ਨੱਤ ਨੇ ਭਾਗ ਲਿਆ। ਗੁਰਪ੍ਰੀਤ ਬਠਿੰਡਾ ਅਤੇ ਨਿਰਲੇਪ ਸਿੰਘ, ਮੁਹਾਲੀ ਵੱਲੋਂ 'ਸੁਖਨ ਜਿਨ੍ਹਾਂ ਦੇ ਪੱਲੇ' ਸਿਰਲੇਖ ਅਧੀਨ ਪੰਜਾਬੀ ਲੇਖਕਾਂ ਦੇ ਚਿੱਤਰਾਂ ਦੀ ਖ਼ੂਬਸੂਰਤ ਪ੍ਰਦਰਸ਼ਨੀ ਲਗਾਈ ਗਈ।

ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਦੂਜੇ ਦਿਨ ਸੋਸ਼ਲ ਮੀਡੀਆ : ਬਿਰਤਾਂਤ, ਟ੍ਰੋਲਿੰਗ ਅਤੇ ਸਮਾਜ ਵਿਗਿਆਨ ਵਿਸ਼ੇ 'ਤੇ ਹੋਈ ਵਿਚਾਰ-ਚਰਚਾ ਵਿਚ ਇਹ ਤੱਥ ਉੱਭਰ ਕੇ ਸਾਹਮਣੇ ਆਏ ਕਿ ਸੋਸ਼ਲ ਮੀਡੀਆ ਵਿਚਾਰਕ ਆਜ਼ਾਦੀ ਦਾ ਧਰੁਵੀਕਰਨ ਕਰਦਾ ਹੋਇਆ ਦੋ ਵਿਰੋਧੀ ਧੜੇ ਪੈਦਾ ਕਰਦਾ ਹੈ। ਚਰਚਾ 'ਚ ਅਨਿਰੁਧ ਕਾਲਾ, ਸ਼ਿਵਇੰਦਰ ਨੇ ਭਾਗ ਲਿਆ। ਵਿਚਾਰ ਚਰਚਾ ਵਿਚ ਸੈਮ ਗੁਰਵਿੰਦਰ, ਗੁਰਮੇਲ ਸਿੰਘ ਬੋਗਾ, ਨੀਤੂ ਨੇ ਵੀ ਮੁੱਲਵਾਨ ਨੁਕਤੇ ਉਠਾਏ। ਦੂਜੇ ਸੈਸ਼ਨ 'ਪੰਜਾਬੀ ਨਾਵਲ ਅਤੇ ਖੇਤੀ ਸੰਕਟ : ਬੀਤੇ ਡੇਢ ਦਹਾਕੇ ਦੀ ਬਿਰਤਾਂਤਕ ਪੇਸ਼ਕਾਰੀ' ਵਿਸ਼ੇ 'ਤੇ ਵਿਚਾਰ ਚਰਚਾ ਵਿਚ ਨਾਵਲਕਾਰ ਬਲਬੀਰ ਪਰਵਾਨਾ, ਜੇ.ਬੀ. ਸੇਖੋਂ, ਡਾ. ਸੁਰਜੀਤ ਬਰਾੜ ਅਤੇ ਜਸਪਾਲ ਮਾਨਖੇੜਾ ਨੇ ਹਿੱਸਾ ਲਿਆ। ਇਸ ਵਿਚਾਰ ਚਰਚਾ ਵਿਚ ਪੰਜਾਬੀ ਨਾਵਲ ਵਿਚ ਖੇਤੀ ਦੇ ਵਿਭਿੰਨ ਸੰਕਟਾਂ ਪ੍ਰਤੀ ਗੱਲਬਾਤ ਕਰਦਿਆਂ ਇਹ ਤੱਥ ਸਾਹਮਣੇ ਆਏ ਕਿ ਪੰਜਾਬੀ ਨਾਵਲ ਵਿਚ ਮੱਧਵਰਗੀ ਕਿਸਾਨੀ ਦੇ ਸੰਕਟਾਂ ਤੋਂ ਇਲਾਵਾ ਖੇਤ ਮਜ਼ਦੂਰਾਂ, ਕਿਸਾਨ ਔਰਤਾਂ, ਵਾਤਾਵਰਨ ਅਤੇ ਬਦਲਵੇਂ ਖੇਤੀ ਮਾਡਲਾਂ ਦੀ ਗੱਲ ਬਹੁਤ ਸੀਮਤ ਰੂਪ ਵਿਚ ਹੀ ਹੋ ਰਹੀ ਹੈ। ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਤੀਜੇ ਦਿਨ ਦੇ ਪਹਿਲੇ ਸੈਸ਼ਨ ਵਿਚ ਜਸਵੰਤ ਸਿੰਘ ਕੰਵਲ ਯਾਦਗਾਰੀ ਭਾਸ਼ਣ ਲੜੀ ਅਧੀਨ 'ਭਾਰਤੀ ਕੌਮ ਦਾ ਰਾਜਨੀਤਕ ਕਿੱਸਾ-ਸਾਹਿਤਕ ਪਰੰਪਰਾ ਅਤੇ ਇਤਿਹਾਸ-ਚੇਤਨਾ ਦਾ ਸਵਾਲ' 'ਤੇ ਬੋਲਦਿਆਂ ਪ੍ਰਸਿੱਧ ਇਤਿਹਾਸਕਾਰ ਪ੍ਰੋ. ਅਵਿਨਾਸ਼ ਕੁਮਾਰ ਦਿੱਲੀ ਨੇ ਕਿਹਾ ਕਿ ਇਤਿਹਾਸ ਅਤੇ ਸਾਹਿਤਕ ਪਰੰਪਰਾ ਦਾ ਰਿਸ਼ਤਾ ਪੇਚੀਦਾ ਅਤੇ ਬਹੁਪਰਤੀ ਹੈ। ਇਸ ਸੈਸ਼ਨ ਦਾ ਪ੍ਰਧਾਨਗੀ ਭਾਸ਼ਣ ਦਿੰਦਿਆਂ ਵਿਦਵਾਨ ਸਵਰਨ ਸਿੰਘ ਵਿਰਕ, ਸਿਰਸਾ ਨੇ ਕਿਹਾ ਕਿ ਪੰਜਾਬੀ ਲੋਕਧਾਰਾ, ਸਾਹਿਤ ਅਤੇ ਕਵਿਤਾ ਨੂੰ ਵੀ ਲੁਕਾਈ ਦੇ ਇਤਿਹਾਸ ਵਜੋਂ ਪੜ੍ਹਿਆ ਜਾ ਸਕਦਾ ਹੈ। ਦੂਜੇ ਸੈਸ਼ਨ ਵਿਚ ਪ੍ਰੋ. ਕਿਸ਼ਨ ਸਿੰਘ ਦੀ 1967 ਦੀ ਲਿਖਤ 'ਪੰਜਾਬੀ ਸੂਬੇ ਵਿਚ ਰਾਜਸੀ ਸੇਧ' ਉਤੇ ਇਕਾਗਰਚਿੱਤ ਭਰਵੀਂ ਚਰਚਾ ਹੋਈ। ਇਸ ਸੈਸ਼ਨ ਵਿੱਚ ਡਾ. ਬਲਦੇਵ ਸ਼ੇਰਗਿੱਲ, ਸੁਮੇਲ ਸਿੰਘ ਸਿੱਧੂ ਨੇ ਚਰਚਾ ਕੀਤੀ। ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਆਖਰੀ ਦਿਨ ਨਾਟਕਕਾਰ ਡਾ. ਸਾਹਿਬ ਸਿੰਘ ਦੇ ਇਕ ਪਾਤਰੀ ਨਾਟਕ 'ਤੂੰ ਅਗਲਾ ਵਰਕਾ ਫੋਲ' ਖੇਡਿਆ ਗਿਆ। ਇਸ ਸੈਸ਼ਨ ਦੀ ਪ੍ਰਧਾਨਗੀ ਚਿੰਤਕ ਅਮਰਜੀਤ ਗਰੇਵਾਲ ਨੇ ਕੀਤੀ।ਆਖਰੀ ਦਿਨ ਦੀ ਸ਼ੁਰੂਆਤ ਗਾਇਕ ਕੁਲਦੀਪ ਸਿਰਸਾ ਦੇ ਅਗਾਂਹਵਧੂ ਗੀਤਾਂ ਨਾਲ ਹੋਈ। ਮੁੱਖ ਸੁਰ ਭਾਸ਼ਣ 'ਭਾਰਤੀ ਲੋਕਤੰਤਰ : ਚੁਣੌਤੀਆਂ ਦੇ ਸਨਮੁੱਖ ਇਤਿਹਾਸ' ਵਿਸ਼ੇ ਉਪਰ ਬੋਲਦਿਆਂ ਪ੍ਰਸਿੱਧ ਇਤਿਹਾਸਕਾਰ ਪ੍ਰੋ. ਸ਼ਮਸੁਲ ਇਸਲਾਮ ਦਿੱਲੀ ਨੇ ਕਿਹਾ ਕਿ ਮੌਜੂਦਾ ਫਿਰਕਾਪ੍ਰਸਤੀ ਦੀਆਂ ਜੜ੍ਹਾਂ ਭਾਰਤੀ ਸੰਸਕ੍ਰਿਤੀ ਵਿੱਚੋਂ ਲੱਭਦੀਆਂ ਹਨ। ਇਸ ਸੈਸ਼ਨ ਦੇ ਮੁੱਖ ਮਹਿਮਾਨ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਧਰਮ, ਜਾਤ ਅਤੇ ਨਸਲ ਵਰਗੀਆਂ ਬੁਰਾਈਆਂ ਭਾਰਤੀ ਸਮਾਜ ਨੂੰ ਪਿਛਲਖੁਰੀ ਗੇੜ ਦੇ ਰਹੀਆਂ ਹਨ, ਇਸ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਡਾ. ਜਸ ਮੰਡ ਨੇ ਕਿਹਾ ਕਿ ਅਜਿਹੇ ਲਿਟਰੇਰੀ ਫੈਸਟੀਵਲ ਲੋਕਾਂ ਦੇ ਵਿਭਿੰਨ ਮਸਲਿਆਂ ਦੇ ਵਿਚਾਰ-ਚਰਚਾ ਦੇ ਕੇਂਦਰ ਹਨ। ਇਸ ਫੈਸਟੀਵਲ ਵਿੱਚ ਕੁਝ ਕਿਤਾਬਾਂ ਵੀ ਰਿਲੀਜ਼ ਕੀਤੀਆਂ ਗਈਆਂ।

**—ਖੁਸ਼ਵੰਤ ਬਰਗਾੜੀ**

## ਸਫ਼ਰ ਤੇ ਸਾਹਿਤ ਦਾ ਸੁਮੇਲ 'ਘੁਮੱਕੜਨਾਮਾ' 'ਤੇ ਗੋਸ਼ਟੀ



**ਧਰਮਕੋਟ** : ਬੀਤੇ ਦਿਨੀਂ ਸਾਹਿਤ ਸਭਾ, ਧਰਮਕੋਟ ਵੱਲੋਂ 'ਘੁਮੱਕੜਨਾਮਾ' ਵੈੱਲਫੇਅਰ ਕਲੱਬ, ਪੰਜਾਬ ਦੇ ਸਹਿਯੋਗ ਨਾਲ ਪਹਿਲੀ 'ਘੁਮੱਕੜਨਾਮਾ' ਮੈਗਜ਼ੀਨ ਗੋਸ਼ਟੀ ਅਤੇ ਸਾਈਕਲਿਸਟ ਸਨਮਾਨ ਸਮਾਰੋਹ ਹੋਇਆ। ਮੈਗਜ਼ੀਨ 'ਘੁਮੱਕੜਨਾਮਾ' ਦੇ ਸੰਪਾਦਕ ਅਤੇ ਘੁਮੱਕੜਨਾਮਾ ਵੈੱਲਫੇਅਰ ਕਲੱਬ, ਪੰਜਾਬ ਦੇ ਪ੍ਰਧਾਨ ਹਰਜਿੰਦਰ ਅਨੂਪਗੜ੍ਹ ਵੱਲੋਂ ਮੈਗਜ਼ੀਨ ਦੀ ਸ਼ੁਰੂਆਤ ਤੋਂ ਹੁਣ ਤੱਕ ਦੇ ਸਫ਼ਰ ਬਾਰੇ ਰੌਸ਼ਨੀ ਪਾਈ ਗਈ। ਜਸਬੀਰ ਕਲਸੀ ਨੇ ਮੈਗਜ਼ੀਨ 'ਘੁਮੱਕੜਨਾਮਾ' ਦੇ ਆ ਚੁੱਕੇ ਪੰਜ ਅੰਕਾਂ ਉੱਪਰ ਪੇਪਰ ਪੜ੍ਹਿਆ। ਵਿਚਾਰ-ਚਰਚਾ ਕਰਦਿਆਂ ਮਸ਼ਹੂਰ ਲੇਖਕ ਹਰਚਰਨ ਚੋਹਲਾ, ਡਾ. ਯਾਦਵਿੰਦਰ ਸਿੰਘ ਬਾਘਾਪੁਰਾਣਾ, ਸੁਖਜੀਵਨ ਪਟਿਆਲਾ, ਚਰਨਜੀਤ ਸਮਾਲਸਰ, ਅਵਤਾਰ ਕਮਾਲ ਨੇ ਬੜੇ ਦਿਲਚਸਪ ਅਤੇ ਸੂਝ ਭਰਪੂਰ ਤੱਥ ਸਾਂਝੇ ਕੀਤੇ। ਅੰਤਰਰਾਸ਼ਟਰੀ ਹਰਮਨ ਪਿਆਰੇ ਸਾਈਕਲਿਸਟ ਅੰਮ੍ਰਿਤਪਾਲ ਸਿੰਘ ਘੁੱਦਾ ਦੀਆਂ ਅਨੁਭਵੀ ਗੱਲਾਂ ਨੇ ਸਰੋਤਿਆਂ ਨੂੰ ਕੀਲ ਲਿਆ। ਪ੍ਰਸਿੱਧ ਸਾਈਕਲਿਸਟ ਨਿਰਮਲ ਸਿੰਘ ਦੀਆਂ ਗੱਲਾਂ ਨੇ ਵੀ ਹਾਜ਼ਰੀਨ ਨੂੰ ਮੰਤਰ-ਮੁਗਧ ਕੀਤਾ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਪੰਜਾਬ ਦੇ ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਘੁਮੱਕੜ ਵਹਿੰਦੇ ਦਰਿਆਵਾਂ ਵਰਗੇ ਹੁੰਦੇ ਨੇ ਜੋ ਆਪ ਵੀ ਵਗਦੇ ਨੇ ਤੇ ਹੋਰਾਂ ਦੀ ਪਿਆਸ ਦੀ ਵੀ ਤ੍ਰਿਪਤੀ ਕਰਦੇ ਨੇ । ਡਾ. ਸੁਰਜੀਤ ਬਰਾੜ ਨੇ ਆਪਣੇ ਪੱਚੀ ਦੇਸ਼ਾਂ ਦੇ ਸਫ਼ਰ ਦੇ ਅਨੁਭਵ ਸਰੋਤਿਆਂ ਸਾਹਵੇਂ ਰੱਖੇ। ਗੁਰਮੀਤ ਕੜਿਆਲਵੀ, ਡਾ. ਅਜੀਤਪਾਲ ਜਟਾਣਾ, ਡਾ. ਸੁਰਜੀਤ ਚੰਦਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

## ਪੰਜਾਬੀ ਸਾਹਿਤ ਅਕਾਦਮੀ ਵੱਲੋਂ ਨਾਹਰ ਸਿੰਘ ਮੁਬਾਰਕਪੁਰੀ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਨਾਹਰ ਸਿੰਘ ਮੁਬਾਰਕਪੁਰੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਨਾਹਰ ਸਿੰਘ ਮੁਬਾਰਕਪੁਰੀ ਨੇ ਆਪਣੀਆਂ ਰਚਨਾਵਾਂ ਨਾਲ ਮਾਂ ਬੋਲੀ ਪੰਜਾਬੀ ਦੀ ਭਰਪੂਰ ਸੇਵਾ ਕੀਤੀ। ਉਨ੍ਹਾਂ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਜਗਤ ਅਤੇ ਪਰਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

## ਪਾਰਸ ਤੇ ਕੰਵਲ ਦਾ ਸਨਮਾਨ ਤੇ ਗੋਸ਼ਟੀ



**ਨਡਾਲਾ**-ਸਾਹਿਤਕ ਪਿੜ ਨਡਾਲਾ ਦਾ ਵਿਸ਼ੇਸ਼ ਸਨਮਾਨ ਤੇ ਗੋਸ਼ਟੀ ਸਮਾਗਮ ਬੀਤੇ ਦਿਨੀਂ ਵਾਲੀਆ ਹਸਪਤਾਲ ਨਡਾਲਾ ਦੇ ਸਾਹਿਤਕ ਭਵਨ 'ਚ ਕੀਤਾ ਗਿਆ। ਇਸ ਮੌਕੇ ਪਹਿਲਗਾਮ (ਕਸ਼ਮੀਰ) ਤੋਂ ਆਏ ਪ੍ਰਸਿੱਧ ਕਹਾਣੀਕਾਰ ਤੇ ਨਾਵਲਕਾਰ ਰਤਨ ਸਿੰਘ ਕੰਵਲ ਤੇ ਸੀਰਾਜਾ ਦੇ ਸੰਪਾਦਕ ਪੋਪਿੰਦਰ ਸਿੰਘ ਪਾਰਸ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਦੇ ਨਵੇਂ ਕਹਾਣੀ ਸੰਗ੍ਰਹਿ 'ਗਲੇਸ਼ੀਅਰ ਪਿਘਲ ਗਿਆ' 'ਤੇ ਵੀ ਭਰਪੂਰ ਵਿਚਾਰ-ਚਰਚਾ ਕੀਤੀ ਗਈ। ਇਸ ਉਪਰੰਤ ਰਤਨ ਸਿੰਘ ਕੰਵਲ ਤੇ ਪੋਪਿੰਦਰ ਸਿੰਘ ਪਾਰਸ ਦਾ ਇੱਕ-ਇੱਕ ਲੋਈ, ਸਨਮਾਨ ਪੱਤਰ ਦੀਆਂ ਸ਼ੀਲਡਾਂ, ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਡਾ. ਮੱਖਣ ਸਿੰਘ ਨੇ ਕੀਤਾ।

## ਪੰਜਾਬੀ ਲੇਖਕ ਮੰਚ ਵੈਨਕੂਵਰ ਵੱਲੋਂ ਪੰਜਾਬੀ ਸੱਭਿਆਚਾਰ 'ਤੇ ਚਰਚਾ

**ਸਰੀ (ਕੈਨੇਡਾ)** : ਬ੍ਰਿਟਿਸ਼ ਕੋਲੰਬੀਆ ਦੀ ਸਾਹਿਤਕ ਸੰਸਥਾ ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਇੱਕ ਵਿਸ਼ੇਸ਼ ਮੀਟਿੰਗ ਉੱਘੀ ਸਾਹਿਤਕਾਰ ਸ਼ਖਸੀਅਤ ਸੁਰਜੀਤ ਕਲਸੀ ਦੀ ਅਗਵਾਈ ਵਿੱਚ ਮਰਹੂਮ ਜਰਨੈਲ ਸਿੰਘ ਆਰਟਿਸਟ ਆਰਟ ਗੈਲਰੀ ਵਿੱਚ ਹੋਈ। ਇਸ ਮੀਟਿੰਗ ਵਿੱਚ ਹਾਜ਼ਰ ਸਾਹਿਤਕਾਰਾਂ ਵਿੱਚ ਕਹਾਣੀਕਾਰ ਜਰਨੈਲ ਸੇਖਾ, ਕਵੀ ਅਜਮੇਰ ਰੋਡੇ, ਚਿੰਤਕ ਪ੍ਰੋਫੈਸਰ ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਹਰਿੰਦਰ ਕੌਰ ਸੋਹੀ, ਉੱਘੇ ਨਾਵਲਕਾਰ ਅਮਰਜੀਤ ਚਾਹਲ, ਕਵਿੱਤਰੀ ਸੁਖਪ੍ਰੀਤ ਬੱਡੋਂ, ਗ਼ਜ਼ਲਗੋ ਬਿੰਦੂ ਮਠਾੜੂ, ਕਵੀ ਅਮਰੀਕ ਪਲਾਹੀ ਸਮੇਤ 40 ਦੇ ਲੱਗਭੱਗ ਸਾਹਿਤਕਾਰ ਹਾਜ਼ਰ ਸਨ। ਇਸ ਮੌਕੇ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਡਾ. ਰਾਜਿੰਦਰ ਪਾਲ ਸਿੰਘ ਬਰਾੜ ਅਤੇ ਉਹਨਾਂ ਦੇ ਨਾਲ ਡਾ. ਚਰਨਜੀਤ ਕੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਇਸ ਮੌਕੇ ਉਹਨਾਂ ਦਾ ਰੂਬਰੂ ਸਮਾਗਮ ਕਰਵਾਇਆ ਗਿਆ। ਪਹਿਲਾਂ ਡਾਕਟਰ ਚਰਨਜੀਤ ਕੌਰ ਨੇ ਲੋਕ-



ਗੀਤਾਂ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਤੇ ਦਿਲਚਸਪ ਜਾਣਕਾਰੀ ਸਾਂਝੀ ਕੀਤੀ। ਫ਼ਿਰ ਡਾ. ਰਾਜਿੰਦਰ ਪਾਲ ਸਿੰਘ ਬਰਾੜ ਨੇ ਮੌਜੂਦਾ ਸਮੇਂ ਅੰਦਰ ਲੋਕ ਪੱਖੀ ਪੰਜਾਬੀ ਸੱਭਿਆਚਾਰ ਦੀ ਦਸ਼ਾ ਅਤੇ ਦਿਸ਼ਾ ਅਤੇ ਸੱਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸੁਖਦੇਵ ਧੂਰੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।



ਕੌਮਾਂਤਰੀ ਚਰਚਾ ਦੇ ਨਵੇਂ ਅੰਕ ਦਾ ਲੋਕ ਅਰਪਣ ਕਰ ਸਮੇਂ : (ਖੱਬੇ ਤੋਂ ਸੱਜੇ ) ਜਸਪਾਲ ਮਾਨਖੇੜਾ, ਡਾ. ਹਰਵਿੰਦਰ ਸਿਰਸਾ, ਡਾ. ਸੰਤੋਖ ਸੁੱਖੀ, ਪ੍ਰੋ. ਬਲਦੇਵ ਬੱਲੀ, ਸ਼ਾਇਰ ਤਰਸੇਮ, ਡਾ. ਸੁਖਦੇਵ ਸਿਰਸਾ, ਹਰਮੀਤ ਵਿਦਿਆਰਥੀ, ਡਾ. ਸਰਬਜੀਤ ਸਿੰਘ, ਭਗਵੰਤ ਰਸੂਲਪੁਰੀ, ਡਾ. ਕੁਲਦੀਪ ਸਿੰਘ ਦੀਪ, ਮੱਖਣ ਮਾਨ, ਡਾ. ਗੁਲਜ਼ਾਰ ਪੰਧੇਰ, ਸੰਜੀਵਨ ਸਿੰਘ, ਭੋਲਾ ਸਿੰਘ ਸੰਘੇੜਾ, ਡਾ. ਰਤਨ ਸਿੰਘ ਢਿੱਲੋਂ, ਸੁਰਜੀਤ ਜੱਜ, ਨਵਤੇਜ ਗੜ੍ਹਦੀਵਾਲਾ ਅਤੇ ਪ੍ਰੋ. ਸੰਦੀਪ ਵਾਲਿਆ। ਇਸ ਮੌਕੇ ਪੱਤਰਕਾ ਦੇ ਐਡੀਟਰ ਡਾ. ਸੁਖਦੇਵ ਸਿਰਸਾ ਤੇ ਡਾ. ਕੁਲਦੀਪ ਸਿੰਘ ਦੀਪ ਨੇ ਦੱਸਿਆ ਕਿ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵੱਲੋਂ ਇਹ ਪੇਪਰ ਪ੍ਰਕਾਸ਼ਤ ਕੀਤਾ ਜਾਂਦਾ ਹੈ।

## ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮੀਟਿੰਗ

**ਸਮਰਾਲਾ**-ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮਹੀਨਾਵਾਰ ਮੀਟਿੰਗ ਹੋਈ। ਮੀਟਿੰਗ ਵਿੱਚ ਗਾਇਕ ਪੂਰਨ ਸ਼ਾਹਕੋਟੀ ਅਤੇ ਲੇਖਕ ਜਸਵੀਰ ਸਿੰਘ ਝੱਜ ਦੀ ਮਾਤਾ ਤੇਜ ਕੌਰ ਦੇ ਅਕਾਲ ਚਲਾਣੇ 'ਤੇ ਸਭਾ ਵੱਲੋਂ ਸ਼ੋਕ ਮਤਾ ਪਾਇਆ ਗਿਆ। ਪੰਜਾਬ ਦੇ ਭਖ਼ਦੇ ਮਸਲਿਆਂ ਉਪਰ ਹਾਜ਼ਰ ਲੇਖਕਾਂ ਨੇ ਗੰਭੀਰ ਚਿੰਤਨ ਕੀਤਾ। ਹਾਜ਼ਰ ਲੇਖਕਾਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਪੜ੍ਹੀਆਂ, ਸੁਣੀਆਂ ਰਚਨਾਵਾਂ 'ਤੇ ਹਾਜ਼ਰ ਲੇਖਕਾਂ ਵੱਲੋਂ ਮਿਆਰੀ ਤੇ ਉਸਾਰੂ ਵਿਚਾਰ-ਚਰਚਾ ਕੀਤੀ ਗਈ। ਸਭਾ ਦੀ ਕਾਰਵਾਈ ਜਨਰਲ ਸਕੱਤਰ ਜਗਵੀਰ ਸਿੰਘ ਵਿੱਕੀ ਨੇ ਖ਼ੂਬਸੂਰਤ ਅੰਦਾਜ਼ ਨਾਲ ਚਲਾਈ। ਹਰਬੰਸ ਸਿੰਘ ਰਾਏ ਤੇ ਲੇਖਿਕਾ ਰਜਿੰਦਰ ਕੌਰ ਪੰਨੂ ਨੇ ਆਏ ਹੋਏ ਸ਼ਾਇਰਾਂ ਦਾ ਧੰਨਵਾਦ ਕੀਤਾ।

## 'ਕੱਚੀਆਂ ਗੜ੍ਹੀਆਂ ਪੱਕੀਆਂ ਨੀਹਾਂ' ਲੋਕ ਅਰਪਣ

**ਪਟਿਆਲਾ** : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸ਼ਾਇਰ ਹਰੀਸ਼ ਹਰਫ਼ ਦੀ ਪੁਸਤਕ 'ਕੱਚੀਆਂ ਗੜ੍ਹੀਆਂ ਪੱਕੀਆਂ ਨੀਂਹਾਂ' ਲੋਕ ਅਰਪਣ ਕੀਤੀ ਗਈ। ਸਮਾਗਮ ਦਾ ਆਗਾਜ਼ ਕਰਦਿਆਂ ਮੰਚ ਦੇ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲਵੀ ਨੇ ਹਰੀਸ਼ ਹਰਫ਼ ਦੀ ਸਿਰਜਣ ਪ੍ਰਕਿਰਿਆ ਅਤੇ ਪੁਸਤਕ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਅਤੇ ਮੰਚ ਸੰਚਾਲਕ ਵੱਲੋਂ ਹੀ ਪੁਸਤਕ ਸੰਬੰਧੀ ਬਲਬੀਰ ਜਲਾਲਾਬਾਦੀ ਦਾ ਲਿਖਿਆ ਪੇਪਰ ਉਹਨਾਂ ਦੀ ਗੈਰ ਹਾਜ਼ਰੀ ਵਿੱਚ ਪੜ੍ਹਿਆ ਗਿਆ। ਮੁੱਖ ਮਹਿਮਾਨ ਵਜੋਂ ਬੋਲਦਿਆਂ ਉੱਘੇ ਸ਼ਾਇਰ ਤੇ ਗੀਤਕਾਰ ਧਰਮ ਸਿੰਘ ਕੰਮੇਆਣਾ ਨੇ ਕਿਹਾ ਕਿ ਕਵੀ ਨੇ ਆਪਣੀ ਪੁਸਤਕ ਵਿੱਚ ਧਰਮ ਨੂੰ ਇਤਿਹਾਸ ਅਤੇ ਸਮਾਜ ਦੇ ਸਰੋਕਾਰਾਂ ਨਾਲ ਜੋੜਨ ਦਾ ਯਤਨ ਕੀਤਾ ਹੈ। ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਜੀ ਐੱਸ ਆਨੰਦ ਦਾ ਕਥਨ ਸੀ ਕਿ ਹਰੀਸ਼ ਦੀ ਕਵਿਤਾ ਸਿਰਫ਼ ਜਜ਼ਬਾਤ ਦੀ ਕਵਿਤਾ ਹੀ ਨਹੀਂ, ਸਗੋਂ ਇਤਿਹਾਸ ਦੀਆਂ ਤੈਹਾਂ ਨੂੰ ਫਰੋਲਣ ਦਾ ਯਤਨ ਵੀ ਕਰਦੀ ਹੈ।ਪੁਸਤਕ ਸੰਬੰਧੀ ਉਪਰੋਕਤ ਤੋਂ ਇਲਾਵਾ ਡਾ. ਸੰਤੋਖ ਸੁੱਖੀ, ਸੁਖਮਿੰਦਰ ਸੇਖੋਂ ਅਤੇ ਡਾ. ਗੁਰਮੀਤ ਕੱਲਰਮਾਜਰੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।



# ਪਾਠਕਾਂ ਦੇ ਝਰੋਖੇ 'ਚੋਂ

## ਸਾਲਾਨਾ ਸਾਹਿਤਕ ਅੰਕ

ਨਵਾਂ ਜ਼ਮਾਨਾ ਦਾ ਸਾਲਾਨਾ ਸਾਹਿਤਕ ਅੰਕ ਪੜ੍ਹਿਆ। ਸਾਲ ਦੇ ਆਖਰ 'ਚ ਸਾਹਿਤ ਦੀ ਪੁਣ-ਛਾਣ ਤੋਂ ਪਹਿਲਾਂ ਆਲੋਚਕਾਂ ਨਾਲ਼ ਗੰਢ-ਤੋਪਾਂ, ਕਿਸੇ ਨਾ ਕਿਸੇ ਤਰ੍ਹਾਂ ਨੇੜਤਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ। ਕਾਫ਼ੀ ਹੱਦ ਤੱਕ ਉਹ ਇਹਦਾ ਫਾਇਦਾ ਵੀ ਲੈ ਜਾਂਦੇ। ਜੋ ਇੰਝ ਕਰਨ ਤੋਂ ਪੱਛੜ ਜਾਂਦੇ ਜਾਂ ਆਪਣੇ ਸੁਭਾਅ ਵਿਚ ਉਹ ਗੱਲਾਂ ਸ਼ਾਮਲ ਨਹੀਂ ਕਰ ਸਕੇ ਤਾਂ ਉਹਨਾਂ ਦੀ ਚੰਗੀ ਰਚਨਾ ਵੀ ਮਾਰ ਖਾ ਜਾਂਦੀ। ਲਿਫ਼ਾਫ਼ੇਬਾਜ਼ੀਆਂ ਵਾਲ਼ੇ ਆਪਣੀ ਹਲਕੀ ਰਚਨਾ ਨੂੰ ਵੀ ਨਿਖਾਰ ਲੈਂਦੇ।

ਪਰ ਫਿਰ ਵੀ ਇਸ ਵਾਰ ਮੈਨੂੰ ਕੁਝ ਸੁਧਾਰ ਵੀ ਨਜ਼ਰ ਆਇਆ। ਪੁਸਤਕਾਂ ਦੇ ਵੇਰਵਿਆਂ ਦੇ ਨਾਲ-ਨਾਲ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਵੀ ਸਾਂਝੀ ਕੀਤੀ ਗਈ। ਦੂਜੀ ਗੱਲ ਮੈਂ ਇਹ ਵੀ ਮੰਨਦਾਂ ਕਿ ਸਭ ਨੂੰ ਖੁਸ਼ ਕਰਨਾ ਵੀ ਤਾਂ ਔਖਾ ਹੁੰਦਾ। (One cannot please everybody) ਆਲੋਚਕ ਦੀ ਵੀ ਆਪਣੀ ਸੀਮਾ ਹੁੰਦੀ। ਧੜਾਧੜ ਛਪ ਰਹੀਆਂ ਕਿਤਾਬਾਂ ਖ਼ਾਸਕਰ ਕਵਿਤਾ ਦੇ ਢੇਰ 'ਚੋਂ ਛਾਂਟੀ ਕਰਨੀ ਵੀ ਟੇਢੀ ਖੀਰ ਏ। ਆਖ਼ਰ 'ਚ ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਅਖਬਾਰ ਦੇ ਸੰਪਾਦਕ ਨੂੰ ਥੋੜ੍ਹਾ ਇਹਦੇ ਲਈ ਸੁਚੇਤ ਹੋਣ ਦੀ ਜ਼ਰੂਰਤ ਹੈ। ਹਰ ਸਾਲ ਬਦਲ ਕੇ ਨਵਿਆਂ ਤੋਂ ਇਹ ਪਰਖ਼-ਪੜਚੋਲ ਕਰਵਾਉਣੀ ਚਾਹੀਦੀ ਹੈ ਤਾਂ ਕਿ ਗੰਢ-ਤੁੱਪ ਕਰਨ ਵਾਲ਼ਿਆਂ ਨੂੰ ਕੁਝ ਨਕੇਲ ਪੈ ਸਕੇ ਤੇ ਸਾਹਿਤ ਨੂੰ ਜਿੰਨਾ ਕੁ ਵੀ ਹੋ ਸਕੇ, ਗੰਧਲਾ ਹੋਣ ਤੋਂ ਬਚਾਇਆ ਜਾ ਸਕੇ।

**— ਜੋਗੇ ਭੰਗਲ,**
**ਭੰਗਲ ਕਲਾਂ, ਨਵਾਂ ਸ਼ਹਿਰ**

(2)

ਸਾਹਿਤਕ, ਸਮਾਜਿਕ, ਸਿਆਸੀ ਗਤੀਵਿਧੀਆਂ, ਸਰਗਰਮੀਆਂ ਦੀ ਜਾਣਕਾਰੀ, ਪਰਖ-ਪੜਚੋਲ ਕਰਨ ਵਿੱਚ 'ਐਤਵਾਰਤਾ' ਸ਼ਾਨਦਾਰ ਜ਼ਿੰਮੇਵਾਰ ਭੂਮਿਕਾ ਨਿਭਾਉਂਦਾ ਹੈ।2025 ਦੇ ਸਾਲਾਨਾ ਅੰਕ ਨੂੰ ਵਿਧੀਵਤ ਤਰੀਕੇ ਨਾਲ ਵਿਉਂਤਬੱਧ ਕਰਨਾ; ਸੰਪਾਦਕ ਦੀ ਸੂਝ-ਦ੍ਰਿਸ਼ਟੀ ਦਾ ਉੱਤਮ ਪ੍ਰਮਾਣ ਬਣਿਆ ਹੈ।ਡਾ. ਸਰਬਜੀਤ ਸਿੰਘ ਵੱਲੋਂ ਲਿਖਿਆ ਮੁੱਖ ਲੇਖ 'ਪਥਰਾਈ ਮਨੁੱਖਤਾ ਦਾ ਪ੍ਰਵਕਤਾ ਲਾਲ ਸਿੰਘ ਦਿਲ' ਕਵਿਤਾ ਦੇ ਹਵਾਲੇ ਨਾਲ ਸਮਾਜ ਨੂੰ ਨੇੜਿਓਂ ਪਛਾਣਦਾ ਹੈ।ਇਸ ਤੋਂ ਅਗਲਾ ਪੰਨਾ ਫਰੋਲਦਿਆਂ ਜਤਿੰਦਰ ਪਨੂੰ ਦਾ 'ਦ੍ਰਿਸ਼ਟੀਕੋਣ' ਸਮਝਣਯੋਗ ਹੈ। ਡਾ. ਸੁਖਪਾਲ ਕੌਰ ਸਮਰਾਲਾ ਨੇ ਪੰਜਾਬੀ ਆਲੋਚਨਾ ਦੇ ਦ੍ਰਿਸ਼ ਨੂੰ ਰੂਪਮਾਨ ਕਰਨ ਦੀ ਵਧੀਆ ਕੋਸ਼ਿਸ਼ ਕੀਤੀ ਹੈ।ਬਹੁ ਸੰਕਟਾਂ ਨਾਲ ਜੂਝਣ ਵਾਲੀ ਸ਼ਾਇਰੀ ਦੇ ਕਈ ਸਿਰੇ ਫੜਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਭਾਵ ਜ਼ਾਹਰ ਕੀਤੇ ਹਨ। ਪੰਜਾਬੀ ਕਹਾਣੀ ਨੂੰ ਲੈ ਕੇ ਵੱਡੀ ਚਰਚਾ ਬਣੀ ਰਹਿੰਦੀ ਹੈ। ਡਾ. ਸੰਦੀਪ ਰਾਣਾ ਨੇ ਮਹੱਤਵਪੂਰਨ ਆਲੋਚਨਾਤਮਕ ਨੁਕਤੇ ਸਾਂਝੇ ਕਰਕੇ ਇਕ ਕਦਮ ਅਗਾਂਹ ਪੁੱਟਿਆ ਹੈ। ਗਲਪ-ਚਿੰਤਕ ਡਾ. ਜੇ ਬੀ ਸੇਖੋਂ ਨੇ ਨਾਵਲ ਨੂੰ ਇਤਿਹਾਸਕ ਅਤੇ ਸਮਾਜਿਕ ਫ਼ਿਕਰਮੰਦੀ ਦੀ ਜਮਾਂਬੰਦੀ ਰਾਹੀਂ ਜਿਸ ਤਰੀਕੇ ਨਾਲ ਸਮਝਿਆ ਹੈ, ਇਹ ਖੋਜ ਹਿੱਸੇ ਅਕਾਦਮਿਕ ਜਗਤ ਵਿੱਚ ਅਧਿਐਨ ਬਿੰਦੂ ਬਣਨੇ ਚਾਹੀਦੇ ਹਨ। ਬਲਜਿੰਦਰ ਮਾਨ ਨੇ ਬਾਲ ਸਾਹਿਤ ਦੀ ਸਿਰਜਣਾ, ਚੁਣੌਤੀਆਂ ਬਾਰੇ ਸੰਜੀਦਾ ਸੰਵਾਦ ਸਿਰਜਿਆ ਹੈ। ਮਿੰਨੀ ਕਹਾਣੀ ਦੇ ਪਾਰਖੂ/ਸਿਰਜਕ ਜਗਦੀਸ਼ ਰਾਏ ਕੁਲਰੀਆਂ ਨੇ ਨਵੇਂ ਲੇਖਕਾਂ ਦੀ ਆਮਦ ਨੂੰ ਸਵਾਗਤ ਅਤੇ ਸੁਚੇਤ ਕੀਤਾ ਹੈ। 'ਪੰਜਾਬੀ ਨਾਟ-ਸਿਰਜਣਕਾਰੀ : ਪਛਾਣ ਅਤੇ ਪੇਸ਼ਕਾਰੀ' ਰਾਹੀਂ ਹਾਜ਼ਰੀ ਲਗਵਾਉਣ ਦਾ ਮੌਕਾ ਮਿਲਿਆ ਹੈ, ਪਾਠਕ ਹੁੰਗਾਰੇ ਮਿਲ ਰਹੇ ਹਨ, ਉਡੀਕ ਵੀ।ਲਾਲ ਸਿੰਘ ਦਿਲ ਦੀ ਫੋਟੋ ਵਾਲੇ ਕੈਲੰਡਰ ਸਮੇਤ ਸਾਰਾ ਅੰਕ ਸਾਂਭਣਯੋਗ ਹੈ।ਇਹੋ ਜਿਹੇ ਅੰਕ ਸਾਹਿਤ ਇਤਿਹਾਸਕਾਰੀ ਦਾ ਵਿਸ਼ੇਸ਼ ਦਸਤਾਵੇਜ਼ ਬਣਨ ਦਾ ਹੱਕ ਰੱਖਦੇ ਹਨ।

**— ਡਾ. ਚੰਦਰ ਪ੍ਰਕਾਸ਼, ਅਬੋਹਰ, ਫਾਜ਼ਿਲਕਾ**

(3)

ਨਵਾਂ ਜ਼ਮਾਨਾ ਦੀ ਐਤਵਾਰਤਾ ਦਾ ਕੋਈ ਮੁਕਾਬਲਾ ਨਹੀਂ। ਹਰ ਐਤਵਾਰ ਛਪਣ ਵਾਲਾ ਅੰਕ ਜਿੱਥੇ ਸਾਹਿਤਕ ਸਰਗਰਮੀਆਂ ਨੂੰ ਪੇਸ਼ ਕਰਦਾ ਹੈ, ਉਥੇ ਆਲੋਚਨਾਤਮਕ ਲੇਖਾਂ ਰਾਹੀਂ ਪਾਠਕਾਂ ਦੇ ਬੌਧਿਕ ਪੱਧਰ ਨੂੰ ਵੀ ਉਚੇਰਾ ਕਰਦਾ ਹੈ। ਸਾਲਾਨਾ ਅੰਕ ਦੀ ਉਡੀਕ ਤਾਂ ਹਰ ਸਾਲ ਪਾਠਕ ਬੜੀ ਤੀਬਰ ਇੱਛਾ ਨਾਲ ਕਰਦੇ ਹਨ। ਇਸ ਵਾਰ ਵੀ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ 'ਤੇ ਸਾਲਾਨਾ ਸਰਵੇ ਲੇਖ ਪ੍ਰਕਾਸ਼ਿਤ ਕੀਤੇ ਗਏ, ਜਿਨ੍ਹਾਂ ਰਾਹੀਂ ਕਵਿਤਾ, ਕਹਾਣੀ, ਨਾਵਲ ਅਤੇ ਬਾਲ ਸਾਹਿਤ ਦੀ ਵਿਸ਼ੇਸ਼ ਤੌਰ 'ਤੇ ਚਰਚਾ ਕੀਤੀ ਗਈ। ਇਸ ਅੰਕ ਵਿੱਚੋਂ ਪਾਠਕਾਂ ਨੂੰ ਜਿੱਥੇ ਇਸ ਸਾਲ ਛਪੀਆਂ ਕੀਮਤੀ ਪੁਸਤਕਾਂ ਦੀ ਜਾਣਕਾਰੀ ਮਿਲੀ, ਉੱਥੇ ਇਸ ਖੇਤਰ ਵਿੱਚ ਹੋ ਰਹੀਆਂ ਗਤੀਵਿਧੀਆਂ ਬਾਰੇ ਵੀ ਭਰਪੂਰ ਜਾਣਕਾਰੀ ਮਿਲੀ। ਸਮਕਾਲੀ ਸਾਹਿਤ ਕਾਲਮ ਰਾਹੀਂ ਛਪਦੇ ਰਸਾਲਿਆਂ ਦੀ ਚਰਚਾ ਨਾਲ ਪਾਠਕਾਂ ਨੂੰ ਆਪਣੇ ਮਨਪਸੰਦ ਰਸਾਲਿਆਂ ਤੇ ਆਲੋਚਨਾਤਮਕ ਨਜ਼ਰੀਆ ਮਿਲਦਾ ਹੈ। ਜਤਿੰਦਰ ਪੰਨੂ ਹੁਰਾਂ ਦਾ ਲੇਖ ਅਕਾਲੀ-ਭਾਜਪਾ ਦੀ ਸੰਢ-ਗੰਢ ਬਾਰੇ ਚਰਚਾ ਰਾਹੀਂ ਪਾਠਕਾਂ ਦੀ ਸਿਆਸੀ ਸੂਝ ਨਿਖਾਰਨ ਦਾ ਯਤਨ ਕਰਦਾ ਹੈ। ਡਾਕਟਰ ਸੁਖਪਾਲ ਕੌਰ ਸਮਰਾਲਾ ਵੱਲੋਂ ਆਲੋਚਨਾ ਦੀਆਂ ਛਪੀਆਂ ਪੁਸਤਕਾਂ ਦੀ ਕੀਤੀ ਚਰਚਾ ਪੰਜਾਬੀ ਆਲੋਚਨਾ ਦੇ ਪੱਧਰ ਨੂੰ ਨਿਸ਼ਚਿਤ ਕਰਦੀ ਹੈ। ਡਾਕਟਰ ਅਰਵਿੰਦਰ ਕੌਰ ਕਾਕੜਾ ਵੱਲੋਂ ਪੰਜਾਬੀ ਸ਼ਾਇਰੀ ਦੀ ਵੰਨ-ਸੁਵੰਨਤਾ ਅਤੇ ਪੇਸ਼ਕਾਰੀਆਂ ਨੂੰ ਸ਼ਾਨਦਾਰ ਸ਼ਬਦਾਂ ਰਾਹੀਂ ਸਿਰਜਿਆ ਹੈ। ਡਾਕਟਰ ਜੇ.ਬੀ. ਸੇਖੋਂ ਨੇ ਪੰਜਾਬੀ ਨਾਵਲਕਾਰੀ ਵਿੱਚ ਵਰਤੀਆਂ ਗਈਆਂ ਨਵੀਆਂ ਜੁਗਤਾਂ ਅਤੇ ਸੰਭਾਵਨਾਵਾਂ ਦੀ ਚਰਚਾ ਕਰਕੇ ਨਾਵਲ ਪ੍ਰਤੀ ਸਾਡੀ ਰੁਚੀ ਨੂੰ ਹੋਰ ਤੀਬਰ ਕਰ ਦਿੱਤਾ। ਡਾਕਟਰ ਚੰਦਰ ਪ੍ਰਕਾਸ਼ ਨੇ ਪੰਜਾਬੀ ਨਾਟਕ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਅਤੇ ਪੁਸਤਕਾਂ ਨੂੰ ਪਾਠਕਾਂ ਦੇ ਸਨਮੁੱਖ ਕਰਕੇ ਰੰਗ-ਮੰਚ ਦੇ ਮਾਣ ਵਿੱਚ ਵਾਧਾ ਕੀਤਾ। ਕੁਲਰੀਆਂ ਨੇ ਮਿੰਨੀ ਕਹਾਣੀ ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਅੱਜ ਸਭ ਤੋਂ ਵੱਧ ਮਿੰਨੀ ਕਹਾਣੀ ਪੜ੍ਹੀ ਜਾ ਰਹੀ ਹੈ। ਅਜਿਹੇ ਸ਼ਾਨਦਾਰ ਅੰਕਾਂ ਦੇ ਪ੍ਰਕਾਸ਼ਨ ਲਈ ਅਦਾਰੇ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਾਂ।

**— ਬਲਜਿੰਦਰ ਮਾਨ**

(4)

ਨਵਾਂ ਜ਼ਮਾਨਾ ਅਖ਼ਬਾਰ ਵਿੱਚ ਵੀ ਹਰ ਸਾਲ ਦੀ ਤਰ੍ਹਾਂ ਹਰ ਵਿਧਾ ਦਾ ਲੇਖਾ-ਜੋਖਾ ਕੀਤਾ ਗਿਆ।

ਡਾ. ਸੰਦੀਪ ਰਾਣਾ ਨੇ 2025 ਦੀ ਕਹਾਣੀ ਬਾਰੇ ਨਜ਼ਰਸਾਨੀ ਕੀਤੀ। ਛਪੀਆਂ ਕਿਤਾਬਾਂ ਤੇ ਉਹਨਾਂ ਵਿਚਲੀਆਂ ਚੰਗੀਆਂ ਕਹਾਣੀਆਂ ਦਾ ਜ਼ਿਕਰ ਕਰਨ ਦੇ ਨਾਲ-ਨਾਲ ਉਹਨਾਂ ਕਹਾਣੀਆਂ ਦਾ ਜ਼ਿਕਰ ਵੀ ਨਿਰਪੱਖ ਤਰੀਕੇ ਨਾਲ ਕੀਤਾ, ਜੋ ਹੋਰ ਮਿਹਨਤ ਤੇ ਪਰਪੱਕਤਾ ਦੇ ਮਿਆਰ ਦੀ ਤਵੱਕੋ ਰੱਖਦੀਆਂ ਹਨ।

ਸਾਰੇ ਸਾਲ ਦਾ ਲਿਖਿਆ ਸਾਹਿਤ ਪੜ੍ਹਨਾ ਆਪਣੇ-ਆਪ ਵਿੱਚ ਵੱਡਾ ਕਾਰਜ ਹੈ ਤੇ ਫੇਰ ਉਸ ਨੂੰ ਤੋਲ ਮੋਲ ਕੇ, ਛਾਣ ਕੇ ਸੰਤੁਲਿਤ ਢੰਗ ਨਾਲ ਪੇਸ਼ ਕਰਨਾ ਅਲੋਚਕ ਵੱਲੋਂ ਆਪਣੇ-ਆਪ ਨੂੰ ਤਪਾਉਣ ਤੇ ਪਕਾਉਣ ਦੇ ਬਰਾਬਰ ਹੈ।

ਸਾਹਿਤ, ਸਾਹਿਤਕਾਰ ਤੇ ਆਲੋਚਕ ਵਿਚਲੀ ਇਹ ਕੜੀ ਹੀ ਚੰਗਾ ਸਾਹਿਤ ਸਿਰਜਣ ਦੀ ਪ੍ਰੇਰਨਾ ਬਣਦੀ ਹੈ ਤੇ ਸਾਲ ਦਾ ਅਖ਼ੀਰੀ ਲੇਖ ਚੰਗੇ ਸਾਹਿਤ ਤੱਕ ਪਹੁੰਚਣ ਵਾਲੀ ਕੁੰਜੀ ਹੈ।

**— ਜਸਪਾਲ ਕੌਰ, ਅੰਮ੍ਰਿਤਸਰ**

(5)

ਹਰ ਸਾਲ ਦੀ ਤਰ੍ਹਾਂ ਇਸ ਵਰ੍ਹੇ ਵਿੱਚ ਰਚੇ ਸਾਹਿਤ ਦਾ ਲੇਖਾ-ਜੋਖਾ ਕਰਦਾ ਇਹ ਸਾਲਾਨਾ ਸਾਹਿਤਕ ਅੰਕ ਆਪਣੀ ਅਕਾਦਮਿਕ ਗੰਭੀਰਤਾ ਕਰਕੇ ਇੱਕ ਪ੍ਰਮਾਣਿਕ ਇਤਿਹਾਸਕ ਦਸਤਾਵੇਜ਼ ਵਜੋਂ ਉੱਭਰਿਆ ਹੈ। ਇਹ ਸਾਲਾਨਾ ਅੰਕ ਸਾਹਿਤਕ ਪਰਿਦ੍ਰਿਸ਼ ਦਾ ਮਹਿਜ਼ ਲੇਖਾ-ਜੋਖਾ ਹੀ ਨਹੀਂ, ਸਗੋਂ ਸਮਕਾਲੀ ਪੰਜਾਬੀ ਸਾਹਿਤ ਦੀ ਬੌਧਿਕ ਗਤੀਸ਼ੀਲਤਾ ਅਤੇ ਚਿੰਤਨ-ਧਾਰਾ ਨੂੰ ਦਰਜ ਕਰਨ ਵਾਲਾ ਇੱਕ ਅਹਿਮ ਸਿਧਾਂਤਕ ਦਸਤਾਵੇਜ਼ ਹੈ, ਜਿਸ ਵਿੱਚ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਵਰਗੀਆਂ ਵਿਭਿੰਨ ਸਾਹਿਤਕ ਵਿਧਾਵਾਂ ਦਾ ਗੰਭੀਰ ਅਤੇ ਵਿਵੇਕਪੂਰਨ ਮੁਲਾਂਕਣ ਅੰਕਿਤ ਹੈ। ਲਾਲ ਸਿੰਘ ਦਿਲ ਦੀ ਕਾਵਿ-ਸੰਵੇਦਨਾ ਨੂੰ ਨਵੇਂ ਦਾਰਸ਼ਨਿਕ ਪਰਿਪੇਖਾਂ ਵਿੱਚ ਵਾਚਣ ਤੋਂ ਲੈ ਕੇ ਏ.ਆਈ. ਅਤੇ ਡਿਜੀਟਲ ਸੱਭਿਆਚਾਰ ਦੇ ਸਾਹਿਤ 'ਤੇ ਪੈ ਰਹੇ ਪ੍ਰਭਾਵਾਂ ਤੱਕ, ਇਹ ਅੰਕ ਅਜੋਕੇ ਬੌਧਿਕ ਸਰੋਕਾਰਾਂ ਨੂੰ ਕੇਂਦਰ ਵਿੱਚ ਰੱਖਦਾ ਹੈ। ਗਲਪ, ਨਾਟਕ, ਬਾਲ ਸਾਹਿਤ ਅਤੇ ਆਲੋਚਨਾ ਦੇ ਖੇਤਰਾਂ ਵਿੱਚ ਉਠਾਏ ਗਏ ਸਵਾਲ ਇਸ ਨੂੰ ਇੱਕ ਸੰਪੂਰਨ ਚਿੰਤਨੀ ਦਸਤਾਵੇਜ਼ ਬਣਾਉਂਦੇ ਹਨ।ਇਹ ਅੰਕ ਪੰਜਾਬੀ ਸਾਹਿਤ ਦੀ ਵਰਤਮਾਨ ਸਥਿਤੀ ਦਾ ਸਾਰਥਕ ਅਤੇ ਸੰਵੇਦਨਸ਼ੀਲ ਜਾਇਜ਼ਾ ਲੈਂਦਿਆਂ ਭਵਿੱਖੀ ਚੁਣੌਤੀਆਂ ਅਤੇ ਸੰਭਾਵਨਾਵਾਂ ਲਈ ਇੱਕ ਮਜ਼ਬੂਤ ਬੌਧਿਕ ਆਧਾਰ ਪ੍ਰਦਾਨ ਕਰਦਾ ਹੈ।

**— ਡਾ. ਸੰਦੀਪ ਸਿੰਘ ਮੁੰਡੇ**

(6)

28 ਦਸੰਬਰ ਦੇ 'ਐਤਵਾਰਤਾ' ਵਿਚ ਚਰਚਿਤ ਇਨਕਲਾਬੀ ਸ਼ਾਇਰ ਲਾਲ ਸਿੰਘ ਦਿਲ ਦੀ ਤਸਵੀਰ ਛਾਪ ਕੇ ਨਵਾਂ ਜ਼ਮਾਨਾ ਨੇ ਨਕਸਲਵਾਦੀ ਧਾਰਾ ਦੇ ਕਵੀ ਨੂੰ ਸ਼ਿੱਦਤ ਨਾਲ ਯਾਦ ਕੀਤਾ ਹੈ ।ਲਾਲ ਸਿੰਘ ਦਿਲ ਸੱਚਾ ਤੇ ਸਾਫ-ਸੁਥਰੀ ਸੋਚ ਦਾ ਸੰਘਰਸ਼ਵਾਦੀ ਸ਼ਾਇਰ ਸੀ। ਡਾ. ਸਰਬਜੀਤ ਸਿੰਘ ਨੇ ਲਾਲ ਸਿੰਘ ਦਿਲ ਦੀ ਕਵਿਤਾ ਦੇ ਕਈ ਪੱਖ ਸਪੱਸ਼ਟ ਕੀਤੇ ਹਨ ।ਲਾਲ ਸਿੰਘ ਦਿਲ ਨੇ ਹਰੇਕ ਸਿਰਜੇ ਸ਼ਬਦ ਵਿਚ ਸਥਾਪਤੀ ਨੂੰ ਚੈਲਿੰਜ ਕੀਤਾ ਹੈ। 'ਦ੍ਰਿਸ਼ਟੀਕੋਣ' ਨੇ ਅਕਾਲੀ-ਭਾਜਪਾ ਸੰਭਾਵੀ ਸਮਝੌਤੇ ਦੀ ਸਾਰਥਿਕ ਚਰਚਾ ਕੀਤੀ ਹੈ ।ਡਾ. ਸੁਖਪਾਲ ਕੌਰ ਸਮਰਾਲਾ ਦਾ ਪੰਜਾਬੀ ਆਲੋਚਨਾ ਦੀਆ ਬੀਤੇ ਸਾਲ ਛਪੀਆਂ ਕਿਤਾਬਾਂ ਦਾ ਜ਼ਿਕਰ ਕੀਤਾ ਹੈ। ਇਸ ਸਾਲ ਨਵੇਂ ਮਿੰਨੀ ਕਹਾਣੀ ਸੰਗ੍ਰਹਿਆਂ ਬਾਰੇ ਮਿੰਨੀ ਕਹਾਣੀ ਦੇ ਸਫਰ ਦੀ ਝਲਕ ਜਗਦੀਸ਼ ਰਾਏ ਕੁਲਰੀਆਂ ਨੇ ਦਿੱਤੀ ਹੈ । ਢਾਹਾਂ ਸਾਹਿਤ ਜੇਤੂ ਨਾਵਲ ਰੌਲਿਆਂ ਵੇਲੇ ਕਹਾਣੀ ਪੁਸਤਕ ਡਿਲੀਵਰਮੈਨ ਦੀ ਹੋਰ ਜਾਣਕਾਰੀ ਮਿਲੀ । ਪੰਜਾਬੀ ਕਹਾਣੀ ਦੇ ਬੀਤੇ ਸਾਲ ਦੇ ਲੰਮੇ ਸਫਰ ਦੀ ਚੰਗੀ ਜਾਣਕਾਰੀ ਡਾ. ਸੰਦੀਪ ਰਾਣਾ ਦੇ ਲੇਖ ਵਿਚ ਪੜ੍ਹ ਕੇ ਵੇਖਿਆ, ਜਾਣਿਆ। ਕਈ ਸਥਾਪਤ ਕਹਾਣੀਕਾਰਾਂ ਦੀ ਕਹਾਣੀ ਵਿੱਚ ਆਏ ਪੇਤਲੇਪਣ ਦੀ ਤਲਾਸ਼ ਵੀ ਡਾ. ਸੰਦੀਪ ਰਾਣਾ ਨੇ ਕੀਤੀ ਹੈ।

ਡਾ. ਸੰਦੀਪ ਰਾਣਾ ਕੋਲ ਕਹਾਣੀ ਆਲੋਚਨਾ ਦਾ ਚੰਗਾ ਤਜਰਬਾ ਹੈ ।ਉਹ ਕਹਾਣੀ ਦੀ ਤਹਿ ਤੱਕ ਜਾ ਕੇ ਕਿਤਾਬ ਦਾ ਵਿਸ਼ਲੇਸ਼ਣ ਕਰਦੇ ਹਨ, ਜਿਸ ਨਾਲ ਕਹਾਣੀਕਾਰਾਂ ਨੂੰ ਸੇਧ ਵੀ ਮਿਲਦੀ ਹੈ ।ਡਾ. ਜੇ ਬੀ ਸੇਖੋਂ ਨੇ ਪੰਜਾਬੀ ਨਾਵਲ ਬਾਰੇ ਬਹੁਤ ਵਡਮੁੱਲੀ ਜਾਣਕਾਰੀ ਦਿੱਤੀ ਹੈ ।ਕੁਝ ਨਾਵਲਾਂ ਵਿਚ ਨਵੀਂ ਤਕਨੀਕ ਦੀ ਵਰਤੋਂ ਹੋਈ ਹੈ। ਜਿਵੇਂ ਕੇ ਐੱਲ ਗਰਗ ਦੇ ਨਵੇਂ ਛਪੇ ਨਾਵਲ ਵਿਚ। ਬਾਲ ਸਾਹਿਤ ਵਿਚ ਤਕਨੀਕ ਲਿਆਉਣ ਦਾ ਸੁਝਾਅ ਬਲਜਿੰਦਰ ਮਾਨ ਨੇ ਦਿੱਤਾ ਹੈ। ਬਹੁਤ ਵੱਡੀ ਗਿਣਤੀ ਵਿਚ ਬਾਲ ਸਾਹਿਤ ਛਪ ਰਿਹਾ ਹੈ ।ਇਹ ਸ਼ੁੱਭ ਸ਼ਗਨ ਹੈ ਪਰ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਬਾਲ ਸਾਹਿਤ ਦੀ ਬਹੁਤ ਘਾਟ ਹੈ, ਜਿਸ ਦੀ ਚਿੰਤਾ ਬਲਜਿੰਦਰ ਮਾਨ ਨੇ ਕੀਤੀ ਹੈ। ਡਾ. ਅਰਵਿੰਦਰ ਕੌਰ ਕਾਕੜਾ ਨੇ ਪੰਜਾਬੀ ਕਵਿਤਾ ਦਾ ਕਿਤਾਬਾਂ ਦੀਆਂ ਉਦਾਹਰਨਾਂ ਦੇ ਕੇ ਪੰਜਾਬੀ ਕਾਵਿ ਦੀ ਭਰਵੀਂ ਚਰਚਾ ਕੀਤੀ ਹੈ । ਕਵਿਤਾ ਦੀ ਕਿਤਾਬ ਵੱਡੀ ਗਿਣਤੀ ਵਿਚ ਛਪ ਰਹੀ ਹੈ। ਡਾ. ਚੰਦਰ ਪ੍ਰਕਾਸ਼ ਨੇ ਨਾਟਕ ਬਾਰੇ ਖੋਜਮਈ ਜਾਣਕਾਰੀ ਦਿੱਤੀ ।ਨਾਟਕ ਛਪ ਰਿਹਾ ਹੈ ਤੇ ਮੰਚ 'ਤੇ ਖੇਡਿਆ ਜਾ ਰਿਹਾ ਹੈ । ਬਹੁਤ ਸਾਂਭਣਯੋਗ ਅੰਕ ਹੈ। ਅਦਾਰਾ ਨਵਾਂ ਜ਼ਮਾਨਾ ਦੀ ਸਾਹਿਤਕ ਅੰਕ ਤੇ ਕੀਤੀ ਮਿਹਨਤ ਨੂੰ ਸਲਾਮ। ਸਾਰੇ ਲੇਖਕ ਵੀ ਧੰਨਵਾਦ ਦੇ ਪਾਤਰ ਹਨ ।

**— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਦੱਖਣ ਦਾ ਗੁਰੂ ਪਿਆਰਾ ਸੁਬਰਾਮਣੀਅਮ : ਸੁਖਦੇਵ ਸਿਰਸਾ**

**ਗਿਆਨਪੀਠ ਗੁਰਦਿਆਲ ਸਿੰਘ-ਜਾਣੇ ਅਣਜਾਣੇ ਤੱਥ : ਡਾ. ਤਰਸੇਮ ਸ਼ਰਮਾ**

**'ਹਿੰਦੂ ਧਰਮ ਦੇ ਰਹੱਸ' : ਡਾ. ਭੀਮ ਰਾਓ ਅੰਬੇਡਕਰ (ਫੋਕਸ) ਡਾ. ਤੇਜਿੰਦਰ ਵਿਰਲੀ**

**ਹਰਵਿੰਦਰ ਰਿਆੜ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

# ਸਮਕਾਲ

---- ਭਗਵੰਤ ਰਸੂਲਪੁਰੀ----

## ਚਰਚਾ ਕੌਮਾਂਤਰੀ : ਸਤੰਬਰ-ਦਸੰਬਰ, 2025




'ਚਰਚਾ ਕੌਮਾਂਤਰੀ' ਦਾ ਦੂਜਾ ਅੰਕ ਥੋੜ੍ਹਾ ਪੱਛੜ ਕੇ ਪ੍ਰਕਾਸ਼ਤ ਹੋਇਆ ਹੈ। ਸੰਪਾਦਕੀ ਵਿੱਚ ਨੋਬਲ ਪੁਰਸਕਾਰ ਦੇ ਪ੍ਰਸੰਗ ਵਿੱਚ ਸ਼ਾਂਤੀ ਪੁਰਸਕਾਰ ਬਨਾਮ ਟਰੰਪ ਤੇ ਸਾਹਿਤ ਦਾ ਨੋਬਲ ਪੁਰਸਕਾਰ ਦੇ ਪ੍ਰਸੰਗ ਵਿੱਚ ਕਮਿਉਨਿਜ਼ਮ ਦੇ ਦੌਰ ਵਿਚ ਫਾਸ਼ੀਵਾਦੀ ਰੁਝਾਨ ਵੱਲ ਸੰਕੇਤ ਦੀ ਗੱਲ ਕੀਤੀ ਹੈ। ਏਜਾਜ਼ ਅਹਿਮਦ ਦੀ 'ਸਿਰਜਣਸ਼ੀਲਤਾ ਹਮੇਸ਼ਾ ਸਮਾਜਿਕ ਹੁੰਦੀ ਹੈ' ਲਿਖਤ ਕਈ ਮਹੱਤਵਪੂਰਨ ਸਵਾਲ ਉਭਾਰਦੀ ਹੈ। ਲਾਭ ਸਿੰਘ ਖੀਵਾ ਨੇ ਮੋਹਨ ਭੰਡਾਰੀ ਬਾਰੇ ਸੰਖੇਪ ਵਿੱਚ ਲਿਖਿਆ ਹੈ। ਫਲਸਤੀਨੀ ਬਾਰੇ ਕਵਿਤਾਵਾਂ ਤੇ ਇਸੇ ਵਿਸ਼ੇ ਤੇ ਚਾਰ ਸੰਪਾਦਤ ਪੁਸਤਕਾਂ ਦਾ ਅਧਿਐਨ ਕੀਤਾ ਹੈ ਡਾ. ਅਰਵਿੰਦਰ ਕਾਕੜਾ ਨੇ। ਅਲਾਮਾ ਇਕਬਾਲ ਦਾ ਸ਼ਬਦ ਚਿੱਤਰ ਤੋਂ ਇਲਾਵਾ ਨਵਤੇਜ ਸਿੰਘ (ਕੋਟ ਤੇ ਮਨੁੱਖ), ਅਲਫ਼ਾਜ਼ (ਸਬਜ਼ਬਾਗ), ਜਸਪਾਲ ਮਾਨਖੇੜਾ (ਖੌਫ਼ਨਾਕ ਸਫ਼ਰ ਦਾ ਸਬਕ), ਜਸਿੰਤਾ ਕੇਰਕੇਟਾ (ਕਬਰ ਲਈ ਜ਼ਮੀਨ) ਆਦਿ ਦੀਆਂ ਕਹਾਣੀਆਂ ਹਨ। ਨੁਜ਼ਹਤ ਅੱਬਾਸ ਨੇ 'ਫ਼ੈਜ਼ ਅਹਿਮਦ ਫ਼ੈਜ਼ ਅਤੇ ਅਹਿਮਦ ਸਲੀਮ ਬਾਰੇ ਖੁੱਲ੍ਹ ਕੇ ਲਿਖਿਆ ਹੈ। ਤਸਕੀਨ ਦਾ ਬਲਬੀਰ ਪਰਵਾਨੇ ਦੇ ਨਾਵਲ 'ਰੌਲ਼ਿਆਂ ਵੇਲੇ' ਦਾ ਵਿਸ਼ਲੇਸ਼ਣ ਕਈ ਪੱਖ ਨੂੰ ਉਭਾਰਨ ਵਾਲਾ ਹੈ। ਭਗਵੰਤ ਰਸੂਲਪੁਰੀ ਨੇ 'ਡਲਿਵਰੀ ਮੈਨ' ਦੀ 'ਸਿਰਜਣ ਪ੍ਰਕਿਰਿਆ' ਲਿਖੀ ਹੈ। ਸ਼ਿਆਮ ਬੇਨੇਗਲ ਦੀ ਮੁਲਾਕਾਤ ਪਾਠਕ ਨੂੰ ਆਪਣੇ ਨਾਲ ਬੰਨ੍ਹਣ ਵਾਲੀ ਹੈ। ਜਸਵਿੰਦਰ, ਅਨੂ ਬਾਲਾ, ਰਾਜਵੰਤ ਰਾਜ, ਜਸਵਿੰਦਰ ਰੁਪਾਲ ਦੀਆਂ ਗ਼ਜ਼ਲਾਂ ਤੇ ਸਤਪਾਲ ਭੀਖੀ, ਨਰਿੰਦਰਪਾਲ ਕੌਰ, ਹਰਮੇਸ਼ ਮਾਲੜੀ ਦੀਆਂ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ। ਤਰਸੇਮ, ਯਸ਼ਪਾਲ ਨੇ ਕੁਝ ਕਵਿਤਾਵਾਂ ਦਾ ਅਨੁਵਾਦ ਕੀਤਾ ਹੈ। ਪੰਜਾਬੀ ਕਵਿਤਾ ਨੂੰ ਦਲਿਤ ਟੈਕਸਟ ਦੇ ਪ੍ਰਸੰਗ ਵਿੱਚ ਪੜ੍ਹਿਆ ਹੈ ਗੁਰਮੀਤ ਕੱਲਰਮਾਜਰੀ ਨੇ। 'ਦੋ ਭਾਸ਼ਾਵਾਂ, ਸਾਹਿਤ ਅਤੇ ਸਭਿਆਚਾਰਾਂ ਵਿਚਕਾਰ ਖ਼ੂਬਸੂਰਤ ਪੁਲ਼ ਹੈ' ਗੁਰਬਚਨ ਭੁੱਲਰ ਦੀ ਲਿਖਤ ਅਨੁਵਾਦ ਦੇ ਅਨੇਕਾਂ ਪੱਖ ਉਭਾਰਦੀ ਹੈ। ਚੰਗੀ ਲਿਖਤ ਹੈ। ਸੁਖਜੀਵਨ ਨੇ ਫਟੋਗ੍ਰਾਫਰ ਕੇਵਿਨ ਕਾਰਟਨ ਬਾਰੇ ਮੁੱਲਵਾਨ ਲਿਖਿਆ ਹੈ। ਹਰਮੀਤ ਵਿਦਿਆਰਥੀ (ਕਵੀ ਰਾਜ ਬੀਰ), ਡਾ. ਪਰਗਟ ਘੁਮਾਣ (ਫਿਲਮ ਗੁਰੂ ਨਾਨਕ ਜਹਾਜ਼), ਡਾ. ਸੰਤੋਖ ਸਿੰਘ ਸੁੱਖੀ (ਕਮਲਦੀਪ ਜਲੂਰ), ਗੁਰਪ੍ਰੀਤ (ਕਣਸ), ਡਾ. ਕੁਲਦੀਪ ਸਿੰਘ ਦੀਪ (ਚਾਰ ਕਹਾਣੀਆਂ-ਚਾਰ ਟਿੱਪਣੀਆਂ), ਡਾ. ਸੁਖਦੇਵ ਸਿੰਘ ਸਿਰਸਾ (ਦੱਖਣ ਦਾ ਗੁਰੂ ਪਿਆਰਾ ਸੁਬਰਾਮਣੀਆ ਭਾਰਤੀ) ਲਿਖਤਾਂ ਤੋਂ ਇਲਾਵਾ ਕੁਝ ਕਿਤਾਬਾਂ ਬਾਰੇ ਜਾਣਕਾਰੀ ਵੀ 'ਚਰਚਾ' ਵਿਚ ਪ੍ਰਕਾਸ਼ਤ ਹੋਈ ਹੈ।
ਇਸ ਅੰਕ ਦੇ ਸਫ਼ੇ : 196, ਮੁੱਲ : 200 ਰੁਪਏ, ਮੁੱਖ ਸੰਪਾਦਕ :ਦਰਸ਼ਨ ਸਿੰਘ ਢਿੱਲੋਂ, ਸੰਪਾਦਕ : ਡਾ. ਸੁਖਦੇਵ ਸਿੰਘ ਸਿਰਸਾ, ਡਾ. ਕੁਲਦੀਪ ਸਿੰਘ ਦੀਪ (98768-20600), ਸਹਿ ਸੰਪਾਦਕ : ਡਾ. ਸੰਤੋਖ ਸੁੱਖੀ, ਰਚਨਾਵਾਂ ਭੇਜਣ ਲਈ ਈ-ਮੇਲ: kuldeep.deep @ymail.com

## ਸ਼ਬਦ : ਹਰਜੀਤ ਅਟਵਾਲ ਦਾ ਪੂਰਾ ਨਾਵਲ 'ਕਲਾਕਾਰ'



ਸ਼ਬਦ ਦੇ ਜਨਵਰੀ-ਮਾਰਚ, 26 ਵਾਲੇ ਅੰਕ ਵਿੱਚ ਹਰਜੀਤ ਅਟਵਾਲ ਦਾ ਪੂਰਾ ਨਾਵਲ 'ਕਲਾਕਾਰ' ਪ੍ਰਕਾਸ਼ਤ ਹੋਇਆ ਹੈ। ਨਾਵਲ ਪਰਵਾਸ ਵਿੱਚ ਇਕ ਪਰਿਵਾਰ ਦੀ ਸਥਿਤੀ ਬਿਆਨ ਕਰਦਾ ਹੋਇਆ ਮਨੁੱਖ ਦੇ ਮਨ ਦੀ ਗੱਲ ਕਰਦਾ ਹੈ। ਨਾਵਲਕਾਰ ਨੇ ਮਨੁੱਖੀ ਰਿਸ਼ਤਿਆਂ ਦੀ ਉਲਝੀ ਤਾਣੀ ਮਨ ਬਚਨੀ ਨਾਲ ਬਿਆਨ ਕੀਤੀ ਹੈ। ਸੰਪਾਦਕੀ ਪੰਨੇ ਉੱਤੇ ਸਾਹਿਤ ਤੇ ਕਾਬਜ਼ ਹੋ ਰਹੀ ਏ. ਆਈ. ਦੇ ਪ੍ਰਸੰਗ ਵਿੱਚ ਗੱਲ ਕੀਤੀ ਗਈ ਹੈ। ਮੋ. ਆਰਿਫ਼ (ਕੁੱਤਾ-ਬਿੱਲੀ) ਤੇ ਨਿਰਮਲ ਵਰਮਾ (ਟਾਕੀਆਂ) ਅਨੁਵਾਦ ਕਹਾਣੀਆਂ ਛਪੀਆਂ ਹਨ। ਇਸਤਰੀ ਲੇਖਿਕਾਵਾਂ ਦੇ ਪ੍ਰਸੰਗ ਵਿੱਚ ਡਾ. ਜਸਵਿੰਦਰ ਕੌਰ ਬਿੰਦਰਾ ਤੇ ਡਾ. ਸੰਦੀਪ ਰਾਣਾ ਨੇ ਪੰਜਾਬੀ ਕਹਾਣੀ ਵਿੱਚ ਮੱਧਵਰਗੀ ਕਥਾ ਕਿਰਦਾਰਾਂ ਉੱਤੇ ਵਿਸ਼ਲੇਸ਼ਣ ਕੀਤਾ ਹੈ। 'ਸਤਨਾਜਾ' ਤੇ 'ਹਵੇਲੀਆਲਾ' ਦੋ ਕਿਤਾਬਾਂ ਦੇ ਰੀਵਿਊ ਹਨ। 'ਸ਼ਬਦ' ਰਾਹੀ ਕੁਝ ਨਾ ਕੁਝ ਨਵਾਂ ਤੇ ਸਾਰਥਕ ਪੜ੍ਹਨ ਨੂੰ ਮਿਲ ਜਾਂਦਾ ਹੈ।
ਇਸ ਅੰਕ ਦੇ ਸਫ਼ੇ : 160, ਮੁੱਲ : 100 ਰੁਪਏ, ਮੁੱਖ ਸੰਪਾਦਕ : ਹਰਜੀਤ ਅਟਵਾਲ, ਸੰਪਾਦਕ : ਜਿੰਦਰ (98148-03254), ਰਚਨਾਵਾਂ ਭੇਜਣ ਲਈ ਈ-ਮੇਲ : jinder340 @gmail.com

## ਮੰਤਵ : ਜਨਵਰੀ-ਅਪ੍ਰੈਲ,2026

ਵਿਸ਼ਾਲ ਦਾ 'ਮੰਤਵ' ਛਪ ਕੇ ਕਈ ਦਿਨ ਪਹਿਲਾਂ ਦਾ ਪੁੱਜ ਗਿਆ ਹੈ।



ਸੰਪਾਦਕੀ ਵਿੱਚ ਵਿਸ਼ਾਲ ਨੇ ਤਿੰਨ ਮਸਲੇ ਉਭਾਰੇ ਹਨ। ਪਹਿਲਾ ਮਸਲਾ ਗੈਰ ਸਾਹਿਤਕ ਮਾਸੂਮ ਬੱਚੇ ਨਾਲ ਕੁਕਰਮ ਬਾਰੇ ਹੈ। ਦੂਜਾ ਮਸਲਾ ਪੁਸਤਕ ਸੱਭਿਆਚਾਰ ਬਾਰੇ ਤੇ ਤੀਜਾ ਪੰਜਾਬ ਯੂਨੀ. ਤੇ ਸਰਕਾਰ ਦੇ ਫੈਡਰਲ ਢਾਂਚੇ ਬਾਰੇ ਹੈ। ਵਿਸ਼ਾਲ ਤਿੱਖੇ ਫ਼ਿਕਰੇ ਨਾਲ ਲਿਖਤ ਰੌਚਿਕ ਬਣਾ ਦਿੰਦਾ ਹੈ। ਹੱਥਲੇ ਅੰਕ ਵਿੱਚ ਜਿੰਦਰ (ਤਿਲਕਣ), ਜਗਦੀਸ਼ ਸਚਦੇਵਾ (ਕਥਾ ਸਿਰੀ ਸਾਹਿਬ), ਜਸਵਿੰਦਰ ਰੱਤੀਆਂ (ਅਮਰਵੇਲ), ਬਲਵੀਰ ਕੌਰ ਰੀਹਲ (ਇੰਝ ਨਾ ਮੁੱਖ ਮੋੜ) ਤੇ ਅਮਨਪ੍ਰੀਤ ਸਿੰਘ ਮਾਨ (ਅਪਾਹਿਜ) ਪੰਜ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਇਹਦੇ ਨਾਲ ਨਾਸਿਰਾ ਸ਼ਰਮਾ, ਵਿਕੇਸ਼ ਨਝਾਵਨ, ਨਰੇਸ਼ ਕੌਸ਼ਿਕ, ਪਰਿਸਾ ਮੌਡੂਓਪ, ਡਾ. ਮੁਹੰਮਦ ਨਿਹਾਲ ਅਫ਼ਰੋਜ਼, ਰਸਕਿਨ ਬੌਂਡ ਦੀਆਂ ਛੇ ਅਨੁਵਾਦ ਕਹਾਣੀਆਂ ਛਾਪੀਆਂ ਗਈਆਂ ਹਨ। ਡਾ. ਸੋਮਾ ਸਬਲੋਕ ਦਾ ਗੰਧਾਰੀ ਬਾਰੇ ਲੇਖ ਸੋਹਣਾ ਹੈ। ਐਸ ਪੀ ਅਰੋੜਾ ਦਾ ਇਰਾਨੀ ਸਿਨੇਮੇ, ਬਰਕਤ ਵੋਹਰਾ ਦਾ ਔਰਤ-ਮਰਦ ਦੇ ਰਿਸ਼ਤੇ , ਸੁਕੀਰਤ ਦਾ ਕਿੱਸਾ ਜ਼ ਤੇ ਜ ਦਾ ਆਦਿ ਲੇਖ ਵੀ ਪੜ੍ਹਨ ਨੂੰ ਮਿਲਦੇ ਹਨ। ਡਾ. ਰਵਿੰਦਰ (ਬੀਬਾ ਬਲਵੰਤ), ਯਤਿੰਦਰ ਮਾਹਲ (ਸੁਖਜੀਤ), ਸੰਦੀਪ ਮਨਨ (ਪ੍ਰਮਿੰਦਰਜੀਤ) ਦੇ ਸੰਖੇਪ ਸ਼ਬਦ ਚਿੱਤਰ ਵੀ ਛਪੇ ਹਨ। ਕਵਿਤਾ ਭਾਗ ਵਿੱਚ ਅਮਰਜੀਤ ਗਰੇਵਾਲ, ਤਰਸੇਮ, ਮਨਦੀਪ ਔਲਖ, ਅਨੂ ਬਾਲਾ, ਹਰਦੀਪ ਸੱਭਰਵਾਲ, ਡਾ. ਮਨਮੋਹਨ, ਮਦਨ ਵੀਰਾ, ਸੁਰਜੀਤ, ਸਤਿੰਦਰ ਸਿੰਘ ਹੋਠੀ, ਅੰਮ੍ਰਿਤ ਦੀਵਾਨਾ, ਵਿਦੇਸ਼ੀ ਦੇ ਸਿੰਧੀ (ਅਨੁਵਾਦਕ ਬਿਪਨਪ੍ਰੀਤ ਤੇ ਸਤਪਾਲ ਭੀਖੀ) ਦੀ ਸ਼ਾਇਰਾ ਨੇ ਮੰਤਵ ਵਿੱਚ ਆਪਣੀ ਹਾਜ਼ਰੀ ਲਗਵਾਈ ਹੈ। 'ਚਿੰਤਨ ਦੇ ਪਲ' ਤਹਿਤ ਪਰਮਿੰਦਰ ਸੋਢੀ ਤੇ ਨਰਿੰਦਰਪਾਲ ਕੌਰ ਦੇ ਪ੍ਰਸੰਗ ਰੌਚਿਕ ਹਨ। ਮਨਮੋਹਨ ਦੇ ਨਾਵਲ 'ਮਨ ਪੰਖੀ ਭਇਓ' ਤੇ ਡਾ. ਰਵੇਲ ਸਿੰਘ ਨੇ ਸਾਰਥਕ ਟਿੱਪਣੀ ਕੀਤੀ ਹੈ। 'ਮੰਤਵ' ਵਿੱਚ ਪੜ੍ਹਨਯੋਗ ਸਮੱਗਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਵਿਸ਼ਾਲ ਪਰਚੇ ਤੇ ਮਿਹਨਤ ਕਰ ਰਿਹਾ ਹੈ।
ਇਸ ਅੰਕ ਦੇ ਸਫ਼ੇ: 188, ਮੁੱਲ: 200 ਰੁਪਏ, ਮੁੱਖ ਸੰਪਾਦਕ : ਵਿਸ਼ਾਲ (99884-23237), ਸੰਪਾਦਕ ਕੰਵਲਜੀਤ ਭੁੱਲਰ, ਰਚਨਾਵਾਂ ਭੇਜਣ ਲਈ ਵਿਸ਼ਾਲ, ਪਿੰਡ ਤੇ ਡਾਕ ਬਿਆਸ, ਜ਼ਿਲ੍ਹਾ ਅੰਮ੍ਰਿਤਸਰ

## ਪ੍ਰਤਿਮਾਨ : ਅਕਤੂਬਰ-ਦਸੰਬਰ, 2025

'ਪ੍ਰਤਿਮਾਨ' ਦੇ ਨਵੇਂ ਅੰਕ ਦੀ ਸੰਪਾਦਕੀ ਅਜੋਕੇ ਸਮਾਜ ਵਿੱਚ ਮੀਡੀਆ ਦਾ ਰੋਲ ਉੱਤੇ ਹੈ। ਡਾ. ਇਕਬਾਲ ਸਿੰਘ ਸਕਰੌਦੀ ਦਾ ਵਿਸ਼ੇਸ਼ ਲੇਖ 'ਮੋਬਾਇਲ ਯੁੱਗ ਵਿੱਚ ਵਿਦਿਆਰਥੀਆਂ ਨੂੰ ਸਾਹਿਤ ਵੱਲ ਕਿਵੇਂ ਪ੍ਰੇਰੀਏ' ਪ੍ਰਕਾਸ਼ਤ ਹੋਇਆ ਹੈ। ਇਸ ਅੰਕ ਵਿੱਚ ਨਿਰੰਜਣ ਬੋਹਾ (ਉਡੀਕ ਤਾਂ ਹੈ), ਗੁਰਮੀਤ ਸਿੰਘ ਸਿੰਗਲ (ਹਾਦਸੇ ਦਰ ਹਾਦਸੇ), ਜਸਵਿੰਦਰ ਰੱਤੀਆਂ (ਤਲਾਕ ਨਹੀਂ), ਅੰਮ੍ਰਿਤ ਕਲੇਰ (ਜੌਂਡਿਅਸ ਪੀਕ ਤੇ ਹੈ) ਚਾਰ ਕਹਾਣੀਆਂ ਸਮਾਜ ਦੇ ਵੱਖ ਵੱਖ ਸਭਿਆਚਾਰਾਂ ਤੇ ਪਾਤਰਾਂ ਬਾਰੇ ਹਨ। ਡਾ. ਰਵਿੰਦਰ, ਗੁਰਤੇਜ ਕੋਹਾਰਵਾਲਾ, ਸੁਖਿੰਦਰ, ਡਾ. ਦਵਿੰਦਰ ਬਿਮਾਰ, ਮੱਖਣ ਮਾਨ, ਬਲਦੇਵ ਸਿੰਘ ਸੜਕਨਾਮਾ, ਸੁਨੀਤਾ ਸਨੂ ਮਹਿਮੀ, ਸੁਖਵਿੰਦਰ ਹੁੰਦਲ, ਨਰਿੰਦਰ ਪੁੰਡਰੀਕ, ਪੇਕਜੇਸ਼ਵਰ, ਬਲਜੀਤ ਕੌਰ, ਖ਼ੁਸ਼ਵੀਰ ਕੌਰ ਢਿੱਲੋਂ, ਸਤਿੰਦਰਜੀਤ ਕੌਰ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਵੀ ਛਪੇ ਹਨ। ਮੋਹਨ ਤਿਆਗੀ, ਸੁਖਵਿੰਦਰ ਕੌਰ, ਰਮਨਜੀਤ ਕੌਰ, ਰਾਜਵਿੰਦਰ ਕੌਰ, ਹਰਪ੍ਰੀਤ ਕੌਰ ਕਾਹਲੋਂ, ਤੇਜਿੰਦਰ ਚੰਡਿਹੋਕ, ਡਾ. ਅਮਨਦੀਪ ਕੌਰ ਦੇ ਆਲੋਚਨਾ ਲੇਖ ਵੀ 'ਪ੍ਰਤਿਮਾਨ' ਵਿੱਚ ਪ੍ਰਕਾਸ਼ਤ ਕੀਤੇ ਗਏ ਹਨ। ਰੰਗੀਨ ਪੰਨੇ ਉੱਤੇ ਲਖਵਿੰਦਰ ਜੌਹਲ ਦੀਆਂ ਮੁੱਲਵਾਨ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ।




ਇਸ ਅੰਕ ਦੇ ਸਫ਼ੇ : 56, ਮੁੱਲ : 75 ਰੁਪਏ, ਸੰਪਾਦਕ : ਡਾ. ਅਮਰਜੀਤ ਕੌਂਕੇ, ਰਚਨਾਵਾਂ ਭੇਜਣ ਲਈ ਈ-ਮੇਲ : pratimaan @yahoo.co.in

# 2025 ਦੀ ਗ਼ਜ਼ਲ : ਅਧਿਐਨ ਤੇ ਵਿਸ਼ਲੇਸ਼ਣ

ਜਗਮੀਤ ਹਰਫ਼

ਪੰਜਾਬੀ ਸਾਹਿਤ ਵਿਚ ਪ੍ਰਵਾਨਿਤ ਅਤੇ ਸਥਾਪਤ ਗ਼ਜ਼ਲ ਕਾਵਿ ਰੂਪ ਭਾਰਤੀ ਸਾਹਿਤ ਦੀ ਮੌਲਿਕ ਕਾਵਿ ਵਿਧਾ ਨਹੀਂ ਹੈ, ਬਲਕਿ ਭਾਰਤੀ ਕਾਵਿ ਅਤੇ ਪੰਜਾਬੀ ਸਾਹਿਤ ਵਿਚ ਇਹ ਵਿਧਾ ਅਰਬੀ ਵਿੱਚੋਂ ਆਈ ਹੈ। ਗ਼ਜ਼ਲ ਪੰਜਾਬੀ ਮੂਲ ਦੀ ਵਿਧਾ ਨਾ ਹੋਣ ਦੇ ਬਾਵਜੂਦ ਹੁਣ ਤੱਕ ਇਹ ਅਜੋਕੇ ਸ਼ਾਇਰਾਂ ਦੀ ਪਸੰਦੀਦਾ ਵਿਧਾ ਬਣ ਗਈ ਹੈ। ਲੰਬੇ ਕਾਲ ਖੰਡ ਨੂੰ ਪਾਰ ਕਰਕੇ ਹੁਣਵੀਂ ਅਵਸਥਾ ਤੱਕ ਆਉਂਦਿਆਂ ਗ਼ਜ਼ਲ ਨੇ ਹਰੇਕ ਦੌਰ ਵਿਚ ਆਪਣਾ ਪ੍ਰਭਾਵ ਕਾਇਮ ਰੱਖਿਆ, ਨਾਲੋ-ਨਾਲ ਵਾਧੂ ਦੀਆਂ ਰੂੜ ਹੋ ਚੁੱਕੀਆਂ ਰਵਾਇਤੀ ਰੰਗ ਦੀਆਂ ਬੰਦਿਸ਼ਾਂ ਨੂੰ ਤਿਆਗ ਵੀ ਦਿੱਤਾ। ਇਸੇ ਪ੍ਰਸੰਗ ਵਿਚ ਸੁਰਜੀਤ ਜੱਜ ਦਾ ਇਹ ਕਥਨ 'ਪੰਜਾਬੀ ਗ਼ਜ਼ਲ ਹੁਣ ਪੰਜਾਬੀ ਗ਼ਜ਼ਲ ਹੈ। ਆਪਣੇ-ਆਪ ਵਿਚ ਪੂਰਨ ਕਾਵਿ ਸਿਨਫ਼। ਇਸ ਨੂੰ ਕਿਸੇ ਹੋਰ ਭਾਸ਼ਾ ਦੀ ਗ਼ਜ਼ਲ ਵਿਧਾ ਜਾਂ ਪੰਜਾਬੀ ਕਾਵਿ ਦੇ ਕਿਸੇ ਹੋਰ ਰੂਪ ਨਾਲ ਨਰੜ ਕੇ ਵੇਖਣ ਦੀ ਮਜਬੂਰੀ ਦਾ ਕੋਈ ਤਰਕ ਨਜ਼ਰ ਨਹੀਂ ਆਉਂਦਾ' ਮਹੱਤਵਪੂਰਨ ਹੈ। ਫਿਰ ਵੀ ਗ਼ਜ਼ਲ ਦੇ ਆਪਣੇ ਕਾਵਿਕ ਤੱਤ (ਅੰਤਰੀਵੀ ਅਤੇ ਬਾਹਰੀ) ਹਨ, ਜਿਨ੍ਹਾਂ ਦੀ ਤਰਜ਼ 'ਤੇ ਗ਼ਜ਼ਲ ਬਾਕੀ ਦੇ ਕਾਵਿ ਰੂਪਾਂ ਨਾਲੋਂ ਵਿਲੱਖਣਤਾ ਅਤੇ ਵੱਖਰਤਾ ਹਾਸਲ ਕਰਦੀ ਹੈ। ਇਸੇ ਰੌਸ਼ਨੀ ਤਹਿਤ ਇਸ ਲੇਖ ਵਿਚ ਇਸ ਸਾਲ ਦੀ ਗ਼ਜ਼ਲ ਦਾ ਮੁਲਾਂਕਣ ਕਰਨਾ ਹੈ।

'ਪੀਲੀ ਧਰਤੀ ਕਾਲ਼ਾ ਅੰਬਰ' ਗ਼ਜ਼ਲ ਸੰਗ੍ਰਹਿ ਵਿਚ 60 ਗ਼ਜ਼ਲਾਂ ਸ਼ਾਮਲ ਹਨ। ਇਸ ਤੋਂ ਪਹਿਲਾਂ ਸੁਸ਼ੀਲ ਦੁਸਾਂਝ ਦਾ ਨਿਬੰਧ ਸੰਗ੍ਰਹਿ 'ਆਖਾਂ ਜੀਵਾਂ' (2007) ਪ੍ਰਕਾਸ਼ਿਤ ਹੋਇਆ। ਹਥਲਾ ਸੰਗ੍ਰਹਿ ਉਸ ਦੀ ਪ੍ਰਪੱਕ, ਪ੍ਰੌੜ ਗ਼ਜ਼ਲ ਦਾ ਨਮੂਨਾ ਹੈ। ਸੰਗ੍ਰਹਿ ਵਿਚ ਸ਼ਾਮਲ ਗ਼ਜ਼ਲਾਂ ਦੇ ਅਧਿਐਨ ਤੋਂ ਸਪੱਸ਼ਟ ਹੈ ਕਿ ਉਹ ਇਹ ਗ਼ਜ਼ਲਾਂ ਸਮਕਾਲੀ ਸਮਾਜ ਦੇ ਆਰਥਿਕ, ਸੱਭਿਆਚਾਰਕ, ਰਾਜਸੀ ਪੱਖ ਨੂੰ ਦ੍ਰਿਸ਼ਟਮਾਨ ਕਰਦੀਆਂ ਹਨ। ਇਸ ਪ੍ਰਬੰਧ ਵਿੱਚ ਮਨੁੱਖ ਆਪਣੀ ਹੋਂਦ ਜਾਂ ਅਸਤਿੱਤਵ ਦੀ ਵਿਲੱਖਣ ਨੁਹਾਰ ਨੂੰ ਕਾਇਮ ਰੱਖਣ ਲਈ ਸਮੁੱਚੇ ਪ੍ਰਬੰਧ ਨਾਲ ਜੂਝਦਾ ਹੈ ਜਾਂ ਆਪਣੀ ਹੋਂਦ ਗੁਆ ਕੇ ਇਸ ਪ੍ਰਬੰਧ ਵਿਚ ਹੀ ਖਪਤ ਹੋ ਜਾਂਦਾ ਹੈ। ਸੁਸ਼ੀਲ ਦੀ ਗ਼ਜ਼ਲ ਬੰਦੇ ਨੂੰ ਇਸ ਦ੍ਰਿਸ਼ਟਮਾਨ ਸੰਸਾਰ ਨਾਲ ਜੂਝਣ ਦਾ ਰਾਹ/ਵਲ ਦੱਸਦੀ ਹੈ, ਜਿਸ ਵਿਚ ਹਰ ਹੀਲੇ ਉਸ ਦੀ ਹੋਂਦ ਕਾਇਮ ਰਹਿ ਸਕੇ।

ਸੁਸ਼ੀਲ ਦੁਸਾਂਝ ਦੀ ਗ਼ਜ਼ਲ ਵਿਚ ਬੇਸ਼ੱਕ ਇਸ਼ਕ/ਮੁਹੱਬਤ ਵਰਗੇ ਰੁਮਾਂਸਵਾਦੀ ਸਰੋਕਾਰ ਪੇਸ਼ ਹੋਏ ਹਨ, ਪਰ ਉਸ ਦੀ ਗ਼ਜ਼ਲ ਵਿਚ ਅਜੋਕੇ ਪੂੰਜੀਵਾਦੀ/ਮੰਡੀਵਾਦੀ ਯੁੱਗ ਦੀ ਮੁਹੱਬਤ ਦੇ ਨਵੀਨ ਪ੍ਰਤੀਮਾਨ ਪ੍ਰਸਤੁਤ ਹੋਏ ਹਨ, ਜਿਸ ਵਿਚ ਮੁਹੱਬਤ ਦੇ ਬਦਲੇ ਹੋਏ ਮਾਪਦੰਡ ਪੇਸ਼ ਹੋਏ ਹਨ।

ਸਿਕੰਦਰ ਮਾਨਵ ਨੇ 'ਤਪਦੇ ਰਸਤੇ ਬਲਦੀਆਂ ਛਾਵਾਂ' ਗ਼ਜ਼ਲ ਸੰਗ੍ਰਹਿ ਨਾਲ ਪੰਜਾਬੀ ਕਵਿਤਾ/ਗ਼ਜ਼ਲ ਵਿਚ ਆਪਣੀ ਥਾਂ ਬਣਾਈ ਹੈ। ਸਿਕੰਦਰ ਸਰਹੱਦੀ-ਗ਼ਜ਼ਲ ਸਕੂਲ ਦਾ ਸਿਖਿਆਰਥੀ ਹੈ, ਜਿਸ ਨੇ ਪਹਿਲਾਂ ਚੰਦਭਾਨ ਤਖੱਲਸ ਨਾਲ ਗ਼ਜ਼ਲ ਸਿਰਜਣਾ ਵੱਲ ਕਦਮ ਪੁੱਟਿਆ, ਪਰ ਜਲਦੀ ਹੀ ਉਸ ਨੇ ਇਹ ਤਖੱਲਸ ਬਦਲ ਲਿਆ ਅਤੇ ਮਾਨਵ ਤਖੱਲਸ ਅਪਣਾ ਲਿਆ।

ਮਾਨਵ ਦੇ ਹੱਥਲੇ ਪਹਿਲੇ ਗ਼ਜ਼ਲ ਸੰਗ੍ਰਹਿ ਵਿਚ ਕੁੱਲ ਅਠਾਸੀ ਗ਼ਜ਼ਲਾਂ ਸ਼ਾਮਲ ਹਨ, ਜਿਸ ਵਿਚ ਇਕ ਬੰਦਨਾਮਈ ਗ਼ਜ਼ਲ (ਤਪਦੇ ਰਸਤੇ ਬਲਦੀਆਂ ਛਾਵਾਂ, 12) ਦਰਜ ਹੈ। ਇਨ੍ਹਾਂ ਗ਼ਜ਼ਲਾਂ ਦਾ ਪਾਠਮਈ ਅਧਿਐਨ ਕਰਦਿਆਂ ਇਕ ਤੱਥ ਇਹ ਵੀ ਹੈ ਕਿ ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਕਿਸੇ ਇਕ ਵਾਦ ਜਾਂ ਵਿਚਾਰਧਾਰਾ ਨੂੰ ਪ੍ਰਗਟ ਨਹੀਂ ਕਰਦੀਆਂ, ਬਲਕਿ ਵਿਸ਼ਵ ਪੱਧਰ 'ਤੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਸੀ ਸੰਰਚਨਾਵਾਂ ਦੇ ਉਥਲ-ਪੁਥਲ ਦੇ ਪ੍ਰਭਾਵ ਨੂੰ ਪ੍ਰਸਤੁਤ ਕਰਦੀਆਂ ਹਨ।

ਮਾਨਵ ਦੀ ਗ਼ਜ਼ਲ ਅਨੁਸਾਰ ਇਹ ਵਰਤਾਰਾ ਮਨੁੱਖ ਨੂੰ ਉਸ ਦੇ ਅੰਤ ਵੱਲ ਤੋਰਦਾ ਹੈ। ਪਹਿਲਾ ਸ਼ਿਅਰ ਲਾਲਚ ਵਿਚ ਆਇਆ ਬੰਦਾ ਅਣ-ਆਈ ਮੌਤ ਮਰਦਾ ਹੈ ਅਤੇ ਦੂਜੇ ਸ਼ਿਅਰ ਵਿਚ ਅਸੀਮਤਾ ਇੱਛਾਵਾਂ ਦੇ ਪੂਰਨ ਨਾ ਹੋਣ ਕਾਰਨ ਬੰਦਾ ਮਰਦਾ ਹੈ। ਅਰਥਾਤ ਮਨੁੱਖੀ ਸੱਭਿਅਤਾ ਦੇ ਵਿਕਸਤ ਹੋਣ ਨਾਲ ਮਨੁੱਖੀ ਲੋੜਾਂ ਵਿਚ ਵਾਧਾ ਹੋਇਆ, ਸੀਮਤ ਸਾਧਨਾਂ ਦੇ ਬਰਾਬਰ ਲੋੜਾਂ ਵਧਣ ਨਾਲ ਉੱਭਰਿਆ ਤਣਾਅ ਹੱਥਲੇ ਗ਼ਜ਼ਲ ਸੰਗ੍ਰਹਿ ਦਾ ਇਕ ਪਸਾਰ ਹੈ।

ਮਾਨਵ ਦੀ ਗ਼ਜ਼ਲ ਇਕੋ ਵੇਲੇ ਰੁਮਾਂਸਵਾਦੀ, ਪ੍ਰਗਤੀਸ਼ੀਲ, ਵਿਸ਼ਵੀਕਰਨ ਤੇ ਉੱਤਰ-ਆਧੁਨਿਕ ਅਤੇ ਮਨੁੱਖ ਦੀ ਖੰਡਿਤ ਹੋਂਦ ਨੂੰ ਉਜਾਗਰ ਕਰਦੀ ਹੈ। ਹੱਥਲੇ ਸੰਗ੍ਰਹਿ ਦੀਆਂ ਗ਼ਜ਼ਲਾਂ ਦਾ ਮੂਲ ਥੀਮ ਜਾਂ ਉਕਤ ਸਰੋਕਾਰਾਂ ਦੀ ਮੂਲ ਚੂਲ ਇਸ਼ਕ ਦੀ ਵੇਦਨਾ ਹੀ ਹੈ, ਇਸੇ ਵੇਦਨਾ ਵਿੱਚੋਂ ਉਪਜੇ ਸੰਜੋਗ ਵਿਜੋਗ, ਨਿਰਾਸ਼ਾ ਆਸ਼ਾ ਦੇ ਭਾਵ ਉੱਭਰਦੇ ਹਨ ਅਤੇ ਸਮਾਜਿਕ ਹੱਦਬੰਦੀ ਜਾਂ ਦਰਜਾਬੰਦੀ ਦੀਆਂ ਥੋਥੀਆਂ ਪ੍ਰੰਪਰਕ ਰੀਤਾਂ, ਕਦਰਾਂ-ਕੀਮਤਾਂ ਨੂੰ ਪ੍ਰਸ਼ਨ ਵੀ ਕਰਦੀਆਂ ਹਨ। ਮਾਨਵ ਦੀ ਗ਼ਜ਼ਲਕਾਰੀ ਦਾ ਪਸਾਰ ਸਥਾਪਤੀ ਦਾ ਵਿਰੋਧ ਕਰਕੇ ਨਿਮਨ ਵਰਗ (ਰੋਟੀ ਦੇ ਮੁਹਤਾਜ) ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਾ ਹੈ। ਉਹ ਸਮਾਜਿਕ ਯਥਾਰਥ ਦੀਆਂ ਪਰਤਾਂ ਹੇਠ ਲੁਕੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਸ ਦੇ ਸਮਾਧਾਨ ਵੀ ਸੁਝਾਉਂਦਾ ਹੈ, ਉਸ ਦੀ ਗ਼ਜ਼ਲ ਦਾ ਇਹੀ ਪੱਖ ਉਸ ਨੂੰ ਪ੍ਰਗਤੀਸ਼ੀਲ ਲੇਖਕ ਵਜੋਂ ਜਾਣੂੰ ਕਰਵਾਉਂਦਾ ਹੈ।

ਮਾਨਵ ਦੀ ਗ਼ਜ਼ਲ ਕਿਰਤੀ ਕਾਮਾ ਵਰਗ ਦੀ ਰੋਹ, ਵਿਦਰੋਹ ਤੇ ਇਨਕਲਾਬੀ ਭਾਵਨਾ ਨੂੰ ਪੇਸ਼ ਕਰਦੀ ਹੈ, ਪਰ ਉਸ ਦੀ ਗ਼ਜ਼ਲ ਵਿਚ ਇਹ ਭਾਵਨਾ ਤੀਖਣ ਰੂਪੀ ਨਾ ਹੋ ਕੇ ਸਿੱਧੀ ਤੇ ਸਪਾਟ ਹੈ, ਜੋ ਉਸ ਦੇ ਸਮੁੱਚੇ ਪ੍ਰਵਚਨ ਨੂੰ ਨਾਅਰਾ ਮੁਖੀ ਕਰ ਦਿੰਦੀ ਹੈ, ਜਿਸ ਕਾਰਨ ਉਸ ਦੀ ਗ਼ਜ਼ਲ ਵਿਚਲੇ ਸੁਹਜਮਈ ਪਸਾਰੇ ਫ਼ੈਲਣ ਦੀ ਥਾਂ ਸੁੰਗੜਦੇ ਪ੍ਰਤੀਤ ਹੁੰਦੇ ਹਨ। ਸੁਹਜ ਵਰਤਾਰੇ ਦਾ ਸੁੰਗੜਨਾ ਉਸ ਦੀ ਗ਼ਜ਼ਲ ਦੀ ਸੀਮਾ ਤੇ ਸਮਰੱਥਾ ਨਿਸ਼ਚਿਤ ਕਰਦਾ ਹੈ, ਇਹ ਉਸ ਦੇ ਨਿਊਨ ਅਨੁਭਵ ਦੀ ਚੁਗਲੀ ਕਰਦੀ ਹੈ, ਇਸ ਤੋਂ ਉਸ ਨੂੰ ਬਚਾਅ ਕਰਨਾ ਚਾਹੀਦਾ ਹੈ, ਪਰ ਇਕ ਪੱਖ ਤੋਂ ਉਸ ਦੀ ਗ਼ਜ਼ਲ ਸਮਾਜ ਦੀਆਂ ਸੰਚਾਲਕ ਸ਼ਕਤੀਆਂ ਦਾ ਸੱਚ, ਅਨਿਆਂ, ਭ੍ਰਿਸ਼ਟਾਚਾਰ, ਅਮੀਰ-ਗਰੀਬ ਦਾ ਆਪਸੀ ਦਵੰਦ/ਤਣਾਅ, ਕਿਰਤੀ ਜਮਾਤ ਤੇ ਨਿਮਨ ਕਿਸਾਨੀ ਦੀ ਗ਼ੁਰਬਤ ਦੀ ਦਸ਼ਾ, ਇਜਾਰੇਦਾਰੀ ਅਤੇ ਪੂੰਜੀਪਤੀ ਵਰਗ ਦੁਆਰਾ ਜਨ ਸਾਧਾਰਨ ਦੀ ਨਿਰੰਤਰ ਲੁੱਟ, ਲੋਕਤੰਤਰੀ ਭ੍ਰਿਸ਼ਟਾਚਾਰ ਤੇ ਧਾਰਮਿਕ ਪਾਖੰਡਵਾਦ ਮਾਨਵ ਦੀ ਗ਼ਜ਼ਲਕਾਰੀ ਦੇ ਮੁੱਖ ਥੀਮ ਹਨ। ਉਹ ਇਨ੍ਹਾਂ ਅਨੈਤਿਕ ਵਰਤਾਰਿਆਂ ਦਾ ਵਿਰੋਧ ਕਰਦਾ ਹੈ।

'ਚੱਤੋ ਪਹਿਰ ਮਲੰਗੀ' ਜਗਵਿੰਦਰ ਜੋਧਾ ਦਾ ਨਵਾਂ ਗ਼ਜ਼ਲ ਸੰਗ੍ਰਹਿ ਹੈ। ਇਸ ਵਿਚ ਕੁੱਲ 99 ਗ਼ਜ਼ਲਾਂ ਸ਼ਾਮਲ ਹਨ। ਜੋਧਾ ਦਾ ਪਹਿਲਾ ਗ਼ਜ਼ਲ ਸੰਗ੍ਰਹਿ 2001 ਵਿਚ ਪ੍ਰਕਾਸ਼ਿਤ ਹੋਇਆ, ਉਹ ਹੁਣ ਤੱਕ ਪੰਜਾਬੀ ਗ਼ਜ਼ਲ ਸਿਰਜਣਾ ਅਤੇ ਆਲੋਚਨਾ ਵਿਚ ਨਿੱਗਰ ਕੰਮ ਕਰ ਚੁੱਕਾ ਹੈ। ਹੱਥਲਾ ਸੰਗ੍ਰਹਿ ਉਸ ਦੀ ਚਿੰਤਨਸ਼ੀਲ ਸ਼ਖ਼ਸੀਅਤ ਨੂੰ ਉਭਾਰਦਾ ਹੈ, ਇਸੇ ਲਈ ਉਸ ਦੀ ਗ਼ਜ਼ਲ ਨੂੰ 'ਚਿੰਤਨਸ਼ੀਲ ਵਿਅਕਤੀ ਦੀ ਸ਼ਾਇਰੀ' ਵਜੋਂ ਸਵੀਕਾਰ ਕਰਨਾ ਅਤਿਕਥਨੀ ਨਹੀਂ ਹੈ। ਗ਼ਜ਼ਲ ਸੰਗ੍ਰਹਿ ਦੇ ਪਹਿਲੇ ਪੰਨੇ ਉਪਰ ਦਰਜ ਸ਼ਿਅਰ ਜੋਧੇ ਦੇ ਸੁਭਾਅ ਅਤੇ ਉਸ ਦੀ ਗ਼ਜ਼ਲ ਪ੍ਰਤੀ ਪਹੁੰਚ (ਜੋ ਅਰੂਜ਼ੀ ਨਿਯਮਾਂ ਤੋਂ ਖੁੱਲ੍ਹ ਲੈਂਦੀ ਹੈ) ਦਾ ਪ੍ਰਗਟਾਵਾ ਕਰਦਾ ਹੈ।

ਦਿਲ ਦੇ ਲਹੂ ਨੂੰ ਬਾਲ਼ ਕੇ ਸੇਕੀ ਹੈ ਮੈਂ ਗ਼ਜ਼ਲ
ਸਾਥੀ ਰਹੇ ਨੇ ਨੁਕਤਿਆਂ ਦੇ ਹੇਰ-ਫੇਰ ਤਕ। (ਚੱਤੋ ਪਹਿਰ ਮਲੰਗੀ, ਪੰਨਾ-6)

ਜੋਧੇ ਦੀ ਗ਼ਜ਼ਲ ਮਨੁੱਖੀ ਭਾਵ ਸੰਰਚਨਾ ਦੇ ਵਿਭਿੰਨ ਪਸਾਰਾਂ ਨੂੰ ਪੇਸ਼ ਕਰਦੀ ਹੈ। ਉਹ ਆਪਣੇ ਪਾਠਕਾਂ ਨੂੰ ਨਿਰੋਲ ਸ਼ਿੰਗਾਰਮਈ ਮੰਡਲ ਵਿੱਚੋਂ ਕੱਢ ਕੇ ਜੀਵਨ ਜਿਉਣ ਅਤੇ ਜੀਵਨ ਯਥਾਰਥ ਦੇ ਸਨਮੁੱਖ ਕਰਦਾ ਹੈ। ਇਸ ਕਰਕੇ ਉਸ ਦੀ ਗ਼ਜ਼ਲ ਸਮਕਾਲੀ ਯਥਾਰਥ ਨੂੰ ਪ੍ਰਤੀਬਿੰਬਤ ਕਰਨ ਵਿਚ ਹੀ ਮਸ਼ਰੂਫ ਨਹੀਂ ਹੈ, ਬਲਕਿ ਸਮਾਜਿਕ ਚੇਤਨਾ ਨਾਲ ਲਬਰੇਜ਼ ਹੈ।ਉਸ ਦੀ ਗ਼ਜ਼ਲ ਸਮਾਜਿਕ ਤੇ ਰਾਜਸੀ ਖੇਤਰ ਦੇ ਕਠੋਰ ਯਥਾਰਥ ਦਾ ਨਿਰੀਖਣ ਕਰਦੀ ਹੈ, ਉਹ ਕਾਵਿ ਰੁਪਾਂਤਰਣ ਦੇ ਮਾਧਿਅਮ ਨਾਲ ਅਜੋਕੇ ਸਿਆਸੀ ਲੀਡਰਾਂ ਦੇ ਦੋਗਲੇ ਕਿਰਦਾਰ ਦਾ ਪਰਦਾਫਾਸ਼ ਕਰਦਾ ਹੈ। ਉਹ ਇਨ੍ਹਾਂ ਸਿਆਸੀ ਨੇਤਾਵਾਂ ਦੇ ਲੋਕ ਦੋਖੀ ਚਿਹਰੇ ਦਾ ਖੰਡਨ ਸੰਕੇਤਾਤਮਕ ਤੇ ਵਿਅੰਗਾਤਮਕ ਭਾਸ਼ਾ ਰਾਹੀਂ ਕਰਦਾ ਹੈ।ਉਸ ਦੀ ਗ਼ਜ਼ਲ ਖਪਤੀ ਸੱਭਿਆਚਾਰ ਵਿੱਚ ਜਿਉਂ ਰਹੇ ਬੰਦੇ ਦੇ ਜੀਵਨ ਉੱਤੇ ਪਏ ਬਾਜ਼ਾਰੀਕਰਨ ਅਤੇ ਗਲੋਬਲੀ ਪ੍ਰਭਾਵ ਨੂੰ ਨਿਸ਼ੇਧ ਮਈ ਦ੍ਰਿਸ਼ਟੀ ਤੋਂ ਵੇਖਦੀ ਹੈ। ਉਸ ਦੀ ਗ਼ਜ਼ਲ ਪੰਜਾਬੀ ਸਮਾਜ ਦੀ ਉਸ ਸਮਿੱਟਰੀ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਪੀੜਤ ਧਿਰ ਸਬਾਲਟਰਨ ਸੰਕਲਪ ਦਾ ਰੂਪ ਧਾਰਨ ਕਰਦੀ ਹੈ ਅਤੇ ਹਾਸ਼ੀਏ ਦੀਆਂ ਧਿਰਾਂ ਡੀਕੰਸਟ੍ਰਕਟਿਡ ਸੰਕਲਪ ਨਾਲ ਅਧਿਐਨ ਦਾ ਕੇਂਦਰ ਬਣਦੀਆਂ ਹਨ। ਇਸ ਦ੍ਰਿਸ਼ਟੀ ਤੋਂ ਉਸ ਦੀ ਗ਼ਜ਼ਲ ਸਰਮਾਏਦਾਰੀ ਤਾਕਤਾਂ ਦਾ ਵਿਰੋਧ ਕਰਦੀ ਹੋਈ ਕਿਰਤੀ ਵਰਗ ਦੇ ਹੱਕ ਵਿਚ ਭੁਗਤਦੀ ਹੈ।




ਇਸ ਸਾਲ ਬਲਦੇਵ ਸਿੰਘ ਬੱਦਨ ਦੇ ਦੋ ਗ਼ਜ਼ਲ ਸੰਗ੍ਰਹਿ 'ਅੱਖਾਂ ਲੱਭਦੇ ਸੁਫ਼ਨੇ' ਅਤੇ 'ਧੁਖਦੀਆਂ ਪੈੜਾਂ' ਦੀ ਚਿੱਤਰਕਾਰੀ ਪ੍ਰਕਾਸ਼ਿਤ ਹੋਏ ਹਨ। 'ਅੱਖਾਂ ਲੱਭਦੇ ਸੁਫ਼ਨੇ' ਇਸ ਸਾਲ ਜਨਵਰੀ ਮਹੀਨੇ ਵਿੱਚ ਪ੍ਰਕਾਸ਼ਿਤ ਹੋਇਆ, ਇਸ ਤੋਂ ਪਹਿਲਾਂ ਉਸ ਦਾ ਪਿਛਲੇ ਸਾਲ 'ਜ਼ਖ਼ਮੀ ਡਾਰ ਪਰਿੰਦਿਆਂ ਦੀ' ਪਹਿਲਾ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਹੋਇਆ। ਹੱਥਲੇ ਗ਼ਜ਼ਲ ਸੰਗ੍ਰਹਿ (ਅੱਖਾਂ ਲੱਭਦੇ ਸੁਫ਼ਨੇ) ਵਿਚ ਕੁੱਲ 108 ਗ਼ਜ਼ਲਾਂ ਸ਼ਾਮਲ ਹਨ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਸਮਕਾਲੀ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ, ਵੰਗਾਰਾਂ, ਚੁਣੌਤੀਆਂ ਨੂੰ ਕਲਾਤਮਿਕਤਾ ਨਾਲ ਪੇਸ਼ ਕਰਦੀਆਂ ਹਨ। ਸੱਤਾ 'ਤੇ ਕਾਬਜ਼ ਸਰਮਾਏਦਾਰੀ ਸਦੀਆਂ ਤੋਂ ਸਾਧਨ ਵਿਹੂਣੇ ਲੋਕਾਂ ਨੂੰ ਲੁੱਟਦੀ, ਲਤਾੜਦੀ ਹੈ। ਬੱਦਨ ਦੀ ਸ਼ਾਇਰੀ ਇਸ ਪੱਖ ਤੋਂ ਲੋਕਾਈ ਦੀ ਆਵਾਜ਼ ਬਣ ਕੇ ਉੱਭਰਦੀ ਹੈ। ਉਸ ਦੀ ਗ਼ਜ਼ਲ ਸੱਤਾਧਿਰ ਦੀਆਂ ਕੋਝੀਆਂ ਚਾਲਾਂ ਨੂੰ ਸਮਝਦੀ ਹੈ, ਉਹ ਸਮਾਜਿਕ ਦਰਜਾਬੰਦੀ, ਭਾਈਚਾਰਕ ਅਤੇ ਧਾਰਮਿਕ ਫੁੱਟ ਨੂੰ ਰਾਜਸੀ ਜਾਂ ਸਿਆਸੀ ਧਿਰ ਦੀ ਵੰਡਪਾਊ ਨੀਤੀ ਨੂੰ ਲੋਕਾਂ ਸਾਹਮਣੇ ਨੰਗਾ ਕਰਦਾ ਹੈ।

ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਭਾਰਤ ਦੇ ਮਹਾਂਨਗਰਾਂ ਵਿਚ ਫੈਲੀ ਅਨੈਤਿਕਤਾ, ਬਦਅਮਨੀ, ਅਰਾਜਕਤਾ ਨੂੰ ਪੇਸ਼ ਕਰਦੀਆਂ ਹਨ। ਸਮਕਾਲੀ ਪੂੰਜੀਵਾਦੀ ਯੁੱਗ ਤੋਂ ਪ੍ਰਭਾਵਿਤ ਸਮਾਜਿਕ ਤੇ ਪਰਵਾਰਕ ਰਿਸ਼ਤਿਆਂ ਵਿਚ ਹੋ ਰਹੇ ਪਰਿਵਰਤਨ ਤੇ ਟੁੱਟ-ਭੱਜ ਨੂੰ ਵੀ ਹੱਥਲੇ ਸੰਗ੍ਰਹਿ ਦੀ ਥੀਮਕ ਇਕਾਈ ਵਜੋਂ ਪੇਸ਼ ਕੀਤਾ ਗਿਆ ਹੈ।




ਇਸ ਤਰ੍ਹਾਂ ਹੱਥਲੇ ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ਪੰਜਾਬੀ ਗ਼ਜ਼ਲ ਦੀ ਮਰਿਆਦਾ ਨੂੰ ਕਾਇਮ ਕਰਦੀਆਂ ਹਨ। ਇਹ ਗ਼ਜ਼ਲਾਂ ਸਮਾਜ ਵਿਚ ਪੱਸਰੀਆਂ ਵਿਭਿੰਨ ਸਮੱਸਿਆਵਾਂ, ਵਿਸੰਗਤੀਆਂ ਨੂੰ ਰੂਪਮਾਨ ਕਰਦੀਆਂ ਹਨ। ਵਸਤੂਗਤ ਦ੍ਰਿਸ਼ਟੀ ਤੋਂ ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਸਹਿਜ, ਸਧਾਰਨ ਰੂਪ ਵਿਚ ਆਤਮਿਕ ਤੇ ਅਨਾਤਮਿਕ ਵਿਸ਼ਿਆਂ ਨੂੰ ਪੇਸ਼ ਕਰਦੀਆਂ ਹਨ, ਪਰ ਇਨ੍ਹਾਂ ਗ਼ਜ਼ਲਾਂ ਦੀ ਸੰਰਚਨਾ ਵਿਚ ਵਿਅੰਗ, ਨਸੀਹਤ ਕਲਾ ਅਤੇ ਦਾਰਸ਼ਨਿਕ ਸ਼ੈਲੀ ਗ਼ਜ਼ਲ ਸੰਗ੍ਰਹਿ ਨੂੰ ਵਧੇਰੇ ਗੌਲਣਯੋਗ ਬਣਾਉਂਦੀ ਹੈ।ਇਸੇ ਸਾਲ ਬਲਦੇਵ ਸਿੰਘ ਬੱਦਨ ਦਾ ਦੂਜਾ ਗ਼ਜ਼ਲ ਸੰਗ੍ਰਹਿ 'ਧੁਖਦੀਆਂ ਪੈੜਾਂ ਦੀ ਚਿੱਤਰਕਾਰੀ' ਜੂਨ ਵਿਚ ਪ੍ਰਕਾਸ਼ਿਤ ਹੋਇਆ। ਇਸ ਗ਼ਜ਼ਲ ਸੰਗ੍ਰਹਿ ਵਿਚ ਕੁੱਲ 104 ਗ਼ਜ਼ਲਾਂ ਸ਼ਾਮਲ ਹਨ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਵਿਚ ਹਜ਼ਾਰਾਂ ਸਾਲਾਂ ਤੋਂ ਮਨੁੱਖੀ ਜੀਵਨ ਦੁਆਰਾ ਹੰਢਾਏ ਗਏ ਸੰਤਾਪ, ਭੋਗੀ ਗਈ ਪੀੜ ਨੂੰ ਧੁਖਦੀਆਂ ਪੈੜਾਂ ਵਜੋਂ ਚਿਹਨਤ ਕੀਤਾ ਗਿਆ ਹੈ। ਇਸ ਸੰਗ੍ਰਹਿ ਵਿਚ ਧਰਮ, ਪਖੰਡਵਾਦ, ਮਜ਼੍ਹਬੀ ਜਨੂੰਨ, ਰਾਜਨੀਤੀ ਦਾ ਅਪਰਾਧੀਕਰਨ, ਸਮਾਜਿਕ ਵਿਤਕਰਾ ਅਤੇ ਆਧੁਨਿਕ ਮਨੁੱਖ ਦੇ ਟੁੱਟਦੇ ਵਿਸ਼ਵਾਸ ਗ਼ਜ਼ਲ ਦੇ ਸਰੋਕਾਰ ਬਣਦੇ ਹਨ। ਹੱਥਲੇ ਸੰਗ੍ਰਹਿ ਵਿੱਚੋਂ ਉਸ ਦੀ ਮਾਨਵਵਾਦੀ ਪਹੁੰਚ ਸਾਫ਼ ਝਲਕਦੀ ਹੈ। ਉਹ ਸਮਾਜਿਕ ਏਕਤਾ ਅਤੇ ਸਮਾਨਤਾ ਦਾ ਪ੍ਰਤੀਬੱਧ ਸ਼ਾਇਰ ਹੈ। ਉਹ ਸ਼ੋਸ਼ਕ ਤੇ ਸ਼ੋਸ਼ਿਤ ਦੇ ਅੰਤਰ ਨੂੰ ਸਮਝਦਾ ਹੈ, ਦਮਿਤ ਧਿਰ ਦਾ ਪੱਖ ਪੂਰਦਾ ਹੈ ਅਤੇ ਨਾਬਰ ਧਿਰ ਦਾ ਵਿਰੋਧ ਕਰਦਾ ਹੈ, ਉਹ ਇਸ ਲੁੱਟ-ਖਸੁੱਟ ਦੇ ਖਾਤਮੇ ਦਾ ਰਾਹ ਲੋਕਾਂ ਦੇ ਸੰਘਰਸ਼ਮਈ ਏਕੇ ਵਿੱਚੋਂ ਦੇਖਦਾ ਹੈ।

ਇਸ ਸਾਲ ਮਦਨ ਮਦਹੋਸ਼ ਦੇ ਤਿੰਨ ਗ਼ਜ਼ਲ ਸੰਗ੍ਰਹਿ ਚੰਦਰੀ ਚੀਸ, ਸੁਲਗਦੇ ਸਵਾਲ ਅਤੇ ਪੱਤਝੜ ਵਿਚ ਪੁੰਗਰੇ ਪੱਤ ਪ੍ਰਕਾਸ਼ਿਤ ਹੋਏ ਹਨ। ਇਸ ਤੋਂ ਪਹਿਲਾਂ ਵੀ ਉਹ ਤਿੰਨ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਕਰਵਾ ਚੁੱਕਾ ਹੈ। ਇਸ ਸਾਲ ਉਸ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਚੰਦਰੀ ਚੀਸ (ਸਮਾਜਿਕ ਗ਼ਜ਼ਲ ਸੰਗ੍ਰਹਿ) ਪ੍ਰਕਾਸ਼ਿਤ ਹੋਇਆ, ਜਿਸ ਵਿਚ 100 ਗ਼ਜ਼ਲਾਂ ਸ਼ਾਮਲ ਹਨ। ਗ਼ਜ਼ਲ ਸੰਗ੍ਰਹਿ ਦੇ ਸਿਰਲੇਖ ਵਿਚ ਦਰਜ (ਸਮਾਜਿਕ ਗ਼ਜ਼ਲ ਸੰਗ੍ਰਹਿ) ਇਸ ਸੰਗ੍ਰਹਿ ਦੀ ਸੀਮਾ ਤੇ ਸਮਰੱਥਾ ਨੂੰ ਉਭਾਰਦਾ ਹੈ, ਅਰਥਾਤ ਇਸ ਸੰਗ੍ਰਹਿ ਵਿਚ ਸ਼ਾਮਲ ਗ਼ਜ਼ਲਾਂ ਦਾ ਸਰੋਕਾਰ ਸਮਾਜਿਕ ਸੰਗਤੀਆਂ-ਵਿਸੰਗਤੀਆਂ, ਨਸ਼ਾਖੋਰੀ, ਵਹਿਮ-ਭਰਮ, ਗ਼ਰੀਬੀ-ਅਮੀਰੀ, ਧੋਖਾਧੜੀ ਆਦਿ ਹਨ। ਸਮਕਾਲੀ ਯੁੱਗ ਵਿਚ ਸਮਾਜਿਕ, ਪਰਵਾਰਕ ਰਿਸ਼ਤਿਆਂ ਵਿਚ ਪੈਦਾ ਹੋਈ ਤਬਦੀਲੀ ਅਤੇ ਮਨੁੱਖੀ ਅੰਤਰਮਨ ਦੀ ਟੁੱਟ-ਭੱਜ ਇਸ ਸੰਗ੍ਰਹਿ ਦੇ ਵਿਸ਼ਾ ਪਸਾਰ ਹਨ। ਇਸ ਤੋਂ ਇਲਾਵਾ ਸਮਾਜਿਕ ਨਾ-ਬਰਾਬਰੀ, ਭ੍ਰਿਸ਼ਟਾਚਾਰ, ਅਫ਼ਸਰਸ਼ਾਹੀ, ਔਰਤ ਦੀ ਦਸ਼ਾ, ਇਨਕਲਾਬ ਹੱਥਲੇ ਸੰਗ੍ਰਹਿ ਦੀਆਂ ਥੀਮਕ ਇਕਾਈਆਂ ਹਨ। ਸੁਲਗਦੇ ਸਵਾਲ (ਸਮਾਜਿਕ ਗ਼ਜ਼ਲ ਸੰਗ੍ਰਹਿ) ਇਸ ਸਾਲ ਉਸ ਦਾ ਦੂਜਾ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਹੋਇਆ, ਇਸ ਵਿਚ ਕੁੱਲ 100 ਗ਼ਜ਼ਲਾਂ ਸ਼ਾਮਲ ਹਨ। ਇਸ ਸੰਗ੍ਰਹਿ ਵਿਚ ਸਮਾਜ ਦੇ ਲੱਗਭੱਗ ਹਰੇਕ ਵਿਸ਼ੇ ਨਸ਼ਾਖੋਰੀ, ਭਾਸ਼ਾਈ ਪ੍ਰਭਾਵ, ਮਾਪਿਆਂ ਦੀ ਸਥਿਤੀ, ਔਰਤ ਦੀ ਦਸ਼ਾ, ਗੈਂਗਸਟਰਵਾਦ, ਧਾਰਮਿਕ ਪਖੰਡਵਾਦ, ਡੇਰਾਵਾਦ ਆਦਿ ਨੂੰ ਵਿਅੰਗਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਪਤਝੜ 'ਚ ਪੁੰਗਰੇ ਪੱਤ ਇਸ ਸਾਲ ਵਿਚ ਉਸ ਦਾ ਤੀਜਾ ਗ਼ਜ਼ਲ ਸੰਗ੍ਰਹਿ ਹੈ। ਇਸ ਵਿਚ ਕੁੱਲ 94 ਗ਼ਜ਼ਲਾਂ ਸ਼ਾਮਲ ਹਨ। ਇਸ ਸੰਗ੍ਰਹਿ ਵਿਚ ਪੇਸ਼ ਗ਼ਜ਼ਲਾਂ ਉਸ ਦੇ ਅਨੁਭਵ ਨੂੰ ਪੇਸ਼ ਕਰਦੀਆਂ ਹਨ, ਬੇਸ਼ੱਕ ਉਸ ਦਾ ਕੇਂਦਰੀ ਧੁਰਾ ਸਮਾਜਿਕ ਸਰੋਕਾਰ ਹੀ ਹਨ, ਪਰ ਇਸ ਤੋਂ ਬਿਨਾਂ ਉਸ ਦੀ ਗ਼ਜ਼ਲ ਹੋਰਨਾਂ ਸਰੋਕਾਰਾਂ ਨੂੰ ਵੀ ਸ਼ਿੱਦਤ ਤੇ ਸੂਖਮਤਾ ਨਾਲ ਪੇਸ਼ ਕਰਦੀ ਹੈ। ਸਮਕਾਲੀ ਰਾਜਸੀ ਸੰਰਚਨਾਵਾਂ, ਧਰਮ ਅਡੰਬਰਤਾ, ਜਨ ਸਾਧਾਰਨ ਦੀ ਦਸ਼ਾ, ਮਿਥਿਹਾਸਕ ਚੇਤਨਾ ਉਸ ਦੀ ਗ਼ਜ਼ਲ ਦੇ ਉੱਭਰਦੇ ਥੀਮ ਹਨ।

ਮਦਨ ਮਦਹੋਸ਼ ਦੀ ਗ਼ਜ਼ਲਕਾਰੀ ਦੀ ਸੀਮਾ ਇਹ ਹੈ ਕਿ ਉਸ ਨੇ ਗ਼ਜ਼ਲ ਨੂੰ ਸਿਰਫ਼ ਸਮਾਜਿਕ ਸਰੋਕਾਰ ਦੇ ਰੂਪ ਵਿੱਚ ਹੀ ਚਿਤਰਿਆ ਹੈ। ਸਮਾਜਿਕ ਥੀਮਾਂ ਦੀ ਪੇਸ਼ਕਾਰੀ ਕਰਦਿਆਂ ਉਹ ਮਨੁੱਖ ਦੇ ਹੋਰਨਾਂ ਪਸਾਰਾਂ ਨੂੰ ਗ਼ਜ਼ਲ ਥੀਮ ਬਣਾਉਣ ਵਿੱਚ ਅਸਮਰੱਥ ਰਿਹਾ ਹੈ, ਇਸੇ ਕਾਰਨ ਹੀ ਉਹ ਗੱਲ ਕਹਿ ਤਾਂ ਦਿੰਦਾ ਹੈ, ਪਰ ਗੱਲ ਨੂੰ ਕਿਵੇਂ ਕਹਿਣ ਦੀ ਕਲਾ ਦੀ ਮੁਹਾਰਤ ਉਸ ਕੋਲ ਬਾਕੀ ਸ਼ਾਇਰਾਂ ਦੇ ਮੁਕਾਬਲੇ ਘੱਟ ਹੈ। ਇਸੇ ਕਰਕੇ ਉਸ ਦੀ ਗ਼ਜ਼ਲ 'ਖ਼ੁਸ਼ਕ ਫ਼ਲਸਫ਼ੇ ਦਾ ਸਾਰ ਤੱਤ' ਹੀ ਪ੍ਰਤੀਤ ਹੁੰਦੀ ਹੈ।

'ਅਣਦਿਸਦੇ ਅੰਬਰ' ਅਮਨਦੀਪ ਸਿੰਘ ਅਮਨ ਦਾ ਗ਼ਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੇ ਤਿੰਨ ਗ਼ਜ਼ਲ ਸੰਗ੍ਰਹਿ ਪੌਣ ਦਾ ਸਿਮਰਨ, ਕੁਦਰਤ ਅਤੇ ਰੁੰਡ ਮਰੁੰਡੇ ਬਿਰਖ ਪ੍ਰਕਾਸ਼ਿਤ ਹੋ ਚੁੱਕੇ ਹਨ। ਅਣਦਿਸਦੇ ਅੰਬਰ ਉਸ ਦਾ ਚੌਥਾ ਗ਼ਜ਼ਲ ਸੰਗ੍ਰਹਿ ਹੈ। ਹੱਥਲੇ ਗ਼ਜ਼ਲ ਸੰਗ੍ਰਹਿ ਵਿਚ ਗ਼ਜ਼ਲਕਾਰ ਨਾ ਸਿਰਫ ਅਧਿਆਤਮਕ ਅਤੇ ਰੂਹਾਨੀ ਖੇੜੇ ਦੀ ਸੰਵੇਦਨਾ ਨੂੰ ਪ੍ਰਕਾਸ਼ਮਾਨ ਕਰਦਾ ਹੈ, ਬਲਕਿ ਮਨੁੱਖੀ ਹੋਂਦ, ਮਨੋਵਿਗਿਆਨ ਅਤੇ ਸਾਕਾਦਾਰੀ ਪ੍ਰਬੰਧ ਨੂੰ ਵੀ ਸੂਖਮਤਾ ਨਾਲ ਪੇਸ਼ ਕਰਦਾ ਹੈ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਦੀ ਮੂਲ ਸੁਰ ਇਸ਼ਕ ਮੁਹੱਬਤ ਹੀ ਹੈ, ਪਰ ਉਹ ਮਹਿਬੂਬ ਨੂੰ ਰੱਬੀ ਦਾਤ ਦੇ ਤੁੱਲ ਸਵੀਕਾਰ ਕਰਦਾ ਹੈ। ਇਸ ਤਰ੍ਹਾਂ ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਦੀ ਮੂਲ ਭਾਵਨਾ ਇਸ਼ਕ, ਮੁਹੱਬਤ, ਮਿਲਾਪ, ਵਿਛੋੜੇ ਦੇ ਸਮਾਂਤਰ ਮਨੁੱਖੀ ਅਸਤਿਤਵ ਨੂੰ ਵੀ ਆਪਣੇ ਕਲੇਵਰ ਵਿਚ ਲੈਂਦੀਆਂ ਹਨ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਦਾ ਅਧਿਐਨ ਕਰਦਿਆਂ ਹੀ ਇਸ ਦੇ ਸਿਰਲੇਖ ਦੇ ਅਰਥ ਉੱਘੜਨੇ ਸ਼ੁਰੂ ਹੁੰਦੇ ਹਨ। ਅਣਦਿਸਦੇ ਅੰਬਰ ਆਪਣੇ ਆਪ ਵਿੱਚ ਇਕ ਚਿਹਨ ਹੈ, ਇਹ ਅਣਦਿਸਦਾ ਅੰਬਰ ਸੁਪਨਿਆਂ, ਅਕਾਂਖਿਆਵਾਂ, ਇੱਛਾਵਾਂ, ਅਪੂਰਨ ਮੁਹੱਬਤ, ਅੰਤ੍ਰੀਵੀ ਯਾਤਰਾ ਜਾਂ ਸਫ਼ਰ ਤੋਂ ਇਲਾਵਾ ਮਨੁੱਖੀ ਹੋਂਦ ਨੂੰ ਪਛਾਨਣ ਦਾ ਯਤਨ ਹੈ। ਇਸ ਸੰਗ੍ਰਹਿ ਦੀ ਖ਼ੂਬਸੂਰਤੀ ਇਸ ਵਿਚ ਵਰਤੀਆਂ ਗਈਆਂ ਕਲਾਤਮਿਕ ਜੁਗਤਾਂ (ਮੁਹਾਸਨ, ਭਾਸ਼ਾਈ ਸੰਜਮਤਾ, ਸੂਖਮਤਾ, ਸਰਲਤਾ, ਸਪੱਸ਼ਟਤਾ) ਨਾਲ ਸਾਹਮਣੇ ਆਉਂਦੀ ਹੈ।

ਸ਼ੀਸ਼ਿਆਂ ਦਾ ਸ਼ਹਿਰ ਅਜਾਇਬ ਕਮਲ ਦਾ ਗ਼ਜ਼ਲ ਸੰਗ੍ਰਹਿ ਹੈ, ਇਸ ਦਾ ਪਹਿਲਾ ਸੰਸਕਰਨ 1982 ਵਿਚ ਪ੍ਰਕਾਸ਼ਿਤ ਹੋਇਆ, ਇਸ ਵਿਚ ਕੁੱਲ 71 ਗ਼ਜ਼ਲਾਂ ਸ਼ਾਮਲ ਹਨ।

ਨਦੀਏ ਤੇਰਾ ਕੀ ਸਿਰਨਾਵਾਂ ਕੇਸਰ ਕਰਮਜੀਤ ਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦਾ ਪਹਿਲਾ ਗ਼ਜ਼ਲ ਸੰਗ੍ਰਹਿ 'ਦਿਨ ਢਲੇ' ਪ੍ਰਕਾਸ਼ਿਤ ਹੋਇਆ ਸੀ। ਹੱਥਲੇ ਗ਼ਜ਼ਲ ਸੰਗ੍ਰਹਿ ਵਿੱਚ ਕੁੱਲ 63 ਗ਼ਜ਼ਲਾਂ ਸ਼ਾਮਲ ਹਨ। ਕੇਸਰ ਕਰਮਜੀਤ ਜਿੱਥੇ ਆਪਣੀਆਂ ਗ਼ਜ਼ਲਾਂ ਦੇ ਸ਼ਿਅਰਾਂ ਰਾਹੀਂ ਰਾਜਨੀਤਕ, ਆਰਥਿਕ ਅਤੇ ਸਮਾਜਿਕ ਮਸਲਿਆਂ 'ਤੇ ਗੱਲ ਕਰਦਾ ਹੈ, ਉੱਥੇ ਮਨੁੱਖੀ ਮਨ ਦੇ ਕੋਮਲ ਅਹਿਸਾਸ ਵੀ ਉਸ ਦੇ ਸ਼ਿਅਰਾਂ ਵਿੱਚੋਂ ਸਾਫ਼ ਵਿਖਾਈ ਦਿੰਦੇ ਹਨ। ਜੇ ਅਧਿਆਤਮਵਾਦ ਦੀ ਗੱਲ ਕਰੀਏ ਤਾਂ ਉਹ ਆਪਣੇ ਸ਼ਿਅਰਾਂ ਰਾਹੀਂ ਮਨੁੱਖ ਦੇ ਅੰਦਰਲੇ ਚਾਨਣ ਦੀ ਗੱਲ ਕਰਦਾ ਹੈ। ਉਸ ਦੀਆਂ ਗ਼ਜ਼ਲਾਂ ਨੂੰ ਵਾਚਦਿਆਂ ਉਸ ਦੀ ਵਿਦਵਤਾ ਦੇ ਦਰਸ਼ਨ ਵੀ ਕਰਦੇ ਹੋ। ਉਸ ਨੇ ਆਪਣੇ ਸ਼ਿਅਰਾਂ ਦੀ ਲੋੜ ਅਨੁਸਾਰ ਉਰਦੂ, ਫਾਰਸੀ ਅਤੇ ਸੰਸਕ੍ਰਿਤ ਦੇ ਲਫ਼ਜ਼ ਵੀ ਇਸਤੇਮਾਲ ਕੀਤੇ ਹਨ। ਇਹ ਸ਼ਬਦਾਵਲੀ ਉਸ ਦੀ ਗ਼ਜ਼ਲ ਨੂੰ ਸਹਿਜ ਸੁਭਾਵਕ ਨਹੀਂ ਰਹਿਣ ਦਿੰਦੀ, ਬਲਕਿ ਭਾਵ ਸੰਚਾਰ ਵਿਚ ਅਵਰੋਧ ਪੈਦਾ ਕਰਦੀ ਹੈ, ਇਸ ਦੇ ਬਾਵਜੂਦ 'ਨਦੀਏ ਤੇਰਾ ਕੀ ਸਿਰਨਾਵਾਂ' ਦੀਆਂ ਗ਼ਜ਼ਲਾਂ ਵਿੱਚੋਂ ਕੇਸਰ ਕਰਮਜੀਤ ਦਾ ਗਿਆਨ, ਜ਼ਿੰਦਗੀ ਦਾ ਅਨੁਭਵ ਅਤੇ ਸਮਾਜ ਪ੍ਰਤੀ ਉਸ ਦਾ ਨਜ਼ਰੀਆ ਸਾਫ਼ ਝਲਕਦਾ ਹੈ।

'ਰਮਜ਼ ਫ਼ਕੀਰੀ ਦੀ' ਵਿੰਦਰ ਮਾਂਝੀ ਦਾ ਪਹਿਲਾ ਗਜ਼ਲ ਸੰਗ੍ਰਹਿ ਹੈ। ਵਿੰਦਰ ਮਾਝੀ ਦੀ ਸ਼ਾਇਰੀ ਨਵੇਂ ਦਿਸਹੱਦਿਆਂ ਦੇ ਸਫਰ ਦੀ ਸ਼ਾਇਰੀ ਹੈ। ਜੋ ਨਿੱਜ ਤੋਂ ਰੂਹਾਨੀਅਤ ਅਤੇ ਰੂਹਾਨੀਅਤ ਤੋਂ ਲੋਕ ਪੱਖੀ ਹੋ ਨਿਬੜਦੀ ਹੈ। ਉਸ ਦੀ ਸ਼ਾਇਰੀ ਵਿੱਚ ਲੋਕ ਦਰਦ, ਦੁੱਖ, ਪਿਆਰ, ਮੁਹੱਬਤ, ਵਿਛੋੜੇ ਅਤੇ ਚੀਸ ਨੂੰ ਸਪਾਟ ਸ਼ਬਦਾਵਲੀ ਰਾਹੀਂ ਪੇਸ਼ ਕੀਤਾ ਗਿਆ ਹੈ। ਉਸ ਦੇ ਇਸ ਸੰਗ੍ਰਹਿ ਵਿੱਚੋਂ ਪੁਰਾਤਨ ਤਾਅਂਸ਼ਾਂ ਦੀ ਝਲਕ ਦੇ ਨਾਲ-ਨਾਲ ਨਵੀਨ ਅਹਿਸਾਸ ਦੇ ਦਰਸ ਵੀ ਹੁੰਦੇ ਹਨ। ਉਹ ਧੂਰੀ ਗ਼ਜ਼ਲ ਸਕੂਲ ਦਾ ਸਿਖਿਆਰਥੀ ਹੈ।ਇਹ ਗਜ਼ਲ ਸੰਗ੍ਰਹਿ ਉਸ ਦਾ ਪਹਿਲਾ, ਅਭਿਆਸੀ ਪਰ ਸ਼ਲਾਘਾਯੋਗ ਉੱਦਮ ਹੈ।

ਇਸ ਸਾਲ ਸੁਰਿੰਦਰ ਸੀਹਰਾ ਦਾ ਗ਼ਜ਼ਲ ਸੰਗ੍ਰਹਿ 'ਸ਼੍ਰੀ' ਪ੍ਰਕਾਸ਼ਿਤ ਹੋਇਆ, ਇਸ ਗ਼ਜ਼ਲ ਸੰਗ੍ਰਹਿ ਵਿਚ 78 ਗ਼ਜ਼ਲਾਂ ਸ਼ਾਮਲ ਹਨ।ਸੀਹਰਾ ਦੇ ਇਸ ਤੋਂ ਪਹਿਲਾਂ ਦੋ ਗ਼ਜ਼ਲ ਸੰਗ੍ਰਹਿ ਆ ਚੁੱਕੇ ਹਨ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਵਿਚ ਸਮਾਜਿਕ ਤੇ ਮਾਨਵੀ ਸਰੋਕਾਰ ਪੇਸ਼ ਹੋਏ ਹਨ। ਵਿਅਕਤੀ ਮੁਖਤਾ, ਇਕੱਲਤਾ, ਚੁੱਪ, ਰੌਲਾ, ਚੀਕ, ਵਿਸ਼ਾਦ, ਦੰਭ, ਦੁਬਿਧਾ, ਭਟਕਣ, ਬੇਬੱਸੀ, ਰਾਜਸੀ ਬਹਿਸਾਂ, ਪੰਜਾਬ ਵਿੱਚ ਨਸ਼ੇ ਦੀ ਮਾਰ, ਸੱਭਿਆਚਾਰਕ ਨਿਘਾਰ, ਨਾਰੀ ਸੰਸਾਰ ਦੀ ਬਦਹਾਲੀ, ਵਿਰਸੇ ਦੀ ਸੰਭਾਲ, ਨਫ਼ਰਤ, ਮੁਹੱਬਤ ਦੀ ਪੇਸ਼ਕਾਰੀ ਵਰਗੇ ਵਿਸ਼ੇ ਸ਼ਾਮਲ ਹੋਏ ਹਨ। ਇਸ ਸੰਗ੍ਰਹਿ ਦੀ ਗ਼ਜ਼ਲ ਇਨ੍ਹਾਂ ਦੁਸ਼ਵਾਰੀਆਂ ਵਿਚ ਮਨੁੱਖ ਨੂੰ ਸਾਵੇ-ਪੱਧਰੇ ਰਾਹ 'ਤੇ ਚੱਲਣ ਦਾ ਰਾਹ ਦੱਸਦੀਆਂ ਹਨ। 'ਚੇਤਿਆਂ ਦੀ ਝੀਥ' ਜੀਤ, ਸੁਰਜੀਤ ਗ਼ਜ਼ਲ ਸੰਗ੍ਰਹਿ ਹੈ। ਇਹ ਸੰਗ੍ਰਹਿ ਨਾਰੀ ਮਨ ਦੇ ਅਸਤਿੱਤਵ/ਹੋਂਦ ਨੂੰ ਕਾਇਮ ਰੱਖਣ ਅਤੇ ਮਰਦਾਵੇਂ ਸਮਾਜ ਵਿਚ ਸਵੈ ਦੀ ਪਛਾਣ ਕਰਨ ਵਾਲੇ ਕਾਵਿ ਦਸਤਾਵੇਜ਼ ਵਜੋਂ ਪੇਸ਼ ਹੋਇਆ ਹੈ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਵਿਚ ਮੈਂ-ਤੂੰ ਦਾ ਦਵੰਦ ਨਿਰੰਤਰ ਬਣਿਆ ਰਹਿੰਦਾ ਹੈ। ਉਹ ਜਿਸ ਮਾਨਵੀ ਸਥਿਤੀ ਦੀ ਪੇਸ਼ਕਾਰੀ ਕਰਦੀ ਹੈ, ਉਸ ਵਿੱਚ ਸੰਬੋਧਨ ਦੀਆਂ ਦੋ ਧਿਰਾਂ (ਮੈਂ ਤੇ ਤੂੰ) ਹਨ। ਇਸ ਸੰਗ੍ਰਹਿ ਵਿਚ ਭਾਵੇਂ ਤਿੱਖਾ, ਤੀਬਰ ਵਿਰੋਧ ਪ੍ਰਤੱਖ ਰੂਪ ਵਿਚ ਨਜ਼ਰ ਨਹੀਂ ਆਉਂਦਾ, ਪਰ ਇਹ ਔਰਤ-ਮਰਦ ਦਾ ਪ੍ਰਤੀਰੋਧਮਈ ਸੰਵਾਦ ਜ਼ਰੂਰ ਹੈ। ਇਹ ਸੰਵਾਦ ਔਰਤ ਨੂੰ ਆਪਣੀ ਹੋਂਦ, ਪੜਚੋਲ ਅਤੇ ਸਵੈਮਾਣ ਲਈ ਚੇਤੰਨ ਕਰਦਾ ਹੈ। ਇਸ ਗ਼ਜ਼ਲ ਸੰਗ੍ਰਹਿ ਦੀ ਸ਼ਾਇਰੀ ਆਤਮ ਵਿਸ਼ਵਾਸ ਨਾਲ ਲਬਰੇਜ਼ ਹੈ, ਸ਼ਾਇਰਾ ਦੁੱਖ ਦਾ ਰੁਦਨ ਅਤੇ ਕੀਰਨੇ ਨਹੀਂ ਪਾਉਂਦੀ, ਬਲਕਿ ਔਰਤ ਦੇ ਅਬਲਾ ਹੋਣ ਦੇ ਸੰਕਲਪ ਨੂੰ ਪ੍ਰਸ਼ਨ ਕਰਦੀ ਹੈ।ਇਸ ਗ਼ਜ਼ਲ ਸੰਗ੍ਰਹਿ ਨੂੰ ਸਿਰਫ਼ ਨਾਰੀਮਨ ਦੀ ਵਿੱਥਿਆ ਤੱਕ ਘਟਾ ਕੇ ਨਹੀਂ ਵੇਖਿਆ ਜਾ ਸਕਦਾ, ਬਲਕਿ ਇਸ ਵਿਚ ਪੇਸ਼ ਥੀਮਕ ਇਕਾਈਆਂ ਇਸ ਬਿੰਦੂ ਦੇ ਹੋਰਨਾਂ ਕੋਣਾਂ ਦੀ ਵਿਆਖਿਆ ਦੇ ਸਮਾਂਤਰ ਪੂੰਜੀਵਾਦੀ ਪ੍ਰਬੰਧ ਦੇ ਸਮਾਜਿਕ, ਆਰਥਿਕ, ਰਾਜਸੀ ਅਤੇ ਗਲੋਬਲੀ ਪਰਿਪੇਖ ਨੂੰ ਵੀ ਪੇਸ਼ ਕਰਦੀਆਂ ਹਨ।

ਰਾਜ਼ ਗੁਰਦਾਸਪੁਰੀ ਦਾ ਹੱਥਲਾ ਗਜ਼ਲ ਸੰਗ੍ਰਹਿ 'ਚੁੱਪ ਚਾਪ ਜੁਦਾ ਹੋਇਓਂ' ਛੇਵਾਂ ਗ਼ਜ਼ਲ ਸੰਗ੍ਰਹਿ ਹੈ।ਰਾਜ਼ ਨੇ ਹੱਥਲੇ ਗ਼ਜ਼ਲ ਸੰਗ੍ਰਹਿ ਦੀਆਂ ਸਾਰੀਆਂ ਗ਼ਜ਼ਲਾਂ ਆਪਣੇ ਵਿੱਛੜ ਚੁੱਕੇ ਜੀਵਨ ਸਾਥੀ ਨੂੰ ਸਮਰਪਿਤ ਕੀਤੀਆਂ ਹਨ। ਸਾਰੀਆਂ ਦੀਆਂ ਸਾਰੀਆਂ ਗ਼ਜ਼ਲਾਂ ਦੀ ਰਦੀਫ਼ 'ਤੇਰੇ ਜਾਣ ਪਿੱਛੋਂ' ਹੈ। ਪਹਿਲੀ ਨਜ਼ਰੇ ਭਾਵੇਂ ਇਹ ਗ਼ਜ਼ਲਾਂ ਨਿੱਜ ਤੋਂ ਪ੍ਰਭਾਵਿਤ ਲੱਗਦੀਆਂ ਹਨ, ਪਰ ਇਹਨਾਂ ਵਿਚ ਸਮੁੱਚੀ ਲੋਕਾਈ ਦਾ ਦਰਦ, ਮਸਲੇ, ਚਿੰਤਾਵਾਂ, ਚੁਣੌਤੀਆਂ, ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਢਾਂਚੇ 'ਚ ਵਿਗਾੜ ਆਦਿ ਸ਼ਾਮਲ ਹਨ, ਸ਼ਿਅਰਾਂ ਵਿਚ ਰਵਾਨੀ, ਸਰਲ, ਸਪੱਸ਼ਟ, ਭਾਸ਼ਾ, ਗਹਿਰਾਈ ਤੇ ਨਵੀਨਤਾ ਇਸ ਪੁਸਤਕ ਦਾ ਹਾਸਲ ਹਨ।

'ਮਹਿਕਦੇ ਅਹਿਸਾਸ' ਸੀਤਲ ਸਿੰਘ ਗੁੰਨੋਪੁਰੀ (ਜ਼ਮੀਰ ਦੀ ਆਵਾਜ਼, ਤਾਰਿਆਂ ਦਾ ਹਜੂਮ) ਦਾ ਤੀਜਾ ਗ਼ਜ਼ਲ ਸੰਗ੍ਰਹਿ ਹੈ। ਇਸ ਵਿਚ ਕੁੱਲ 94 ਗ਼ਜ਼ਲਾਂ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ ਗ਼ਜ਼ਲਾਂ ਵਿਚ ਵਿਸ਼ੇ ਅਤੇ ਬਹਿਰ ਦੀ ਵਿਭਿੰਨਤਾ ਨੂੰ ਦੇਖਿਆ ਜਾ ਸਕਦਾ ਹੈ। ਜੀਵਨ ਦੀਆਂ ਦੁਸ਼ਵਾਰੀਆਂ, ਲੋੜਾਂ, ਥੁੜਾਂ, ਔਕੜਾਂ ਨੂੰ ਸਰਲ, ਸਹਿਜ ਤੇ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕਰਨਾ ਇਸ ਸੰਗ੍ਰਹਿ ਦੀ ਵਿਸ਼ੇਸ਼ਤਾ ਹੈ।




'ਜਜ਼ਬਾਤ' ਸੁਰਜੀਤ ਮਜਾਰੀ ਦਾ ਗ਼ਜ਼ਲ ਸੰਗ੍ਰਹਿ ਹੈ। ਉਸ ਵਿਚ ਕੁੱਲ 75 ਗ਼ਜ਼ਲਾਂ ਹਨ। ਪੁਸਤਕ ਵਿੱਚ ਸ਼ਾਮਲ ਗ਼ਜ਼ਲਾਂ ਬੇਬਾਕ, ਨਿਰਪੱਖ, ਸਪੱਸ਼ਟ ਅਤੇ ਬੁਲੰਦ ਸ਼ੈਲੀ ਵਿੱਚ ਲਿਖੀਆਂ ਗਈਆਂ ਹਨ। ਲੇਖਕ ਸਪੱਸ਼ਟ, ਨਿਰਪੱਖ ਤੇ ਨਿਡਰ ਹੈ। ਉਸ ਨੇ ਸਮਾਜਿਕ, ਰਾਜਨੀਤਕ, ਧਾਰਮਿਕ ਕਮਜ਼ੋਰੀਆਂ ਬਾਰੇ ਨਿਡਰ ਹੋ ਕੇ ਲਿਖਿਆ ਹੈ। ਜੋ ਸਤਿ ਹੈ, ਉਸ ਨੂੰ ਪੇਸ਼ ਕੀਤਾ ਹੈ। ਸਿਆਸੀ ਨੇਤਾਵਾਂ ਦੇ ਕਿਰਦਾਰ ਨੂੰ ਨੰਗਾ ਕੀਤਾ ਹੈ। ਭ੍ਰਿਸ਼ਟ ਲੋਕਾਂ ਉੱਪਰ ਕਟਾਖਸ਼ ਕੀਤਾ ਹੈ।

ਸਥਾਪਤ ਗਜ਼ਲਗੋ ਪਾਲ ਢਿੱਲੋਂ ਦਾ ਗਜ਼ਲ ਸੰਗ੍ਰਹਿ 'ਅਗਲਾ ਵਰਕਾ ਖੋਲ੍ਹ' ਇਕ ਹੋਰ ਮਹੱਤਵਪੂਰਨ ਸੰਗ੍ਰਹਿ ਹੈ। ਗ਼ਜ਼ਲ 'ਚ ਸ਼ਬਦ, ਲੈਅ, ਰਵਾਨਗੀ ਰਾਹੀਂ ਉਹ ਆਪਣੇ ਪੁਖਤਾ ਵਿਚਾਰਾਂ ਨੂੰ ਸਹਿਜ ਤਰੀਕੇ ਨਾਲ ਪੇਸ਼ ਕਰ ਜਾਂਦਾ ਹੈ। ਅਧੂਰੀਆਂ ਸਧਰਾਂ ਤੇ ਖਾਹਿਸ਼ਾਂ ਨੂੰ ਉਹ ਆਪਣੀ ਗਜ਼ਲ 'ਚ ਅਕਸਰ ਕਹਿੰਦਾ ਹੈ। ਪਾਲ ਢਿੱਲੋਂ ਦਾ ਇਹ 11ਵਾਂ ਗ਼ਜ਼ਲ ਸੰਗ੍ਰਹਿ ਹੈ, ਜਿਸ ਵਿਚ 88 ਦੇ ਕਰੀਬ ਗ਼ਜ਼ਲਾਂ ਸ਼ਾਮਲ ਹਨ।

'ਵੰਝਲੀ ਦੀ ਤਾਨ' ਜਗਜੀਤ ਕੌਰ ਢਿੱਲਵਾਂ ਦਾ ਗ਼ਜ਼ਲ ਸੰਗ੍ਰਹਿ ਹੈ। ਜਗਜੀਤ ਆਪਣੀ ਗ਼ਜ਼ਲਕਾਰੀ ਵਿੱਚ ਸਿਰਫ਼ ਨਾਰੀ ਵੇਦਨਾ ਦੀ ਹੀ ਗੱਲ ਨਹੀਂ ਕਰਦੀ, ਸਗੋਂ ਬੜੀ ਸੁਹਿਰਦਤਾ ਅਤੇ ਬੇਬਾਕੀ ਨਾਲ਼ ਜਾਇਜ਼ ਲੋਕ ਮਸਲਿਆਂ ਅਤੇ ਮਾਨਵੀ ਸਰੋਕਾਰਾਂ ਨੂੰ ਵੀ ਪੇਸ਼ ਕਰਦੀ ਹੈ। ਇਸ ਸੰਗ੍ਰਹਿ ਵਿੱਚ 77 ਗ਼ਜ਼ਲਾਂ ਸ਼ੁਮਾਰ ਹਨ, ਜਿਸ ਵਿੱਚੋਂ ਇੱਕ ਗ਼ਜ਼ਲ ਤਤਕਰਾ ਤੋਂ ਪਹਿਲਾਂ ਸੁਸ਼ੋਭਿਤ ਹੈ। ਤਤਕਰਾ ਤੋਂ ਬਾਅਦ ਦੀ ਗ਼ਜ਼ਲ 'ਮੇਰੇ ਮਨ ਮਸਤਕ' ਮੰਗਲਾਚਰਨ ਦੇ ਰੂਪ ਵਿੱਚ ਪ੍ਰਥਮ ਰਚਨਾ ਦੇ ਤੌਰ 'ਤੇ ਪੇਸ਼ ਕੀਤੀ ਗਈ ਹੈ ਅਤੇ ਆਖ਼ਰੀ ਗ਼ਜ਼ਲ 'ਚੀਰ ਹਰਨ' ਨਾਰੀ ਵੇਦਨਾ ਨੂੰ ਪ੍ਰਗਟ ਕਰਦੀ ਹੈ।




ਉਕਤ ਤੋਂ ਇਲਾਵਾ ਇਸ ਸਾਲ ਮੱਖਣ ਕੁਹਾੜ ਦਾ 'ਬਲ਼ਦੇ ਰਾਹਾਂ ਦਾ ਸਫ਼ਰ', ਤਰਨਪ੍ਰੀਤ ਸਿੰਘ ਗੁਰਮ ਦੇ ਦੋ ਗ਼ਜ਼ਲ ਸੰਗ੍ਰਹਿ 'ਇਤਫ਼ਾਕ' ਅਤੇ 'ਮਹਿਰਮ', ਅਮਨਦੀਪ ਸਿੰਘ ਦਰਦੀ ਦਾ 'ਵੰਝਲੀ', ਆਤਿਸ਼ ਪਾਇਲਵੀ ਦਾ 'ਸੁਰਖ਼ਾਬ ਦੇ ਪਰ' ਅਤੇ ਮਨਜੀਤ ਕੌਰ ਮੀਸ਼ਾ ਦਾ 'ਆਸਾਂ ਦੇ ਤਾਰੇ', ਸਤਪਾਲ ਸਾਹਲੋਂ ਦਾ 'ਮੇਰੇ ਹਿੱਸੇ ਦੀ ਧੁੱਪ', ਸੁਲੱਖਣ ਸਿੰਘ ਮਹਿਮੀ ਦਾ 'ਸੁਲਘਦੇ ਅਹਿਸਾਸ' ਮੌਲਿਕ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਇਨ੍ਹਾਂ ਮੌਲਿਕ ਗ਼ਜ਼ਲ ਪੁਸਤਕਾਂ ਤੋਂ ਬਿਨਾਂ ਸੰਪਾਦਨ ਰੂਪ ਵਿਚ ਗੁਰਦਿਆਲ ਰੌਸ਼ਨ ਅਤੇ ਹੋਰ ਦਾ 'ਸਰਹੱਦੋਂ ਪਾਰ' ਅਤੇ ਜਸਵੰਤ ਵਾਗਲਾ ਦਾ 'ਤਾਰਿਆਂ ਦੀ ਮਹਿਫ਼ਿਲ' ਗ਼ਜ਼ਲ ਸੰਗ੍ਰਹਿ ਸੰਪਾਦਤ ਹੋਏ ਹਨ।

ਇਸ ਸਾਲ ਦੀ ਗ਼ਜ਼ਲਕਾਰੀ ਦੇ ਅਧਿਐਨ, ਵਿਸ਼ਲੇਸ਼ਣ ਉਪਰੰਤ ਹੇਠ ਲਿਖੇ ਸਿੱਟੇ ਪ੍ਰਾਪਤ ਹੁੰਦੇ ਹਨ।

ਪਹਿਲਾ, ਇਸ ਸਾਲ ਪਹਿਲੇ ਸਾਲਾਂ ਵਾਂਗ ਕਈ ਲੇਖਕਾਂ ਨੇ ਨਿਰੋਲ ਗ਼ਜ਼ਲ ਸਿਰਜਣਾ ਤੋਂ ਆਪਣਾ ਸਾਹਿਤਕ ਸਫ਼ਰ ਸ਼ੁਰੂ ਕੀਤਾ ਹੈ। ਜਿਵੇਂ ਵਿੰਦਰ ਮਾਂਝੀ, ਸਿਕੰਦਰ ਮਾਨਵ (ਇਹ ਕਦੇ ਵੀ ਕਿਸੇ ਹੋਰ ਕਾਵਿ ਰੂਪ ਵੱਲ ਰੁਚਿਤ ਹੋ ਸਕਦੇ ਹਨ)। ਦੂਜਾ ਗ਼ਜ਼ਲ ਦੀ ਮੌਲਿਕ ਸਿਰਜਣਾ ਅਤੇ ਸੰਪਾਦਨਾ ਕਾਰਨ ਇਸ ਸਾਲ ਪੰਜਾਬੀ ਗ਼ਜ਼ਲ ਦੀ ਇਤਿਹਾਸਕਾਰੀ ਲਈ ਗੁਣਾਤਮਕ ਤੇ ਗਿਣਾਤਮਕ ਪੱਖ ਤੋਂ ਵਰਨਣਯੋਗ ਵਾਧਾ ਹੋਇਆ ਹੈ, ਇਸ ਤੋਂ ਪੰਜਾਬੀ ਗ਼ਜ਼ਲ ਦੇ ਰੌਸ਼ਨ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ।

ਤੀਜਾ, ਥੀਮਕ ਦ੍ਰਿਸ਼ਟੀ ਤੋਂ ਇਸ ਸਾਲ ਦੀ ਗ਼ਜ਼ਲ ਸਰਬਕਾਲੀ ਥੀਮਾਂ (ਪਿਆਰ, ਮੁਹੱਬਤ, ਪੀੜਾ, ਵਿਸ਼ਾਦ, ਖ਼ੁਸ਼ੀ-ਗ਼ਮੀ) ਦੇ ਸਮਾਂਤਰ ਸਮਕਾਲੀ ਥੀਮਾਂ (ਬਦਲਦੇ ਸਮਾਜ ਸੱਭਿਆਚਾਰ ਵਿਚ ਬਦਲਦੇ ਸਾਕਾਦਾਰੀ ਪ੍ਰਬੰਧ ਦੇ ਪ੍ਰਤਿਮਾਨ, ਵਸਤੂ ਦੇ ਮੁਕਾਬਲੇ ਬੰਦੇ ਦੀ ਨਿਊਨ ਹੋਂਦ, ਵਿਭਿੰਨ ਪ੍ਰਕਾਰ ਦੇ ਵਿਸ਼ਾਦ ਕਾਰਨ ਪੈਦਾ ਹੋਈ ਆਂਤਰਿਕ ਟੁੱਟ ਭੱਜ, ਬਾਹਰੀ ਟੁੱਟ ਭੱਜ/ਅਸਥਿਰਤਾ ਕਾਰਨ ਪੈਦਾ ਹੋਏ ਮਨੋਵਿਕਾਰ, ਇਨ੍ਹਾਂ ਮਨੋਵਿਕਾਰਾਂ ਕਾਰਨ ਬਦਲੀ ਜੀਵਨ ਸ਼ੈਲੀ, ਬਦਲਦੇ ਜੀਵਨ ਮਾਪਦੰਡਾਂ ਕਾਰਨ ਪੈਦਾ ਹੋਈ ਸੰਸਕ੍ਰਿਤਕ ਤੇ ਲੋਕਧਾਰਾਈ ਸੰਵੇਦਨਾ, ਬਦਲਦੇ ਸਮਾਜ ਸੱਭਿਆਚਾਰ ਵਿੱਚੋਂ ਆਪਸੀ ਸਾਂਝ, ਭਾਈਚਾਰਕ ਇਕਜੁੱਟਤਾ ਦਾ ਟੁੱਟਣਾ ਅਤੇ ਬੰਦੇ ਦਾ ਸਮਾਜਿਕਤਾ (ਪਰ) ਤੋਂ ਟੁੱਟ ਕੇ ਆਤਮ ਕੇਂਦਰਤ (ਨਿੱਜ) ਵੱਲ ਅਹੁਲਣਾ, ਨਿੱਜ ਦਾ ਵਿਖਿਆਨ ਪਰ ਦੀ ਪ੍ਰਤੀਨਿਧਤਾ ਵਜੋਂ ਉਭਰਨਾ, ਦਮਿਤ ਵਰਗਾਂ/ਹਾਸ਼ੀਆਗਤ/ਸਬਾਲਟਰਨ ਧਿਰਾਂ (ਸਮਾਜ, ਭਾਸ਼ਾ, ਸੱਭਿਆਚਾਰ, ਨਾਰੀ, ਦਲਿਤ ਜਾਂ ਹੋਰ) ਨੂੰ ਕੇਂਦਰੀ ਵਸਤੂ ਵਜੋਂ ਪੇਸ਼ ਕਰਕੇ ਮੁੱਖ ਧਾਰਾ ਵਿਚ ਸ਼ਾਮਲ ਕਰਨਾ) ਨੂੰ ਗ਼ਜ਼ਲ ਸਿਰਜਣਾ ਦੇ ਸ੍ਰੋਤ ਵਜੋਂ ਵਰਤਿਆ ਹੈ। ਇਸ ਤੋਂ ਇਲਾਵਾ ਆਧੁਨਿਕ ਸੰਵੇਦਨਾ ਨਾਲ ਸੰਬੰਧਤ ਥੀਮ ਗ਼ਜ਼ਲ ਦੇ ਥੀਮਕ ਪਸਾਰੇ ਨੂੰ ਫੈਲਾਉਂਦੇ ਹਨ।ਇਸ ਸਾਲ ਦੀ ਪੰਜਾਬੀ ਗ਼ਜ਼ਲ ਵਿੱਚੋਂ ਪਿਆਰ, ਦੇਹ, ਦਲਿਤ, ਪਰਵਾਸ, ਇਤਿਹਾਸ, ਮਿਥਿਹਾਸ, ਆਤਮ ਮੰਥਨ ਅਤੇ ਨਵੀਨ ਅਨੁਭਵ ਵਾਲੇ ਸਰੋਕਾਰਾਂ ਨੂੰ ਪਛਾਣਿਆ ਜਾ ਸਕਦਾ ਹੈ। ਪਿਆਰ ਦਾ ਸੰਕਲਪ ਪੰਜਾਬੀ ਗ਼ਜ਼ਲ ਦਾ ਪ੍ਰੰਪਰਿਕ ਥੀਮ ਹੈ, ਪਰ ਹਰੇਕ ਗ਼ਜ਼ਲਕਾਰ ਦੇ ਨਿੱਜੀ ਅਨੁਭਵ ਕਾਰਨ ਇਹੀ ਸਰੋਕਾਰ ਵੰਨ-ਸੁਵੰਨਤਾ ਨਾਲ ਭਰਪੂਰ ਹੈ, ਪਰ ਸਾਂਝੇ ਰੂਪ ਵਿਚ ਇਸ ਸਾਲ ਦੀ ਗ਼ਜ਼ਲ ਵਿਚ ਪਿਆਰ ਦੋ ਰੂਪਾਂ (ਸ਼ਖ਼ਸੀ ਤੇ ਗ਼ੈਰ ਸ਼ਖ਼ਸੀ ਪਿਆਰ) ਵਿਚ ਪੇਸ਼ ਹੋਇਆ ਹੈ। ਸ਼ਖ਼ਸੀ ਪਿਆਰ ਮਾਂ, ਪਿਓ, ਭਰਾ, ਭੈਣ, ਮਿੱਤਰ, ਸਹੇਲੀ, ਪ੍ਰੇਮੀ, ਪ੍ਰੇਮਿਕਾ, ਪਤੀ, ਪਤਨੀ ਅਤੇ ਹੋਰ ਸਮਾਜਿਕ ਰਿਸ਼ਤਿਆਂ ਸੰਬੰਧੀ ਅਤੇ ਗ਼ੈਰ ਸ਼ਖ਼ਸੀ ਪਿਆਰ ਸੰਸਾਰਕ ਵਸਤਾਂ, ਪਦਾਰਥਾਂ, ਧਰਮ, ਸੰਸਕ੍ਰਿਤੀ, ਭਾਸ਼ਾ, ਖਿੱਤਾ ਅਤੇ ਪੇਸ਼ਾ ਨਾਲ ਸੰਬੰਧਤ ਤੱਤਾਂ ਨਾਲ ਜੁੜਿਆ ਹੋਇਆ ਹੈ।

ਚੌਥਾ, ਇਸ ਸਾਲ ਦੀ ਗ਼ਜ਼ਲ ਵਿਚ ਅੰਗਰੇਜ਼ੀ, ਉਰਦੂ-ਫ਼ਾਰਸੀ, ਹਿੰਦੀ, ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਭਰਪੂਰ ਮਾਤਰਾ ਵਿਚ ਹੋਈ ਹੈ। ਪਰ ਅੰਗਰੇਜ਼ੀ ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਗ਼ਜ਼ਲ ਨੂੰ ਵਧੇਰੇ ਤਰਲਤਾ, ਰਸਿਕਤਾ ਪ੍ਰਦਾਨ ਕਰਦੇ ਹਨ, ਇਸ ਦਾ ਕਾਰਨ ਇਹ ਸਮਝ ਆਉਂਦਾ ਹੈ ਕਿ ਪੰਜਾਬੀ ਪਾਠਕ ਉਰਦੂ, ਫ਼ਾਰਸੀ ਸ਼ਬਦਾਂ ਦੀ ਥਾਂ ਸਾਧਾਰਨ ਬੋਲਚਾਲ ਵਿਚ ਵਰਤੀ ਜਾਣ ਵਾਲੀ ਭਾਸ਼ਾ ਨੂੰ ਵਧੇਰੇ ਠੀਕ ਢੰਗ ਨਾਲ ਸਮਝ ਪਾਉਂਦੇ ਹਨ। ਭਾਸ਼ਾਈ ਸੰਜਮਤਾ, ਸੁਚੇਤਨਾ ਦਾ ਅਨੁਪਾਤ ਇਸ ਸਾਲ ਦੇ ਗ਼ਜ਼ਲਕਾਰਾਂ ਕੋਲ ਵੱਖੋ-ਵੱਖਰਾ ਹੈ (ਜੋ ਸੁਭਾਵਿਕ ਵੀ ਹੈ) ਇਕ ਪਾਸੇ ਮਦਨ ਮਦਹੋਸ਼ ਕਿਸੇ ਵੀ ਸ਼ਿਅਰ ਵਿਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਨਹੀਂ ਕਰਦਾ, ਜਿਸ ਕਾਰਨ ਉਸ ਦੀ ਗ਼ਜ਼ਲ ਦੇ ਭਾਵਾਂ ਨੂੰ ਸਮਝਣਾ ਔਖਾ ਹੋ ਜਾਂਦਾ ਹੈ। ਦੂਜੇ ਪਾਸੇ ਜਗਵਿੰਦਰ ਜੋਧਾ ਦੀ ਗ਼ਜ਼ਲ ਭਾਸ਼ਾਈ ਚੇਤਨਾ ਦੀ ਮਿਸਾਲ ਬਣਦੀ ਹੈ। ਉਹ ਗ਼ਜ਼ਲ ਵਿਚ ਪੇਸ਼ ਭਾਵ ਨੂੰ ਕਾੱਮਾ, ਬਿੰਦੀਆਂ ਲਾ ਕੇ ਵਧੇਰੇ ਸੰਚਾਰਮਈ ਬਣਾਉਂਦਾ ਹੈ, ਪਰ ਨਾਲੋ-ਨਾਲ ਜੋਧਾ ਕਈ ਸ਼ਬਦਾਂ ਨੂੰ ਆਪਣੇ ਹਿਸਾਬ ਨਾਲ ਬੰਨ੍ਹ ਲੈਂਦਾ ਹੈ, ਉਹ ਖਾਮੋਸ਼ੀ ਨੂੰ ਖਾਮੁਸ਼ੀ ਵਜੋਂ ਅਜ਼ਮਾਇਸ਼ ਨੂੰ ਆਜ਼ਮਾਇਸ਼ ਵਜੋਂ ਬੰਨ੍ਹ ਲੈਂਦਾ ਹੈ। ਇਸ ਦੇ ਪਿੱਛੇ ਕਾਰਜਸ਼ੀਲ ਸ਼ਕਤੀ ਨੂੰ ਸਮਝਣਾ ਜ਼ਰੂਰੀ ਹੈ। ਜੇਕਰ ਅਜਿਹਾ ਭਾਸ਼ਾਈ ਪ੍ਰਯੋਗ ਬਹਿਰ ਦੀ ਪਾਬੰਦੀ ਕਾਰਨ ਹੈ ਤਾਂ ਸਮਝ ਆਉਂਦਾ ਹੈ, (ਪਰ ਜੋਧਾ ਸਿਰਜਣਕਾਰੀ ਦੇ ਸੰਦਰਭ ਵਿਚ ਅਜਿਹੀਆਂ ਪਾਬੰਦੀਆਂ ਤੋਂ ਪਾਰ ਵਿਚਰਦਾ ਹੈ) ਜੇਕਰ ਅਜਿਹਾ ਨਹੀਂ ਹੈ ਤਾਂ ਅਜਿਹਾ ਭਾਸ਼ਾਈ ਵਿਕਾਰ ਪਾਠਕ ਨੂੰ ਭੰਬਲਭੂਸੇ ਵਿਚ ਪਾ ਦਿੰਦਾ ਹੈ, ਕਿਉਂਕਿ ਸਿਰਜਕ ਇੱਕੋ ਵੇਲੇ ਸਾਹਿਤ ਸਿਰਜਣਕਾਰੀ ਅਤੇ ਕੋਸ਼ ਨਿਰਮਾਣਕਾਰੀ ਦਾ ਕੰਮ ਵੀ ਕਰ ਰਿਹਾ ਹੁੰਦਾ ਹੈ।

ਇਸ ਸਾਲ ਦੀ ਗ਼ਜ਼ਲ ਪ੍ਰਵਚਨ ਦ੍ਰਿਸ਼ਟੀ ਤੋਂ ਮੈਂ-ਤੂੰ (ਉੱਤਮ ਮੱਧਮ ਪੁਰਖ) ਦੇ ਪ੍ਰਵਚਨ ਨੂੰ ਉਸਾਰਦੀ ਹੈ, ਇਹ ਕਈ ਵਾਰ ਮੈਂ-ਉਹ ਨਾਲ ਵੀ ਜਾ ਜੁੜਦਾ ਹੈ। ਇਸ ਤਰ੍ਹਾਂ ਮੈਂ ਤੂੰ ਉਹ ਦੀ ਤਿਕੋਣ ਤਣਾਓ ਪੈਦਾ ਕਰਕੇ ਸ਼ਿਅਰ ਦੇ ਭਾਵ ਵਿਰਾਟ ਕਰਦੀ ਹੈ। ਇਹ ਪ੍ਰਵਚਨ ਸਾਧਾਰਨ ਤਾਂ ਬਿਲਕੁਲ ਨਹੀਂ, ਪਰ ਇੰਨਾ ਵੀ ਜਟਿਲ ਨਹੀਂ ਕਿ ਯਥਾਰਥ ਦੀ ਭਿਣਕ ਨਾ ਲੱਗੇ, ਹਾਂ ਚਿਹਨਮਈ ਹੋਣ ਕਾਰਨ ਥੋੜ੍ਹਾ ਡੀਕੋਡ ਕਰਨ ਵਿਚ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਸਮਕਾਲੀ ਗ਼ਜ਼ਲ ਦਾ ਪ੍ਰਵਚਨ ਪ੍ਰਸ਼ਨਮਈ ਵਧੇਰੇ ਹੈ, ਇਹ ਪ੍ਰਸ਼ਨ ਤਰਕ 'ਚੋਂ ਪੈਦਾ ਹੁੰਦਾ ਹੈ ਅਤੇ ਆਪਣੇ-ਆਪ ਉੱਤਰ ਤਲਾਸ਼ਦਾ ਹੈ, ਬਹੁਤੇ ਮੌਕਿਆਂ 'ਤੇ ਉੱਤਰ ਦੀ ਭਾਲ ਵੀ ਸ੍ਰੋਤੇ ਤੋਂ ਕੀਤੀ ਜਾਂਦੀ ਹੈ, ਇਹ ਸਵਾਲ-ਜਵਾਬ ਗ਼ਜ਼ਲ ਵਿਚ ਇੰਨੇ ਸਹਿਜ ਸੁਭਾਅ ਅਤੇ ਗਾਈਡਨੁਮਾ ਨਹੀਂ ਹੁੰਦੇ, ਬਲਕਿ ਸਮੁੱਚੇ ਪ੍ਰਵਚਨ ਵਿੱਚ ਕੁਝ ਖਲਾਅ ਛੱਡ ਕੇ ਪਾਠਕ ਨੂੰ ਚਿੰਤਨ/ਮੰਨਨ ਕਰਨ ਲਈ ਮਜਬੂਰ ਕਰਨਾ ਹੀ ਇਸ ਸ਼ਾਇਰੀ ਦਾ ਪ੍ਰਯੋਜਨ ਹੈ। ਅਜਿਹਾ ਪ੍ਰਵਚਨ ਸਿਰਜਣ ਲਈ ਗ਼ਜ਼ਲਕਾਰ ਇਤਿਹਾਸਕ, ਮਿਥਿਹਾਸਕ ਪਾਤਰਾਂ, ਘਟਨਾਵਾਂ ਨੂੰ ਆਧਾਰ ਬਣਾਉਂਦੇ ਹਨ।

ਇਸ ਸਾਲ ਦੀ ਗ਼ਜ਼ਲ ਨਿਰੋਲ ਸਮਕਾਲੀ ਸੰਵੇਦਨਾ, ਸਮਕਾਲੀ ਭਾਸ਼ਾ ਜਾਂ ਸਮਕਾਲੀ ਚਿਹਨ ਨੂੰ ਹੀ ਵਿਸਥਾਰ ਜਾਂ ਪੇਸ਼ ਨਹੀਂ ਕਰਦੀ ਬਲਕਿ ਇਹ ਗ਼ਜ਼ਲ ਪੰਜਾਬੀ ਸਾਹਿਤ, ਇਤਿਹਾਸ ਦੀਆਂ ਮੱਧਕਾਲੀ ਕਾਵਿ ਰੂੜੀਆਂ ਨੂੰ ਸਮਕਾਲੀਨ ਪ੍ਰਸੰਗਿਕਤਾ ਵਜੋਂ ਦੇਖਦੀ ਹੈ। ਜੋਧਾ ਦੀ ਗ਼ਜ਼ਲ ਵਿਚ ਪੇਸ਼ ਰਦੀਫ਼ਾਂ ਮੀਆਂ ਜਾਂ ਹੂ ਮੱਧਕਾਲੀ ਕਿੱਸਾਕਾਵਿ ਅਤੇ ਸੂਫ਼ੀ ਕਾਵਿ ਤੋਂ ਹੀ ਪ੍ਰੇਰਿਤ ਨਜ਼ਰ ਆਉਂਦਾ ਹੈ। ਇਸ ਦ੍ਰਿਸ਼ਟੀ ਤੋਂ ਸਾਹਿਤ ਕਿਸੇ ਇਕ ਇਕਾਲਕ ਵਿਚ ਬੱਝਣ ਦੀ ਰਵਾਇਤ ਨੂੰ ਤੋੜ ਕੇ ਦੁਕਾਲਕ ਦੀ ਮਹੱਤਤਾ ਨੂੰ ਦਰਸਾਉਂਦਾ ਹੈ, ਜਿਸ ਨੂੰ ਇਸ ਸਾਲ ਦੀ ਗ਼ਜ਼ਲ ਦਾ ਪਛਾਣ ਚਿੰਨ੍ਹ ਮੰਨਿਆ ਜਾ ਸਕਦਾ ਹੈ।

ਇਸ ਸਾਲ ਦੀ ਗ਼ਜ਼ਲ ਵਿਚ ਰੂਪਾਕਾਰਕ ਚੇਤਨਾ ਸੰਬੰਧੀ ਸਿਰਫ਼ ਏਨਾ ਹੀ ਕਿ ਕੁਝ ਗ਼ਜ਼ਲ ਸੰਗ੍ਰਹਿ ਅਰੂਜ਼ੀ ਨੇਮਾਂ ਵਿਚੋਂ ਸਿਰਫ਼ ਬਹਿਰ ਦੇ ਪਾਬੰਦ ਨਜ਼ਰ ਆਉਂਦੇ ਹਨ, ਕਾਫੀਏ ਪ੍ਰਤੀ ਚੇਤਨਾ ਦੀ ਘਾਟ ਇਨ੍ਹਾਂ ਗ਼ਜ਼ਲਾਂ ਵਿਚ ਰੜਕਦੀ ਹੈ। ਕਈ ਗ਼ਜ਼ਲ ਨੂੰ ਸਿਰਫ਼ ਕਾਫੀਆ ਪੈਮਾਈ ਸਮਝਦੇ ਹਨ, ਅਜਿਹੀ ਤੁਕਬੰਦੀ ਦਾ ਸਮਾਂ ਨਿਕਲ ਚੁੱਕਾ ਹੈ। ਇਸ ਤੋਂ ਬਚਣ ਦੀ ਲੋੜ ਹੈ, ਕੁਝ ਐਬ ਪੰਜਾਬੀ ਭਾਸ਼ਾਈ ਪਰਿਪੇਖ ਵਜੋਂ ਪੰਜਾਬੀ ਗ਼ਜ਼ਲ ਵਿਚ ਆ ਜਾਂਦੇ ਹਨ, ਜਿਨ੍ਹਾਂ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਛੰਦ ਬਹਿਰ ਵਜੋਂ ਇਸ ਸਾਲ ਦੇ ਗ਼ਜ਼ਲਕਾਰਾਂ ਦੀ ਮਨ ਭਾਉਂਦੇ ਰੁਕਨ ਫੇਲੁਨ, ਮੁਫਾਈਲੁਨ, ਫਾਇਲਾਤੁਨ ਹੀ ਹੈ। ਥੋੜ੍ਹਾ ਹੋਰ ਵਿਸਤਾਰ ਨਾਲ ਸਮਝੀਏ ਤਾਂ ਬਹੁਤੇ ਗ਼ਜ਼ਲਕਾਰ ਪੰਜ ਫੇਲੁਨ ਫੇ, ਸੱਤ ਫੇਲੁਨ ਫੇ, ਬਹਿਰ ਹਜ਼ਜ ਮੁਸੰਮਨ ਸਾਲਮ, ਬਹਿਰ ਰਮਲ ਮੁਸੱਦਸ ਮਹਿਜ਼ੂਫ ਬਹਿਰਾਂ ਵਿਚ ਹੀ ਆਪਣੀ ਗੱਲ ਕਹਿਣ ਦਾ ਹੁਨਰ ਰੱਖਦੇ ਹਨ।ਰੂਪਾਕਾਰਕ ਬਣਤਰ ਤੋਂ ਇਸ ਸਮੇਂ ਦੀ ਗ਼ਜ਼ਲ ਕਸੀਦਾਕਾਰੀ ਵੱਲ ਉਲਰਦੀ ਪ੍ਰਤੀਤ ਹੁੰਦੀ ਹੈ। ਸੁਸ਼ੀਲ ਦੁਸਾਂਝ, ਜਗਜੀਤ ਕੌਰ ਢਿੱਲਵਾਂ, ਸਿਕੰਦਰ ਮਾਨਵ ਦੁਆਰਾ ਗੁਰੂ ਬੰਧਨਾ ਕਸੀਦਾਕਾਰੀ ਹੀ ਹੈ। ਬੇਸ਼ੱਕ ਇਨ੍ਹਾਂ ਦੀ ਬੰਧਨਾ ਵਿਚ ਅੰਤਰ ਹੈ, ਪਰ ਕਿਸੇ ਦੀ ਸਿਫਤ-ਸਲਾਹ ਕਰਨੀ ਕਸੀਦਾਕਾਰੀ ਦੇ ਹੀ ਲੱਛਣ ਹਨ।

ਸੰਪਰਕ : 99887-46178

ਸਫ਼ਾ 1 ਦੀ ਬਾਕੀ

## ਆਗੂਆਂ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ...

'ਝੂਠੇ ਵਾਅ ਮੰਡਲ' ਵਿੱਚ ਰਹਿੰਦੇ ਸਨ? ਉਹਦੇ ਲਈ ਅਜ਼ਾਦੀ ਦਾ ਵਾਅ ਮੰਡਲ ਝੂਠਾ ਸੀ ਅਤੇ ਗੁਲਾਮੀ ਦਾ ਵਾਅ ਮੰਡਲ ਖਰਾ! ਓਡਵਾਇਰ ਜਿਹੇ ਸਾਮਰਾਜੀ ਹਿੰਦੁਸਤਾਨ ਨੂੰ ਸਦੀਵੀ ਗੁਲਾਮੀ ਵਿੱਚ ਰੱਖਣ ਦੇ ਸੁਫ਼ਨੇ ਲੈ ਰਹੇ ਹਨ, ਉਹ ਕਦੇ ਸੋਚ ਹੀ ਨਹੀਂ ਸਨ ਸਕਦੇ ਕਿ ਹਿੰਦੁਸਤਾਨ ਭਵਿੱਖ ਵਿੱਚ ਗੁਲਾਮੀ ਤੋਂ ਛੁਟਕਾਰਾ ਵੀ ਹਾਸਲ ਕਰ ਸਕਦਾ ਹੈ, ਕਈ ਅੰਗਰੇਜ਼ਾਂ ਨੇ ਇਹ ਸਿਧਾਂਤ ਘੜਿਆ ਹੋਇਆ ਸੀ ਕਿ ਪੰਜਾਬੀਆਂ ਲਈ ਕਾਗ਼ਜ਼ ਤੇ ਲਿਖਿਆ ਸਭ ਸੱਚਾ ਹੁੰਦਾ ਹੈ, ਇਸ ਲਈ ਉਹ ਗ਼ਦਰ ਵਿੱਚ ਜੋ ਕੁਝ ਲਿਖਿਆ ਹੋਇਆ ਹੁੰਦਾ ਸੀ ਸਭ ਸੱਚਾ ਮੰਨ ਲੈਂਦੇ ਸਨ ਅਤੇ ਅੰਗਰੇਜ਼ ਰਾਜ ਦੇ ਦੁਸ਼ਮਣ ਬਣ ਜਾਂਦੇ ਸਨ, ਅੰਗਰੇਜ਼ਾਂ ਦੇ ਕੋਸ਼ ਵਿੱਚ ਅਜ਼ਾਦੀ ਦੇ ਆਸ਼ਕ ਬਦਮਾਸ਼ ਸਨ ਅਤੇ ਉਨ੍ਹਾਂ ਦੇ ਨਾਮ ਠਾਣਿਆਂ ਵਿੱਚ ਲਗੀਆਂ ਦਸ-ਨੰਬਰੀਏ ਬਦਮਾਸ਼ਾਂ ਦੀਆਂ ਲਿਸਟਾਂ ਵਿੱਚ ਦਰਜ ਹੁੰਦੇ ਸਨ।

ਇਤਿਹਾਸ ਦੀਆਂ ਕੁਝ ਅੰਗਰੇਜ਼ੀ ਪੁਸਤਕਾਂ ਵਿੱਚ ਵੀ ਗ਼ਦਰ ਦੇ ਸੰਬੰਧ ਵਿੱਚ ਕੁਝ-ਕੁਝ ਪੱਤਰ ਲਿਖੇ ਸਨ, ਜਿਨ੍ਹਾਂ ਵਿੱਚ ਇਸ ਤਹਿਰੀਕ ਨਾਲ ਇਨਸਾਫ਼ ਨਹੀਂ ਕੀਤਾ ਗਿਆ, ਖੁਸ਼ਵੰਤ ਦੇ ਨਜ਼ਦੀਕ "ਕਿਸਾਨਾਂ ਨੂੰ ਇਨਕਲਾਬ ਨਾਲੋਂ ਜੰਗ ਦੀ ਵਧੇਰੇ ਫਿਕਰ ਸੀ ਅਤੇ 14 ਸਿੱਖ ਪਲਟਨਾਂ ਦੀਆਂ, ਤੁਰਕੀਆਂ ਦੇ ਖ਼ਿਲਾਫ਼ ਗੈਲੀ ਪੋਲੀ ਵਿੱਚ ਲੜ ਕੇ ਕੀਤੀਆਂ ਕੁਰਬਾਨੀਆਂ ਨੇ ਸਿੱਖ ਨੌਜਵਾਨਾਂ ਨੂੰ ਅਮਰੀਕਾ ਤੋਂ ਕੈਨੇਡਾ ਹੋਏ ਨਸਲੀ ਵਿਤਕਰੇ ਦੀਆਂ ਕਹਾਣੀਆਂ ਨਾਲੋਂ ਵਧੇਰੇ ਉਤਸ਼ਾਹਤ ਕੀਤਾ" ਅਤੇ ਇਸ ਦੇ ਪਿਛੋਂ ਮਾਇਕਲ ਓਡਵਾਈਰ (ਅਜ਼ਾਦੀ ਦੇ ਸਭ ਤੋਂ ਵੱਡੇ ਦੁਸ਼ਮਣਾਂ ਵਿੱਚ ਇਕ) ਦਾ ਹਵਾਲਾ ਦੇ ਕੇ ਲਿਖਿਆ ਹੈ ਕਿ (ਬਰਤਾਨਵੀ) ਝੰਡੇ ਥੱਲੇ ਭਰਤੀ ਹੋਣ ਵਾਲਿਆਂ ਦੀ ਭੀੜ ਹੋ ਗਈ ਹੈ, ਇਹੋ ਗੱਲ ਖੁਸ਼ਵੰਤ ਸਿੰਘ ਤੇ ਸਤਵਿੰਦਰ ਸਿੰਘ ਨੇ ਅੰਗਰੇਜ਼ੀ ਪੁਸਤਕ 'ਗ਼ਦਰ' ਵਿੱਚ ਲਿਖੀ ਹੈ, ਇਨ੍ਹਾਂ ਲਈ ਸਰ ਮਾਈਕਲ ਦੀ ਲਿਖਤ, ਪਰਮਾਣ ਦੇਣ ਲਈ ਕਿਸੇ ਵੀ ਹਿੰਦੁਸਤਾਨੀ ਇਤਿਹਾਸਕਾਰ ਨਾਲੋਂ ਵਧੇਰੇ ਭਰੋਸੇਯੋਗ ਹੈ।

ਅਮਰੀਕੀ ਤੇ ਬਰਤਾਨਵੀ ਸਾਮਰਾਜ ਸਾਡੇ ਇਨਕਲਾਬੀ ਇਤਿਹਾਸ ਨੂੰ ਤੋੜ-ਮਰੋੜ ਕੇ ਲਿਖਣ ਵਿੱਚ ਬੜੀ ਦਿਲਚਸਪੀ ਲੈ ਰਹੇ ਹਨ ਅਤੇ ਉਹ ਇਸ ਸੰਬੰਧ ਵਿੱਚ ਲੱਖਾਂ ਰੁਪਿਆ ਪਾਣੀ ਵਾਂਗ ਵਹਾ ਰਹੇ ਹਨ, ਉਹ ਬਰਤਾਨਵੀ ਸਾਮਰਾਜ ਦੇ 'ਮਾਂ-ਬਾਪ ਸਰਕਾਰ' ਦੇ ਸਿਧਾਂਤ ਨੂੰ ਮੁੜ ਸੁਰਜੀਤ ਕਰ ਰਹੇ ਹਨ ਅਤੇ ਸਾਮਰਾਜੀਆਂ ਦੇ ਜ਼ੁਲਮਾਂ ਤੇ ਉਪੱਦਰਾਂ ਉਤੇ, ਚਲਾਕੀ ਭਰੀ ਸ਼ਬਦਾਵਲੀ ਵਰਤ ਕੇ, ਪੜਦੇ ਪਾਉਣ ਦੇ ਯਤਨ ਕਰ ਰਹੇ ਹਨ, ਇਨਕਲਾਬੀ ਪਾਰਟੀਆਂ ਨੂੰ ਆਪਣੇ ਪਿਛਲੇ ਇਨਕਲਾਬੀ ਇਤਿਹਾਸਕ ਵਿਰਸੇ ਵਲ ਅਣਗਹਿਲੀ ਦਾ ਰਵੱਈਆ ਛੱਡ ਦੇਣਾ ਚਾਹੀਦਾ ਹੈ, ਇਤਿਹਾਸ ਵਿੱਚ ਦਿਲਚਸਪੀ ਰੱਖਣ ਵਾਲੇ ਤਿੰਨਾਂ ਜਾਂ ਪੰਜਾਂ ਤਰੱਕੀ ਪਸੰਦ ਵਿਦਵਾਨਾਂ ਦੀ ਕਮੇਟੀ ਬਣਾ ਕੇ ਇਹ ਉਨ੍ਹਾਂ ਦੇ ਹਵਾਲੇ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਖਾਣ ਪੀਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਗਦਰ ਤਹਿਰੀਕ ਨੂੰ ਕੁਚਲ ਦੇਣ ਦੇ ਓਡਵਾਇਰ ਦੇ ਕੁੱਲ ਦਾਅਵੇ ਝੂਠੇ ਸਾਬਤ ਹੋਏ, ਇਸ ਤਹਿਰੀਕ ਦੇ ਹਊਏ ਨੇ ਅੰਗਰੇਜ਼ ਅਫ਼ਸਰਾਂ ਦੀ ਨੀਂਦ ਹਰਾਮ ਕਰ ਛੱਡੀ, ਅਕਾਲੀ ਤਹਿਰੀਕ ਵਿੱਚ ਇਹ ਦੇਸ਼ ਭਗਤ ਉਨ੍ਹਾਂ ਨੂੰ ਲੱਭੇ, ਬੱਬਰ ਅਕਾਲੀਆਂ ਵਿੱਚ ਇਹ ਆਗੂ ਬਣੇ ਨਜ਼ਰ ਆਉਂਦੇ ਸਨ, ਸ਼੍ਰੋਮਣੀਹ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਇਹ ਮੋਹਰੇ ਆ ਗਏ ਸਨ, ਰਲੌਟ ਰਿਪੋਰਟ ਦੇ ਕਮਿਸ਼ਨਰ ਮੈਂਬਰ ਇਹ ਘੋਖ ਕਰ ਰਹੇ ਸਨ ਕਿ ਪੰਜਾਬ ਦੀਆਂ ਅਪ੍ਰੈਲ 1919 ਦੀਆਂ ਘਟਨਾਵਾਂ ਵਿੱਚ ਇਨ੍ਹਾਂ ਦਾ ਕਿੰਨਾ ਕੁ ਹੱਥ ਸੀ-ਇਹ ਸਭ ਕੁਝ ਸਰਕਾਰੀ ਰਿਪੋਰਟਾਂ ਵਿੱਚ ਦਰਜ ਹੈ।

ਬਾਬਾ ਸੋਹਣ ਸਿਘ ਜੀ ਭਕਨਾ ਇਸ ਤਹਿਰੀਕ ਦੇ ਆਗੂਆਂ ਦੇ ਪ੍ਰਧਾਨ ਸਨ।

## ਗੁਰਚਰਨ ਚਾਹਲ ਭੀਖੀ ਦੀ ਬਰਸੀ ਮਨਾਈ



**ਭੀਖੀ** : ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਵਿਖੇ ਮਰਹੂਮ ਕਹਾਣੀਕਾਰ ਗੁਰਚਰਨ ਚਾਹਲ ਭੀਖੀ ਨੂੰ ਉਨ੍ਹਾਂ ਦੀ ਬਰਸੀ ਮੌਕੇ ਨਵਯੁਗ ਸਾਹਿਤ ਕਲਾ ਮੰਚ ਵੱਲੋਂ ਯਾਦ ਕੀਤਾ ਗਿਆ। ਉਨ੍ਹਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸਭ ਤੋਂ ਪਹਿਲਾਂ ਸ਼ਰਧਾਂਜਲੀ ਦਿੱਤੀ ਗਈ। ਮੰਚ ਦੇ ਸਰਪ੍ਰਸਤ ਐੱਸ ਡੀ ਓ ਰਾਜਿੰਦਰ ਰੋਹੀ ਨੇ ਕਿਹਾ ਕਿ ਗੁਰਚਰਨ ਚਾਹਲ ਨੂੰ ਭਾਵੇਂ ਅੱਜ ਸਾਡੇ ਵਿੱਚੋਂ ਗਏ ਨੂੰ ਚਾਲੀ ਸਾਲ ਹੋ ਗਏ, ਪਰ ਉਨ੍ਹਾਂ ਦੀਆਂ ਰਚਨਾਵਾਂ ਹਮੇਸ਼ਾ ਲਈ ਉਨ੍ਹਾਂ ਨੂੰ ਅਮਰ ਕਰ ਗਈਆਂ। ਬਹੁਤ ਸਾਰੇ ਵਿਦੇਸ਼ਾਂ ਵਿੱਚ ਬੈਠੇ ਸਾਹਿਤ ਪ੍ਰੇਮੀ ਭੀਖੀ ਕਸਬੇ ਨੂੰ ਗੁਰਚਰਨ ਚਾਹਲ ਵਾਲੀ ਭੀਖੀ ਤੋਂ ਹੀ ਸੰਬੋਧਨ ਹੁੰਦੇ ਹਨ। ਚਾਹਲ ਦੀਆਂ ਕਿਤਾਬਾਂ 'ਤੇ ਅੱਜ ਵੀ ਯੂਨੀਵਰਸਿਟੀਆਂ 'ਚ ਅੱਜ ਵੀ ਕੰਮ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀ ਯਾਦ ਵਿੱਚ ਇੱਕ ਵੱਡਾ ਸਮਾਗਮ ਰੱਖਿਆ ਜਾਵੇਗਾ। ਮੰਚ ਦੇ ਪ੍ਰਧਾਨ ਭੁਪਿੰਦਰ ਫ਼ੌਜੀ, ਸਕੱਤਰ ਐੱਸ. ਅਮਰੀਕ ਭੀਖੀ ਤੇ ਕੁਲਦੀਪ ਸਿੰਘ ਕੱਤਰੀ ਨੇ ਭੀਖੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।

## ਹਰਬੰਸ ਸਿੰਘ ਸ਼ਾਨ ਦੀ ਪੁਸਤਕ ਲੋਕ ਅਰਪਣ

ਖੰਨਾ-ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਵੱਲੋਂ ਪਿੰਡ ਬਗਲੀ ਕਲਾਂ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾਂ, ਪ੍ਰਧਾਨ ਕਿਰਨਦੀਪ ਸਿੰਘ ਕਲਾਰ ਅਤੇ ਉਪ ਪ੍ਰਧਾਨ ਹਰਬੰਸ ਸਿੰਘ ਸ਼ਾਨ ਬਗਲੀ ਕਲਾਂ ਵੱਲੋਂ ਕੀਤੀ ਗਈ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਨਸੀਬ ਸਿੰਘ ਸੇਵਕ ਅਤੇ ਬਹਾਦਰ ਸਿੰਘ ਗੋਸਲ ਨੂੰ ਰੂਬਰੂ ਕੀਤਾ ਗਿਆ। ਹਰਬੰਸ ਸਿੰਘ ਸ਼ਾਨ ਹੋਰਾਂ ਦੀ ਲਿਖੀ ਪੁਸਤਕ 'ਧਾਰਮਿਕ ਜੇਬ ਕਤਰੇ' ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਵੱਲੋਂ ਲੋਕ ਅਰਪਣ ਕੀਤੀ ਗਈ।ਆਏ ਸਾਰੇ ਮਹਿਮਾਨਾਂ, ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਦਾ ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾਂ ਵੱਲੋਂ ਧੰਨਵਾਦ ਕੀਤਾ ਗਿਆ।



# ਸਾਹਿਤਕ ਪੱਤਰਕਾਰੀ ਦਾ ਬੀਤਿਆ ਵਰ੍ਹਾ

ਬੀਤੇ ਵਰ੍ਹੇ 2025 ਦੀ ਸਾਹਿਤਕ ਪੱਤਰਕਾਰੀ, ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨ ਵਿੱਚ ਆਪਣੀ ਆਪਣੀ ਪੱਧਰ ਉੱਤੇ ਕਾਰਜਸ਼ੀਲ ਰਹੀ ਏ। ਸਮਕਾਲ ਦੀਆਂ ਪੰਜਾਬੀ ਵਿੱਚ ਛਪਦੀਆਂ ਪਤ੍ਰਿਕਾਵਾਂ ਦੇ ਰੰਗ-ਢੰਗ ਅਤੇ ਚਿਹਰਾ-ਮੋਹਰਾ ਬਿਲਕੁਲ ਬਦਲ ਗਿਆ ਏ। ਜਿਹੜਾ ਚਿਹਰਾ ਮੋਹਰਾ ਕਦੇ 'ਆਰਸੀ', 'ਪ੍ਰੀਤਲੜੀ', 'ਨਾਗਮਣੀ' ਜਾਂ 'ਲਕੀਰ' ਦਾ ਹੁੰਦਾ ਸੀ, ਉਹ ਸਮਕਾਲੀ ਪਤ੍ਰਿਕਾਵਾਂ ਦਾ ਨਹੀਂ ਰਿਹਾ। ਹੁਣ ਸੋਹਣੇ ਕਾਗਜ਼ ਉੱਤੇ 'ਸਿਹਤਮੰਦ-ਤਕੜੇ' ਪਰਚੇ ਛਪਣ ਲੱਗ ਪਏ ਨੇ। ਸੰਪਾਦਕ ਆਰਥਿਕ ਤੌਰ 'ਤੇ 'ਅਮੀਰ' ਹੋ ਗਏ ਨੇ। ਪਰ ਪੰਜਾਬੀ ਅਦਬ ਨੂੰ ਅਤੇ ਸੰਪਾਦਕਾਂ ਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਏ ਕਿ ਪੰਜਾਬੀ ਦੇ ਪਰਚਿਆਂ ਦੀ ਛਪਣ ਗਿਣਤੀ ਬਹੁਤ ਜਿਆਦਾ

## ਭਗਵੰਤ ਰਸੂਲਪੁਰੀ

ਘਟੀ ਏ। ਕਦੇ ਕਦੇ ਦੱਸਦਿਆਂ ਸੰਗ ਆਉਣ ਲੱਗ ਪੈਂਦੀ ਏ। ਉਹ ਸਮਾਂ ਨਹੀਂ ਰਿਹਾ ਜਦੋਂ 'ਪ੍ਰੀਤਲੜੀ' ਦੀ ਛਪਣ ਗਿਣਤੀ 20 ਹਜ਼ਾਰ ਤੱਕ ਪੁੱਜ ਗਈ ਸੀ। (ਭਾਵੇਂ ਹੁਣ 'ਪ੍ਰੀਤਲੜੀ' ਦਾ ਮਿਆਰ ਬਹੁਤ ਥੱਲੇ ਡਿੱਗ ਗਿਆ ਏ) ਇਹ ਸੰਪਾਦਕਾਂ ਦਾ ਸਿਰੜ ਹੀ ਏ ਕਿ ਉਹ ਸੁੰਦਰ ਦਿੱਖ ਵਾਲੇ ਪਰਚੇ ਛਾਪ ਰਹੇ ਨੇ। ਲੇਖਕਾਂ ਨੂੰ ਵਾਰ ਵਾਰ ਰਚਨਾਵਾਂ ਭੇਜਣ ਲਈ ਹੁੱਝਾ ਮਾਰਦੇ ਰਹਿੰਦੇ ਨੇ। ਫਿਰ ਮਹਿੰਗਾ ਕਾਗਜ਼ ਖਰੀਦ ਕੇ, ਮਹਿੰਗੀ ਪ੍ਰਿੰਟਿੰਗ ਨਾਲ ਪਰਚਾ ਛਾਪ ਕੇ, ਮਹਿੰਗੀ ਡਾਕ ਰਾਹੀ, ਮਹਿੰਗੀਆਂ ਗੱਡੀਆਂ ਉੱਤੇ ਚੜ੍ਹ ਕੇ ਸ਼ਹਿਰ ਸ਼ਹਿਰ ਪਾਠਕਾਂ ਦੇ ਦਰ 'ਤੇ ਪਰਚਾ ਪੁੱਜਦਾ ਕਰ ਰਹੇ ਨੇ। ਪੰਜਾਬੀ ਭਾਸ਼ਾ ਤੇ ਸਾਹਿਤ ਪ੍ਰਤੀ ਪ੍ਰਤੀਬੱਧਤਾ ਦੀ ਨਿਸਚੇ ਹੀ ਇਨ੍ਹਾਂ ਸੰਪਾਦਕਾ ਨੂੰ ਦਾਦ ਦੇਣੀ ਬਣਦੀ ਏ।

ਜਦੋਂ ਰਾਮ ਸਰੂਪ ਅਣਖੀ 'ਕਹਾਣੀ ਪੰਜਾਬ' ਪਤ੍ਰਿਕਾ ਸ਼ੁਰੂ ਕਰਨ ਲੱਗਾ ਸੀ ਤਾਂ ਸੁਖਬੀਰ ਨੇ ਅਣਖੀ ਨੂੰ 1993 ਵਿੱਚ ਇਕ ਖ਼ਤ ਲਿਖਿਆ ਸੀ, ਜਿਹਦੇ ਵਿੱਚ ਹੋਰ ਗੱਲਾਂ ਤੋਂ ਇਲਾਵਾਂ ਉਹਨੇ ਲਿਖਿਆ ਸੀ ਕਿ 'ਪਤ੍ਰਿਕਾ ਵਿਚ ਭਰਤੀ ਦੀ ਰਚਨਾ ਇਕ ਵੀ ਨਹੀਂ ਹੋਣੀ ਚਾਹੀਦੀ। ਕਿਸੇ ਵੱਡੇ ਲੇਖਕ ਦੀ ਵੀ ਰਚਨਾ ਪਸੰਦ ਨਾ ਆਉਣ ਤੇ ਅਪਰਵਾਨ ਕਰਨ ਦੀ ਜੁਰਅਤ ਹੋਣੀ ਬਹੁਤ ਜ਼ਰੂਰੀ ਹੈ। ਇਸ ਜੁਰਅਤ ਤੋਂ ਬਿਨਾਂ ਚੰਗੀ ਪਤ੍ਰਿਕਾ ਕੱਢਣੀ ਬਿਲਕੁਲ ਸੰਭਵ ਨਹੀਂ ਹੈ। ਸੰਪਾਦਕ ਬਣ ਕੇ ਲਿਹਾਜ਼ ਪਾਲਣਾ ਪਤ੍ਰਿਕਾ ਦਾ ਤੇ ਖੁਦ ਆਪਣਾ ਵੀ ਬਿੰਬ ਖ਼ਰਾਬ ਕਰਨ ਵਾਲੀ ਗੱਲ ਹੈ।" ਇਸ ਤਰ੍ਹਾਂ ਸੁਖਬੀਰ ਨੇ ਹੋਰ ਬਹੁਤ ਸਾਰੀਆਂ ਹਿਦਾਇਤਾ ਦਿੱਤੀਆਂ ਸਨ।

ਸੁਖਬੀਰ ਦੀਆਂ ਉਪਰੋਕਤ ਸਤਰਾਂ ਅੱਜ ਵੀ ਪੰਜਾਬੀ ਦੇ ਉਨ੍ਹਾਂ ਸਾਰੇ ਸੰਪਾਦਕਾਂ ਨੂੰ ਧਿਆਨ ਵਿੱਚ ਰੱਖਣੀਆਂ ਬਹੁਤ ਜ਼ਰੂਰੀ ਹਨ। ਜੋ ਆਪਣੀ ਆਪਣੀ ਸੂਝ ਨਾਲ ਰਚਨਾਵਾਂ ਦੀ ਚੋਣ ਕਰਕੇ ਰਸਾਲਿਆ 'ਚ ਰਚਨਾਵਾਂ ਪ੍ਰਕਾਸ਼ਤ ਕਰ ਰਹੇ ਹਨ। ਬੀਤੇ ਵਰ੍ਹੇ 2025 ਦੇ ਰਸਾਲਿਆਂ ਦੇ ਸਾਰੇ ਅੰਕ ਵੇਖ-ਪੜ੍ਹ ਕੇ ਲੱਗਣ ਲੱਗ ਪਿਆ ਕਿ ਸੰਪਾਦਕ ਕੋਲ ਰਚਨਾ ਨੂੰ ਰੱਦ ਕਰਨ ਦਾ ਅਧਿਕਾਰ ਹੀ ਖਤਮ ਹੁੰਦਾ ਜਾ ਰਿਹਾ ਏ। ਰਸਾਲੇ ਸੀਮਤ ਗਿਣਤੀ ਵਿੱਚ ਅਤੇ ਵੱਡੇ ਅਕਾਰ 'ਚ ਛਪਣ ਲੱਗ ਪਏ ਨੇ। ਰਚਨਾਵਾਂ ਦੀ ਵੱਡੀ ਪੱਧਰ 'ਤੇ ਖਪਤ ਹੋਣ ਲੱਗ ਪਈ ਏ। ਏਥੋਂ ਤੱਕ ਇਕ ਦੂਜੇ ਤੋਂ ਵੱਡਾ ਅੰਕ ਤਿਆਰ ਕਰਨ ਵਿੱਚ ਹਰ ਸੰਪਾਦਕ ਦੀ ਹੋੜ ਲੱਗ ਗਈ ਮਹਿਸੂਸ ਹੋ ਰਹੀ ਏ। ਕਈ ਸ਼ਹਿਰਾਂ-ਜ਼ਿਲ੍ਹਿਆਂ ਵਿੱਚ ਇਕ ਦੂਜੇ ਤੋਂ ਵੱਡਾ ਅੰਕ ਪ੍ਰਕਾਸ਼ਤ ਕਰਨ ਦਾ ਮੁਕਾਬਲਾ ਹੋਣ ਲੱਗ ਪਿਆ ਏ।

'ਸਾਹਿਤਕ ਪਰਚਿਆਂ ਦੀ ਦੌੜ' ਦੇ ਮਸਲੇ ਉੱਤੇ ਕੁਲਦੀਪ ਸਿੰਘ ਬੇਦੀ ਹੁਰਾਂ ਦੀ 'ਮੀਰਜ਼ਾਦਾ ਬੋਲਿਆ' ਦੇ ਜਨਵਰੀ, 2026 ਅੰਕ ਦੀ ਸੰਪਾਦਕੀ ਬਹੁਤ ਮਹੱਤਵਪੂਰਨ ਲੱਗ ਰਹੀ ਏ। ਉਨ੍ਹਾਂ ਵੱਡੇ ਅਕਾਰ ਦੇ ਪਰਚਿਆਂ ਤੇ ਇਕ ਕਿਸਮ ਨਾਲ ਸਵਾਲ ਖੜ੍ਹਾ ਕਰ ਦਿੱਤਾ ਏ। ਬੇਦੀ ਹੁਰਾਂ ਨੇ ਜੋ ਸਵਾਲ ਉਠਾਏ ਨੇ ਉਹ ਮਹਤਵਪੂਰਨ ਨੇ। ਮੈਂ ਵੀ ਰਸਾਲਾ 'ਕਹਾਣੀ ਧਾਰਾ' ਪਿਛਲੇ 20 ਸਾਲਾਂ ਤੋਂ ਲਗਾਤਾਰ ਛਾਪਦਾ ਆ ਰਿਹਾ ਹਾਂ। ਏਥੇ ਮੈਂ ਨਾ ਕਿਸੇ ਦੀ ਧਿਰ ਬਣ ਰਿਹਾ ਹਾਂ ਨਾ ਆਪਣੀ ਧਿਰ ਬਣ ਕੇ ਕਿਸੇ 'ਤੇ ਸਵਾਲ ਕਰ ਰਿਹਾ ਹਾਂ। ਪਰ ਇਹ ਨੁਕਤੇ ਬਹੁਤ ਮਹੱਤਪੂਰਨ ਨੇ। ਕੋਈ ਵੀ ਪਤ੍ਰਿਕਾ ਸ਼ੁਰੂ ਕਰਨ ਤੋਂ ਪਹਿਲਾਂ ਇਕ ਪ੍ਰਕ੍ਰਿਆ ਵਿੱਚੋਂ ਲੰਘਣਾ ਪੈਂਦਾ ਏ। ਭਾਰਤ ਸਰਕਾਰ ਤੋਂ ਪਤ੍ਰਿਕਾ ਰਜਿਸਟ੍ਰਡ ਕਰਵਾਉਣੀ ਪੈਂਦੀ ਏ ਕਿ ਆਹ ਨਾਂ ਦੀ ਪਤ੍ਰਿਕਾ ਸ਼ੁਰੂ ਕਰਨੀ ਏ। ਹੁਣ ਪਤ੍ਰਿਕਾ ਦੇ ਨਾਂ ਉੱਤੇ 'ਪੁਸਤਕ ਲੜੀਆਂ' ਨਿਕਲ ਰਹੀਆ ਨੇ। ਕੁਲਦੀਪ ਸਿੰਘ ਬੇਦੀ ਇਨ੍ਹਾਂ ਨੂੰ 'ਕਥਿਤ ਸਾਹਿਤਕ ਪਰਚੇ' ਕਹਿੰਦਾ ਏ। ਮੈਂ ਏਨੇ ਸਖਤ ਸ਼ਬਦ ਤਾਂ ਨਹੀਂ ਵਰਤਦਾ। ਪਰ ਇਹ ਨੁਕਤੇ ਬਹੁਤ ਮਹੱਤਪੂਰਨ ਹਨ, ਜਿਨ੍ਹਾਂ ਵੱਲ ਮੇਰੇ ਸਮੇਤ ਹਰ ਸੰਪਾਦਕ ਨੂੰ ਧਿਆਨ ਦੇਣ ਦੀ ਲੋੜ ਏ। ਸਾਨੂੰ ਇਹ ਵੀ ਮੰਨ ਲੈਣਾ ਚਾਹੀਦਾ ਏ ਕਿ ਵਿਦੇਸ਼ੀ ਪੂੰਜੀ ਦੇ ਦਖਲ ਨਾਲ ਪਤ੍ਰਿਕਾ ਵਿੱਚ ਭਰਤੀ ਦੀਆਂ ਰਚਨਾਵਾਂ ਪ੍ਰਕਾਸ਼ਤ ਕਰਨ ਦਾ ਰੁਝਾਨ ਵਧਿਆ ਏ। ਦੂਜੇ ਪਾਸੇ ਜੇਕਰ ਮੈਂ ਸੰਪਾਦਕ ਦੀ ਧਿਰ ਬਣ ਕੇ ਗੱਲ ਕਰਾਂ ਤਾਂ ਸੰਪਾਦਕ ਨੂੰ ਜਿਹੜੀਆਂ ਰਚਨਾਵਾਂ ਛਪਣ ਲਈ ਪੁੱਜਦੀਆਂ ਹਨ ਉਸਨੇ ਉਨ੍ਹਾਂ ਵਿੱਚੋਂ ਹੀ ਰਚਨਾਵਾਂ ਦੀ ਚੋਣ ਕਰਨੀ ਹੁੰਦੀ ਏ। ਜੇਕਰ ਭਰਤੀ ਦੀਆਂ ਦਰਮਿਆਨੀਆਂ-ਮਾੜੀਆਂ ਰਚਨਾਵਾਂ ਪੁੱਜਦੀਆਂ ਨੇ ਤਾਂ ਉਹਨੇ ਚੋਣ ਉਨ੍ਹਾਂ ਵਿੱਚੋਂ ਹੀ ਕਰਨੀ ਹੁੰਦੀ ਏ। ਭਲਾ ਹੁਣ ਸੰਪਾਦਕ ਚੰਗੀਆਂ ਰਚਨਾਵਾਂ ਕਿੱਥੋਂ ਲੈ ਕੇ ਆਵੇਂ। ਫਿਰ ਸੰਪਾਦਕ ਅਨੁਵਾਦ ਰਚਨਾਵਾਂ ਛਾਪ ਕੇ ਪਰਚੇ ਨੂੰ ਮਿਆਰੀ ਬਣਾਉਣ ਦੀ ਕੋਸ਼ਿਸ਼ ਵਿੱਚ ਲੱਗ ਜਾਂਦਾ ਏ। ਮੈਂ ਖੁੱਲ੍ਹੇ ਦਿੱਲ ਨਾਲ ਫਿਰ ਕਹਿੰਦਾ ਹਾਂ ਕਿ ਰਸਾਲੇ ਜਿਨੇ ਨਿਕਲਣ ਚੰਗੀ ਗੱਲ ਏ। ਦੋ ਪਰਚੇ 'ਆਦਿ' ਅਤੇ 'ਲੋਅ' ਨਵੇਂ ਸਾਲ ਦਸਤਕ ਦੇ ਰਹੇ ਨੇ। ਸੁੱਭ ਸਗਨ ਏ। ਵੱਡੇ ਅਕਾਰ ਦੇ ਰਸਾਲਿਆਂ ਦੇ ਰੁਝਾਨ ਨਾਲ ਚੰਗੇ ਮੈਟਰ ਦੀ ਕਿੱਲਤ ਆ ਰਹੀ ਏ। ਸੰਪਾਦਕ ਲੇਖਕਾਂ ਕੋਲੋਂ ਵਾਰ ਵਾਰ ਕਹਿ ਕੇ ਮੈਟਰ ਮੰਗਦਾ ਏ। ਕਹਾਣੀਕਾਰਾਂ ਉੱਤੇ ਸੰਪਾਦਕਾਂ ਦਾ ਬਹੁਤ ਦਬਾਅ ਵੱਧ ਗਿਆ ਏ। ਕਹਾਣੀਕਾਰ ਕਾਹਲੀ ਵਿੱਚ ਕਹਾਣੀ ਲਿਖ ਕੇ ਭੇਜ ਦਿੰਦਾ ਏ। ਉਹ ਕਿਤੇ ਨਾ ਕਿਤੇ ਛਪ ਈ ਜਾਂਦੀ ਏ। ਕਵਿਤਾ ਦਾ ਹੋਰ ਮਾੜਾ ਹਾਲ ਹੋ ਗਿਆ ਏ।

ਇਨ੍ਹਾਂ ਸੰਕਟਾਂ ਦੇ ਬਾਵਜੂਦ ਪੰਜਾਬੀ ਪਤ੍ਰਿਕਾਵਾਂ ਦੇ ਸੰਪਾਦਕ 'ਸਿਰ-ਧੜ' ਦੀ ਬਾਜੀ ਲਾ ਕੇ ਏਧਰੋਂ-ਉਧਰੋਂ ਹੀਲੇ ਵਸੀਲੇ ਕਰਕੇ ਪਤ੍ਰਿਕਾ ਕੱਢਣ ਦਾ 'ਅੱਕ ਚੱਬੀ' ਜਾ ਰਿਹਾ ਏ। ਹਰ ਸੰਪਾਦਕ ਵੱਡੇ ਅਕਾਰ ਦੇ ਮਹਿੰਗੇ ਰਸਾਲੇ ਤਿਆਰ ਕਰਨ ਤੇ ਪਾਠਕਾਂ ਤੱਕ ਮਹਿੰਗੀ ਡਾਕ ਸੇਵਾ ਰਾਹੀ ਪਹੁੰਚਾਣ ਵਿੱਚ ਲੱਗਾ ਹੋਇਆ ਏ। ਰਸਾਲੇ ਦੇ ਸੰਪਾਦਕਾਂ ਨੇ ਬਹੁਤ ਸਾਰੇ ਨਵੇਂ ਲਿਖਣ ਵਾਲੇ ਪੈਦਾ ਕਰ ਦਿੱਤੇ ਨੇ। ਸ਼ਾਇਰੀ ਵੱਧ ਮਾਤਰਾ ਵਿੱਚ ਲਿਖੀ ਤੇ ਛਪਣ ਲੱਗੀ ਹੋਈ ਏ। ਕਹਾਣੀਆਂ ਦੀ ਛਪਣ ਗਿਣਤੀ ਵੱਧਣ ਲੱਗ ਪਈ ਏ। ਕਈ ਕਹਾਣੀਕਾਰ ਤਾਂ ਜਸਵੰਤ ਸਿੰਘ ਵਿਰਦੀ ਤੋਂ ਤੇਜ਼ ਸਪੀਡ ਨਾਲ ਕਹਾਣੀਆਂ ਲਿਖਣ ਲੱਗ ਪਏ ਨੇ। ਕਵਿਤਾ ਬੜੀ ਤੇਜੀ ਨਾਲ ਉਤਰ ਰਹੀ ਏ। ਇਸ ਦੇ ਬਾਵਜੂਦ ਸੰਪਾਦਕ ਦੇ ਸਾਰੇ ਪੰਨੇ ਮੈਟਰ ਨਾਲ ਭਰਦੇ ਨਹੀਂ। ਹਰ ਸੰਪਾਦਕ ਅਨੁਵਾਦ ਸਾਹਿਤ ਛਾਪ ਕੇ ਰਸਾਲਿਆਂ ਦੇ ਖਾਲੀ ਪੰਨੇ ਭਰ ਰਿਹਾ ਏ।

ਇਸ ਲੇਖ ਵਿੱਚ ਮੈਂ ਉਨ੍ਹਾਂ ਰਸਾਲਿਆਂ ਦਾ ਸੰਖੇਪ ਵਿੱਚ ਜ਼ਿਕਰ ਕਰਾਗਾ ਜਿਨ੍ਹਾਂ ਨੇ ਪਾਠਕਾਂ ਅਤੇ ਲੇਖਕਾਂ ਵਿੱਚ ਆਪਣੀ ਠੋਸ ਸਪੇਸ ਬਣਾਈ ਹੋਈ ਏ ਲੇਖਕ ਉਨ੍ਹਾਂ ਵਿੱਚ ਛਪਣਾ ਮਾਣ ਮਹਿਸੂਸ ਕਰਦੇ ਨੇ। ਉਨ੍ਹਾਂ ਦੇ ਵੀ ਆਪਣੇ ਆਪਣੇ ਸੰਕਟ ਹਨ।

ਬੀਤੇ ਸਾਲ 'ਚਰਚਾ ਕੌਮਾਂਤਰੀ' ਅਤੇ 'ਮੰਤਵ' ਨਵੇਂ ਪਰਚੇ ਆਰੰਭ ਹੋਏ। 'ਚਰਚਾ ਕੌਮਾਂਤਰੀ' ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਵੱਲੋਂ ਨਵੇਂ ਰੂਪ ਤੇ ਅੰਦਾਜ਼ 'ਚ ਸ਼ੁਰੂ ਹੋਇਆ ਅਜਿਹਾ ਰਸਾਲਾ ਏ ਜੋ ਗੰਭੀਰ ਕਿਸਮ ਦੀਆਂ ਪ੍ਰਗਤੀਸ਼ੀਲ ਲਿਖਤਾਂ ਛਾਪਣ ਨਾਲ ਆਪਣਾ ਠੋਸ ਬਿੰਬ ਬਣਾਉਣ ਵਿੱਚ ਸਫ਼ਲ ਹੋਇਆ ਏ। ਪ੍ਰਗਤੀਸ਼ੀਲ ਸੰਘ ਦਾ ਪਰਚਾ ਹੋਣ ਕਰਕੇ ਇਸ ਦੀ ਵੱਡੀ ਸੰਪਾਦਕੀ ਟੀਮ ਪਰਚਾ ਤਿਆਰ ਕਰਨ 'ਚ ਅਹਿਮ ਰੋਲ ਅਦਾ ਕਰਦੀ ਏ। ਸੰਪਾਦਕ ਡਾ. ਸੁਖਦੇਵ ਸਿੰਘ ਸਿਰਸਾ ਤੇ ਡਾ.ਕੁਲਦੀਪ ਸਿੰਘ ਦੀਪ ਤੇ ਸਹਿ.ਸੰਪਾਦਕ ਡਾ.ਸੰਤੋਖ ਸੁੱਖੀ ਪਰਚੇ ਦੀ ਸਾਹਿਤਕ ਦਿੱਖ ਬਣਾਉਣ 'ਚ ਸਫ਼ਲ ਰਹੇ ਨੇ। ਬੀਤੇ ਸਾਲ 'ਚਰਚਾ' ਦੇ ਦੋ ਅੰਕ ਛਪ ਕੇ ਪਾਠਕਾਂ ਦੇ ਹੱਥਾਂ 'ਚ ਪੁੱਜੇ ਹਨ। 'ਚਰਚਾ ਵਿੱਚ' ਡਾ.ਸਵਰਾਜਬੀਰ ਡਾ. ਸੁਖਦੇਵ ਸਿਰਸਾ, ਏਜਾਜ ਅਹਿਮਦ ਦੇ ਲੇਖਾਂ ਤੋਂ ਇਲਾਵਾ ਕਹਾਣੀਆਂ ਕਵਿਤਾ ਤੇ ਹੋਰ ਮਿਆਰੀ ਲਿਖਤਾਂ ਨਾਲ ਪਾਠਕਾਂ ਨੂੰ ਆਪਣੇ ਵੱਲ ਖਿੱਚਣ 'ਚ ਸਫ਼ਲ ਹੋਇਆ ਏ। ਤਜਰਬੇਕਾਰ ਸੰਪਾਦਕ ਵਿਸ਼ਾਲ 'ਮੰਤਵ' ਪਰਚੇ ਨਾਲ ਸਾਹਿਤਕ ਪੱਤਰਕਾਰੀ ਵਿੱਚ ਠੋਸ ਤਰੀਕੇ ਨਾਲ ਨਿਤਰਦਾ ਏ। ਪਰਚੇ ਦੀ ਦਿੱਖ, ਮਿਆਰ ਅਤੇ ਪੇਸ਼ਕਾਰੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਦੀ ਏ। ਚਾਰ ਮਹੀਨੇ ਬਾਅਦ ਛਪਣ ਵਾਲੇ 'ਮੰਤਵ' ਦੇ ਦੋ ਅੰਕ ਛਪ ਗਏ ਨੇ। ਕਵਿਤਾ, ਕਹਾਣੀ, ਅਨੁਵਾਦ ਤੇ ਹੋਰ ਕਈ ਕਿਸਮ ਦਾ ਮੈਟਰ ਇਕੱਠਾ ਕਰਨ ਵਿੱਚ ਵਿਸ਼ਾਲ ਕਾਮਯਾਬ ਹੁੰਦਾ ਏ। ਸੰਪਾਦਕੀ ਵਿੱਚ ਉਹ ਕਈ ਕਿਸਮ ਦੀਆਂ ਬੇਬਾਕ-ਕੌੜੀਆਂ ਗੱਲਾਂ ਵੀ ਕਰ ਜਾਂਦਾ ਏ। ਵਿਸ਼ਾਲ ਆਪਣੇ 'ਮੰਤਵ' ਵਿੱਚ ਸਫ਼ਲ ਹੋਣ ਲਈ ਕਾਫੀ ਮਿਹਨਤ ਕਰ ਰਿਹਾ ਏ। ਤ੍ਰੈਮਾਸਿਕ ਪਰਚਿਆਂ ਵਿੱਚ 'ਸਿਰਜਣਾ' ਦੀ ਆਪਣੀ ਪੈਂਠ ਏ। 'ਸਿਰਜਣਾ' ਦੇ ਸੰਪਾਦਕ ਡਾ. ਰਘਬੀਰ ਸਿੰਘ ਨੇ ਪਰਚੇ ਦੀ ਦਿਖ ਅਤੇ ਅਕਾਰ ਨਿਸਚਤ ਰੱਖਿਆ ਹੋਇਆ ਏ। ਚਾਰ ਅੰਕ ਵਿੱਚ ਤਕਰੀਬਨ 17 ਕਹਾਣੀਆਂ ਛਪਦੀਆਂ ਹਨ। ਜਸਵੰਤ ਰਾਏ (ਇਕ ਬੱਤੀ ਵਾਲਾ ਮੀਟਰ), ਗੁਰਮੀਤ ਕੜਿਆਲਵੀ (ਕਾਲਾ ਨਾਗ), ਅੰਬਰ ਹੁਸੈਨੀ (ਇਕ ਦਿਨ), ਸੁਕੀਰਤ (ਫੋ ਮੋ), ਭਗਵੰਤ ਰਸੂਲਪੁਰੀ (ਨੇਲ ਪਾਲਿਸ਼), ਰਾਜਪ੍ਰੀਤ ਕੌਰ ਬੈਨੀਪਾਲ (ਸਰਗਮ ਵਿਹੂਣੇ ਸਾਜ਼) ਕਹਾਣੀਆਂ ਪਾਠਕਾਂ ਵੱਲੋਂ ਭਰਵੇਂ ਰੂਪ ਵਿੱਚ ਪਸੰਦ ਕੀਤੀਆਂ ਗਈਆਂ ਨੇ। 'ਸਿਰਜਣਾ' ਦੇ ਸੰਪਾਦਕੀ ਤੇ ਸ਼ਬਦ ਚਿੱਤਰ ਵੀ ਪੜ੍ਹੇ ਜਾਂਦੇ ਨੇ। ਚੋਣਵੀਆਂ ਕਿਤਾਬਾਂ ਦੀ ਜਾਣ ਪਛਾਣ ਵਿੱਚ ਸੰਪਾਦਕੀ ਸੂਝ ਝਲਕਦੀ ਏ। ਸਾਹਿਤਕ ਪੱਤਰਕਾਰੀ ਵਿੱਚ 'ਸਿਰਜਣਾ' ਦਾ ਦਬਦਬਾ ਅਜੇ ਤੱਕ ਕਾਇਮ ਏ। ਕੁਲਵੰਤ ਸਿੰਘ ਸੰਧੂ ਦੀ ਸੰਪਾਦਨੀ ਹੇਠ ਛਪਦੇ 'ਪ੍ਰਵਚਨ' ਦਾ 'ਕਹਾਣੀ ਗੋਸ਼ਟੀ ਵਿਸ਼ੇਸ਼ ਅੰਕ' ਪਾਠਕਾਂ ਵੱਲੋਂ ਗੰਭੀਰਤਾ ਨਾਲ ਲਿਆ ਗਿਆ ਏ। ਬੀਤੇ ਸਾਲ ਪਰਚੇ ਦੇ ਤਿੰਨ ਅੰਕ ਛਪੇ। ਦੋ ਅੰਕਾਂ ਵਾਲੇ ਸਾਂਝੇ ਅੰਕ ਵਿੱਚ ਡਾ. ਲਤਾ ਖੇੜਾ, ਪਰਮਜੀਤ ਜੱਜ, ਰਣਜੀਤ ਸਿੰਘ ਘੁੰਮਣ, ਜਗਰੂਪ ਸੇਖੋਂ ਤੇ ਸ਼ਿਵ ਇੰਦਰ ਦੇ ਲੇਖ ਮਹੱਤਵਪੂਰਨ ਸਨ। ਡਾ. ਕਰਮਜੀਤ ਸਿੰਘ ਦੀ ਸੰਪਾਦਨਾ ਹੇਠ ਛਪਦੇ 'ਚਿਰਾਗ਼' ਦੇ ਬੀਤੇ ਸਾਲ ਚਾਰ ਅੰਕ ਛਪਦੇ ਨੇ। ਪਰਚੇ ਵਿੱਚ ਛਪੀਆਂ ਕਵਿਤਾਵਾਂ, ਗ਼ਜ਼ਲਾਂ ਤੇ ਕਹਾਣੀਆਂ ਦੀ ਚੋਣ ਵਿੱਚ ਸੰਪਾਦਕੀ ਸੂਝ ਝਲਕਦੀ ਏ। ਸੁਖਦੇਵ ਸਿਰਸਾ, ਡਾ. ਮਨਜਿੰਦਰ ਸਿੰਘ, ਭੀਮਇੰਦਰ ਦੇ ਲੇਖ ਚੰਗੇ ਲੱਗੇ। 'ਚਿਰਾਗ਼' ਚਾਰ ਅੰਕਾਂ ਵਿੱਚ 17 ਕਹਾਣੀਆਂ ਪ੍ਰਕਾਸ਼ਤ ਕਰਦਾ ਏ। ਤਕਰੀਬਨ ਹਰ ਅੰਕ 88 ਪੰਨਿਆਂ ਦਾ ਹੁੰਦਾ ਏ। ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਪ੍ਰਕਾਸ਼ਤ 'ਸਮਕਾਲੀ ਸਾਹਿਤ' ਦੇ ਬੀਤੇ ਸਾਲ ਚਾਰ ਅੰਕ ਪ੍ਰਕਾਸ਼ਤ ਹੁੰਦੇ ਹਨ। ਜਿਨ੍ਹਾਂ ਵਿੱਚ ਇਕ ਅੰਕ ਬਲਬੀਰ ਮਾਧੋਪੁਰੀ ਤੇ ਦੋ ਅੰਕ ਕੇਸਰਾ ਰਾਮ ਦੀ ਸੰਪਾਦਨਾ ਹੇਠ ਛਪਦੇ ਹਨ। 272 ਪੰਨਿਆ ਦਾ ਜੁਲਾਈ ਦਾ ਅੰਕ ਸੁਖਬੀਰ ਦੀ ਜਨਮ ਸਤਾਬਦੀ ਉੱਤੇ ਕੇਂਦਰਿਤ ਬਹੁਤ ਸਾਂਭਣਯੋਗ ਅੰਕ ਹੈ। ਅਕਤੂਬਰ ਅੰਕ ਵਿੱਚ ਡਾ. ਜਸਵੰਤ ਸਿੰਘ ਨੇਕੀ ਦੀ ਜਨਮ ਸ਼ਤਾਬਦੀ ਤੇ ਵਿਸ਼ੇਸ਼ ਸਮੱਗਰੀ ਤੇ ਨਾਲ ਨਾਲ ਕਵਿਤਾ, ਕਹਾਣੀਆਂ ਤੇ ਕਿਤਾਬਾਂ ਦੇ ਰੀਵਿਊ ਪ੍ਰਕਾਸ਼ਤ ਕੀਤੇ ਜਾਂਦੇ ਨੇ। 'ਸਮਕਾਲੀ ਸਾਹਿਤ' ਭਰਵੇਂ ਰੂਪ ਵਿੱਚ ਹਰ ਅੰਕ ਵਿੱਚ ਪਾਠਕਾਂ ਨੂੰ ਸਮੱਗਰੀ ਪੜ੍ਹਨ ਨੂੰ ਦਿੰਦਾ ਏ। ਹਰਜੀਤ ਅਟਵਾਲ ਅਤੇ ਜਿੰਦਰ ਦੀ ਸੰਪਾਦਨਾ ਹੇਠ ਛਪ ਰਿਹਾ 'ਸ਼ਬਦ' ਪਤ੍ਰਿਕਾ ਸਾਲ ਵਿੱਚ ਚਾਰ ਅੰਕਾਂ ਵਿੱਚੋਂ ਦੋ ਅੰਕ ਵਿਸ਼ੇਸ਼ 'ਇਕ ਦਿਨ ' ਤੇ 'ਕਹਾਣੀ ਵਿਸ਼ੇਸ਼ ਅੰਕ' ਪ੍ਰਕਾਸ਼ਤ ਕਰਦਾ ਏ। ਪਤ੍ਰਿਕਾ ਵਿੱਚ ਅਸਗਰ ਵਜਾਹਤ ਦਾ ਨਾਵਲਿਟ 'ਪੰਜਵੀਂ ਦਿਸ਼ਾ', ਹਰਜੀਤ ਅਟਵਾਲ ਦਾ ਨਾਵਲ 'ਕਾਦਰ' ਪਾਠਕਾਂ ਵੱਲੋਂ ਪਸੰਦ ਕੀਤੇ ਗਏ ਨੇ। 'ਸ਼ਬਦ' ਵਿੱਚ ਜਾਨਦਾਰ ਅਨੁਵਾਦ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਨੇ। 'ਸ਼ਬਦ ਸਪਲੀਮੈਂਟ' ਦਾ 'ਪੰਜਾਬੀ ਸਾਰਟ ਸਟੋਰੀਜ਼ ਸਪੈਸ਼ਲ ਅੰਕ' ਅੰਗਰੇਜ਼ੀ ਦੇ ਪਾਠਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ। ਸੰਪਾਦਕੀ ਅਮਲੇ ਨੇ 17 ਕਹਾਣੀਆਂ ਦੀ ਚੋਣ ਕਰਕੇ ਉਨ੍ਹਾਂ ਦਾ ਇੰਗਲਿਸ਼ ਵਿੱਚ ਅਨੁਵਾਦ ਕੀਤੇ ਅਤੇ 'ਸ਼ਬਦ ਸਪਲੀਮੈਂਟ' ਦਾ ਸੋਹਣੀ ਦਿੱਖ ਵਾਲਾ ਵਿਸ਼ੇਸ਼ ਅੰਕ ਤਿਆਰ ਕਰ ਲਿਆ। ਏਸੇ ਦਾ 'ਭੂਮਿਕਾ ਵਿਸ਼ੇਸ਼ ਅੰਕ' ਵੀ ਸਾਂਭਣਯੋਗ ਅੰਕ ਏ। 'ਸ਼ਬਦ' ਸਾਹਿਤਕ ਪੱਤਰਕਾਰੀ ਵਿੱਚ ਆਪਣਾ ਨਿੱਗਰ ਯੋਗਦਾਨ ਪਾ ਰਿਹਾ ਏ।

ਮੇਰੇ ਵੱਲੋਂ (ਭਗਵੰਤ ਰਸੂਲਪੁਰੀ) 'ਕਹਾਣੀ ਧਾਰਾ' ਦੇ ਬੀਤੇ ਵਰ੍ਹੇ ਚਾਰ ਅੰਕ ਸੰਪਾਦਤ ਕੀਤੇ ਗਏ। ਚਾਰ ਅੰਕਾਂ ਵਿੱਚ 25 ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆ। ਸੰਪਾਦਕੀ ਵਿੱਚ ਮਹੱਤਵਪੂਰਨ ਸਾਹਿਤਕ ਮੁੱਦੇ ਉਭਾਰੇ ਗਏ ਹਨ। ਹਰ ਅੰਕ ਵਿੱਚ 'ਗੋਸ਼ਟੀ' ਨੂੰ ਪ੍ਰਕਾਸ਼ਤ ਕੀਤਾ ਜਾਂਦਾ ਰਿਹਾ। 'ਕਹਾਣੀ', 'ਦਲਿਤ ਸਾਹਿਤ' ਤੇ 'ਨਾਵਲ ਦਾ ਸੰਕਟ' ਆਦਿ ਗੋਸ਼ਟੀਆਂ ਪਾਠਕਾਂ ਵੱਲੋਂ ਪੜ੍ਹੀਆਂ ਹੀ ਨਹੀਂ ਗਈਆਂ ਉਨ੍ਹਾਂ 'ਤੇ ਚਰਚਾ ਵੀ ਹੁੰਦੀ ਰਹੀ। 'ਕਹਾਣੀ ਧਾਰਾ' ਦਾ ਇਕ ਅੰਕ 'ਕਹਾਣੀ ਦੇ ਅਸਲੀ ਤੇ ਨਕਲੀ ਪਾਤਰ' ਵਿਸ਼ੇਸ਼ ਅੰਕ ਤਿਆਰ ਕੀਤਾ ਗਿਆ ਜਿਸ ਵਿੱਚ 27 ਕਹਾਣੀਕਾਰਾਂ ਨੇ ਆਪਣੇ ਪਾਤਰਾਂ ਬਾਰੇ ਗੱਲਾਂ ਕੀਤੀਆਂ। 'ਕਹਾਣੀ ਧਾਰਾ' ਨੇ ਇਕ ਸਾਲ ਵਿੱਚ 640 ਪੰਨੇ 400 ਰੁਪਏ ਵਿੱਚ ਪਾਠਕਾਂ ਨੂੰ ਸੰਪਾਦਤ ਕਰਕੇ ਦਿੱਤੇ ਹਨ। ਇਨ੍ਹਾਂ ਅੰਕਾਂ ਵਿੱਚ ਕਹਾਣੀ ਸੰਗ੍ਰਹਿ ਤੇ ਨਾਵਲਾਂ ਉੱਤੇ ਵਿਸ਼ੇਸ਼ ਲੇਖ ਲਿਖਵਾਏ ਗਏ। ਸਤਪਾਲ ਭੀਖੀ ਦੀ ਸੰਪਾਦਨਾ ਹੇਠ ਛਪਦੇ 'ਤਾਸਮਨ' ਦੇ ਬੀਤੇ ਸਾਲ ਤਿੰਨ ਅੰਕ ਪ੍ਰਕਾਸ਼ਤ ਹੋਏ ਨੇ। ਪਰਚੇ ਵਿੱਚ ਕਵਿਤਾ, ਕਹਾਣੀ ਦੇ ਨਾਲ ਨਾਲ ਹੋਰ ਵੰਨ ਸੁਵੰਨੀ ਸਮੱਗਰੀ ਵੀ ਪ੍ਰਕਾਸ਼ਤ ਕੀਤੀ ਜਾਂਦੀ ਏ। ਪਰਚੇ ਵਿੱਚ ਵਿਪਨ ਗਿੱਲ (ਛਲੇਡਾ), ਮੇਜਰ ਮਾਂਗਟ (ਡਾਰਕ ਜ਼ੋਨ), ਕਰਮਜੀਤ ਨਡਾਲਾ (ਚੈਰੀ ਦੇ ਫੁੱਲ), ਜਤਿੰਦਰ ਹਾਂਸ (ਹੇਠਲੀ ਉੱਤੇ-ਉਤਲਾ ਹੇਠ) ਕਹਾਣੀਆਂ ਪਾਠਕਾਂ ਨੇ ਪਸੰਦ ਕੀਤੀਆਂ। ਪਰਚੇ ਵਿੱਚ ਅਨੁਵਾਦ ਕਹਾਣੀਆਂ ਵੀ ਪੜ੍ਹਨਯੋਗ ਛਪੀਆਂ ਹਨ। 'ਤਾਸਮਨ' ਮੈਟਰ ਦੀ ਚੋਣ ਕਰਨ ਵਿੱਚ ਕਾਫੀ ਮਿਹਨਤ ਕਰ ਰਿਹਾ ਏ। ਡਾ. ਕਰਾਂਤੀਪਾਲ ਦੀ ਸੰਪਾਦਨਾ ਹੇਠ ਛਪਦੇ ਪਰਚੇ 'ਕਹਾਣੀ ਪੰਜਾਬ' ਦਾ ਸਾਲ ਵਿੱਚ 400 ਪੰਨਿਆਂ ਦਾ ਇਕੋ ਅੰਕ ਛਪਦਾ ਏ। ਵੱਡ ਅਕਾਰੀ ਅੰਕ ਵਿੱਚ ਮੁੱਲਵਾਨ ਸਵੀਡਨ, ਸਪੇਨੀ, ਬਰਮੀ, ਫਰਾਂਸੀਸੀ, ਪੰਜਾਬੀ , ਡੋਗਰੀ, ਗੁਜਰਾਤੀ ਆਦਿ ਭਾਸ਼ਾਵਾਂ ਦੀਆਂ ਮਿਆਰੀ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਗੁਰਮੇਲ ਬੀਰੋਕੇ ਦੀ 'ਬਰਫੀਲੇ ਡਾਲਰ' ਪੜ੍ਹਨ ਵਾਲੀ ਲੰਮੀ ਲਿਖਤ ਏ। ਪਾਲ ਭੁਪਿੰਦਰ ਸਿੰਘ ਦੀ ਲਿਖਤ ਵੀ ਲਾਜਵਾਬ ਏ। ਪਹਿਲਾਂ ਭਾਰਤੀ ਨਾਵਲ 'ਨਸ਼ਤਰ' ਨੂੰ ਪ੍ਰਕਾਸ਼ਤ ਕੀਤਾ ਗਿਆ ਏ। 'ਕਹਾਣੀ ਪੰਜਾਬ' ਪਾਠਕ ਨੂੰ ਨਿਰਾਸ਼ ਨਹੀਂ ਕਰਦਾ। ਪਾਠਕ ਨੂੰ ਪੜ੍ਹਨਯੋਗ ਸਮੱਗਰੀ ਪ੍ਰਦਾਨ ਕਰਦਾ ਏ।

ਵੱਡ ਅਕਾਰੀ 'ਸੁਰਿਤ' ਦੇ ਬੀਤੇ ਸਾਲ 'ਬਸੰਤ' ਤੇ 'ਵਰਖਾ ਰੁੱਤ' ਦੋ ਅੰਕ ਪ੍ਰਕਾਸ਼ਤ ਹੁੰਦੇ ਨੇ। ਆਤਮ ਸਿੰਘ ਰੰਧਾਵਾ ਤੇ ਗੁਰਬੀਰ ਸਿੰਘ ਬਰਾੜ ਦੀ ਸੰਪਾਦਕ ਜੋੜੀ ਪਰਚੇ ਵਿੱਚ ਅਨੇਕਾਂ ਮੁੱਲਵਾਨ ਰਚਨਾਵਾਂ ਪਾਠਕਾਂ ਨੂੰ ਪੜ੍ਹਨ ਲਈ ਪ੍ਰਕਾਸ਼ਤ ਕਰਦੀ ਏ। ਪ੍ਰੋ. ਹਰਜੀਤ ਸਿੰਘ ਗਿੱਲ, ਅਜੀਤ ਕੌਰ ਦੀਆਂ ਮੁਲਾਕਾਤਾਂ ਪਸੰਦ ਕੀਤੀਆਂ ਗਈਆਂ। ਰੇਖਾ ਚਿੱਤਰ, ਚਿੰਤਨ ਮੰਥਨ ਕਰਦੇ ਲੇਖ, ਕਵਿਤਾਵਾਂ, ਡਾਇਰੀ, ਸਵੈ ਜੀਵਨੀ, ਸਿਰਜਣ ਪ੍ਰਕਿਰਿਆ ਦੇ ਅੰਸ਼ ਵੀ ਪਾਠਕਾਂ ਵੱਲੋਂ ਪੜ੍ਹੇ ਗਏ। ਗੁਰਮੀਤ ਕੜਿਆਲਵੀ (ਮੁਕਤੀ), ਪਰਵੇਜ਼ ਸੰਧੂ (ਪਰਹੀਣ ਪਰਿੰਦੇ), ਭੁਪਿੰਦਰ ਮਾਨ (ਲਾਲ ਰੱਤਾ), ਸਿਮਰਨ ਧਾਲੀਵਾਲ (ਪ੍ਰਤੀਕ ਹੁਣ ਪ੍ਰੇਸ਼ਾਨ ਨਹੀਂ ਕਰਦੀ), ਬਲਬੀਰ ਪਰਵਾਨਾ (ਅੰਦਰਲੇ ਕੁਰੂਖੇਤਰ), ਅਰਵਿੰਦਰ ਧਾਲੀਵਾਲ (ਤੇਰੇ ਬਿਨਾ ਮੈਂ ਨਾ ਬੱਚਦੀ), ਅਕਬਰ ਲਾਹੌਰੀ (ਆਪਾਂ) ਆਦਿ ਕਹਾਣੀਆਂ ਪਸੰਦ ਕੀਤੀਆਂ ਗਈਆਂ। 'ਸੁਰਤਿ' ਵਾਲੇ ਮੈਟਰ ਦੀ ਚੋਣ ਕਰਨ ਵਿੱਚ ਕਾਫੀ ਮਿਹਨਤ ਕਰਦੇ ਹਨ। 'ਸੁਰਤਿ' ਪੱਤਰਕਾਰੀ ਵਿੱਚ ਨਵੀਆਂ ਪਿਰਤਾਂ ਪਾ ਰਿਹਾ ਏ। ਇੰਦਰਜੀਤ ਪੁਰੇਵਾਲ ਤੇ ਪਰਮਜੀਤ ਦਿਓਲ ਦੀ ਸੰਪਾਦਨਾ ਹੇਠ 'ਰਾਗ' ਦੇ ਬੀਤੇ ਸਾਲ ਦੋ ਅੰਕ ਪ੍ਰਕਾਸ਼ਤ ਹੋਏ ਨੇ। ਦੋ ਅੰਕਾਂ ਵਿੱਚ ਰਾਗ ਨੇ ਭਰਵੇਂ ਰੂਪ ਵਿੱਚ ਕਵਿਤਾ, ਕਹਾਣੀ, ਵਾਰਤਕ, ਸ਼ਬਦ ਚਿੱਤਰ ਅਤੇ ਹੋਰ ਸਾਹਿਤ ਦੀ ਸਮੱਗਰੀ ਪ੍ਰਕਾਸ਼ਤ ਕੀਤੀ ਏ। ਦੋ ਅੰਕਾਂ ਵਿੱਚ ਸਰਘੀ (ਡੰਗ), ਭਗਵੰਤ ਰਸੂਲਪੁਰੀ (ਮਿੱਟੀ), ਜਸਵਿੰਦਰ ਜੋਧਾ (ਪਰਖ ਕਾਲ), ਨਿਰੰਜਣ ਬੋਹਾ (ਹੁਣ ਤਿਆਰ ਹਾਂ ਮੈਂ), ਅਲਫ਼ਾਜ਼ (ਲੂਜ਼ਰ),ਬਿਦਰ ਬਸਰਾ (ਫੈਸਲੇ ਤੋਂ ਪਹਿਲਾਂ), ਜਸਬੀਰ ਮਾਨ (ਚੌਧਰੀਆਂ ਦੀ ਕੁੜੀ) ਕਹਾਣੀਆਂ ਪਾਠਕਾਂ ਵੱਲੋਂ ਪਸੰਦ ਕੀਤੀਆਂ ਗਈਆਂ ਹਨ। ਸ਼ਬਦ ਚਿੱਤਰਾਂ ਵਿੱਚ ਲਖਵਿੰਦਰ ਜੌਹਲ (ਗੁਰਦਿਆਲ ਸਿੰਘ), ਨਿੰਦਰ ਘੁਗਿਆਣਵੀ (ਪਾਤਰ ਦੀਆਂ ਪਰਤਾਂ), ਭਗਵੰਤ ਰਸੂਲਪੁਰੀ (ਅੱਗ ਦੀ ਲਾਟ), ਬੂਟਾ ਸਿੰਘ ਚੌਹਾਨ (ਰਾਮ ਸਰੂਪ ਅਣਖੀ) ਪੜ੍ਹਨਯੋਗ ਹਨ। ਸੁਸ਼ੀਲ ਦੁਸਾਂਝ-ਕਮਲ ਦੁਸਾਂਝ ਦੀ ਜੋੜੀ ਵੱਲੋਂ 'ਹੁਣ' ਦੇ ਬੀਤੇ ਸਾਲ ਦੋ ਅੰਕ ਛਪੇ ਹਨ। ਹੁਣ ਵਿੱਚ ਛਪੀ ਮਨਮੋਹਨ ਦੀ ਲੰਮੀ ਮੁਲਾਕਾਤ ਕਈ ਮੁੱਦੇ ਉਭਾਰਨ ਵਾਲੀ ਏ। ਦੋ ਅੰਕਾਂ ਵਿੱਚ 19 ਕਹਾਣੀਆਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ। 'ਹੁਣ' ਵਿੱਚ ਰਾਜ ਕੁਮਾਰ ਹੰਸ, ਵਿਜੈ ਬੰਬੇਲੀ, ਹਰਵਿੰਦਰ ਭੰਡਾਲ, ਮਨਮੋਹਨ, ਤਸਕੀਨ ਦੇ ਲੇਖ ਪੜ੍ਹਨਯੋਗ ਹਨ। 'ਹੁਣ' ਵਿੱਚ ਕਿਤੇ ਕਿਤੇ ਚੰਗੀ ਕਵਿਤਾ ਵੀ ਪੜ੍ਹਨ ਨੂੰ ਮਿਲ ਜਾਂਦੇ ਏ। ਕੁਲਦੀਪ ਸਿੰਘ ਬੇਦੀ ਵੱਲੋਂ ਸੰਪਾਦਤ 'ਮੀਰਜ਼ਾਦਾ ਬੋਲਿਆ' ਵਿਅੰਗ ਲਿਖਤਾਂ ਪ੍ਰਕਾਸ਼ਤ ਕਰਨ ਵਿੱਚ ਆਪਣਾ ਨਿੱਗਰ ਯੋਗਦਾਨ ਪਾ ਰਿਹਾ ਏ। ਪਿਛਲੇ ਕੁਝ ਸਮੇਂ ਤੋਂ ਪਰਚੇ ਵਿੱਚ ਚੰਗੀਆਂ ਕਹਾਣੀਆਂ ਵੀ ਪੜ੍ਹਨ ਨੂੰ ਮਿਲ ਰਹੀਆਂ ਹਨ। 'ਬੇਦੀ 'ਸਮਕਾਲੀ ਪਰਚੇ-ਮੇਰੀ ਦ੍ਰਿਸ਼ਟੀ ' ਚ' ਕਾਲਮ ਵਿੱਚ ਸਾਹਿਤਕ ਪਰਚਿਆਂ ਬਾਰੇ ਗੰਭੀਰ ਟਿੱਪਣੀਆਂ ਕਰਦਾ ਆ ਰਿਹਾ ਹੈ। ਕੁਲਦੀਪ ਬੇਦੀ ਨੂੰ ਪਰਚਾ ਸੰਪਾਦਤ ਕਰਨਾ ਵੀ ਆਉਂਦਾ ਏ, ਮੈਟਰ ਨੂੰ ਤਰਤੀਬ ਵਿੱਚ ਬੰਨ੍ਹਣਾ ਵੀ ਆਉਂਦਾ ਏ। ਅਰਤਿੰਦਰ ਸੰਧੂ ਵੱਲੋਂ 'ਏਕਮ' ਦੇ ਬੀਤੇ ਸਾਲ ਚਾਰ ਅੰਕ ਪ੍ਰਕਾਸ਼ਤ ਕੀਤੇ ਗਏ ਹਨ। ਹਰ ਅੰਕ ਵਿੱਚ ਕਵਿਤਾ, ਗੀਤ, ਗ਼ਜ਼ਲ, ਕਹਾਣੀ, ਮਿੰਨੀ ਕਹਾਣੀ ਅਤੇ ਪੁਸਤਕਾਂ ਚਰਚਾ ਵਿੱਚ ਅਨੇਕਾਂ ਰਚਨਾਵਾਂ ਦੀ ਚੋਣ ਕਰਕੇ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਨੇ। ਅਰਤਿੰਦਰ ਸੰਧੂ ਆਪਣੇ ਸਿਰੜ ਨਾਲ ਰਚਨਾਵਾਂ ਦੀ ਚੋਣ ਕਰਦੀ ਏ ਅਤੇ ਉਨ੍ਹਾਂ ਨੂੰ ਸੋਹਣੇ ਤਰੀਕੇ ਨਾਲ ਪ੍ਰਕਾਸ਼ਤ ਕਰਦੀ ਏ। ਉਹਦੇ ਕੋਲ ਆਪਣਾ ਇਕ ਪਾਠਕ ਵਰਗ ਏ। ਜਿਹੜਾ 'ਏਕਮ' ਨੂੰ ਪੜ੍ਹਦਾ ਏ। ਕਿਤੇ ਕਿਤੇ ਹਲਕਾ ਮੈਟਰ ਵੀ ਪੜ੍ਹਨ ਨੂੰ ਮਿਲ ਜਾਂਦਾ ਏ। ਕਮਲ ਗਿੱਲ ਦੀ ਸੰਪਾਦਨਾ ਹੇਠ ਅੰਮ੍ਰਿਤਸਰ ਤੋਂ 'ਅਨੁਤਾਸ਼' ਨਾਂ ਦਾ ਰਸਾਲਾ ਵੀ ਛਪ ਰਿਹਾ ਏ। ਅਨੁਤਾਸ਼ ਵਿੱਚ ਕੁਝ ਚੰਗੀਆਂ ਪੜ੍ਹਨਯੋਗ ਰਚਨਾਵਾਂ ਪੜ੍ਹਨ ਨੂੰ ਮਿਲ ਜਾਂਦੀਆਂ ਨੇ। ਡਾ. ਅਮਰਜੀਤ ਕੌਂਕੇ ਦੇ ਸੰਪਾਦਨਾ ਹੇਠ 'ਪ੍ਰਤਿਮਾਨ' ਰਸਾਲਾ ਛਪ ਰਿਹਾ ਏ। ਕੌਂਕੇ ਆਪਣੇ ਪਰਚੇ ਵਿੱਚ ਵਿਸ਼ੇਸ਼ ਤੌਰ ਤੇ ਕਵਿਤਾ ਤੇ ਨਵੇਂ ਖੋਜ ਵਿਦਿਆਰਥੀਆਂ ਦੇ ਆਲੋਚਨਾ ਲੇਖ ਪ੍ਰਕਾਸ਼ਤ ਕਰਦਾ ਏ। ਜਿਨ੍ਹਾਂ ਲੇਖਾਂ ਦਾ ਮਿਆਰ ਬਹੁਤ ਹਲਕਾ ਹੁੰਦਾ ਏ। ਪ੍ਰਤਿਮਾਨ ਵਿੱਚ ਕਦੇ ਕਦੇ ਕੋਈ ਚੰਗੀ ਕਹਾਣੀ ਵੀ ਪੜ੍ਹਨ ਨੂੰ ਮਿਲ ਜਾਂਦੀ ਏ। ਡਾ. ਕਰਨੈਲ ਸ਼ੇਰਗਿੱਲ ਦੀ ਸੰਪਾਦਨਾ ਹੇਠ 'ਅੱਖਰ' ਨਵੇਂ ਰੂਪ ਵਿੱਚ ਪ੍ਰਕਾਸ਼ਤ ਹੋਣਾ ਆਰੰਭ ਹੋਇਆ ਏ। ਅੱਖਰ ਵਿੱਚ ਮੁੱਖ ਰੂਪ ਵਿੱਚ ਕਵਿਤਾਵਾਂ ਅਤੇ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਨੇ। ਉਸ ਦੇ ਨਾਲ ਨਾਲ ਕੁਝ ਲੇਖ ਤੇ ਅਨੁਵਾਦ ਰਚਨਾਵਾਂ ਵੀ ਹੁੰਦੀਆਂ ਨੇ। ਡਾ. ਗੁਲਜਾਰ ਸਿੰਘ ਪੰਧੇਰ ਦੀ ਸੰਪਾਦਨਾ ਹੇਠ 'ਸਮਾਂਤਰ ਨਜ਼ਰੀਆਂ' ਤ੍ਰੈਮਾਸਿਕ ਰਸਾਲਾ ਛਪ ਰਿਹਾ ਹੈ।

ਪੰਜਾਬੀ ਅਧਿਐਨ ਵਿਭਾਗ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ 'ਸੰਵਾਦ' ਜਰਨਲ, ਆਲੋਚਨਾ ਦੇ ਨਵੇਂ ਮਿਆਰ ਸਥਾਪਤ ਕਰ ਰਿਹਾ ਏ। 'ਸੰਵਾਦ' ਦਾ ਸਾਹਿਤਕ ਟੈਕਸਟ ਕਿਵੇਂ ਸਮਝੀਏ' ਮਹੱਤਵਪੂਰਨ ਅੰਕ ਏ। 'ਸੰਵਾਦ' ਵਿੱਚ ਜਿਹੜੇ ਵੀ ਆਲੋਚਨਾ ਲੇਖ ਪ੍ਰਕਾਸ਼ਤ ਹੁੰਦੇ ਨੇ ਉਨ੍ਹਾਂ ਵਿੱਚ ਗੰਭੀਰ ਕਿਸਮ ਦਾ ਸੰਵਾਦ ਤੋਰਨ ਦੀ ਕੋਸ਼ਿਸ ਕੀਤੀ ਜਾਂਦੀ ਏ। ਸਮੀਖਿਆ ਖੇਤਰ ਵਿੱਚ 'ਸੰਵਾਦ' ਦਾ ਵਿਸ਼ੇਸ਼ ਸਥਾਨ ਏ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ 'ਆਲੋਚਨਾ' ਜਰਨਲ, ਆਲੋਚਨਾ ਵਿੱਚ ਆਪਣੀ ਵਿਸ਼ੇਸ਼ ਥਾਂ ਰੱਖਦਾ ਆ ਰਿਹਾ ਏ। 'ਆਲੋਚਨਾ' ਵਿੱਚ ਸਥਾਪਤ ਤੇ ਨਵੇਂ ਆਲੋਚਨਾ ਦੇ ਮਿਆਰੀ ਪੇਪਰ ਪ੍ਰਕਾਸ਼ਤ ਕੀਤੇ ਜਾਂਦੇ ਨੇ। ਅਕਾਦਮਿਕ ਖੇਤਰ ਵਿੱਚ 'ਆਲੋਚਨਾ' ਦੇ 'ਖੋਜ ਵਿਸ਼ੇਸ਼ ਅੰਕ' ਅਤੇ 'ਗ਼ਜ਼ਲ ਵਿਸ਼ੇਸ਼ ਅੰਕ' ਪਸੰਦ ਕੀਤੇ ਗਏ ਨੇ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਤ ਕੀਤੇ ਜਾਂਦੇ ਰਿਸਰਚ ਜਰਨਲ 'ਪੰਜਾਬੀ ਦੁਨੀਆ' ਦੇ 'ਡਾ. ਜਗਤਾਰ ਵਿਸ਼ੇਸ਼ ਅੰਕ' ਤੇ 'ਸ. ਕਪੂਰ ਸਿੰਘ ਵਿਸ਼ੇਸ਼ ਅੰਕ' ਸਾਂਭਣਯੋਗ ਅੰਕ ਪ੍ਰਕਾਸ਼ਤ ਕੀਤੇ ਗਏ ਹਨ। ਵਿਭਾਗ ਵੱਲੋਂ 'ਜਨ ਸਾਹਿਤ' ਦਾ ਪ੍ਰਕਾਸ਼ਨ ਵੀ ਕੀਤਾ ਜਾਂਦਾ ਏ। ਨਵੀਂ ਕਵਿਤਾ ਨਾਲ ਸੰਵਾਦ ਰਚਾਉਣ ਵਾਲਾ ਜਰਨਲ 'ਕਾਵਿ ਲੋਕ' ਡਾ. ਲਖਵਿੰਦਰ ਸਿੰਘ ਜੌਹਲ ਦੀ ਸੰਪਾਦਨਾ ਹੇਠ ਛਪਦਾ ਤ੍ਰੈਮਾਸਿਕ ਰਸਾਲਾ ਏ। ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਡਾ. ਯੋਗਰਾਜ ਦੀ ਸੰਪਾਦਨਾ ਅਧੀਨ 'ਪਰਖ' ਮਿਆਰੀ ਆਲੋਚਨਾ ਪ੍ਰਕਾਸ਼ਤ ਕਰਨ ਵਾਲਾ ਜਰਨਲ ਏ। ਆਲੋਚਨਾ ਦਾ ਪਰਚਾ 'ਅਰਮਾਨ' ਡਾ. ਸੰਦੀਪ ਸਿੰਘ ਮੁੰਡੇ ਦੀ ਸੰਪਾਦਨਾ ਹੇਠ, ਲਗਾਤਾਰ ਆਨ ਲਾਇਨ ਛਪ ਰਿਹਾ ਏ। 'ਆਬਰੂ' ਬਲਜੀਤ ਰੈਣਾ ਵੱਲੋਂ ਸੰਪਾਦਤ ਕੀਤਾ ਜਾ ਰਿਹਾ ਖੋਜ ਜਰਨਲ ਹੈ। ਜਿਸ ਵਿੱਚ ਖੋਜ ਵਿਦਿਆਰਥੀਆਂ ਦੇ ਲੇਖਾਂ ਦੀ ਭਰਤੀ ਪਾਈ ਹੁੰਦੀ ਏ।

ਪਰਵਾਸੀ ਸਾਹਿਤ ਨੂੰ ਫੋਕਸ ਵਿੱਚ ਲਿਆਉਣ ਵਾਲਾ ਪਰਚਾ 'ਪਰਵਾਸ' ਵੀ ਪ੍ਰਕਾਸ਼ਤ ਹੁੰਦਾ ਏ। ਹਰ ਅੰਕ ਵਿੱਚ ਇਕ ਵਿਸ਼ੇਸ਼ ਲੇਖਕ ਉੱਤੇ ਸਮੱਗਰੀ ਪ੍ਰਕਾਸ਼ਤ ਕੀਤੀ ਜਾਂਦੀ ਏ। ਇਸ ਤੋਂ ਇਲਾਵਾ ਕਵਿਤਾ, ਗ਼ਜ਼ਲਾਂ, ਕਹਾਣੀ, ਲੇਖ, ਪੁਸਤਕ ਚਰਚਾ ਆਦਿ ਪਰਚੇ ਵਿੱਚ ਪ੍ਰਕਾਸ਼ਤ ਹੁੰਦੀ ਏ। ਵਿਅੰਗ ਲਿਖਤਾਂ ਤੇ ਕੇਂਦਰਿਤ 'ਸ਼ਬਦ ਤ੍ਰਿੰਜਣ' (ਸੰਪਾਦਕ: ਮੰਗਤ ਰਾਏ ਮਿੱਤਲ), ਮਿੰਨੀ ਕਹਾਣੀ ਵਿਧਾ ਤੇ ਕੇਂਦਰਿਤ 'ਛਿਣ' (ਸੰਪਾਦਕ : ਦਵਿੰਦਰ ਪਟਿਆਲਵੀ), 'ਮਿੰਨੀ' (ਸੰਪਾਦਕ : ਜਗਦੀਸ਼ ਰਾਏ ਕੁਲਰੀਆ), ਅਣੂ (ਸੰਪਾਦਕ : ਸੁਰਿੰਦਰ ਕੈਲੇ), ਜਾਗੋ ਇੰਟਰਨੈਸ਼ਨਲ (ਸੰਪਾਦਕ : ਡਾ. ਭਗਵੰਤ ਸਿੰਘ), ਅਦਬੀ ਮਹਿਕ (ਸੰਪਾਦਕ : ਸਤਪਾਲ ਸਾਹਲੋਂ), ਮੁਹਾਂਦਰਾ ਸੰਪਾਦਕ : ਰਾਹੁਲ ਰੁਪਾਲ), ਘੁਮੱਕੜਨਾਮਾ (ਸੰਪਾਦਕ : ਹਰਜਿੰਦਰ ਅਨੂਪਗੜ੍ਹ-ਆਕਾਸ਼ਦੀਪ), ਲਫ਼ਜ਼ਨਾਮਾ (ਸੰਪਾਦਕ : ਆਫ਼ਾਨ ਯਿਸਵੀ-ਡਾ. ਲਖਵਿੰਦਰ ਸਿੰਘ ਜੌਹਲ) ਵੀ ਪ੍ਰਕਾਸ਼ਤ ਹੋ ਰਹੇ ਰਸਾਲੇ ਹਨ। ਬਾਲ ਸਾਹਿਤ ਉੱਤੇ 'ਨਿੱਕੀਆਂ ਕਰੂੰਬਲਾਂ' (ਸੰਪਾਦਕ : ਬਲਜਿੰਦਰ ਮਾਨ) ਲਗਾਤਾਰ ਪ੍ਰਕਾਸ਼ਤ ਹੋ ਰਿਹਾ ਰਸਾਲਾ ਏ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਪ੍ਰਕਾਸ਼ਤ ਹੋ ਰਹੇ ਮਾਸਿਕ ਰਸਾਲੇ ਹਨ।

ਵੱਡੀ ਗਿਣਤੀ ਵਿੱਚ ਰਸਾਲੇ ਛਪ ਰਹੇ ਨੇ। ਇਹ ਸਾਹਿਤਕ ਪੱਤਰਕਾਰੀ ਲਈ ਸ਼ੁੱਭ ਸਗਨ ਏ। ਹਰ ਲੇਖਕ ਪਹਿਲਾਂ ਪਹਿਲ ਰਸਾਲਿਆਂ ਵਿੱਚ ਛਪ ਕੇ ਆਪਣੀ ਪਛਾਣ ਬਣਾਉਂਦਾ ਏ। ਹਰ ਸੰਪਾਦਕ ਆਪਣੇ ਪੱਧਰ ਉੱਤੇ ਆਪਣੇ ਰਸਾਲੇ ਦੇ ਪਾਠਕ ਪੈਦਾ ਕਰਦਾ ਏ। ਅਨੇਕਾਂ ਵਾਰ ਮੁਫ਼ਤ ਵਿੱਚ ਪਰਚਾ ਵੀ ਭੇਜਦਾ ਏ। ਸਟਾਲਾ ਵਾਲੇ ਸੰਪਾਦਕ ਦੇ ਪੈਸੇ ਵੀ ਮਾਰ ਲੈਂਦੇ ਨੇ। ਉਹਨੂੰ ਸਰਕਾਰ ਵੱਲੋਂ ਕੋਈ ਇਸ਼ਤਿਹਾਰ ਵੀ ਨਹੀਂ ਮਿਲਦੇ। ਨਿੱਜੀ ਇਸ਼ਤਿਹਾਰ ਬਹੁਤ ਘੱਟ ਏ। ਉਹ ਫਿਰ ਵੀ ਇਹ ਕਾਰਜ ਕਰੀ ਜਾ ਰਿਹਾ ਏ। ਅਖ਼ਬਾਰਾਂ ਨੇ ਸਾਹਿਤ ਛਾਪਣਾ ਤਕਰੀਬਨ ਬੰਦ ਹੀ ਕਰ ਦਿੱਤਾ ਏ। 'ਪੰਜਾਬੀ ਟ੍ਰਿਬਿਊਨ' ਨੇ ਸਾਹਿਤ ਦਾ ਵਰਕਾ ਹੀ ਪਾੜ ਕੇ ਸੁੱਟ ਦਿੱਤਾ ਏ। 'ਪੰਜਾਬੀ ਜਾਗਰਣ' ਤੇ 'ਅਜੀਤ' ਸਾਹਿਤ ਨੂੰ ਆਪਣੀ ਆਪਣੀ ਸਮਰੱਥਾ ਨਾਲ ਥਾਂ ਦੇ ਰਹੀ ਏ। 'ਨਵਾਂ ਜ਼ਮਾਨਾਂ' ਕਈ ਸਾਲਾਂ ਤੋਂ ਸਾਲ ਦੇ ਅੰਤ ਵਿੱਚ ਅੱਠ ਪੰਨਿਆਂ ਦਾ 'ਸਾਲਾਨਾ ਸਾਹਿਤਕ ਅੰਕ' ਤਿਆਰ ਕਰਦਾ ਆ ਰਿਹਾ ਏ। 'ਐਤਵਾਰਤਾ' ਵਿੱਚ ਇਕ ਪੰਨਾ ਉੱਤੇ ਕਿਤਾਬਾਂ ਦੇ ਰੀਵਿਊ ਛਾਪਦਾ ਆ ਰਿਹਾ ਏ। ਹੋਰ ਸਾਹਿਤ ਨੂੰ ਸਪੇਸ ਦਿੰਦਾ ਆ ਰਿਹਾ ਏ। ਚੜ੍ਹਦੇ ਪੰਜਾਬ ਨਾਲੋਂ ਲਹਿੰਦੇ ਪੰਜਾਬ ਦੀ ਸਾਹਿਤਕ ਪੱਤਰਕਾਰੀ ਤੇਜੀ ਨਾਲ ਤਰੱਕੀ ਕਰ ਰਹੀ ਏ। ਲਹਿੰਦੇ ਪੰਜਾਬ ਦੇ ਬਹੁਤੇ ਕਹਾਣੀਕਾਰਾਂ ਦੀਆਂ ਪਹਿਲਾਂ ਏਧਰ ਕਹਾਣੀਆਂ ਲਿਪੀਅੰਤਰ ਹੋ ਕੇ ਛਪਣ ਲੱਗ ਪਈਆਂ ਨੇ। ਕਿਉਂਕਿ ਉੱਧਰ 'ਪੰਚਮ' (ਮਕਸੂਦ ਸਾਕਿਬ) ਤੋਂ ਇਲਾਵਾ ਹੋਰ ਕੋਈ ਲਗਾਤਾਰ ਰਸਾਲਾ ਨਹੀਂ ਛਪਦਾ। ਸਾਹਿਤਕ ਪੱਤਰਕਾਰੀ ਉੱਤੇ ਅਨੇਕਾਂ ਸੰਕਟਾਂ ਦੇ ਬਾਵਜੂਦ ਸਾਹਿਤਕ ਪੱਤਰਕਾਰੀ ਚੜ੍ਹਦੀ ਕਲਾ ਵਿੱਚ ਜਾ ਰਹੀ ਏ।

**ਸੰਪਾਰਕ : 94170-64350**




# ਸੀ ਪੀ ਆਈ ਅਤੇ ਅੰਤਰਰਾਸ਼ਟਰੀ ਕਮਿਊਨਿਸਟ ਲਹਿਰ

## ਪਲਬ ਸੇਨਗੁਪਤਾ

### ਅਨੁਵਾਦ : ਐੱਮ ਐੱਸ ਭਾਟੀਆ

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੀ ਸ਼ਤਾਬਦੀ ਨਾ ਸਿਰਫ਼ ਦੇਸ਼ ਦੇ ਅੰਦਰ ਸੌ ਸਾਲਾਂ ਦੇ ਸੰਘਰਸ਼ ਨੂੰ ਯਾਦ ਕਰਨ ਦਾ ਮੌਕਾ ਹੈ, ਸਗੋਂ ਅੰਤਰਰਾਸ਼ਟਰੀ ਕਮਿਊਨਿਸਟ ਅਤੇ ਮਜ਼ਦੂਰ ਲਹਿਰ ਨਾਲ ਇਸ ਦੇ ਲਗਾਤਾਰ ਇੱਕੋ ਜਿਹੇ ਅਤੇ ਸਿਧਾਂਤਕ ਸੰਬੰਧਾਂ ਨੂੰ ਯਾਦ ਕਰਨ ਅਤੇ ਇਸ ਦੀ ਪੁਸ਼ਟੀ ਕਰਨ ਦਾ ਵੀ ਇੱਕ ਮੌਕਾ ਹੈ। 1925 ਵਿੱਚ ਆਪਣੀ ਸਥਾਪਨਾ ਤੋਂ ਲੈ ਕੇ ਅੱਜ ਤੱਕ, ਸੀ ਪੀ ਆਈ ਨੇ ਭਾਰਤੀ ਇਨਕਲਾਬੀ ਸੰਘਰਸ਼ ਨੂੰ ਸਾਮਰਾਜਵਾਦ, ਪੂੰਜੀਵਾਦ ਅਤੇ ਸ਼ੋਸ਼ਣ ਵਿਰੁੱਧ ਅਤੇ ਸਮਾਜਵਾਦ ਤੇ ਸ਼ਾਂਤੀ ਲਈ ਵਿਸ਼ਵਵਿਆਪੀ ਸੰਘਰਸ਼ ਨਾਲ ਅਟੁੱਟ ਤੌਰ 'ਤੇ ਜੁੜਿਆ ਹੋਇਆ ਸਮਝਿਆ ਹੈ।

**ਪਾਰਟੀ ਦਾ ਗਠਨ ਅਤੇ ਸ਼ੁਰੂਆਤੀ ਅੰਤਰਰਾਸ਼ਟਰੀ ਦਿਸ਼ਾ**

ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ 1925 ਵਿੱਚ ਕਾਨਪੁਰ ਵਿੱਚ ਕੀਤੀ ਗਈ ਸੀ, ਉਸ ਸਮੇਂ ਜਦੋਂ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਬਸਤੀਵਾਦ ਵਿਰੋਧੀ ਸੰਘਰਸ਼ ਤੇਜ਼ ਹੋ ਰਹੇ ਸਨ। ਆਪਣੀ ਸ਼ੁਰੂਆਤ ਤੋਂ ਹੀ ਸੀ ਪੀ ਆਈ ਨੇ ਪ੍ਰੋਲੇਤਾਰੀ ਅੰਤਰਰਾਸ਼ਟਰੀਵਾਦ ਨੂੰ ਇੱਕ ਮੁੱਖ ਸਿਧਾਂਤ ਵਜੋਂ ਅਪਣਾਇਆ। ਇਸ ਨੇ ਸਵੀਕਾਰਿਆ ਕਿ ਭਾਰਤ ਵਿੱਚ ਬ੍ਰਿਟਿਸ਼ ਬਸਤੀਵਾਦ ਵਿਰੁੱਧ ਲੜਾਈ ਮਜ਼ਦੂਰ ਵਰਗ ਅਤੇ ਦੱਬੇ-ਕੁਚਲੇ ਲੋਕਾਂ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਵਿਸ਼ਵਵਿਆਪੀ ਸੰਘਰਸ਼ ਦਾ ਹਿੱਸਾ ਸੀ।

ਆਪਣੇ ਸ਼ੁਰੂਆਤੀ ਸਾਲਾਂ ਵਿੱਚ ਸੀ ਪੀ ਆਈ ਨੇ ਕਮਿਊਨਿਸਟ ਇੰਟਰਨੈਸ਼ਨਲ (ਕੌਮਿਨਟਰਨ) ਨਾਲ ਨੇੜਲੇ ਸੰਬੰਧ ਬਣਾਈ ਰੱਖੇ। ਕੌਮਿਨਟਰਨ ਨੇ ਭਾਰਤੀ ਕਮਿਊਨਿਸਟਾਂ ਨੂੰ ਮਾਰਕਸਵਾਦ-ਲੈਨਿਨਵਾਦ ਨੂੰ ਸਮਝਣ, ਬਸਤੀਵਾਦੀ ਅਤੇ ਅਰਧ-ਬਸਤੀਵਾਦੀ ਸਮਾਜਾਂ ਦਾ ਵਿਸ਼ਲੇਸ਼ਣ ਕਰਨ ਅਤੇ ਭਾਰਤੀ ਸਥਿਤੀਆਂ ਦੇ ਅਨੁਕੂਲ ਰਣਨੀਤੀਆਂ ਵਿਕਸਤ ਕਰਨ ਲਈ ਮਦਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਅੰਤਰਰਾਸ਼ਟਰੀ ਤਜਰਬੇ ਤੋਂ ਸਿੱਖਦੇ ਹੋਏ ਸੀ ਪੀ ਆਈ ਨੇ ਬਸਤੀਵਾਦੀ ਸਵਾਲਾਂ, ਖੇਤੀਬਾੜੀ ਸੰਘਰਸ਼ਾਂ ਅਤੇ ਸੰਯੁਕਤ ਮੋਰਚੇ ਦੀਆਂ ਰਣਨੀਤੀਆਂ 'ਤੇ ਬਹਿਸਾਂ ਵਿੱਚ ਵੀ ਯੋਗਦਾਨ ਪਾਇਆ। ਇਸ ਤਰ੍ਹਾਂ ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਦੀ ਸਮੂਹਿਕ ਸਮਝ ਨੂੰ ਅਮੀਰ ਬਣਾਇਆ।

**ਕਮਿਊਨਿਸਟ ਪਾਰਟੀਆਂ ਦੀਆਂ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਭੂਮਿਕਾ** : ਸੀ ਪੀ ਆਈ ਨੇ ਹਮੇਸ਼ਾ ਸਿਧਾਂਤਕ ਆਧਾਰ 'ਤੇ ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਦੀ ਏਕਤਾ ਨੂੰ ਬਰਕਰਾਰ ਰੱਖਿਆ ਹੈ। ਇਹ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਦੀ ਇਤਿਹਾਸਕ 12-ਪਾਰਟੀਆਂ ਦੀ ਕਾਨਫਰੰਸ (1957) ਅਤੇ 81-ਪਾਰਟੀਆਂ ਦੀ ਕਾਨਫਰੰਸ (1960) ਵਿੱਚ ਇਸ ਦੀ ਸਕਾਰਾਤਮਕ ਅਤੇ ਰਚਨਾਤਮਕ ਭੂਮਿਕਾ ਰਾਹੀਂ ਪ੍ਰਗਟ ਹੋਇਆ। ਉਸ ਸਮੇਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਅਜੈ ਘੋਸ਼ ਨੇ ਦੋਵਾਂ ਮੀਟਿੰਗਾਂ ਦੀ ਡਰਾਫਟਿੰਗ ਕਮੇਟੀ ਦੇ ਮੈਂਬਰ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਸੀ ਪੀ ਆਈ ਨੇ 1969 ਵਿੱਚ ਮਾਸਕੋ ਵਿੱਚ ਹੋਈ ਵਿਸ਼ਵ ਕਮਿਊਨਿਸਟ ਮੀਟਿੰਗ ਵਿੱਚ ਵੀ ਹਿੱਸਾ ਲਿਆ। ਇਹ ਕਾਨਫਰੰਸਾਂ ਅਤੇ ਮੀਟਿੰਗਾਂ ਸ਼ਾਂਤੀਪੂਰਨ ਸਹਿ-ਹੋਂਦ, ਸਾਮਰਾਜਵਾਦ ਵਿਰੁੱਧ ਸੰਘਰਸ਼ ਅਤੇ ਸਮਾਜਵਾਦ ਦੇ ਵਿਭਿੰਨ ਰਸਤਿਆਂ ਦੀ ਮਾਨਤਾ ਬਾਰੇ ਇੱਕ ਸਾਂਝੀ ਸਮਝ ਵਿਕਸਤ ਕਰਨ ਲਈ ਮਹੱਤਵਪੂਰਨ ਅਵਸਰ ਸਨ।

ਇਹਨਾਂ ਫੋਰਮਾਂ 'ਤੇ ਸੀ ਪੀ ਆਈ ਨੇ ਮਾਰਕਸਵਾਦ-ਲੈਨਿਨਵਾਦ ਦਾ ਮਜ਼ਬੂਤੀ ਨਾਲ ਬਚਾਅ ਕੀਤਾ, ਜਦੋਂ ਕਿ ਰਾਸ਼ਟਰੀ ਵਿਸ਼ੇਸ਼ਤਾਵਾਂ ਦੀ ਮਾਨਤਾ ਅਤੇ ਸਿਧਾਂਤ ਨੂੰ ਠੋਸ ਸਥਿਤੀਆਂ 'ਤੇ ਰਚਨਾਤਮਕ ਤੌਰ 'ਤੇ ਲਾਗੂ ਕਰਨ ਦੀ ਜ਼ਰੂਰਤ 'ਤੇ ਵੀ ਬਹਿਸ ਕੀਤੀ। ਸੀ ਪੀ ਆਈ ਦੀਆਂ ਟਿੱਪਣੀਆਂ ਮੱਤਭੇਦਾਂ ਨੂੰ ਦਬਾਏ ਬਿਨਾਂ ਏਕਤਾ ਨੂੰ ਮਜ਼ਬੂਤ ? ?ਕਰਨ ਅਤੇ ਸੰਕੀਰਨਤਾ ਜਾਂ ਕੱਟੜਤਾ ਦੀ ਬਜਾਏ ਸਾਥੀ ਬਹਿਸ ਰਾਹੀਂ ਵਿਚਾਰਧਾਰਕ ਸਵਾਲਾਂ ਨੂੰ ਹੱਲ ਕਰਨ ਦੇ ਉਦੇਸ਼ ਦੁਆਰਾ ਸੇਧਿਤ ਸਨ।

**ਮਾਰਕਸਵਾਦ-ਲੈਨਿਨਵਾਦ ਅਤੇ ਅਖੌਤੀ 'ਮਾਓਵਾਦ' ਦੇ ਵਿਰੋਧ 'ਤੇ ਸਿਧਾਂਤਕ ਪਹੁੰਚ** : ਆਪਣੇ ਇਤਿਹਾਸ ਦੌਰਾਨ ਸੀ ਪੀ ਆਈ ਨੇ ਮਾਰਕਸਵਾਦ-ਲੈਨਿਨਵਾਦ ਨੂੰ ਇੱਕ ਜੀਵੰਤ ਅਤੇ ਵਿਕਾਸਸ਼ੀਲ ਵਿਗਿਆਨ ਵਜੋਂ ਲਗਾਤਾਰ ਬਰਕਰਾਰ ਰੱਖਿਆ ਹੈ। ਇਸ ਨੇ ਸੋਧਵਾਦ ਦੇ ਸਾਰੇ ਰੂਪਾਂ ਦੇ ਨਾਲ-ਨਾਲ 'ਖੱਬੇ-ਪੱਖੀ ਮਾਅਰਕੇਬਾਜੀ' ਦਾ ਵਿਰੋਧ ਕੀਤਾ। ਇਸ ਸੰਦਰਭ ਵਿੱਚ ਸੀ ਪੀ ਆਈ ਨੇ ਅਖੌਤੀ 'ਮਾਓਵਾਦ' ਦੇ ਵਿਰੁੱਧ ਇੱਕ ਸਪੱਸ਼ਟ ਅਤੇ ਸਿਧਾਂਤਕ ਸਥਿਤੀ ਅਪਣਾਈ, ਜਿਸ ਨੂੰ ਇਸ ਨੇ ਮਾਰਕਸਵਾਦ-ਲੈਨਿਨਵਾਦ ਦੇ ਵਿਗਾੜ ਅਤੇ ਮਜ਼ਦੂਰ ਵਰਗ ਅਤੇ ਇਨਕਲਾਬੀ ਲਹਿਰ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੀ ਭਟਕਣ ਵਜੋਂ ਗਰਦਾਨਿਆ ਹੈ।

ਸੀ ਪੀ ਆਈ ਨੇ ਦਲੀਲ ਦਿੱਤੀ ਕਿ ਇਨਕਲਾਬੀ ਰਾਜਨੀਤੀ ਨੂੰ ਅਲੱਗ-ਥਲੱਗ ਹਥਿਆਰਬੰਦ ਕਾਰਵਾਈਆਂ ਜਾਂ ਜਨਤਕ ਲਹਿਰਾਂ ਤੋਂ ਵੱਖ ਕੀਤੇ ਸੰਕੀਰਨ ਅਮਲਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਇਸ ਦੀ ਬਜਾਏ, ਇਸ ਨੇ ਜਨਤਕ ਸੰਘਰਸ਼ ਦੀ ਕੇਂਦਰੀ ਭੂਮਿਕਾ, ਜਮਹੂਰੀ ਗੱਠਜੋੜਾਂ ਅਤੇ ਠੋਸ ਸਥਿਤੀਆਂ ਦੇ ਠੋਸ ਵਿਸ਼ਲੇਸ਼ਣ 'ਤੇ ਜ਼ੋਰ ਦਿੱਤਾ ਹੈ, ਜੋ ਮਾਰਕਸਵਾਦ-ਲੈਨਿਨਵਾਦ ਦੇ ਮੁੱਖ ਸਿਧਾਂਤ ਹਨ।

**ਰਾਸ਼ਟਰੀ ਮੁਕਤੀ ਅੰਦੋਲਨਾਂ ਨਾਲ ਇੱਕਜੁੱਟਤਾ** : ਸੀ ਪੀ ਆਈ ਦੀ ਅੰਤਰਰਾਸ਼ਟਰੀ ਭੂਮਿਕਾ ਦੀ ਇੱਕ ਪਰਿਭਾਸ਼ਿਤ ਵਿਸ਼ੇਸ਼ਤਾ ਰਾਸ਼ਟਰੀ ਮੁਕਤੀ ਅਤੇ ਸਾਮਰਾਜ ਵਿਰੋਧੀ ਅੰਦੋਲਨਾਂ ਲਈ ਇਸ ਦਾ ਅਟੁੱਟ ਸਮਰਥਨ ਰਿਹਾ ਹੈ। ਪ੍ਰੋਲੇਤਾਰੀ ਅੰਤਰਰਾਸ਼ਟਰੀਵਾਦ ਦੁਆਰਾ ਸੇਧਿਤ, ਸੀ ਪੀ ਆਈ ਨੇ ਬਸਤੀਵਾਦ, ਨਸਲਵਾਦ, ਰੰਗਭੇਦ ਅਤੇ ਸਾਮਰਾਜੀ ਕਬਜ਼ੇ ਵਿਰੁੱਧ ਲੜ ਰਹੇ ਲੋਕਾਂ ਨਾਲ ਸਰਗਰਮੀ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ।

ਸੀ ਪੀ ਆਈ ਨੇ ਫਰਾਂਸੀਸੀ ਬਸਤੀਵਾਦ ਅਤੇ ਬਾਅਦ ਵਿੱਚ ਅਮਰੀਕੀ ਸਾਮਰਾਜਵਾਦੀ ਹਮਲੇ ਵਿਰੁੱਧ ਵੀਅਤਨਾਮੀ ਲੋਕਾਂ ਦੇ ਬਹਾਦਰੀ ਭਰੇ ਸੰਘਰਸ਼ ਦਾ ਜ਼ੋਰਦਾਰ ਸਮਰਥਨ ਕੀਤਾ, ਭਾਰਤ ਦੇ ਅੰਦਰ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇਕਜੁੱਟਤਾ ਨੂੰ ਲਾਮਬੰਦ ਕੀਤਾ। ਪਾਰਟੀ ਰੰਗਭੇਦ ਅਤੇ ਨਸਲੀ ਜ਼ੁਲਮ ਵਿਰੁੱਧ ਉਨ੍ਹਾਂ ਦੇ ਲੰਬੇ ਸੰਘਰਸ਼ ਵਿੱਚ ਅਫਰੀਕੀ ਨੈਸ਼ਨਲ ਕਾਂਗਰਸ ਅਤੇ ਦੱਖਣੀ ਅਫਰੀਕਾ ਦੇ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਸੀ।

ਸੀ ਪੀ ਆਈ ਨੇ 1971 ਵਿੱਚ ਬੰਗਲਾਦੇਸ਼ ਦੇ ਲੋਕਾਂ ਦੇ ਮੁਕਤੀ ਸੰਘਰਸ਼ ਦੌਰਾਨ ਉਨ੍ਹਾਂ ਨਾਲ ਇਕਜੁੱਟਤਾ ਨੂੰ ਲਾਮਬੰਦ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ, ਉਨ੍ਹਾਂ ਦੇ ਸਵੈ-ਨਿਰਣੇ ਅਤੇ ਆਜ਼ਾਦੀ ਦੇ ਅਧਿਕਾਰ ਦਾ ਸਮਰਥਨ ਕੀਤਾ। ਇਸੇ ਤਰ੍ਹਾਂ ਸੀ ਪੀ ਆਈ ਨੇ ਪੂਰਬੀ ਯੇਰੂਸ਼ਲਮ ਦੀ ਰਾਜਧਾਨੀ ਦੇ ਨਾਲ ਇੱਕ ਸੁਤੰਤਰ ਰਾਜ ਲਈ ਫ਼ਲਸਤੀਨੀ ਲੋਕਾਂ ਦੇ ਜਾਇਜ਼ ਸੰਘਰਸ਼ ਦਾ ਲਗਾਤਾਰ ਸਮਰਥਨ ਕੀਤਾ ਹੈ। ਫ਼ਲਸਤੀਨ ਨਾਲ ਇਹ ਇਕਜੁੱਟਤਾ ਅੱਜ ਵੀ ਜਾਰੀ ਹੈ, ਕਿਉਂਕਿ ਸੀ ਪੀ ਆਈ ਇਜ਼ਰਾਈਲੀ ਕਬਜ਼ੇ, ਹਮਲੇ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਦੀ ਨਿੰਦਾ ਕਰਦੀ ਹੈ ਅਤੇ ਸੰਯੁਕਤ ਰਾਸ਼ਟਰ ਦੇ ਮਤਿਆਂ ਦੇ ਅਧਾਰ 'ਤੇ ਇੱਕ ਜਾਇਜ਼ ਅਤੇ ਸਥਾਈ ਹੱਲ ਲਈ ਵਚਨਬੱਧ ਹੈ।

**ਸੋਵੀਅਤ ਯੂਨੀਅਨ ਦੇ ਢਹਿਣ ਤੋਂ ਬਾਅਦ ਸਾਡਾ ਵਿਸ਼ਵਾਸ ਅਡੋਲ ਰਿਹਾ** : ਪੂਰਬੀ ਯੂਰਪ ਵਿੱਚ ਸੋਵੀਅਤ ਯੂਨੀਅਨ ਅਤੇ ਸਮਾਜਵਾਦੀ ਦੇਸ਼ਾਂ ਦਾ ਢਹਿਣਾ ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਲਈ ਇੱਕ ਵੱਡਾ ਝਟਕਾ ਸੀ। ਇਸ ਨਾਲ ਸਾਮਰਾਜੀ ਤਾਕਤਾਂ ਦੁਆਰਾ ਵਿਚਾਰਧਾਰਕ ਉਲਝਣ, ਨਿਰਾਸ਼ਾ ਅਤੇ 'ਇਤਿਹਾਸ ਦੇ ਅੰਤ' ਬਾਰੇ ਹਮਲਾਵਰ ਦਾਅਵਿਆਂ ਦਾ ਸਾਹਮਣਾ ਕਰਨਾ ਪਿਆ।

ਇਸ ਔਖੇ ਸਮੇਂ ਵਿੱਚ ਸੀ ਪੀ ਆਈ ਨੇ ਮਾਰਕਸਵਾਦ-ਲੈਨਿਨਵਾਦ ਨੂੰ ਨਹੀਂ ਛੱਡਿਆ। ਇਸ ਦੀ ਬਜਾਏ, ਇਸ ਨੇ ਅਸਫਲਤਾਵਾਂ ਦੇ ਕਾਰਨਾਂ ਦਾ ਇੱਕ ਗੰਭੀਰ ਅਤੇ ਸਵੈ-ਆਲੋਚਨਾਤਮਕ ਵਿਸ਼ਲੇਸ਼ਣ ਕੀਤਾ, ਇਸ ਰਸਤੇ 'ਤੇ ਚੱਲਦਿਆਂ ਦੀਆਂ ਅਸਫਲਤਾਵਾਂ ਅਤੇ ਸਮਾਜਵਾਦੀ ਆਦਰਸ਼ਾਂ ਦੀ ਸਥਾਈ ਵੈਧਤਾ ਵਿੱਚ ਫ਼ਰਕ ਕੀਤਾ। ਸੀ ਪੀ ਆਈ ਨੇ ਆਪਣੇ ਵਿਸ਼ਵਾਸ ਦੀ ਪੁਸ਼ਟੀ ਕੀਤੀ ਕਿ ਸੰਕਟ ਮਾਰਕਸਵਾਦ-ਲੈਨਿਨਵਾਦ ਦਾ ਨਹੀਂ ਸੀ, ਸਗੋਂ ਇਸ ਦੇ ਗਲਤ ਉਪਯੋਗ ਅਤੇ ਸਮਾਜਵਾਦੀ ਸਿਧਾਂਤਾਂ ਤੋਂ ਭਟਕਣ ਦਾ ਸੀ।

ਇਸ ਵਿਚਾਰਧਾਰਕ ਦ੍ਰਿੜ੍ਹਤਾ ਨੇ ਸੀ ਪੀ ਆਈ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣਾ ਕੰਮ ਨਵੀਂ ਸਪੱਸ਼ਟਤਾ ਅਤੇ ਵਿਸ਼ਵਾਸ ਨਾਲ ਜਾਰੀ ਰੱਖਣ ਦੇ ਯੋਗ ਬਣਾਇਆ।

**ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਦੀ ਅੰਤਰਰਾਸ਼ਟਰੀ ਮੀਟਿੰਗ** : ਅੰਤਰਰਾਸ਼ਟਰੀ ਕਮਿਊਨਿਸਟ ਏਕਤਾ ਦੇ ਪੁਨਰ ਨਿਰਮਾਣ ਅਤੇ ਮਜ਼ਬੂਤੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ ਸੀ ਪੀ ਆਈ ਨੇ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਦੀ ਅੰਤਰਰਾਸ਼ਟਰੀ ਮੀਟਿੰਗ ਦੇ ਗਠਨ ਵੱਲ ਲਈਆਂ ਜਾਣ ਵਾਲੀਆਂ ਪਹਿਲਕਦਮੀਆਂ ਦਾ ਸਰਗਰਮੀ ਨਾਲ ਸਮਰਥਨ ਕੀਤਾ। ਸੀ ਪੀ ਆਈ ਨੇ ਸ਼ੁਰੂਆਤੀ ਪੜਾਵਾਂ ਤੋਂ ਹੀ ਇਸ ਫ਼ੋਰਮ ਵਿੱਚ ਸਕਾਰਾਤਮਕ ਤੌਰ 'ਤੇ ਹਿੱਸਾ ਲਿਆ, ਸਾਮਰਾਜਵਾਦ, ਨਵਉਦਾਰਵਾਦ, ਸ਼ਾਂਤੀ, ਲੋਕਤੰਤਰ ਅਤੇ ਸਮਾਜਵਾਦ 'ਤੇ ਵਿਚਾਰ-ਵਟਾਂਦਰੇ ਵਿੱਚ ਯੋਗਦਾਨ ਪਾਇਆ ਹੈ। ਇਸ ਵਚਨਬੱਧਤਾ ਦੇ ਇੱਕ ਮਹੱਤਵਪੂਰਨ ਪ੍ਰਗਟਾਵੇ ਵਿੱਚ ਸੀ ਪੀ ਆਈ ਨੇ ਸੀ ਪੀ ਆਈ (ਐੱਮ) ਨਾਲ ਸਾਂਝੇ ਤੌਰ 'ਤੇ 2009 ਵਿੱਚ ਨਵੀਂ ਦਿੱਲੀ ਵਿੱਚ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਦੀ ਅੰਤਰਰਾਸ਼ਟਰੀ ਮੀਟਿੰਗ ਦਾ ਆਯੋਜਨ ਅਤੇ ਮੇਜ਼ਬਾਨੀ ਕਰਨ ਦੀ ਪਹਿਲ ਕੀਤੀ, ਜਿਸ ਵਿੱਚ ਦੁਨੀਆ ਭਰ ਦੀਆਂ ਪਾਰਟੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਅਤੇ ਸਾਮਰਾਜਵਾਦ ਅਤੇ ਨਵਉਦਾਰਵਾਦੀ ਵਿਸ਼ਵੀਕਰਨ ਵਿਰੁੱਧ ਸਮੂਹਿਕ ਆਵਾਜ਼ ਨੂੰ ਮਜ਼ਬੂਤ ਕੀਤਾ।

ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਦੀ ਅੰਤਰਰਾਸ਼ਟਰੀ ਮੀਟਿੰਗ ਦਾ ਪੂਰਾ ਸਮਰਥਨ ਕਰਦੇ ਹੋਏ ਸੀ ਪੀ ਆਈ ਨੇ ਹਮੇਸ਼ਾ ਆਪਣੀ ਸੁਤੰਤਰ ਸਮਝ ਨੂੰ ਵਧਾਈ ਰੱਖਿਆ, ਜਿਨ੍ਹਾਂ ਨੂੰ ਭਾਰਤੀ ਹਕੀਕਤਾਂ ਅਤੇ ਆਪਣੇ ਇਤਿਹਾਸਕ ਅਨੁਭਵ ਦੁਆਰਾ ਆਕਾਰ ਦਿੱਤਾ ਗਿਆ ਹੈ। ਇਸ ਨੇ ਪਾਰਟੀਆਂ ਵਿੱਚ ਸਮਾਨਤਾ, ਆਪਸੀ ਸਤਿਕਾਰ ਅਤੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਾ ਦੇਣ ਦੇ ਸਿਧਾਂਤਾਂ ਨੂੰ ਬਰਕਰਾਰ ਰੱਖਿਆ ਹੈ, ਜੋ ਕਿ ਅਸਲ ਅੰਤਰਰਾਸ਼ਟਰੀ ਏਕਤਾ ਲਈ ਜ਼ਰੂਰੀ ਹਨ।

**ਵਿਆਪਕ ਅੰਤਰਰਾਸ਼ਟਰੀ ਸੰਬੰਧ** : ਪਟਨਾ, ਪੁਡੂਚੇਰੀ ਅਤੇ ਕੋਲਮ ਵਿਖੇ ਹੋਏ ਪਾਰਟੀ ਮਹਾਂ ਸੰਮੇਲਨਾਂ ਨੂੰ ਛੱਡ ਕੇ, ਭਾਰਤੀ ਕਮਿਊਨਿਸਟ ਪਾਰਟੀ ਦੇ ਮਹਾਂ ਸੰਮੇਲਨਾਂ ਵਿੱਚ ਆਮ ਤੌਰ 'ਤੇ ਕਈ ਦੇਸ਼ਾਂ ਦੇ ਭਰਾਤਰੀ ਡੈਲੀਗੇਟਾਂ ਨੇ ਸ਼ਿਰਕਤ ਕੀਤੀ ਹੈ। 2022 ਵਿੱਚ ਵਿਜੇਵਾੜਾ ਵਿਖੇ ਹੋਏ ਸਭ ਤੋਂ ਤਾਜ਼ਾ ਮਹਾਂ ਸੰਮੇਲਨ ਵਿੱਚ ਵੱਡੀ ਗਿਣਤੀ ਵਿੱਚ ਭਰਾਤਰੀ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਦੀ ਸ਼ਮੂਲੀਅਤ ਦੇਖਣ ਨੂੰ ਮਿਲੀ, ਜੋ ਕਿ ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਵਿੱਚ ਸੀ ਪੀ ਆਈ ਦੀ ਸਥਿਤੀ ਅਤੇ ਭਰੋਸੇਯੋਗਤਾ ਨੂੰ ਦਰਸਾਉਂਦੀ ਹੈ। ਇਸ ਦੇ ਨਾਲ ਹੀ ਸੀ ਪੀ ਆਈ ਨੇ ਜਿੱਥੋਂ ਵੀ ਸੱਦਾ ਆਇਆ, ਉੱਥੇ ਭਰਾਤਰੀ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਦੇ ਮਹਾਂ ਸੰਮੇਲਨਾਂ ਵਿੱਚ ਲਗਾਤਾਰ ਹਿੱਸਾ ਲਿਆ ਹੈ, ਇਸ ਤਰ੍ਹਾਂ ਦੁਵੱਲੇ ਅਤੇ ਬਹੁਪੱਖੀ ਸੰਬੰਧਾਂ ਨੂੰ ਮਜ਼ਬੂਤ ? ?ਕੀਤਾ ਹੈ। ਚੰਡੀਗੜ੍ਹ ਵਿਖੇ ਪਾਰਟੀ ਦੇ ਮਹਾਂ ਸੰਮੇਲਨ ਵਿੱਚ ਭਰਾਤਰੀ ਪਾਰਟੀਆਂ ਨੂੰ ਇਸ ਸਮਝ ਨਾਲ ਨਹੀਂ ਬੁਲਾਇਆ ਗਿਆ ਸੀ ਕਿ ਉਨ੍ਹਾਂ ਨੂੰ ਸ਼ਤਾਬਦੀ ਸਾਲ ਦੇ ਸਮਾਪਤੀ ਸਮਾਰੋਹ ਵਿੱਚ ਸੱਦਾ ਦਿੱਤਾ ਜਾਵੇਗਾ; ਹਾਲਾਂਕਿ ਵੱਖ-ਵੱਖ ਸਰਕਾਰੀ ਏਜੰਸੀਆਂ ਤੋਂ ਮਨਜ਼ੂਰੀ ਨਾ ਮਿਲਣ ਕਾਰਨ ਇਸ ਯੋਜਨਾ ਨੂੰ ਅੰਤ ਵਿੱਚ ਰੱਦ ਕਰਨਾ ਪਿਆ। ਅੱਜ ਸੀ ਪੀ ਆਈ ਦੇ ਦੁਨੀਆ ਭਰ ਦੀਆਂ 70 ਤੋਂ ਵੱਧ ਕਮਿਊਨਿਸਟ ਅਤੇ ਵਰਕਰਜ਼ ਪਾਰਟੀਆਂ ਨਾਲ ਭਰਾਤਰੀ ਸੰਬੰਧ ਬਣਾਏ ਹੋਏ ਹਨ। ਇਹ ਸੰਬੰਧ ਮਾਰਕਸਵਾਦ-ਲੈਨਿਨਵਾਦ, ਪ੍ਰੋਲੇਤਾਰੀ ਅੰਤਰਰਾਸ਼ਟਰੀਵਾਦ, ਸਮਾਨਤਾ ਅਤੇ ਸਮਾਜਿਕ ਪਰਿਵਰਤਨ ਦੇ ਮਾਰਗਾਂ ਦੀ ਵਿਭਿੰਨਤਾ ਲਈ ਸਤਿਕਾਰ 'ਤੇ ਅਧਾਰਤ ਹਨ। ਦੁਵੱਲੇ ਆਦਾਨ-ਪ੍ਰਦਾਨ ਅਤੇ ਬਹੁਪੱਖੀ ਫੋਰਮਾਂ ਰਾਹੀਂ ਸੀ ਪੀ ਆਈ ਅਨੁਭਵ ਸਾਂਝੇ ਕਰਦੀ ਹੈ, ਦੂਜਿਆਂ ਤੋਂ ਸਿੱਖਦੀ ਹੈ ਅਤੇ ਸਾਮਰਾਜਵਾਦ, ਯੁੱਧ ਅਤੇ ਸ਼ੋਸ਼ਣ ਦੇ ਵਿਰੁੱਧ ਸਮੂਹਿਕ ਵਿਰੋਧ ਵਿੱਚ ਯੋਗਦਾਨ ਪਾਉਂਦੀ ਹੈ।

**ਭਵਿੱਖ ਲਈ ਸੰਕਲਪ** : ਹੁਣ ਜਦੋਂ ਸੀ ਪੀ ਆਈ ਆਪਣਾ ਸ਼ਤਾਬਦੀ ਸਾਲ ਪੂਰਾ ਕਰ ਰਹੀ ਹੈ, ਇਹ ਭਾਰਤ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ? ?ਕਰਨ, ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਔਰਤਾਂ ਅਤੇ ਸਾਰੇ ਦੱਬੇ-ਕੁਚਲੇ ਵਰਗਾਂ ਵਿੱਚ ਆਪਣੀਆਂ ਜੜ੍ਹਾਂ ਡੂੰਘੀਆਂ ਕਰਨ ਅਤੇ ਫਿਰਕਾਪ੍ਰਸਤੀ, ਨਵਉਦਾਰਵਾਦ ਅਤੇ ਤਾਨਾਸ਼ਾਹੀ ਵਿਰੁੱਧ ਸੰਘਰਸ਼ ਨੂੰ ਤੇਜ਼ ਕਰਨ ਦੇ ਆਪਣੇ ਸੰਕਲਪ ਦੀ ਪੁਸ਼ਟੀ ਕਰਦੀ ਹੈ। ਇਸ ਦੇ ਨਾਲ ਹੀ ਸੀ ਪੀ ਆਈ ਅੰਤਰਰਾਸ਼ਟਰੀ ਸਹਿਯੋਗ ਅਤੇ ਏਕਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਨਵਿਆਉਂਦੀ ਹੈ। ਮਨੁੱਖਤਾ ਨੂੰ ਦਰਪੇਸ਼ ਚੁਣੌਤੀਆਂ-ਸਾਮਰਾਜਵਾਦੀ ਯੁੱਧ, ਆਰਥਿਕ ਸੰਕਟ, ਜਲਵਾਯੂ ਤਬਾਹੀ ਅਤੇ ਵਧਦੀ ਅਸਮਾਨਤਾ- ਦੁਨੀਆ ਭਰ ਵਿੱਚ ਕਮਿਊਨਿਸਟ ਅਤੇ ਪ੍ਰਗਤੀਸ਼ੀਲ ਤਾਕਤਾਂ ਵਿਚਕਾਰ ਮਜ਼ਬੂਤ ? ?ਤਾਲਮੇਲ ਦੀ ਮੰਗ ਕਰਦੀਆਂ ਹਨ।

ਮਾਰਕਸਵਾਦ-ਲੈਨਿਨਵਾਦ ਵਿੱਚ ਵਿਸ਼ਵਾਸ, ਮਜ਼ਦੂਰ ਵਰਗ ਵਿੱਚ ਵਿਸ਼ਵਾਸ ਅਤੇ ਪ੍ਰੋਲੇਤਾਰੀ ਅੰਤਰਰਾਸ਼ਟਰੀਵਾਦ ਪ੍ਰਤੀ ਵਚਨਬੱਧਤਾ ਦੇ ਨਾਲ ਭਾਰਤੀ ਕਮਿਊਨਿਸਟ ਪਾਰਟੀ ਆਪਣੀ ਦੂਜੀ ਸਦੀ ਵਿੱਚ ਪ੍ਰਵੇਸ਼ ਕਰ ਰਹੀ ਹੈ, ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਦੀ ਪੁਨਰ ਸੁਰਜੀਤੀ ਅਤੇ ਅੱਗੇ ਵਧਣ, ਸਮਾਜਵਾਦ ਅਤੇ ਮਨੁੱਖੀ ਮੁਕਤੀ ਲਈ ਇਤਿਹਾਸਕ ਸੰਘਰਸ਼ ਵਿੱਚ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਲਈ ਦ੍ਰਿੜ੍ਹ ਹੈ।

**ਸੰਪਰਕ : 99884-91002**